Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
DRE#02021283
I can help you every step of the way. No Pressure, No Obligation.
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 38, September 21, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਸਿੱਖਾਂ ਦੀ ਕਾਲੀ ਸੂਚੀ ਦੀ 'ਕਾਲੀ' ਸੱਚਾਈ!

### ਸਭ ਧਿਰਾਂ ਸਿਰਫ ਖਾਨਾਪੂਰਤੀ ਵਿਚ ਲੱਗੀਆਂ

**ਚੰਡੀਗੜ੍ਹ:** ਮੋਦੀ ਸਰਕਾਰ ਨੇ 312 ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾਉਣ ਦਾ ਐਲਾਨ ਕਰ ਦਿੱਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸੂਚੀ ਵਿਚ ਹੁਣ 2 ਹੀ ਨਾਮ ਬਚੇ ਹਨ। ਐਲਾਨ ਤੋਂ ਬਾਅਦ ਜਿਥੇ ਸਿਆਸੀ ਧਿਰਾਂ ਇਸ 'ਪ੍ਰਾਪਤੀ' ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਜ਼ੋਰ-ਅਜ਼ਮਾਈ ਕਰ ਰਹੀਆਂ ਹਨ, ਉਥੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਮੋਦੀ ਸਰਕਾਰ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਕੇਂਦਰ ਸਰਕਾਰ ਦੀ ਨੀਅਤ ਉਤੇ ਸਵਾਲ ਵੀ ਉਠ ਰਹੇ ਹਨ।

ਕੇਂਦਰ ਵਲੋਂ ਪਹਿਲਾਂ ਵੀ ਅਜਿਹੀਆਂ ਕਈ ਸੂਚੀਆਂ ਜਾਰੀ ਕੀਤੀਆਂ ਗਈ ਪਰ ਇਨ੍ਹਾਂ ਸੂਚੀਆਂ ਵਿਚਲੇ ਨਾਂਵਾਂ ਦਾ ਵੇਰਵਾ ਕਦੇ ਸਾਹਮਣੇ ਨਹੀਂ ਆਇਆ, ਨਾ ਹੀ ਇਨ੍ਹਾਂ ਵਿਚ ਸ਼ਾਮਲ ਕੀਤੇ ਗਏ ਨਾਂਵਾਂ ਦੇ ਕਾਰਨਾਂ ਸਬੰਧੀ ਕਦੀ ਸਹੀ ਉਤਰ ਮਿਲ ਸਕਿਆ ਹੈ। ਯਾਦ ਰਹੇ ਕਿ ਸਰਕਾਰ ਵਲੋਂ ਤਕਰੀਬਨ ਹਰ ਦੋ ਸਾਲ ਬਾਅਦ ਅਜਿਹੀ ਸੂਚੀ ਜਾਰੀ ਕਰਕੇ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਹੁਣ ਇਸ ਸੂਚੀ ਵਿਚ ਕੁਝ ਗਿਣਵੇਂ ਨਾਮ ਰਹਿ ਗਏ ਹਨ। ਪਿਛਲੀ ਵਾਰ ਜਾਰੀ ਸੂਚੀ ਵਿਚ ਦਾਅਵਾ ਕੀਤਾ ਗਿਆ ਸੀ ਕਿ ਹੁਣ ਸਿਰਫ 5-7 ਨਾਮ ਹੀ ਬਚੇ ਹਨ। 2014 ਵਿਚ ਆਖਿਆ ਗਿਆ ਸੀ ਕਿ ਕਾਲੀ ਸੂਚੀ ਵਿਚ 169 ਸਿੱਖਾਂ ਦੇ ਨਾਮ ਰਹੇ ਗਏ ਹਨ। ਕਾਂਗਰਸ ਸਰਕਾਰ ਨੇ ਵੀ 2011 ਕਾਲੀ ਸੂਚੀ ਵਿਚੋਂ 142 ਸਿੱਖਾਂ ਦੇ ਨਾਮ ਕੱਢੇ ਸਨ। ਉਸ ਸਮੇਂ ਪੰਜਾਬ ਕਾਂਗਰਸ ਨੇ ਵਿਸ਼ੇਸ਼ ਸਮਾਗਮ ਕਰਵਾ ਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਸਨਮਾਨਿਤ ਵੀ ਕੀਤਾ। ਉਸ ਸਮੇਂ ਅਕਾਲੀ ਦਲ ਬਾਦਲ ਨੇ ਦਾਅਵਾ ਕਰ ਦਿੱਤਾ ਕਿ ਇਹ ਸਭ ਉਨ੍ਹਾਂ ਦੀ ਭੱਜ-ਨੱਠ ਕਰਕੇ ਹੀ ਸੰਭਵ ਹੋਇਆ ਹੈ।

ਹੁਣ ਸਵਾਲ ਉਠ ਰਹੇ ਹਨ ਕਿ 312 ਨਾਮ ਕਿਸ ਸਮੇਂ ਕਾਲੀ ਸੂਚੀ ਵਿਚ ਪਾਏ ਗਏ? ਇਹ ਕਾਲੀਆਂ ਸੂਚੀਆਂ ਕਿਸ ਤਰ੍ਹਾਂ ਹਰ ਸਾਲ ਲੰਮੀਆਂ



ਹੋ ਰਹੀਆਂ ਹਨ ਤੇ ਇਨ੍ਹਾਂ ਵਿਚ ਕਿਨ੍ਹਾਂ ਸਿੱਖਾਂ ਨੂੰ ਪਾਈਆ ਜਾ ਰਿਹਾ ਹੈ? ਉਂਜ, ਇਸ ਬਾਰੇ ਨਾ ਤਾਂ ਸਿੱਖ ਜਥੇਬੰਦੀਆਂ ਜਾਣਨ ਦੀ ਕੋਸ਼ਿਸ਼ ਕਰ ਰਹੀਆਂ ਹਨ ਅਤੇ ਨਾ ਹੀ ਸਰਕਾਰ ਜਵਾਬ ਦੇਣ ਲਈ ਤਿਆਰ ਹੈ। ਦਰਅਸਲ, ਇਸ ਬਾਰੇ ਨਾ ਤਾਂ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਕੋਈ ਭੁਲੇਖਾ ਹੈ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੂੰ; ਸਾਰੀਆਂ ਧਿਰਾਂ ਇਨ੍ਹਾਂ ਸੂਚੀਆਂ ਪਿਛਲੀ ਅਸਲ ਸਚਾਈ ਨੂੰ ਸਾਹਮਣੇ ਲਿਆਉਣ ਦੀ ਥਾਂ ਆਪੋ-ਆਪਣਾ ਉਲੂ ਸਿੱਧਾ ਕਰਨ ਵਿਚ ਜੁਟੀਆਂ ਹੋਈਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਦੀ ਸਰਕਾਰ ਦੇ ਐਲਾਨ ਤੋਂ ਬਾਅਦ ਦਾਅਵਾ ਕਰ ਦਿੱਤਾ ਕਿ ਕਾਲੀ ਸੂਚੀ ਵਿਚੋਂ 312 ਸਿੱਖਾਂ ਦੇ ਨਾਂ ਹਟਾਉਣ ਦੇ ਫੈਸਲੇ ਨਾਲ ਲੰਮੇ ਸਮੇਂ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਸਿੱਖ ਆਪਣੇ ਘਰ ਪਰਤ ਸਕਣਗੇ, ਪਰ ਇਸ ਸੂਚੀ ਵਿਚ ਕਿਨ੍ਹਾਂ ਸਿੱਖਾਂ ਦੇ ਨਾਂਵਾਂ ਨੂੰ ਬਾਹਰ ਕੱਢਿਆ ਗਿਆ, ਇਹ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਣ ਬਾਰੇ ਸਿੱਖਾਂ ਦੀ ਸਿਰਮੌਰ ਸੰਸਥਾ ਅਜੇ ਚੁੱਪ ਹੈ। ਚੇਤੇ ਰਹੇ ਕਿ ਪਿਛਲੇ ਤਕਰੀਬਨ 35 ਸਾਲ ਤੋਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਅਜਿਹੀਆਂ ਸੂਚੀਆਂ ਬਣਾਉਣ ਦਾ ਕੰਮ ਜਾਰੀ ਰੱਖਿਆ ਹੋਇਆ ਹੈ। ਇਸ ਲਈ ਵੱਖ-ਵੱਖ ਦੇਸ਼ਾਂ ਵਿਚ ਭਾਰਤੀ ਹਾਈ ਕਮਿਸ਼ਨਾਂ ਵੱਲੋਂ ਭੇਜੀਆਂ ਜਾਂਦੀਆਂ ਸੂਚਨਾਵਾਂ ਨੂੰ ਹੀ ਆਧਾਰ ਬਣਾਇਆ ਜਾਂਦਾ ਰਿਹਾ ਹੈ। ਸਮੇਂ-ਸਮੇਂ ਵਾਪਰੀਆਂ ਘਟਨਾਵਾਂ ਦੇ ਆਧਾਰ 'ਤੇ ਵੀ ਇਹ ਸੂਚੀਆਂ ਵੱਡੀਆਂ ਹੁੰਦੀਆਂ ਗਈਆਂ। ਕਨਿਸ਼ਕ ਹਵਾਈ ਜਹਾਜ਼ ਹਾਦਸਾ ਅਤੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਵੀ ਇਨ੍ਹਾਂ ਸੂਚੀਆਂ ਵਿਚ ਨਾਂਵਾਂ ਦਾ ਇਜ਼ਾਫਾ ਕੀਤਾ ਜਾਂਦਾ ਰਿਹਾ। ਇਸ ਕੰਮ ਲਈ ਵੀ ਭਾਰਤੀ ਅੰਬੈਸੀਆਂ ਅਤੇ ਹਾਈ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਹੀ ਆਧਾਰ ਬਣਾਇਆ ਜਾਂਦਾ ਰਿਹਾ

(ਬਾਕੀ ਸਫਾ 6 ਉਤੇ)

## ਮਾਂ ਬੋਲੀ ਪੰਜਾਬੀ ਨੂੰ ਹੁਣ ਹਿੰਦੀ ਦੀ ਵੰਗਾਰ ਪਈ

**ਚੰਡੀਗੜ੍ਹ:** ਸਰਕਾਰੀ ਅਣਦੇਖੀ ਕਾਰਨ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਮਾਂ ਬੋਲੀ ਪੰਜਾਬੀ ਨੂੰ ਹੁਣ ਨਵੀਂ ਵੰਗਾਰ ਪਈ ਹੈ। ਭਾਜਪਾ ਅਤੇ ਆਰ.ਐਸ.ਐਸ. ਨੇ 'ਇਕ ਭਾਸ਼ਾ ਇਕ ਰਾਸ਼ਟਰ' ਵਾਲੇ ਸੰਕਲਪ ਨੂੰ ਪੰਜਾਬ ਵਿਚ ਲਾਗੂ ਕਰਨ ਲਈ ਜ਼ੋਰ-ਅਜ਼ਮਾਈ ਸ਼ੁਰੂ ਕੀਤੀ ਹੈ।



ਭਾਸ਼ਾ ਵਿਭਾਗ, ਪੰਜਾਬ ਵਲੋਂ ਕਰਵਾਏ ਹਿੰਦੀ ਦਿਵਸ ਸਮਾਰੋਹ ਵਿਚ ਪੰਜਾਬੀ ਭਾਸ਼ਾ ਦੇ ਨਿਰਾਦਰ ਪਿੱਛੋਂ ਇਹ ਮਾਮਲਾ ਕਾਫੀ ਭਖ ਗਿਆ। ਵੱਡੀ ਗਿਣਤੀ ਸਾਹਿਤਕ ਜਥੇਬੰਦੀਆਂ ਆਰ.ਐਸ.ਐਸ. ਦੀਆਂ ਇਨ੍ਹਾਂ ਕੋਸ਼ਿਸ਼ ਖਿਲਾਫ ਡਟ ਗਈਆਂ ਹਨ। ਮਾਮਲਾ ਭਖਦਾ ਦੇਖ ਹਿੰਦੀ ਅਤੇ ਉਰਦੂ ਸਾਹਿਤਕਾਰਾਂ ਨੇ ਪੰਜਾਬੀ ਜਗਤ ਤੋਂ ਸਿੱਧੇ ਤੇ ਅਸਿੱਧੇ ਢੰਗ ਨਾਲ ਮੁਆਫੀ ਵੀ ਮੰਗ ਲਈ ਹੈ, ਪਰ ਮਾਮਲਾ ਅਜੇ ਠੰਢਾ ਨਹੀਂ ਹੋਇਆ ਹੈ।

ਚੇਤੇ ਰਹੇ ਕਿ ਭਾਸ਼ਾ ਵਿਭਾਗ ਵਲੋਂ 13 ਸਤੰਬਰ ਨੂੰ ਹਿੰਦੀ ਭਾਸ਼ਾ ਦਿਵਸ ਬਾਰੇ ਪਟਿਆਲਾ 'ਚ ਸਮਾਗਮ ਕਰਵਾਇਆ ਗਿਆ ਸੀ, ਜਿਸ ਦੀ ਪ੍ਰਧਾਨਗੀ ਡਾ. ਹੁਕਮ ਚੰਦ ਰਾਜਪਾਲ ਵਲੋਂ ਕੀਤੀ ਗਈ। ਸਮਾਗਮ ਵਿਚ ਹਿੰਦੀ-ਹਿੰਦੂ-ਹਿੰਦੂਸਤਾਨ ਦੇ ਏਜੰਡੇ ਨੂੰ ਲਾਗੂ ਕਰਨ ਲਈ ਪੰਜਾਬੀ ਭਾਸ਼ਾ ਨੂੰ ਗਾਲੀ-ਗਲੋਚ ਤੇ ਝਗੜਾਲੂ ਭਾਸ਼ਾ ਵਜੋਂ ਪੇਸ਼ ਕੀਤਾ ਗਿਆ। ਸ਼੍ਰੋਮਣੀ ਸਾਹਿਤਕਾਰ ਡਾ. ਤੇਜਵੰਤ ਸਿੰਘ ਮਾਨ ਨੇ ਇਸ ਦਾ ਮੋੜਵਾਂ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦਾ ਮਾਈਕ ਖੋਹ ਲਿਆ। ਕੁਝ

(ਬਾਕੀ ਸਫਾ 6 ਉਤੇ)

## ਅਕਾਲ ਤਖਤ ਨੇ ਲਿਆ ਗੰਭੀਰ ਨੋਟਿਸ

**ਅੰਮ੍ਰਿਤਸਰ:** ਸ਼੍ਰੋਮਣੀ ਲੇਖਕ ਡਾ. ਤੇਜਵੰਤ ਸਿੰਘ ਮਾਨ ਨਾਲ ਦੁਰਵਿਹਾਰ ਦਾ ਸਖਤ ਨੋਟਿਸ ਲੈਂਦਿਆਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ, ਦੁਖਦਾਈ ਅਤੇ ਨਾ-ਬਰਦਾਸ਼ਤਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਜਥੇਦਾਰ ਨੇ ਆਖਿਆ ਕਿ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਪੰਜਾਬ ਤੇ ਪੰਜਾਬੀਆਂ ਦੀ ਸ਼ਾਹ-ਰਗ ਹੈ ਜਿਨ੍ਹਾਂ ਸਦਕਾ ਭਾਰਤ ਵਿਚ ਮਰ ਚੁੱਕਿਆ ਜੀਵਨ ਮੁੜ ਧੜਕਣ ਯੋਗ ਹੋਇਆ ਹੈ ਅਤੇ ਅੱਜ ਵੀ ਇਸੇ ਕਰ ਕੇ ਧੜਕ ਰਿਹਾ ਹੈ। ਸਰਕਾਰੀ ਸਮਾਗਮ ਦੌਰਾਨ ਪੰਜਾਬੀ ਭਾਸ਼ਾ ਨੂੰ ਗਵਾਰਾਂ ਦੀ ਭਾਸ਼ਾ ਦੱਸਣਾ ਮੰਦਭਾਗਾ ਹੈ।

100 SPIRITUAL
PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ॥

ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
ਗੁਰਦੁਆਰਾ ਸਾਹਿਬ ਫਰੀਮਾਂਟ (300 Gurdwara Road, Fremont, CA 94536) ਵਿਖੇ
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

## ਪ੍ਰੋਗਰਾਮ

**20 ਸਤੰਬਰ 2019 (ਸ਼ੁੱਕਰਵਾਰ)**
ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10 ਵਜੇ

**22 ਸਤੰਬਰ 2019 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

ਪੰਥ ਪ੍ਰਸਿਧ ਜਥਿਆਂ ਵਲੋਂ ਗੁਰਬਾਣੀ ਕੀਰਤਨ ਉਪਰੰਤ ਬਾਬਾ ਫਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।

*ਸੰਗਤ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ*



*ਪੰਥ ਪ੍ਰਸਿਧ ਰਾਗੀ ਭਾਈ ਨਾਇਬ ਸਿੰਘ ਨਿਮਾਣਾ (ਬਾਬਾ ਫਰੀਦ ਸੰਗੀਤ ਅਕੈਡਮੀ) ਦਾ ਜਥਾ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰੇਗਾ।*

*ਬਾਬਾ ਫਰੀਦ ਜੀ ਨੂੰ ਸਮਰਪਿਤ ਇਕ ਸੀ. ਡੀ. 'ਬੋਲੈ ਸ਼ੇਖ ਫਰੀਦ' ਰਿਲੀਜ਼ ਕੀਤੀ ਜਾਵੇਗੀ, ਜਿਸ ਵਿਚ 4 ਸ਼ਬਦ ਅਤੇ ਸਲੋਕ ਹਨ।*

ਹੋਰ ਜਾਣਕਾਰੀ ਲਈ ਸੰਪਰਕ ਕਰੋ: ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ, ਫੋਨ: 408-368-2143; ਸਤਪਾਲ ਸਿੰਘ ਢਿੱਲਵਾਂ ਕਲਾਂ, ਫੋਨ: 510-952-6702; ਤਰਸੇਮ ਭਲਵਾਨ ਫਰੀਦਕੋਟ, ਫੋਨ: 510-258-9266; ਜਸਵੀਰ ਸਿੰਘ ਸੰਧੂ, ਫੋਨ: 510-303-8789; ਕਮਲ ਸਿੱਧੂ (ਦੌਧਰੀਆ), ਫੋਨ: 510-717-9555



ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

# ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈਆਂ



ਬਾਬਾ ਸ਼ੇਖ ਫਰੀਦ ਜੀ



*Dr. Harminder Singh Gill*

**Harminder Singh Gill**
*D.H.M.S;B.C.I.H*
Homeopathic Consultant and Practitioner
(Ex Homeopathic Medical officer Punjab Govt.)

**Homeopathicvibes**

**Now we have two locations:**

940 E. El Camino Real, Sunnyvale, CA 94087
www.homeopathicvibes.com Fax: (408)737-7102

**Ph: 408-737-7100**

39039 Paseo Padre Pkwy, Suite# 209 (upstairs), Fremont, CA 94538

We also sell and ship homeopathic remedies through out North America.

ਸਮੂਹ ਸਰਪ੍ਰਸਤਾਂ ਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

# ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ '12ਵਾਂ ਪੰਜਾਬੀ ਚੇਤਨਾ ਦਿਵਸ' 26 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਰੋਜਾ ਕੌਮਾਂਤਰੀ '12ਵਾਂ ਪੰਜਾਬੀ ਚੇਤਨਾ



ਦਿਵਸ' 26 ਅਕਤੂਬਰ ਨੂੰ ਸੈਲਮਾ ਦੇ ਅਸ਼ੋਕਾ ਰੈਸਤਰਾਂ ਵਿਚ ਮਨਾਇਆ ਜਾਵੇਗਾ, ਜਿਸ ਵਿਚ ਕੌਮਾਂਤਰੀ ਪ੍ਰਸਿੱਧੀ ਵਾਲੇ ਵਿਦਵਾਨ ਹਿੱਸਾ ਲੈਣਗੇ। ਆਪਣੇ ਵਿਰਸੇ ਪ੍ਰਤੀ ਜਾਗ ਲਾਉਣ ਲਈ ਇਸ ਵਿਚ ਬਾਰਵੀਂ ਜਮਾਤ ਤੱਕ ਦੇ ਪੰਜਾਬੀ ਵਿਦਿਆਰਥੀਆਂ ਦੀ ਵੀ ਸ਼ਮੂਲੀਅਤ ਕਰਾਈ ਜਾਵੇਗੀ।

ਸੰਸਥਾ ਦੇ ਸਕੱਤਰ ਨਿੰਦੀ ਸੰਧੂ ਨੇ ਇਸ ਲੇਖ ਪ੍ਰਤੀਯੋਗਤਾ ਵਿਚ ਹਿੱਸਾ ਲੈਣ ਦਾ ਸੱਦਾ ਦਿੰਦਿਆਂ ਅਧਿਆਪਕਾਂ ਅਤੇ ਪੰਜਾਬੀ ਹਿਤੈਸ਼ੀ ਮਾਪਿਆਂ ਨੂੰ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਇਸ ਬਾਰੇ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਵਿਦਿਆਰਥੀ ਪੰਜਾਬੀ ਜਾਂ ਅੰਗਰੇਜ਼ੀ-ਕਿਸੇ ਵੀ ਭਾਸ਼ਾ ਵਿਚ ਲਿਖ ਸਕਦੇ ਹਨ, ਪਰ ਪੰਜਾਬੀ ਵਿਚ ਲਿਖਣ ਵਾਲੇ ਵਿਦਿਆਰਥੀਆਂ ਨੂੰ ਪ੍ਰੇਰਣਾ ਵਜੋਂ ਵੱਖਰਾ ਨਕਦ ਇਨਾਮ ਦਿੱਤਾ ਜਾਵੇਗਾ।

ਸੰਸਥਾ ਦੇ ਕੋਆਰਡੀਨੇਟਰ ਸੰਤੋਖ ਮਿਨਹਾਸ ਨੇ ਸਮਾਗਮ ਦੀ ਰੂਪ ਰੇਖਾ ਦੱਸਦਿਆਂ ਕਿਹਾ ਕਿ ਵਿਦਵਾਨਾਂ ਵਿਚ ਰਿਲੀਜੀਅਸ ਸਟੱਡੀਜ਼ ਦੀ ਮਾਹਿਰ ਪ੍ਰੋ. ਨਿੱਕੀ ਗੁਨਿੰਦਰ ਕੇ. ਸਿੰਘ, ਪਾਕਿਸਤਾਨ ਤੋਂ ਮੁਹੰਮਦ ਅਲੀ, ਬੰਗਲਾ ਦੇਸ਼ ਤੋਂ ਸਲਾਹੁਦੀਨ ਸ਼ਾਹ, ਵਿਗਿਆਨੀ ਤੇ ਵਿਦਵਾਨ ਡਾ. ਗੁਰੂਮੇਲ ਸਿੱਧੂ ਅਤੇ ਉਘੇ ਲੇਖਕ ਤੇ ਮੀਡੀਆ ਕਰਮੀ ਸਿੱਧੂ ਦਮਦਮੀ ਵਿਚਾਰ ਚਰਚਾ ਵਿਚ ਹਿੱਸਾ ਲੈਣਗੇ। ਸ. ਮਿਨਹਾਸ ਨੇ ਦੱਸਿਆ ਕਿ ਸੰਸਥਾ ਵਲੋਂ ਵਿਦਿਆਰਥੀਆਂ ਦੇ ਲੇਖ ਸੰਪਾਦਿਤ ਕਰਕੇ ਕਿਤਾਬੀ ਰੂਪ ਵਿਚ ਛਪਵਾਏ ਜਾਣਗੇ, ਜਿਸ ਵਿਚ ਵਿਦਿਅਰਥੀ ਦੀ ਤਸਵੀਰ ਅਤੇ ਉਨ੍ਹਾਂ ਦਾ ਜੀਵਨ ਵੇਰਵਾ ਦਿੱਤਾ ਜਾਵੇਗਾ। ਰਚਨਾਵਾਂ ਭੇਜਣ ਅਤੇ ਸੰਪਰਕ ਲਈ ਮੀਡੀਆ ਦੀ ਮਦਦ ਲਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਆਪਣੇ ਵਿਸ਼ੇ ਬਾਰੇ ਜਾਣਕਾਰੀ ਲੈਣ ਲਈ ਵਿਦਿਆਰਥੀ ਗੂਗਲ, ਕਿਤਾਬਾਂ, ਦੋਸਤਾਂ ਅਤੇ ਪਰਿਵਾਰ ਦੀ ਮਦਦ ਲੈ ਸਕਦੇ ਹਨ, ਪਰ ਲਿਖਤ ਉਨ੍ਹਾਂ ਦੇ ਮੌਲਿਕ ਵਿਚਾਰਾਂ, ਪ੍ਰਭਾਵਾਂ ਅਤੇ ਭਾਵਨਾਵਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਨਕਲ ਕੀਤੇ ਗਏ ਜਾਂ ਕਿਸੇ ਦੇ ਲਿਖੇ ਲੇਖਾਂ ਨੂੰ ਵਿਚਾਰ ਅਧੀਨ ਨਹੀਂ ਲਿਆਂਦਾ ਜਾਵੇਗਾ।

ਲੇਖਾਂ ਲਈ ਸੁਝਾਏ ਵਿਸ਼ੇ ਹੋਣਗੇ: 'ਕਰਤਾਰਪੁਰ ਵਿਚ ਬਾਬੇ ਨਾਨਕ ਦੇ ਆਖਰੀ ਵਰ੍ਹੇ', 'ਮੇਰੇ ਮਨ ਵਿਚ ਬਾਬੇ ਨਾਨਕ ਦਾ ਬਿੰਬ', 'ਬਾਬੇ ਨਾਨਕ ਦੀਆਂ ਸਿੱਖਿਆਵਾਂ ਅਤੇ ਰੋਜ਼ਮੱਰਾ ਦੀ ਜ਼ਿੰਦਗੀ', 'ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਭਾਵ' ਅਤੇ 'ਬਾਬੇ ਨਾਨਕ ਦੀਆਂ ਉਦਾਸੀਆਂ ਦਾ ਮਹੱਤਵ' (ਪ੍ਰਤੀਯੋਗੀ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਕੋਈ ਹੋਰ ਵਿਸ਼ਾ ਵੀ ਚੁਣ ਸਕਦੇ ਹਨ)।

ਰਚਨਾਵਾਂ ਭੇਜਣ ਲਈ ਨਿੰਦੀ ਸੰਧੂ ਫੋਨ: 559-246-1235, ਈਮੇਲ: npsandhu@aol.com ਜਾਂ ਸੰਤੋਖ ਮਿਨਹਾਸ ਨਾਲ ਫੋਨ: 559-283-6376, ਈਮੇਲ: santokhminhas@yahoo.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਕੱਤਰ ਅਤੇ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਇਸ ਸਮਾਗਮ ਨੂੰ ਕਾਮਯਾਬ ਕਰਨ ਵਿਚ ਨੁਮਾਇਆ ਰੋਲ ਨਿਭਾਏਗੀ। ਸਮਾਗਮ ਵਿਚ 'ਚੇਤਨਾ ਪ੍ਰਕਾਸ਼ਨ' ਵਲੋਂ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ।

ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ ਦੇ ਚੇਅਰਮੈਨ ਪ੍ਰਿੰ. ਪ੍ਰੀਤਮ ਸਿਘ ਨਾਹਲ ਨੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਨਾਲ ਜੁੜੀਆਂ ਸੰਸਥਾਵਾਂ ਨੂੰ ਇਸ ਵਿਚ ਹਿੱਸਾ ਲੈਣ ਦਾ ਸੱਦਾ ਦਿਤਾ ਹੈ। ਸੰਸਥਾ ਦੇ ਪ੍ਰਧਾਨ ਗੁਰਨੇਕ ਰਾਏ ਨੇ ਦੱਸਿਆ ਕਿ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਸਵਾਗਤੀ ਕਮੇਟੀ ਵਿਚ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਤ੍ਰਿਲੋਕ ਸਿੰਘ ਮਿਨਹਾਸ ਤੇ ਅਮਰੀਕ ਸੰਧੂ ਅਤੇ ਪ੍ਰਬੰਧਕੀ ਕਮੇਟੀ ਵਿਚ ਗੁਰਨੇਕ ਸਿੰਘ ਰਾਏ, ਗੁਰਦੀਪ ਸਿੰਘ ਨਿੱਝਰ, ਸੁਖਜੀਤ ਭੁੱਲਰ, ਹਾਰਬੀ ਨਿੱਝਰ, ਤੇ ਚਰਨਜੀਤ ਭੰਗੂ ਸ਼ਾਮਲ ਹੋਣਗੇ। ਵਿਸ਼ਾ ਮਾਹਿਰ ਕਮੇਟੀ ਵਿਚ ਨਿੰਦੀ ਸੰਧੂ. ਡਾ ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੰਤੋਖ ਮਿਨਹਾਸ ਤੇ ਅਵਤਾਰ ਗੋਂਦਾਰਾ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਸਮਾਗਮ ਦੀ ਸਮਾਪਤੀ 'ਤੇ ਲੰਗਰ ਦੀ ਸੇਵਾ ਵੀ ਕੀਤੀ ਜਾਵੇਗੀ।

ਗੁਰਨੇਕ ਰਾਏ ਦੀ ਪ੍ਰਧਾਨਗੀ ਹੇਠ ਹੋਈ ਸੰਸਥਾ ਦੇ ਮੈਂਬਰਾਂ ਅਤੇ ਸਹਿਯੋਗੀਆਂ ਦੀ ਭਰਵੀਂ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਚੇਅਰਮੈਨ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਸਕੱਤਰ ਨਿੰਦੀ ਸੰਧੂ, ਗੁਰਦੀਪ ਨਿੱਝਰ, ਤ੍ਰਿਲੋਕ ਮਿਨਹਾਸ, ਸੰਤੋਖ ਮਿਨਹਾਸ, ਸੁਖਜੀਤ ਸਿੰਘ ਭੁੱਲਰ, ਭਰਪੂਰ ਸਿੰਘ, ਕੁਲਦੀਪ ਸਿੰਧ, ਕਿਹਰ ਸਿੰਘ, ਮਿਹਰ ਸਿੰਘ, ਬੇਅੰਤ ਸਿੰਘ, ਕੌਰ ਸਿੰਘ ਸੰਧੂ, ਅਵਤਾਰ ਗੋਂਦਾਰਾ, ਗੁਰਨੇਕ ਨਾਗਰਾ, ਚਰਨਜੀਤ ਭੰਗੂ ਤੇ ਹਾਰਬੀ ਨਿੱਝਰ ਨੇ ਹਿੱਸਾ ਲਿਆ।

## ਤੀਹਰੇ ਤਲਾਕ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ 'ਤੇ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁਸਲਿਮ ਮਹਿਲਾਵਾਂ (ਵਿਆਹ ਸਬੰਧੀ ਅਧਿਕਾਰਾਂ ਦੀ ਰੱਖਿਆ) ਐਕਟ 2019 ਜੋ 'ਤੀਹਰੇ ਤਲਾਕ' ਨੂੰ ਅਪਰਾਧਿਕ ਕਰਾਰ ਦਿੰਦਾ ਹੈ, ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੀ ਅਰਜ਼ੀ 'ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

## ਮੋਦੀ ਸਰਕਾਰ ਦੀ ਹੁਣ ਮਕਬੂਜ਼ਾ ਕਸ਼ਮੀਰ 'ਤੇ ਅੱਖ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਤੋਂ ਬਾਅਦ ਮੋਦੀ ਸਰਕਾਰ ਦੀ ਹੁਣ ਮਕਬੂਜ਼ਾ ਕਸ਼ਮੀਰ 'ਤੇ ਅੱਖ ਹੈ। ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਕਿਹਾ ਕਿ ਜੇਕਰ ਸਰਕਾਰ ਚਾਹੇ ਤਾਂ ਭਾਰਤੀ ਫੌਜ, ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਨੂੰ ਪਾਕਿਸਤਾਨ ਦੇ ਕਬਜ਼ੇ 'ਚੋਂ ਛੁਡਵਾਉਣ ਲਈ ਕਿਸੇ ਵੀ ਅਪਰੇਸ਼ਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਜਨਰਲ ਰਾਵਤ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਪ੍ਰਧਾਨ ਮੰਤਰੀ ਦਫਤਰ ਵਿਚ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਇਕ ਬਿਆਨ ਵਿਚ ਸਾਫ ਕਰ ਦਿੱਤਾ ਕਿ ਮੋਦੀ ਸਰਕਾਰ ਦਾ ਅਗਲਾ ਏਜੰਡਾ ਮਕਬੂਜ਼ਾ ਕਸ਼ਮੀਰ ਨੂੰ ਮੁੜ ਆਪਣੇ ਕਬਜ਼ੇ 'ਚ ਲੈ ਕੇ ਭਾਰਤ ਦਾ ਹਿੱਸਾ ਬਣਾਉਣਾ ਹੈ। ਥਲ ਸੈਨਾ ਮੁਖੀ ਨੇ ਕਿਹਾ ਕਿ ਕਿਸੇ ਵੀ ਕਾਰਵਾਈ ਦਾ ਫੈਸਲਾ ਕੇਂਦਰ ਸਰਕਾਰ ਨੇ ਕਰਨਾ ਹੈ। ਸਰਕਾਰ ਅਧੀਨ ਕੰਮ ਕਰਦੀਆਂ ਏਜੰਸੀਆਂ ਉਸ ਵੱਲੋਂ ਮਿਲੀਆਂ ਹਦਾਇਤਾਂ ਮੁਤਾਬਕ ਹੀ ਕੰਮ ਕਰਨਗੀਆਂ। ਥਲ ਸੈਨਾ ਕਿਸੇ ਵੀ ਕਾਰਵਾਈ ਲਈ ਹਮੇਸ਼ਾ ਤਿਆਰ ਰਹਿੰਦੀ ਹੈ।

ਕੇਂਦਰੀ ਮੰਤਰੀ ਜਿਤੇਂਦਰ ਸਿੰਘ, ਜਿਨ੍ਹਾਂ ਕੋਲ ਉੱਤਰ ਪੂਰਬ ਰਾਜ ਦੇ ਵਿਕਾਸ ਸਬੰਧੀ (ਡੀ.ਓ.ਐਨ.ਈ.ਆਰ.) ਸੁਤੰਤਰ ਚਾਰਜ ਵੀ ਹੈ, ਨੇ ਜੰਮੂ ਵਿਚ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੇ ਪਹਿਲੇ ਸੌ ਦਿਨਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਸਰਕਾਰ ਦਾ ਅਗਲਾ ਏਜੰਡਾ ਮਕਬੂਜ਼ਾ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਬਣਾਉਣਾ ਹੈ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ





ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਛਪਾਰ ਮੇਲੇ 'ਤੇ ਅਕਾਲੀਆਂ ਤੇ ਕਾਂਗਰਸੀਆਂ ਦਾ ਸਿਆਸੀ ਅਖਾੜਾ

## ਕਾਨਫਰੰਸ ਦੌਰਾਨ ਜੰਮ ਕੇ ਦੂਸ਼ਣਬਾਜ਼ੀ

**ਲੁਧਿਆਣਾ:** ਪੰਜਾਬ ਦੇ ਇਤਿਹਾਸਕ ਛਪਾਰ ਮੇਲੇ ਵਿਚ ਅਕਾਲੀ ਦਲ ਤੇ ਕਾਂਗਰਸ ਦੀ ਸਿਆਸੀ ਕਾਨਫਰੰਸ ਦੌਰਾਨ ਜੰਮ ਕੇ ਦੂਸ਼ਣਬਾਜ਼ੀ ਕੀਤੀ ਗਈ। ਸੱਤਾਧਾਰੀ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਆਮ ਆਦਮੀ ਪਾਰਟੀ, ਲੋਕ ਇਨਸਾਫ ਪਾਰਟੀ, ਕਮਿਊਨਿਸਟ ਪਾਰਟੀਆਂ, ਕਿਰਤੀ ਕਿਸਾਨ ਵੈੱਲਫੇਅਰ ਸੁਸਾਇਟੀ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਨੇ ਕਾਨਫਰੰਸਾਂ ਸਮੇਂ ਇਕ ਦੂਸਰੇ ਨੂੰ ਘੇਰਿਆ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਸਰਕਾਰ 'ਤੇ ਹੜ੍ਹ ਪੀੜਤਾਂ ਨੂੰ ਕੋਈ ਮਦਦ ਨਾ ਪਹੁੰਚਾਉਣ ਦਾ ਇਲਜ਼ਾਮ ਲਾਇਆ। ਉਧਰ, ਕਾਂਗਰਸ ਨੇ ਮੋਦੀ ਸਰਕਾਰ ਉਤੇ ਆਰਥਿਕ ਮੰਦੀ ਨੂੰ ਲੈ ਕੇ ਹਮਲਾ ਬੋਲਿਆ। ਕਾਂਗਰਸ ਦੀ ਸਿਆਸੀ ਕਾਨਫਰੰਸ ਵਿਚ ਵਿਧਾਨ ਸਭਾ ਦਾਖਾ ਵਿਚ ਉਪ ਚੋਣਾਂ ਸਮੇਤ ਸੂਬੇ ਦੇ ਕਈ ਗੰਭੀਰ ਮੁੱਦੇ ਵਿਚਾਰੇ ਗਏ। ਇਸ ਦੌਰਾਨ ਸੁਖਬੀਰ ਬਾਦਲ ਨੇ ਕਿਹਾ ਕਿ ਉਹ ਆਪ ਹੜ੍ਹ ਪੀੜਤ ਇਲਾਕਿਆਂ ਵਿਚ ਜਾ ਕੇ ਆਏ ਹਨ ਪਰ ਉਥੇ ਸਰਕਾਰ ਨੇ ਕਿਸੇ ਨੂੰ ਵੀ ਮਦਦ ਨਹੀਂ ਪਹੁੰਚਾਈ। ਦਾਖਾ ਵਿਧਾਨ ਸਭਾ ਸੀਟ ਲਈ ਉਨ੍ਹਾਂ ਆਮ ਆਦਮੀ ਪਾਰਟੀ ਨੂੰ ਜ਼ਿੰਮੇਵਾਰ



ਠਹਿਰਾਇਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਇਸ ਵਾਰ ਫਿਰ ਮੂੰਹ ਦੀ ਖਾਣੀ ਪਏਗੀ। ਇਸ ਤੋਂ ਇਲਾਵਾ ਬਿਕਰਮ ਮਜੀਠੀਆ ਨੇ ਵੀ ਇਲਜ਼ਾਮ ਲਾਇਆ ਕਿ ਕਾਂਗਰਸ ਸਰਕਾਰ ਨੇ ਸੂਬੇ ਨੂੰ ਆਈ.ਸੀ.ਯੂ. ਦੀ ਸਥਿਤੀ ਵਿਚ ਲਿਆ ਕੇ ਰੱਖ ਦਿੱਤਾ ਹੈ। ਕਾਂਗਰਸ ਵੱਲੋਂ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਦਾਖਾ ਵਿਧਾਨ ਸਭਾ ਖੇਤਰ ਵਿਚ ਉਪ ਚੋਣਾਂ ਲਈ ਉਹ ਬਿਲਕੁਲ ਤਿਆਰ ਹਨ।

ਸਿੱਧੂ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਨੂੰ ਹਰ ਪੱਖੋਂ ਕੰਗਾਲ ਕਰਕੇ ਸੂਬੇ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਤੇ ਸੂਬੇ ਨੂੰ ਕੰਗਾਲ ਕਰਕੇ ਕਾਂਗਰਸ ਸਰਕਾਰ ਹਵਾਲੇ ਕੀਤਾ, ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਉਸਾਰੂ ਉਪਰਾਲੇ ਕਰਕੇ ਸੂਬੇ ਨੂੰ ਮੁੜ ਲੀਹਾਂ 'ਤੇ ਲੈ ਆਂਦਾ ਹੈ। ਕੈਬਨਿਟ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਖਿਤਾਬ ਦਿੰਦਿਆਂ ਕਿਹਾ ਕਿ ਬਾਦਲ ਪਰਿਵਾਰ ਨੇ ਸੂਬੇ ਨੂੰ ਰੱਜ ਕੇ ਲੁੱਟਿਆ ਹੈ। ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੀ ਮੌਜੂਦਾ ਸਰਕਾਰ ਤੇ ਕਾਂਗਰਸ ਪਾਰਟੀ ਨੂੰ ਪੰਜਾਬ 'ਚ ਹਰ ਫਰੰਟ 'ਤੇ ਪੂਰੀ ਤਰ੍ਹਾਂ ਫੇਲ੍ਹ ਕਰਾਰ ਦਿੱਤਾ। ਉਨ੍ਹਾਂ ਕਿਹਾ ਲੋਕਾਂ ਦੀ ਆਵਾਜ਼ ਕਹਿਲਾਉਣ ਦੇ ਦਾਅਵੇ ਕਰਨ ਵਾਲੀ ਪੰਜਾਬ ਕਾਂਗਰਸ ਸਿਰਫ ਸੋਨੀਆ ਦੀ ਆਵਾਜ਼ ਬਣ ਕੇ ਰਹਿ ਗਈ ਹੈ।

ਸੁਖਬੀਰ ਨੇ ਕਿਹਾ ਲੋਕਾਂ ਦੀ ਆਵਾਜ਼ ਅਕਾਲੀ ਦਲ ਪਾਰਟੀ ਹੈ, ਜਿਸ ਨੇ ਆਪਣੇ ਰਾਜ ਦੌਰਾਨ ਸੂਬੇ ਦਾ ਤੇ ਹਰ ਵਰਗ ਦੇ ਲੋਕਾਂ ਲਈ ਸਭ ਤੋਂ ਵੱਧ ਭਲਾਈ ਸਕੀਮਾਂ ਲਿਆਂਦੀਆਂ। ਉਨ੍ਹਾਂ ਕਿਹਾ ਕਿ ਵਰਕਰਾਂ ਨੇ ਹਰ ਚੋਣ 'ਚ ਸਰਕਾਰੀ ਜਬਰ ਦਾ ਡੱਟ ਕੇ ਮੁਕਾਬਲਾ ਕੀਤਾ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਅਕਾਲੀ ਦਲ ਆਉਣ ਵਾਲੀ ਹਲਕਾ ਦਾਖਾ ਤੋਂ ਜ਼ਿਮਨੀ ਚੋਣ ਭਾਰੀ ਬਹੁਮਤ ਨਾਲ ਜਿੱਤੇਗਾ।

## ਕਾਂਗਰਸ ਅਤੇ ਅਕਾਲੀਆਂ ਨੇ ਪੰਜਾਬ ਨੂੰ ਰਲ ਕੇ ਲੁੱਟਿਆ: ਭਗਵੰਤ ਮਾਨ

**ਡੇਹਲੋਂ:** ਮੇਲਾ ਛਪਾਰ ਵਿਖੇ ਆਮ ਆਦਮੀ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਭਗਵੰਤ ਸਿੰਘ ਮਾਨ ਨੇ ਕਾਂਗਰਸ ਤੇ ਅਕਾਲੀਆਂ ਤੇ ਤਿੱਖੇ ਸ਼ਬਦਾਂ ਨਾਲ ਹਮਲਾ ਕਰਦਿਆਂ ਕਿਹਾ ਕਿ ਦੋਨਾਂ ਪਾਰਟੀਆਂ ਨੇ ਅੱਜ ਤੱਕ ਪੰਜਾਬ ਅੰਦਰ ਵੱਡੇ ਪੱਧਰ 'ਤੇ ਲੁੱਟ ਖਸੁੱਟ ਕੀਤੀ ਹੈ, ਜਿਸ ਨਾਲ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਵਿਧਾਇਕ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਅੰਦਰ ਮੌਜੂਦਾ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਤੇ ਸੂਬੇ 'ਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ।

# ਸੰਵਿਧਾਨਕ ਰੋਕਾਂ ਦੇ ਬਾਵਜੂਦ ਵਿਧਾਇਕਾਂ ਨੂੰ 'ਸੈਟ' ਕਰਨ 'ਤੇ ਅੜੇ ਕੈਪਟਨ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਛੇ ਵਿਧਾਇਕਾਂ ਨੂੰ ਕੈਬਨਿਟ ਮੰਤਰੀਆਂ ਦੇ ਬਰਾਬਰ ਦੇ ਅਹੁਦੇ ਦੇਣ ਨਾਲ ਸੰਵਿਧਾਨਕ ਤੌਰ ਉਤੇ ਮੰਤਰੀ ਮੰਡਲ ਦੀ ਗਿਣਤੀ ਉਤੇ ਲਗਾਈ ਸੀਮਾ



ਬਾਰੇ ਬਹਿਸ ਮੁੜ ਭਖ ਗਈ ਹੈ। ਸੱਤਾ ਦੇ ਗਲਿਆਰਿਆਂ ਵਿਚ ਚਰਚਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ਉਤੇ ਸੂਬਾ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਾ ਕਰਨ ਤੋਂ ਕੁਝ ਕਾਂਗਰਸੀ ਵਿਧਾਇਕ ਲੰਮੇ ਸਮੇਂ ਤੋਂ ਨਾਰਾਜ਼ ਸਨ।

ਕਈ ਵਿਧਾਇਕਾਂ ਨੇ ਆਪਣੀ ਨਾਰਾਜ਼ਗੀ ਖੁੱਲ੍ਹੇਆਮ ਵੀ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਛੇ ਵਿਧਾਇਕਾਂ ਨੂੰ ਕੈਬਨਿਟ ਰੈਂਕ ਦੇ ਕੇ ਸਥਿਤੀ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਾਲ 2004 ਵਿਚ ਲਾਗੂ ਕੀਤੀ 91ਵੀਂ ਸੰਵਿਧਾਨਕ ਸੋਧ ਮੁਤਾਬਕ ਸੰਸਦ ਅਤੇ ਵਿਧਾਨ ਸਭਾਵਾਂ ਤੇ ਪਰਿਸ਼ਦਾਂ ਦੇ ਚੁਣੇ ਨੁਮਾਇੰਦਿਆਂ ਦਾ 15 ਫੀਸਦੀ ਹਿੱਸਾ ਹੀ ਮੰਤਰੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਦੇ 117 ਵਿਧਾਇਕਾਂ 'ਚੋਂ 18 ਵਿਧਾਇਕ ਹੀ ਮੰਤਰੀ ਬਣ ਸਕਦੇ ਹਨ। ਅਕਾਲੀ-ਭਾਜਪਾ ਦੇ ਦਸ ਸਾਲਾਂ ਦੇ ਰਾਜ-ਕਾਲ ਦੌਰਾਨ ਮੁੱਖ ਸੰਸਦੀ ਸਕੱਤਰ ਅਤੇ ਸੰਸਦੀ ਸਕੱਤਰਾਂ ਦੇ ਅਹੁਦੇ ਦਿੱਤੇ ਗਏ। ਅਦਾਲਤਾਂ ਨੇ ਇਸ ਵਰਤਾਰੇ ਨੂੰ ਸੰਵਿਧਾਨ ਦੀ ਭਾਵਨਾ ਦੇ ਖਿਲਾਫ ਦੱਸਿਆ।

ਸਿਆਸੀ ਦਬਾਅ ਦੇ ਚੱਲਦਿਆਂ ਸੰਸਦੀ ਸਕੱਤਰ ਹਟੇ ਪਰ ਕੈਬਨਿਟ ਅਤੇ ਰਾਜ ਮੰਤਰੀ ਦੇ ਅਹੁਦੇ ਦੇਣ ਦਾ ਰਿਵਾਜ਼ ਸ਼ੁਰੂ ਹੋ ਗਿਆ।

ਮੌਜੂਦਾ ਸਰਕਾਰ ਨੇ ਵੱਡੀ ਪੱਧਰ 'ਤੇ ਇਹ ਅਹੁਦੇ ਵੰਡਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਮੰਤਰੀ ਮੰਡਲ ਦੀ ਗਿਣਤੀ ਸੀਮਤ ਰੱਖਣ ਵਾਲੀ ਸੰਵਿਧਾਨਕ ਸੋਧ ਦੀ ਭਾਵਨਾ ਦੇ ਖਿਲਾਫ ਹੈ। ਕਾਂਗਰਸ ਨੇ ਚੋਣਾਂ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨਾ, ਘਰ ਘਰ ਨੌਕਰੀ ਦੇਣੀ ਅਤੇ ਨੌਕਰੀ ਨਾ ਦਿੱਤੇ ਜਾਣ ਤੱਕ 25 ਸੌ ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ, ਲੜਕੀਆਂ ਨੂੰ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਸਮੇਤ ਕਈ ਵਾਅਦੇ ਕੀਤੇ। ਇਨ੍ਹਾਂ ਵਾਅਦਿਆਂ ਉਤੇ ਅਮਲ ਦੀ ਗੱਲ ਕੀਤੀ ਜਾਵੇ ਤਾਂ ਸੇਰ ਵਿਚੋਂ ਅਜੇ ਪੂਣੀ ਵੀ ਨਹੀਂ ਕੱਤੀ ਗਈ। ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿਚ ਕਿਹਾ ਸੀ ਕਿ ਮਾਲੀਏ ਦਾ 50 ਫੀਸਦੀ ਪੈਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਉਤੇ ਖਰਚ ਹੁੰਦਾ ਹੈ ਅਤੇ 23 ਫੀਸਦੀ ਕਰਜ਼ੇ ਦੇ ਵਿਆਜ ਦੀ ਕਿਸ਼ਤ ਉਤਾਰਨ ਉਤੇ। ਸੂਬਾ ਸਵਾ ਦੋ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਹੇਠ ਹੈ। ਵਿਕਾਸ ਲਈ ਪੈਸਾ ਨਹੀਂ ਬਚਦਾ।

## ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਵਿਧਾਇਕ ਦਲ ਨੇ ਵਿਧਾਨ ਸਭਾ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਆਖਿਆ ਹੈ ਕਿ ਉਹ ਲਾਭ ਵਾਲਾ ਅਹੁਦਾ ਸਵੀਕਾਰ ਕਰਨ ਲਈ 7 ਕਾਂਗਰਸੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ। ਇਸ ਤੋਂ ਇਲਾਵਾ ਵਿਧਾਇਕ ਦਲ ਨੇ 'ਆਪ' ਤੋਂ ਅਸਤੀਫਾ ਦੇ ਚੁੱਕੇ 4 ਵਿਧਾਇਕਾਂ ਨੂੰ ਅਯੋਗ ਠਹਿਰਾਉਣ ਜਾਣ ਦੀ ਵੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਇਕ ਦਲ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਤੇ ਬਿਕਰਮ ਸਿੰਘ ਮਜੀਠੀਆ ਤੇ ਭਾਜਪਾ ਵੱਲੋਂ ਅਰੁਣ ਨਾਰੰਗ ਦੀ ਅਗਵਾਈ ਵਾਲੇ ਵਿਧਾਇਕ ਦਲ ਨੇ ਸਪੀਕਰ ਨੂੰ ਜਾਣੂ ਕਰਵਾਇਆ ਕਿ ਇਹ ਨਿਯੁਕਤੀਆਂ ਸੰਵਿਧਾਨ ਦੀ 91ਵੀਂ ਸੋਧ ਦੀ ਉਲੰਘਣਾ ਹਨ, ਜਿਸ 'ਚ ਕਿਹਾ ਗਿਆ ਹੈ ਕਿ ਮੰਤਰੀਆਂ ਦੀ ਗਿਣਤੀ ਸਦਨ ਦੀ ਕੁੱਲ ਗਿਣਤੀ ਦਾ 15 ਫੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਕਾਲੀ-ਭਾਜਪਾ ਵਫਦ ਨੇ ਇਹ ਗੱਲ ਵੀ ਸਪੀਕਰ ਦੇ ਧਿਆਨ 'ਚ ਲਿਆਂਦੀ ਕਿ ਕਾਂਗਰਸ ਸਰਕਾਰ ਨੇ ਨਵੇਂ ਸਲਾਹਕਾਰਾਂ ਨੂੰ ਕੈਬਨਿਟ ਮੰਤਰੀਆਂ ਦਾ ਦਰਜਾ ਦੇ ਕੇ ਸਰਕਾਰੀ ਖਜ਼ਾਨੇ 'ਤੇ ਕਰੋੜਾਂ ਰੁਪਏ ਦਾ ਬੋਝ ਪਾ ਦਿੱਤਾ ਹੈ।

# ਕਾਂਗਰਸੀ ਵਿਧਾਇਕ ਨੇ ਖੋਲੀ ਸਰਕਾਰੀ ਦਾਅਵਿਆਂ ਦੀ ਪੋਲ

**ਸੰਗਰੂਰ:** ਕੈਪਟਨ ਸਰਕਾਰ ਝੰਡੀ ਵਾਲੀ ਕਾਰ ਨਾਲ ਸਾਰੇ ਵਿਧਾਇਕਾਂ ਨੂੰ ਖੁਸ਼ ਨਹੀਂ ਕਰ ਸਕੀ। ਅਜੇ ਵੀ ਕਈ ਵਿਧਾਇਕ ਸਰਕਾਰ ਦੀਆਂ ਨਕਾਮੀਆਂ ਦੀ ਪੋਲ ਖੋਲ੍ਹਣ ਲਈ ਡਟੇ ਹੋਏ ਹਨ। ਕਾਂਗਰਸੀ ਵਿਧਾਇਕ ਸੁਰਜੀਤ ਸਿੰਘ ਧੀਮਾਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੈਬਨਿਟ ਰੈਂਕ ਦੀ ਪੇਸ਼ਕਸ਼ ਹੋਈ ਸੀ, ਪਰ ਉਨ੍ਹਾਂ ਨਹੀਂ ਕਬੂਲੀ ਕਿਉਂਕਿ ਅਜਿਹੇ ਅਹੁਦੇ ਦੀ ਕੋਈ ਬੁਕਤ ਨਹੀਂ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀਆਂ ਵਾਲੀ ਕਾਰ ਜਾਂ ਕੋਠੀ ਹਾਸਲ ਕਰ ਲੈਣਾ ਇਹ ਕੋਈ ਪ੍ਰਾਪਤੀ ਨਹੀਂ ਕਿਉਂਕਿ ਕੈਬਨਿਟ ਰੈਂਕ ਦੇ ਇਸ ਅਹੁਦੇ 'ਤੇ ਜਾਣ ਨਾਲ ਕੋਈ ਵਿਧਾਇਕ ਆਜ਼ਾਦਾਨਾ ਕੰਮ ਨਹੀਂ ਕਰ ਸਕਦਾ ਤੇ ਨਾ ਉਸ ਕੋਲ ਕੋਈ ਤਾਕਤ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ਿਆਂ ਦੇ ਦਰਿਆ ਵਗ ਰਹੇ ਹਨ, ਪਰ ਇਨ੍ਹਾਂ 'ਤੇ ਕਾਬੂ ਪਾਉਣ ਲਈ ਨਾ ਨੀਤੀ ਹੈ ਤੇ ਨਾ ਨੀਅਤ। ਪੰਜਾਬ ਦੀ ਜਵਾਨੀ ਜਾਂ ਨਸ਼ਿਆਂ ਦਾ ਸ਼ਿਕਾਰ ਹੋ ਰਹੀ ਹੈ ਤੇ ਜਾਂ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੀ ਹੈ। ਧੀਮਾਨ ਨੇ ਕਿਹਾ ਕਿ ਰੁਜ਼ਗਾਰ ਮੇਲਿਆਂ ਦਾ ਕੋਈ ਸਾਰਥਿਕ ਨਤੀਜਾ ਸਾਹਮਣੇ ਨਹੀਂ ਆ ਰਿਹਾ ਹੈ। ਪੰਜਾਬ ਦੀ ਸਨਅਤ ਤਬਾਹ ਹੋ ਰਹੀ ਹੈ। ਪਹਿਲਾਂ ਬਾਦਲ ਸਰਕਾਰ ਵੇਲੇ ਦੋਸ਼ ਲਗਾਇਆ ਜਾਂਦਾ ਸੀ ਕਿ ਸਨਅਤਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਨਤੀਜੇ ਵਜੋਂ ਗੋਬਿੰਦਗੜ੍ਹ ਵਰਗੇ ਸਨਅਤੀ ਸ਼ਹਿਰ ਖਾਲੀ ਹੋ ਰਹੇ ਹਨ, ਪਰ ਹੁਣ ਵੀ ਸਥਿਤੀ ਉਹੀ ਹੈ।

# ਡਰੱਗ ਕੇਸ 'ਚ ਰਿਪੋਰਟਾਂ ਤੋਂ ਇਲਾਵਾ ਵੀ ਬੜਾ ਕੁਝ: ਹਾਈਕੋਰਟ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੇ ਦੇ ਮਾਮਲੇ 'ਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਮੰਨਣਾ ਹੈ ਕਿ ਇਸ ਮਾਮਲੇ 'ਚ ਅਦਾਲਤ ਵਿਚ ਦਾਖਲ ਸੀਲਬੰਦ ਰਿਪੋਰਟਾਂ ਤੋਂ ਇਲਾਵਾ ਹੋਰ ਵੀ



ਅਨੇਕਾਂ ਅਹਿਮ ਮੁੱਦੇ ਹਨ। ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਦੀ ਬੈਂਚ ਨੇ ਕਿਹਾ ਹੈ ਕਿ ਇਸ ਵੱਡੇ ਮਾਮਲੇ ਨੂੰ ਇਕੱਲੀ ਰਿਪੋਰਟਾਂ ਨਾਲ ਜੋੜ ਕੇ ਹੀ ਨਹੀਂ ਦੇਖਿਆ ਜਾ ਸਕਦਾ, ਹੋਰ ਵੀ ਕਈ ਅਹਿਮ ਪਹਿਲੂ ਇਸ ਮਾਮਲੇ ਨਾਲ ਜੁੜੇ ਹੋਏ ਹਨ।

ਦਰਅਸਲ, ਐਸ.ਐਸ.ਪੀ. ਰਹੇ ਰਾਜਜੀਤ ਸਿੰਘ ਵਿਰੁੱਧ ਨਸ਼ੇ ਦੇ ਇਕ ਮਾਮਲੇ 'ਚ ਲੱਗੇ ਇਲਜ਼ਾਮਾਂ ਦੀ ਜਾਂਚ ਦੀ ਰਿਪੋਰਟ ਹਾਈਕੋਰਟ 'ਚ ਦਾਖਲ ਕੀਤੀ ਗਈ ਸੀ, ਜਿਹੜੀ ਕਿ ਅਜੇ ਤੱਕ ਨਹੀਂ ਖੋਲ੍ਹੀ ਗਈ ਹੈ। ਇਸੇ ਰਿਪੋਰਟ ਨੂੰ ਖੋਲ੍ਹਣ ਲਈ ਰਾਜਜੀਤ ਸਿੰਘ ਵੱਲੋਂ ਅਰਜ਼ੀ ਦਾਖਲ ਕੀਤੀ ਗਈ ਸੀ ਤੇ ਇਸ ਕੇਸ ਦੀ ਵਾਰੀ ਆਉਂਦਿਆਂ ਸਾਰ ਉਨ੍ਹਾਂ ਦੇ ਵਕੀਲ ਨੇ ਬੈਂਚ ਮੂਹਰੇ ਬੇਨਤੀ ਕੀਤੀ ਕਿ ਰਿਪੋਰਟ ਖੋਲ੍ਹੀ ਜਾਵੇ ਪਰ ਚੀਫ ਜਸਟਿਸ ਨੇ ਟਿੱਪਣੀ ਕੀਤੀ ਕਿ ਇਸ ਮਾਮਲੇ ਨੂੰ ਰਿਪੋਰਟਾਂ ਨਾਲ ਹੀ ਜੋੜ ਕੇ ਨਹੀਂ ਵੇਖਿਆ ਜਾ ਸਕਦਾ ਤੇ ਰਿਪੋਰਟਾਂ ਖੋਲ੍ਹਣ ਬਾਰੇ ਬਾਅਦ 'ਚ ਫੈਸਲਾ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਉਤੇ ਲੱਗੇ ਇਲਜ਼ਾਮਾਂ ਸਬੰਧੀ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਰਿਪੋਰਟ ਵੀ ਸੀਲਬੰਦ ਪਈ ਹੈ ਤੇ ਇਕ ਰਿਪੋਰਟ ਐਸ.ਟੀ.ਐਫ. ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਵੀ ਦਾਖਲ ਕੀਤੀ ਹੋਈ ਹੈ।

ਇਸ ਤੋਂ ਇਲਾਵਾ ਬੀ.ਐਸ.ਐਫ. ਤੇ ਆਰਮੀ ਆਦਿ ਵੱਲੋਂ ਦਾਖਲ 10 ਹੋਰ ਰਿਪੋਰਟਾਂ ਵੀ ਖੋਲ੍ਹਣ ਲਈ ਪਈਆਂ ਹਨ। ਕੇਂਦਰ ਸਰਕਾਰ ਵੱਲੋਂ ਅਜੇ 10 ਹੋਰ ਰਿਪੋਰਟਾਂ ਦਾਖਲ ਕੀਤੇ ਜਾਣ ਦੀ ਸੰਭਾਵਨਾ ਹੈ। ਅਜਿਹੇ 'ਚ ਰਾਜਜੀਤ ਸਿੰਘ ਦੀ ਅਰਜ਼ੀ 'ਤੇ ਹਾਈਕੋਰਟ ਨੇ ਕਿਹਾ ਹੈ ਕਿ ਰਿਪੋਰਟਾਂ ਨਾਲੋਂ ਅਹਿਮ ਹੋਰ ਕਈ ਮੁੱਦੇ ਇਸ ਮਾਮਲੇ ਨਾਲ ਜੁੜੇ ਹੋਏ ਹਨ।

## ਬੱਚਿਆਂ 'ਚ ਨਸ਼ਿਆਂ ਦਾ ਰੁਝਾਨ ਵਧਿਆ

**ਚੰਡੀਗੜ੍ਹ:** ਬੱਚਿਆਂ ਅਤੇ ਨੌਜਵਾਨਾਂ 'ਚ ਪੈਟਰੋਲ, ਪੇਂਟ ਅਤੇ ਪਾਲਿਸ਼ ਸੁੰਘ ਕੇ ਨਸ਼ਾ ਕਰਨ ਦੇ ਰੁਝਾਨ 'ਚ ਵਾਧਾ ਹੋ ਰਿਹਾ ਹੈ। ਇਸ ਤਰ੍ਹਾਂ ਦੇ ਨਸ਼ੇ ਕਰਨ ਨਾਲ ਸਿਹਤ ਅਤੇ ਦਿਮਾਗ ਉਤੇ ਤਾਂ ਬੁਰਾ ਅਸਰ ਪੈਂਦਾ ਹੀ ਹੈ, ਇਸ ਦੇ ਨਾਲ ਹੀ ਬੱਚਿਆਂ ਦਾ ਪੜ੍ਹਾਈ 'ਚ ਮਨ ਨਾ ਲੱਗਣਾ, ਭੁੱਖ ਨਾ ਲੱਗਣਾ ਅਤੇ ਸੜਕ ਹਾਦਸਿਆਂ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਪੀ.ਜੀ.ਆਈ. ਚੰਡੀਗੜ੍ਹ ਦੇ ਮਾਨਸਿਕ ਰੋਗ ਵਿਭਾਗ 'ਚ ਅਜਿਹੇ ਬੱਚਿਆਂ ਅਤੇ ਨੌਜਵਾਨਾਂ ਦੇ ਇਲਾਜ ਕਰਵਾਉਣ ਦੇ ਮਾਮਲਿਆਂ ਵਿਚ ਵਾਧਾ ਹੋਣ ਲੱਗਾ ਹੈ ਜੋ ਕਿ ਪੈਟਰੋਲ, ਪੇਂਟ ਅਤੇ ਪਾਲਿਸ਼ ਸੁੰਘ ਕੇ ਨਸ਼ਾ ਕਰਨ ਦੇ ਸ਼ਿਕਾਰ ਹਨ। ਪੀ.ਜੀ.ਆਈ. 'ਚ ਉਕਤ ਨਸ਼ਿਆਂ ਦੇ ਸ਼ਿਕਾਰ ਜ਼ਿਆਦਾਤਰ ਬੱਚੇ ਅਤੇ ਨੌਜਵਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨਾਲ ਲੱਗਦੇ ਇਲਾਕਿਆਂ ਤੋਂ ਇਲਾਜ ਲਈ ਆਉਂਦੇ ਹਨ। ਪੀ.ਜੀ.ਆਈ. ਦੇ ਮਾਨਸਿਕ ਰੋਗ ਵਿਭਾਗ 'ਚ ਉਕਤ ਤਰ੍ਹਾਂ ਦੇ ਨਸ਼ਿਆਂ ਦੇ ਸ਼ਿਕਾਰ ਲਗਭਗ 50 ਬੱਚੇ ਇਲਾਜ ਲਈ ਹਰ ਸਾਲ ਆਉਂਦੇ ਹਨ। ਜਦ ਕਿ ਹੋਰਨਾਂ ਨਸ਼ਿਆਂ 'ਚ ਪਹਿਲਾ ਨੰਬਰ ਤੰਬਾਕੂ ਦਾ ਸੇਵਨ ਕਰਨ ਦੇ ਆਦੀ ਮਰੀਜ਼ਾਂ ਦਾ ਆਉਂਦਾ ਹੈ ਜੋ ਕਿ ਪੀ.ਜੀ.ਆਈ. 'ਚ ਇਲਾਜ ਲਈ ਆਉਂਦੇ ਹਨ। ਇਸੇ ਤਰ੍ਹਾਂ ਅਫੀਮ, ਭੁੱਕੀ, ਚਿੱਟਾ, ਹੈਰੋਇਨ ਅਤੇ ਨਸ਼ੇ ਦੀਆਂ ਦਵਾਈਆਂ ਦਾ ਸ਼ਿਕਾਰ ਮਰੀਜ਼ ਮਾਨਸਿਕ ਰੋਗ ਵਿਭਾਗ 'ਚ ਇਲਾਜ ਲਈ ਆਉਂਦੇ ਹਨ।

# ਦਾਦੇ ਦੇ 'ਪਾਪਾਂ' ਦੀ ਮੁਆਫੀ ਮੰਗਣ ਬਿਕਰਮ ਤੇ ਹਰਸਿਮਰਤ: ਰੰਧਾਵਾ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰਤਾ ਤੇ ਜੇਲ੍ਹਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੰਗ ਕੀਤੀ ਹੈ ਕਿ ਬਿਕਰਮ ਸਿੰਘ ਮਜੀਠੀਆ ਤੇ ਹਰਸਿਮਰਤ ਕੌਰ ਬਾਦਲ ਆਪਣੇ ਦਾਦੇ ਸੁੰਦਰ ਸਿੰਘ ਮਜੀਠੀਆ ਦੇ 'ਪਾਪਾਂ' ਲਈ ਮੁਆਫੀ ਮੰਗਣ ਜਿਸ ਦੀ 13 ਅਪਰੈਲ 1919 ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿਚ ਸਿੱਧੀ ਸ਼ਮੂਲੀਅਤ ਸੀ।

ਉਨ੍ਹਾਂ ਕਿਹਾ ਕਿ ਇਸ ਸਾਲ 13 ਅਪਰੈਲ ਨੂੰ ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਪੂਰੀ ਹੋ ਗਈ ਤੇ ਇਸ ਸਾਲ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਇਹੋ ਵੇਲਾ ਹੈ ਕਿ ਦੋਵੇਂ ਭੈਣ ਭਰਾ ਆਪਣੇ ਦਾਦੇ ਦੇ ਪਾਪਾਂ ਬਦਲੇ ਮੁਆਫੀ ਮੰਗਣ। ਰੰਧਾਵਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਹਰਸਿਮਰਤ ਤੇ ਬਿਕਰਮ ਦੇ ਧਾਰਮਿਕ ਸਮਾਗਮਾਂ ਵਿਚ ਸ਼ਮੂਲੀਅਤ ਤੇ ਉਦੋਂ ਤੱਕ ਪਾਬੰਦੀ ਲਗਾਉਣ ਜਦੋਂ ਤੱਕ ਉਹ ਅਕਾਲ ਤਖਤ ਸਾਹਿਬ ਅੱਗੇ ਮੁਆਫੀ ਨਹੀਂ ਮੰਗ ਲੈਂਦੇ।

ਰੰਧਾਵਾ ਨੇ ਕਿਹਾ ਕਿ ਇਤਿਹਾਸਕ ਤੱਥਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਸੁੰਦਰ ਸਿੰਘ ਮਜੀਠੀਆ ਇਨ੍ਹਾਂ ਦੋਵੇਂ ਘਟਨਾਵਾਂ ਵਿਚ ਸਿੱਧੇ ਤੌਰ 'ਤੇ ਸ਼ਾਮਲ ਸੀ ਅਤੇ ਉਨ੍ਹਾਂ ਭਾਰਤੀ ਕ੍ਰਾਂਤੀਕਾਰੀਆਂ ਵਿਰੁੱਧ ਅੰਗਰੇਜ਼ਾਂ ਨਾਲ ਖੜ੍ਹਨ ਦਾ ਫੈਸਲਾ ਲਿਆ। ਰੰਧਾਵਾ ਨੇ ਕਿਹਾ ਕਿ ਇਤਿਹਾਸਕਾਰ ਵੀ.ਐਨ. ਦੱਤਾ ਅਨੁਸਾਰ ਸੁੰਦਰ ਸਿੰਘ ਮਜੀਠੀਆ ਭਾਰਤ ਵਿਚ ਅੰਗਰੇਜ਼ਾਂ ਦਾ ਕੱਟੜ ਸਮਰਥਕ ਸੀ ਅਤੇ ਉਸ ਨੇ ਹਮੇਸ਼ਾ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਦਾ ਵਿਰੋਧ ਕੀਤਾ। ਇਸੇ ਸਮਰਥਨ ਲਈ ਅੰਗਰੇਜ਼ਾਂ ਨੇ ਉਸ ਨੂੰ 'ਸਰ ਸਰਦਾਰ ਬਹਾਦਰ' ਦਾ ਦਰਜਾ ਦੇਣ ਦੇ ਨਾਲ ਨਾਲ ਪੈਨਸ਼ਨ ਅਤੇ ਉੱਤਰ ਪ੍ਰਦੇਸ਼ ਦੇ ਗੋਰਖਪੁਰ ਜ਼ਿਲ੍ਹੇ ਵਿਚ ਜਾਗੀਰ ਵੀ ਦਿੱਤੀ। 1920 ਵਿਚ ਸੁੰਦਰ ਸਿੰਘ ਮਜੀਠੀਆ ਨੂੰ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਵਿਚ ਜਨਰਲ ਡਾਇਰ ਦਾ ਸਾਥ ਦੇਣ ਲਈ ਅੰਗਰੇਜ਼ਾਂ ਵੱਲੋਂ ਵਿਸ਼ੇਸ਼ ਮਾਣ ਦਿੱਤਾ ਗਿਆ। ਮਾਰਚ 1937 ਵਿਚ ਅਕਾਲੀਆਂ ਨੇ ਸੁੰਦਰ ਸਿੰਘ ਮਜੀਠੀਆ ਤੇ ਉਸ ਦੀ ਪਾਰਟੀ ਦੀ ਆਲੋਚਨਾ ਕਰਦਿਆਂ ਉਸ ਨੂੰ ਪੰਥ ਦਾ ਗੱਦਾਰ ਤੇ ਦੁਸ਼ਮਣ ਆਖਿਆ ਸੀ। ਉਨ੍ਹਾਂ ਕਿਹਾ ਕਿ ਹੈਰਾਨੀ ਤੇ ਸਿਤਮ ਦੀ ਗੱਲ ਹੈ ਕਿ ਅੱਜ ਉਹੀ ਅਕਾਲੀ ਦਲ 'ਤੇ ਕਬਜ਼ਾ ਕਰਕੇ ਪਾਰਟੀ ਨੂੰ ਚਲਾ ਰਹੇ ਹਨ।

# ਪੰਜਾਬ ਵਿਚ ਕਸ਼ਮੀਰੀਆਂ ਦੇ ਹੱਕ 'ਚ ਉਠੀ ਜ਼ੋਰਦਾਰ ਆਵਾਜ਼

## ਕਸ਼ਮੀਰ ਦੀ ਆਵਾਮ ਨੂੰ ਸਵੈ-ਨਿਰਣੇ ਦਾ ਹੱਕ ਦੇਣ ਦੀ ਪੈਰਵੀ



**ਚੰਡੀਗੜ੍ਹ:** ਕਸ਼ਮੀਰੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਵਿਚ ਪੰਜਾਬ ਦੀਆਂ 11 ਕਿਸਾਨ ਜਥੇਬੰਦੀਆਂ ਸਮੇਤ ਕਿਰਤੀ, ਕਿਸਾਨ, ਪੇਂਡੂ/ਖੇਤ ਮਜ਼ਦੂਰ, ਸਨਅਤੀ ਮਜ਼ਦੂਰ ਤੇ ਨੌਜਵਾਨਾਂ ਵੱਲੋਂ ਮੁਹਾਲੀ ਵਿਚ ਕੌਮੀ ਪੱਧਰ ਦੀ ਰੋਸ ਰੈਲੀ ਖਿਲਾਫ ਪੰਜਾਬ ਸਰਕਾਰ ਵੱਲੋਂ ਸਖਤੀ ਵਿਖਾਈ ਗਈ, ਪਰ ਸਰਕਾਰੀ ਰੋਕਾਂ ਦੇ ਬਾਵਜੂਦ ਸੈਂਕੜੇ ਕਿਸਾਨ, ਮੁਲਾਜ਼ਮ, ਮਜ਼ਦੂਰ ਤੇ ਵਿਦਿਆਰਥੀ ਪੁਲਿਸ ਨੂੰ ਝਕਾਨੀ ਦੇ ਕੇ ਮੁਹਾਲੀ ਪਹੁੰਚਣ ਵਿਚ ਸਫਲ ਰਹੇ।

ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੇ ਕਾਰਕੁਨ ਕਾਫਲੇ ਬਣਾ ਕੇ ਆਉਣ ਦੀ ਥਾਂ ਚੰਡੀਗੜ੍ਹ•ਦੇ ਰਸਤੇ ਆਟੋ ਵਿਚ ਸਵਾਰ ਹੋ ਕੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਪਹੁੰਚ ਗਏ। ਇਸ ਮਗਰੋਂ ਉਨ੍ਹਾਂ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਚੰਡੀਗੜ੍ਹ•ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੁਰਦੁਆਰੇ ਦੇ ਬਾਹਰੋਂ ਹੀ ਪੁਲਿਸ ਨੇ ਉਨਖਾਂ ਦਾ ਰਾਹ ਡੱਕ ਲਿਆ। ਨੌਜਵਾਨਾਂ ਨੇ ਪੁਲਿਸ ਨਾਲ ਉਲਝਣ ਦੀ ਕੋਸ਼ਿਸ਼ ਕੀਤੀ ਤਾਂ ਸੁਰੱਖਿਆ ਦਸਤੇ ਨੇ ਉਨ੍ਹਾਂ ਨੂੰ ਧੱਕੇ ਨਾਲ ਆਪਣੇ ਵਾਹਨਾਂ ਵਿਚ ਸੁੱਟ ਲਿਆ। ਪੁਲਿਸ ਨੇ ਇਨ੍ਹਾਂ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਤੇ ਮਗਰੋਂ ਹਰਿਆਣਾ ਦੀ ਸਰਹੱਦ 'ਤੇ ਲਿਜਾ ਕੇ ਛੱਡ ਦਿੱਤਾ। ਆਗੂਆਂ ਨੇ ਕਸ਼ਮੀਰ ਦੀ ਆਵਾਮ ਨੂੰ ਸਵੈ-ਨਿਰਣੇ ਦਾ ਹੱਕ ਦੇਣ ਦੀ ਪੈਰਵੀ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਕਸ਼ਮੀਰ ਨੂੰ 'ਖੁੱਲ੍ਹੀ ਜੇਲ੍ਹ' ਵਿਚ ਤਬਦੀਲ ਕਰ ਦਿੱਤਾ ਹੈ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਕਸ਼ਮੀਰ ਵਿਚੋਂ ਧਾਰਾ 370 ਅਤੇ 35ਏ ਮਨਸੂਖ ਕਰਨ ਦੇ ਫੈਸਲਿਆਂ ਨੂੰ ਵਾਪਸ ਲਿਆ ਜਾਵੇ। ਇਸ ਦੌਰਾਨ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸਾਰਾ ਕੁਝ ਅਮਨ-ਅਮਾਨ ਨਾਲ ਲੰਘ ਗਿਆ ਤੇ ਫੜੇ ਗਏ ਆਗੂਆਂ ਤੇ ਵਰਕਰਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਫਿਰੋਜ਼ਪੁਰ ਤੇ ਲੁਧਿਆਣਾ ਅਤੇ ਹੋਰਨਾਂ ਇਲਾਕਿਆਂ 'ਚੋਂ ਵੱਡੀ ਗਿਣਤੀ ਕਿਸਾਨ, ਕਿਰਤੀ, ਖੇਤ ਤੇ ਸਨਅਤੀ ਮਜ਼ਦੂਰ ਅਤੇ ਮੁਲਾਜ਼ਮ ਰੇਲਗੱਡੀ ਰਾਹੀਂ ਮੁਹਾਲੀ ਰੇਲਵੇ ਸਟੇਸ਼ਨ ਉਤੇ ਪਹੁੰਚ ਗਏ। ਇਨ੍ਹਾਂ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਹਰਜਿੰਦਰ ਸਿੰਘ ਕਰ ਰਹੇ ਸੀ। ਇਹ ਲੋਕ ਜਿਵੇਂ ਹੀ ਰੇਲਗੱਡੀ ਤੋਂ ਉੱਤਰ ਕੇ ਸ਼ਹਿਰ ਵੱਲ ਵਧੇ ਤਾਂ ਰੇਲਵੇ ਸਟੇਸ਼ਨ ਦੇ ਬਾਹਰ ਤਾਇਨਾਤ ਪੁਲਿਸ ਨੇ ਉਨ੍ਹਾਂ ਦਾ ਰਾਹ ਡੱਕ ਲਿਆ। ਇਸ ਕਾਰਨ ਉਹ ਰੇਲਵੇ ਸਟੇਸ਼ਨ ਦੇ ਬਾਹਰ ਹੀ ਧਰਨਾ ਲਗਾ ਕੇ ਬੈਠ ਗਏ। ਪੁਲਿਸ ਨਾਲ ਖਿੱਚ-ਧੂਹ ਦੇ ਬਾਵਜੂਦ ਪ੍ਰਦਰਸ਼ਨਕਾਰੀ ਆਪਣੀ ਗੱਲ ਕਹਿ ਕੇ ਹਟੇ, ਮਗਰੋਂ ਪੁਲਿਸ ਨੇ ਉਨਖਾਂ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਉਨਖਾਂ ਨੂੰ ਚਾਰ ਸਕੂਲ ਬੱਸਾਂ ਵਿਚ ਬਿਠਾ ਕੇ ਸ਼ਹਿਰ ਤੋਂ ਬਾਹਰ ਲੈ ਗਈ। ਸੂਤਰਾਂ ਮੁਤਾਬਕ ਪੁਲਿਸ ਨੇ ਇਨਖਾਂ ਨੂੰ ਸਰਹਿੰਦ ਰੇਲਵੇ ਸਟੇਸ਼ਨ 'ਤੇ ਲਿਜਾ ਕੇ ਲੁਧਿਆਣਾ ਜਾਣ ਵਾਲੀ ਗੱਡੀ ਵਿਚ ਚੜ੍ਹਾ ਦਿੱਤਾ।

ਹਰਜਿੰਦਰ ਸਿੰਘ ਨੇ ਦੱਸਿਆ ਕਿ ਦੀ ਰੈਲੀ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਅਤੇ ਕਿਸਾਨ ਸੰਘਰਸ਼ ਕਮੇਟੀ, ਖੇਤ ਮਜ਼ਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਤੇ ਹੋਰਨਾਂ ਜਥੇਬੰਦੀਆਂ ਦਾ ਭਰਪੂਰ ਸਮਰਥਨ ਸੀ, ਪਰ ਪੰਜਾਬ ਸਰਕਾਰ ਨੇ ਸੰਘਰਸ਼ ਦੇ ਰਾਹ ਵਿਚ ਰੋਕਾਂ ਲਗਾ ਕੇ ਜਮਹੂਰੀਅਤ ਦਾ ਗਲਾ ਘੁੱਟਿਆ ਹੈ। ਉਨ੍ਹਾਂ ਦੱਸਿਆ ਕਿ ਇਕੱਲੇ ਮਾਲਵੇ ਖੇਤਰ ਵਿਚ 14 ਥਾਵਾਂ ਉਤੇ ਪੁਲਿਸ ਨੇ ਰੈਲੀ ਵਿਚ ਆ ਰਹੇ ਲੋਕਾਂ ਦਾ ਰਾਹ ਰੋਕਿਆ। ਮਾਝਾ ਅਤੇ ਦੁਆਬੇ ਵਿਚ ਵੀ ਕਾਫੀ ਥਾਵਾਂ 'ਤੇ ਲੋਕਾਂ ਨੂੰ ਰੋਕਿਆ ਗਿਆ। ਉਨਖਾਂ ਦੱਸਿਆ ਕਿ ਮੋਹਰੀ ਆਗੂਆਂ ਨੂੰ ਹਿਰਾਸਤ ਵਿਚ ਲੈਣ ਲਈ ਦੋ ਦਿਨਾਂ ਤੋਂ ਛਾਪੇਮਾਰੀ ਕੀਤੀ ਜਾ ਰਹੀ ਹੈ, ਜਿਸ ਕਾਰਨ ਕਾਫੀ ਆਗੂ ਪਹਿਲਾਂ ਹੀ ਰੂਪੋਸ਼ ਹੋ ਗਏ ਸੀ। ਮੁਹਾਲੀ ਸਮੇਤ ਹੋਰ ਜਿਥੇ ਕਿਤੇ ਵੀ ਪ੍ਰਦਰਸ਼ਨਕਾਰੀਆਂ ਨੂੰ ਰੋਕਿਆ ਗਿਆ, ਉਥੇ ਮੋਦੀ ਸਰਕਾਰ ਅਤੇ ਕੈਪਟਨ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਕਈ ਥਾਵਾਂ 'ਤੇ ਪੁਤਲੇ ਵੀ ਸਾੜੇ ਗਏ। ਇਸ ਦੌਰਾਨ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਹਾਲੀ ਵਿਚ ਰੈਲੀ ਲਈ ਮਨਜ਼ੂਰੀ ਦੇਣ ਤੋਂ ਇਨਕਾਰ ਕਰਕੇ ਦਰਸਾ ਦਿੱਤਾ ਹੈ ਕਿ ਕਾਂਗਰਸ, ਕਸ਼ਮੀਰੀ ਲੋਕਾਂ ਦੇ ਹੱਕ ਵਿਚ ਉਠ ਰਹੀ ਆਵਾਜ਼ ਨੂੰ ਦਬਾਉਣ ਵਿਚ ਭਾਜਪਾ ਤੋਂ ਕਿਸੇ ਗੱਲੋਂ ਘੱਟ ਨਹੀਂ ਹੈ।

### ਕੈਪਟਨ ਧਾਰਾ 370 'ਤੇ ਦੋਗਲੀ ਨੀਤੀ ਅਪਨਾ ਰਹੇ ਹਨ: ਮਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਸ਼ਮੀਰ ਤੋਂ ਹਟਾਈ ਧਾਰਾ 370 ਦੇ ਮਾਮਲੇ 'ਚ ਦੋਗਲੀ ਨੀਤੀ ਅਪਨਾ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਕੈਪਟਨ ਧਾਰਾ 370 ਹਟਾਉਣ ਦਾ ਵਿਰੋਧ ਕਰ ਰਹੇ ਹਨ ਅਤੇ ਦੂਸਰੇ ਪਾਸੇ ਕਿਸਾਨ ਜਥੇਬੰਦੀਆਂ ਵੱਲੋਂ ਧਾਰਾ 370 ਹਟਾਉਣ ਵਿਰੁੱਧ ਮੁਹਾਲੀ ਵਿਚ ਕੀਤੀ ਜਾ ਰਹੀ ਰੈਲੀ ਉਪਰ ਰੋਕ ਲਾ ਰਹੇ ਹਨ ਜਿਸ ਤੋਂ ਸਾਫ ਹੋ ਗਿਆ ਹੈ ਕਿ ਮੁੱਖ ਮੰਤਰੀ ਧਾਰਾ 370 ਹਟਾਉਣ ਬਾਰੇ ਦੋਗਲੀ ਨੀਤੀ ਅਪਨਾ ਕੇ ਸ਼ਾਇਦ ਮੋਦੀ ਸਰਕਾਰ ਨੂੰ ਖੁਸ਼ ਕਰ ਰਹੇ ਹਨ ਅਤੇ ਬਾਦਲ ਦਲੀਆਂ ਨੇ ਵੀ ਇਸ ਮੁੱਦੇ 'ਤੇ ਆਪਣੇ ਸਾਰੇ ਅਸੂਲ ਤਿਆਗ ਦਿੱਤੇ ਹਨ।

# ਕਾਨਪੁਰ ਸਿੱਖ ਕਤਲੇਆਮ ਸਬੰਧੀ ਕੇਸਾਂ ਦੀਆਂ ਅਹਿਮ ਫਾਈਲਾਂ ਗਾਇਬ

**ਕਾਨਪੁਰ:** ਕਾਨਪੁਰ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ ਕੇਸਾਂ ਦੀਆਂ ਅਹਿਮ ਫਾਈਲਾਂ ਸਰਕਾਰੀ ਰਿਕਾਰਡ ਵਿਚੋਂ ਗਾਇਬ ਹੋ ਗਈਆਂ ਹਨ। ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਇਸ ਉਦਯੋਗਿਕ ਸ਼ਹਿਰ 'ਚ ਦੰਗਿਆਂ ਦੌਰਾਨ 125 ਸਿੱਖ ਮਾਰੇ ਗਏ ਸਨ, ਜੋ ਕਿ ਦਿੱਲੀ ਤੋਂ ਬਾਅਦ ਘੱਟ ਗਿਣਤੀਆਂ ਦੀ ਹੱਤਿਆ ਦੀ ਦੂਜੀ ਵੱਡੀ ਘਟਨਾ ਸੀ, ਜੋ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਵਾਪਰੀ ਸੀ।

ਸੂਬਾ ਸਰਕਾਰ ਵੱਲੋਂ ਫਰਵਰੀ 2019 ਵਿਚ 1984 ਦੇ ਦੰਗਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਸੀ, ਜਿਸ ਨੇ ਜਾਂਚ 'ਚ ਪਾਇਆ ਹੈ ਕਿ ਹੱਤਿਆ ਤੇ ਡਕੈਤੀ ਸਬੰਧੀ ਅਹਿਮ ਫਾਈਲਾਂ ਗੁੰਮ ਹੋ ਗਈਆਂ ਹਨ। ਕਈ ਕੇਸਾਂ 'ਚ ਸਿਟ ਐਫ.ਆਈ.ਆਰ. ਤੇ ਕੇਸ ਡਾਇਰੀਆਂ ਵੀ ਨਹੀਂ ਲੱਭ ਸਕੀ, ਜਿਸ ਕਾਰਨ ਸਿੱਖਾਂ ਦੇ ਹੋਏ ਇਸ ਕਤਲੇਆਮ ਦੀ ਜਾਂਚ ਸਬੰਧੀ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਸਿਟ ਦੇ ਚੇਅਰਮੈਨ ਤੇ ਪੁਲਿਸ ਦੇ ਸਾਬਕਾ ਡੀ.ਜੀ.ਪੀ. ਅਤੁਲ ਨੇ ਦੱਸਿਆ ਕਿ ਇਨ੍ਹਾਂ ਫਾਈਲਾਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਕਿਹਾ ਕਿ ਅਸੀਂ ਤੱਥਾਂ ਦਾ ਪਤਾ ਲਗਾਉਣਾ ਚਾਹੁੰਦੇ ਹਾਂ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੀ ਪੁਲਿਸ ਨੇ ਠੋਸ ਸਬੂਤਾਂ ਦੀ ਘਾਟ ਕਾਰਨ ਹੱਤਿਆ ਦੇ ਮਾਮਲਿਆਂ ਨੂੰ ਬੰਦ ਕਰ ਦਿੱਤਾ ਜਾਂ ਉਨ੍ਹਾਂ ਨੇ ਮਾਮਲਿਆਂ 'ਚ ਦੋਸ਼ ਪੱਤਰ ਦਾਖਲ ਕੀਤੇ। ਉਨ੍ਹਾਂ ਕਿਹਾ ਕਿ ਫਿਲਹਾਲ ਮੈਂ ਹੱਤਿਆ ਦੇ ਕਈ ਕੇਸਾਂ ਬਾਰੇ ਵਿਸਥਾਰ ਨਾਲ ਨਹੀਂ ਦੱਸ ਸਕਦਾ, ਕਿਉਂਕਿ ਇਨ੍ਹਾਂ ਸਬੰਧੀ ਫਾਈਲਾਂ ਅਜੇ ਲੱਭੀਆਂ ਜਾ ਰਹੀਆਂ ਹਨ। ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਕਾਨਪੁਰ 'ਚ ਹੱਤਿਆ, ਹੱਤਿਆ ਦੀ ਕੋਸ਼ਿਸ਼, ਡਕੈਤੀ, ਹੱਥੋਪਾਈ ਤੇ ਜਾਨ ਨੂੰ ਖਤਰੇ ਸਬੰਧੀ 1250 ਤੋਂ ਵੱਧ ਕੇਸ ਦਰਜ ਕੀਤੇ ਗਏ ਸਨ।

ਲਾਪਤਾ ਫਾਈਲਾਂ ਹੱਤਿਆ ਤੇ ਡਕੈਤੀ ਵਰਗੇ ਗੰਭੀਰ ਅਪਰਾਧਾਂ ਨਾਲ ਸਬੰਧਤ ਹਨ। ਸੂਤਰਾਂ ਅਨੁਸਾਰ ਸਿਟ ਨੇ ਸ਼ੁਰੂਆਤ 'ਚ 38 ਗੰਭੀਰ ਅਪਰਾਧਾਂ ਦੀ ਪਛਾਣ ਕੀਤੀ। ਇਨ੍ਹਾਂ ਵਿਚੋਂ 26 ਦੀ ਜਾਂਚ ਪੁਲਿਸ ਵੱਲੋਂ ਬੰਦ ਕਰ ਦਿੱਤੀ ਗਈ ਸੀ। ਸਿਟ ਇਨ੍ਹਾਂ ਮਾਮਲਿਆਂ ਦੀ ਦੁਬਾਰਾ ਜਾਂਚ ਕਰ ਰਹੀ ਹੈ, ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਦੋਸ਼ੀਆਂ ਨੂੰ ਬਚਾਇਆ ਨਾ ਗਿਆ ਹੋਵੇ। ਹਾਲਾਂਕਿ ਜਦੋਂ ਸਿਟ ਦੇ ਐਸ.ਪੀ. ਬਾਲੇਂਦੂ ਭੂਸ਼ਨ ਨੇ ਫਾਈਲਾਂ ਦੀ ਜਾਂਚ ਕੀਤੀ ਤਾਂ ਉਸ ਨੂੰ ਸਭ ਤੋਂ ਅਹਿਮ ਕੇਸ ਡਾਇਰੀਆਂ ਗਾਇਬ ਮਿਲੀਆਂ, ਜਿਸ ਤੋਂ ਬਾਅਦ ਐਸ.ਪੀ. ਨੇ ਅਧਿਕਾਰੀਆਂ ਨੂੰ ਫਾਈਲਾਂ ਲੱਭਣ ਲਈ ਚੌਕਸ ਕੀਤਾ। ਉਨ੍ਹਾਂ ਇਨ੍ਹਾਂ ਕੇਸਾਂ ਨਾਲ ਸਬੰਧਤ ਪੀੜਤ ਸਿੱਖਾਂ ਨੂੰ ਵੀ ਅੱਗੇ ਆ ਕੇ ਆਪਣੇ ਬਿਆਨ ਦਰਜ ਕਰਵਾਉਣ ਲਈ ਕਿਹਾ ਹੈ। ਉਧਰ ਕਾਨਪੁਰ ਦੇ ਐਸ.ਐਸ.ਪੀ. ਅਨੰਤ ਦਿਓ ਨੇ ਕਿਹਾ ਕਿ ਇਹ ਮਾਮਲਾ 35 ਸਾਲ ਤੋਂ ਵੱਧ ਸਮਾਂ ਪੁਰਾਣਾ ਹੈ। ਮੈਂ ਇਸ ਸਬੰਧੀ ਕੋਈ ਟਿੱਪਣੀ ਕਰਨ ਦੀ ਸਥਿਤੀ 'ਚ ਨਹੀਂ ਹਾਂ। ਉਨ੍ਹਾਂ ਕਿਹਾ ਕਿ ਸਾਨੂੰ ਇਹ ਦੇਖਣਾ ਹੋਵੇਗਾ ਕਿ ਇਹ ਫਾਈਲਾਂ ਹੋਰ ਦਸਤਾਵੇਜ਼ਾਂ ਦੀ ਤਰ੍ਹਾਂ ਨਸ਼ਟ ਨਾ ਕਰ ਦਿੱਤੀਆਂ ਗਈਆਂ ਹੋਣ, ਜਿਨ੍ਹਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਇਕ ਖਾਸ ਸਮਾਂ ਸੀਮਾ ਤੋਂ ਬਾਅਦ ਨਸ਼ਟ ਕਰ ਦਿੱਤਾ ਜਾਂਦਾ ਹੈ। ਫਿਰ ਵੀ ਅਸੀਂ ਫਾਈਲਾਂ ਦੇ ਮਹੱਤਵ ਨੂੰ ਦੇਖਦੇ ਹੋਏ ਇਨ੍ਹਾਂ ਨੂੰ ਲੱਭਣ ਵਿਚ ਸਿਟ ਨਾਲ ਪੂਰਾ ਸਹਿਯੋਗ ਕਰਾਂਗੇ।

ਦੱਸ ਦਈਏ ਕਿ ਕੌਮੀ ਰਾਜਧਾਨੀ ਦਿੱਲੀ ਮਗਰੋਂ ਕਾਨਪੁਰ ਦੂਜਾ ਸ਼ਹਿਰ ਸੀ, ਜਿਥੇ ਘੱਟ ਗਿਣਤੀਆਂ ਨੂੰ ਇੰਨੀ ਵੱਡੀ ਗਿਣਤੀ 'ਚ ਕਤਲ ਕੀਤਾ ਗਿਆ। ਯੂਪੀ ਸਰਕਾਰ ਨੇ ਇਸ ਸਾਲ ਫਰਵਰੀ ਵਿਚ 1984 ਦੇ ਦੰਗਿਆਂ ਨਾਲ ਸਬੰਧਤ ਕੇਸਾਂ ਦੀ ਮੁੜ ਜਾਂਚ ਲਈ ਸਿਟ ਦਾ ਗਠਨ ਕੀਤਾ ਸੀ। ਸਿਟ ਨੂੰ ਜਾਂਚ ਦੌਰਾਨ ਪਤਾ ਲੱਗਾ ਕਿ ਕਤਲ ਤੇ ਲੁੱਟ ਨਾਲ ਸਬੰਧਤ ਕਈ ਅਹਿਮ ਫਾਈਲਾਂ ਗੁੰਮ ਹਨ। ਕਈ ਕੇਸਾਂ ਵਿਚ ਤਾਂ ਸਿਟ ਨੂੰ ਐਫ.ਆਈ.ਆਰ. ਤੇ ਕੇਸ ਡਾਇਰੀਆਂ ਵੀ ਨਹੀਂ ਮਿਲੀਆਂ।



### ਫਾਈਲਾਂ ਗੁੰਮ ਹੋਣਾ ਮੰਦਭਾਗਾ: ਲੌਂਗੋਵਾਲ

**ਅੰਮ੍ਰਿਤਸਰ:** ਫਾਈਲਾਂ ਗੁੰਮ ਹੋਣ ਨੂੰ ਮੰਦਭਾਗਾ ਦੱਸਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਤੋਂ ਵੱਡੀ ਦੁੱਖ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਸਰਕਾਰੀ ਰਿਕਾਰਡ 'ਚੋਂ ਅਹਿਮ ਫਾਈਲਾਂ ਹੀ ਗੁੰਮ ਹੋ ਜਾਣ। ਉਨ੍ਹਾਂ ਇਸ ਦੀ ਜਾਂਚ ਕਰਵਾਉਣ ਅਤੇ ਜ਼ਿੰਮੇਵਾਰਾਂ ਖਿਲਾਫ ਕਾਰਵਾਈ ਦੀ ਮੰਗ ਕਰਦੇ ਹੋਏ ਕਿਹਾ ਕਿ 1984 'ਚ ਦਿੱਲੀ ਤੋਂ ਬਾਅਦ ਕਾਨਪੁਰ 'ਚ ਸਿੱਖ ਕਤਲੇਆਮ ਨੇ ਸਿੱਖ ਮਾਨਸਿਕਤਾ ਨੂੰ ਡੂੰਘੇ ਜ਼ਖਮ ਦਿੱਤੇ ਹਨ, ਜਿਸ ਦਾ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੇਸਾਂ ਦਾ ਰਿਕਾਰਡ ਤੇ ਸਬੂਤ ਨਸ਼ਟ ਕਰਨ ਵਾਲਿਆਂ ਖਿਲਾਫ ਫੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

## ਇਟਲੀ: ਟੈਂਕ 'ਚ ਡੁੱਬ ਕੇ ਚਾਰ ਪੰਜਾਬੀਆਂ ਦੀ ਮੌਤ

**ਰੋਮ:** ਇਟਲੀ ਦੇ ਉਤਰੀ ਖੇਤਰ ਸਥਿਤ ਡੇਅਰੀ ਫਾਰਮ ਵਿਚ ਬਣੇ ਗੋਹੇ ਵਾਲੇ ਟੈਂਕ ਵਿਚ ਗੈਸ ਚੜ੍ਹਨ ਮਗਰੋਂ ਡੁੱਬਣ ਨਾਲ ਚਾਰ ਪੰਜਾਬੀਆਂ ਦੀ ਮੌਤ ਹੋ ਗਈ। ਇਹ ਘਟਨਾ ਮਿਲਾਨ ਦੇ ਦੱਖਣ ਵਿਚ ਵਸੇ ਸ਼ਹਿਰ ਪਾਵੀਆ ਕੋਲ ਅੇਰੀਨਾ ਪੋ ਸਥਿਤ ਫਾਰਮ ਵਿਚ ਵਾਪਰੀ।

ਮ੍ਰਿਤਕਾਂ ਵਿਚ ਫਾਰਮ ਮਾਲਕ ਦੋ ਸਕੇ ਭਰਾ ਪ੍ਰੇਮ (48) ਅਤੇ ਤਰਸੇਮ ਸਿੰਘ (45) ਸ਼ਾਮਲ ਹਨ। ਜੋ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਦੇ ਪਿੰਡ ਚੀਮਾ ਨਾਲ ਸਬੰਧਤ ਹਨ। ਬਾਕੀ ਦੋ ਮ੍ਰਿਤਕਾਂ ਦੀ ਪਛਾਣ ਅਮਰਿੰਦਰ ਸਿੰਘ (29) ਅਤੇ ਮਨਜਿੰਦਰ ਸਿੰਘ (28) ਵਜੋਂ ਹੋਈ ਹੈ। ਮੁੱਢਲੀ ਜਾਂਚ ਵਿਚ ਖੁਲਾਸਾ ਹੋਇਆ ਹੈ ਕਿ ਗੋਹੇ ਨੂੰ ਖਾਦ ਵਜੋਂ ਵਰਤਣ ਲਈ ਟੈਂਕ 'ਚੋਂ ਕੱਢ ਰਹੇ ਵਿਅਕਤੀ ਨੂੰ ਬਚਾਉਣ ਲਈ ਤਿੰਨ ਵਿਅਕਤੀਆਂ ਨੇ ਟੈਂਕ ਵਿਚ ਛਾਲ ਮਾਰ ਦਿੱਤੀ। ਜਾਂਚਕਰਤਾਵਾਂ ਨੂੰ ਖਦਸ਼ਾ ਹੈ ਕਿ ਚਾਰੋਂ ਮੌਤਾਂ ਗੈਸ ਚੜ੍ਹਨ ਨਾਲ ਹੋਈਆਂ ਹਨ। ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਇਹ ਚਾਰੇ ਵਿਅਕਤੀ ਦੁਪਹਿਰ ਦਾ ਖਾਣਾ ਖਾਣ ਲਈ ਘਰ ਨਾ ਪਹੁੰਚੇ।

# ਸਾਲਾਨਾ ਤਿੰਨ ਲੱਖ ਬੱਚਿਆਂ ਦੀ ਹੋ ਜਾਂਦੀ ਹੈ ਕੈਂਸਰ ਨਾਲ ਮੌਤ

**ਨਵੀਂ ਦਿੱਲੀ:** ਹਰ ਸਾਲ ਤਕਰੀਬਨ ਤਿੰਨ ਲੱਖ ਬੱਚੇ ਕੈਂਸਰ ਦੀ ਲਪੇਟ ਵਿਚ ਆਉਂਦੇ ਹਨ, ਜਿਨਖਾਂ ਵਿਚੋਂ 78 ਹਜ਼ਾਰ ਤੋਂ ਜ਼ਿਆਦਾ ਸਿਰਫ ਭਾਰਤ ਵਿਚੋਂ ਹੀ ਹਨ। ਜਦਕਿ ਵਿਕਸਿਤ ਦੇਸ਼ਾਂ ਵਿਚ 80 ਫੀਸਦ ਬੱਚੇ ਠੀਕ ਹੋ ਜਾਂਦੇ ਹਨ ਅਤੇ ਭਾਰਤ ਵਿਚ ਡਾਕਟਰ ਸਿਰਫ 30 ਫੀਸਦ ਕੈਂਸਰ ਪੀੜਤ ਬੱਚਿਆਂ ਨੂੰ ਹੀ ਬਚਾ ਪਾਉਂਦੇ ਹਨ।

ਵਿਸ਼ਵ ਸਿਹਤ ਸੰਗਠਨ ਨੇ 2030 ਤੱਕ 60 ਫੀਸਦ ਕੈਂਸਰ ਪੀੜਤ ਬੱਚਿਆਂ ਨੂੰ ਜ਼ਿੰਦਗੀ ਦੀ ਜੰਗ ਵਿਚ ਜਿਤਾਉਣ ਦਾ ਟੀਚਾ ਨਿਰਧਾਰਤ ਕੀਤਾ ਹੈ। ਇਸ ਖੇਤਰ ਵਿਚ ਕਾਰਜਸ਼ੀਲ ਗੈਰ ਸਰਕਾਰੀ ਸੰਗਠਨ 'ਕੈਨਕਿਡ' ਦੀ ਸੰਸਥਾਪਕ 'ਤੇ ਕੈਂਸਰ ਜਿਹੀ ਬਿਮਾਰੀ 'ਤੇ ਜਿੱਤ ਪ੍ਰਾਪਤ ਕਰਨ ਵਾਲੀ ਪੂਨਮ ਬਗਈ ਦਾ ਕਹਿਣਾ ਹੈ ਕਿ ਦਿਹਾਤੀ ਇਲਾਕਿਆਂ ਵਿਚ ਕੈਂਸਰ ਪੀੜਤ ਬੱਚਿਆਂ ਦੇ ਹਸਪਤਾਲ ਅਤੇ ਆਧੁਨਿਕ ਸਿਹਤ ਸੇਵਾਵਾਂ ਪਹੁੰਚਾਉਣ ਦੀ ਦਰ ਸਿਰਫ 15 ਫੀਸਦ ਹੀ ਹੈ। ਉਨ੍ਹਾਂ 2004 ਵਿਚ ਆਪਣੀ ਨੌਕਰੀ ਛੱਡ ਇਸ ਸੰਗਠਨ ਦੀ ਸਥਾਪਨਾ ਕੀਤੀ ਸੀ ਤੇ ਅੱਜ ਉਹ ਦੇਸ਼ ਦੇ 69 ਹਸਪਤਾਲਾਂ ਨਾਲ ਕੰਮ ਕਰਦੇ ਹੋਏ 42 ਹਜ਼ਾਰ ਤੋਂ ਜ਼ਿਆਦਾ ਬੱਚਿਆਂ ਨਾਲ ਸਿਹਤ ਸੁਵਿਧਾਵਾਂ ਦੇਣ ਵਿਚ ਸਫਲ ਰਹੀ ਹੈ।

ਉਸ ਨੇ ਦੱਸਿਆ ਕਿ ਉਨ੍ਹਾਂ ਦਾ ਸੰਗਠਨ 42 ਸ਼ਹਿਰਾਂ ਵਿਚ 69 ਕੈਂਸਰ ਕੇਂਦਰਾਂ ਨਾਲ ਸਾਂਝੇਦਾਰੀ ਵਿਚ ਕੰਮ ਕਰ ਰਿਹਾ ਹੈ ਅਤੇ ਪੰਜਾਬ ਅਤੇ ਮਹਾਰਾਸ਼ਟਰ ਸਰਕਾਰ ਦੇ ਨਾਲ-ਨਾਲ ਪਾਰਟਨਰ ਵਜੋਂ ਸਹਿਮਤੀ ਪੱਤਰਾਂ 'ਤੇ ਦਸਤਖਤ ਕੀਤੇ ਹਨ।

# ਤਰਨ ਤਾਰਨ ਵਿਚ ਅਣਖ ਖਾਤਰ ਪ੍ਰੇਮੀ ਜੋੜੇ ਦਾ ਕਤਲ

**ਤਰਨ ਤਾਰਨ:** ਪਿੰਡ ਨੌਸ਼ਹਿਰਾ ਢਾਲਾ ਵਿਚ ਸਾਲ ਪਹਿਲਾਂ ਪ੍ਰੇਮ ਵਿਆਹ ਕਰਾਉਣ ਵਾਲੇ ਜੋੜੇ ਨੂੰ ਲੜਕੀ ਦੇ ਪਰਿਵਾਰ ਵਾਲਿਆਂ ਨੇ ਅਣਖ ਖਾਤਰ ਗੋਲੀਆਂ ਮਾਰ ਕੇ ਮਾਰ ਦਿੱਤਾ। ਕਤਲ ਕੀਤੇ ਜੋੜੇ ਦੀ ਪਛਾਣ ਨੌਸ਼ਹਿਰਾ ਢਾਲਾ ਦੇ ਨੌਜਵਾਨ ਅਮਨਦੀਪ ਸਿੰਘ (24) ਅਤੇ ਉਸ ਦੀ ਪਤਨੀ ਅਮਨਪ੍ਰੀਤ ਕੌਰ (22) ਵਜੋਂ ਕੀਤੀ ਗਈ ਹੈ। ਅਮਨਪ੍ਰੀਤ ਕੌਰ ਦੇ ਪੇਕੇ ਨੌਸ਼ਹਿਰਾ ਢਾਲਾ ਪਿੰਡ ਦੇ ਨੇੜਲੇ ਪਿੰਡ ਗਹਿਰੀ ਸਨ।

ਜਾਣਕਾਰੀ ਅਨੁਸਾਰ ਅਮਨਦੀਪ ਸਿੰਘ ਅਤੇ ਅਮਨਪ੍ਰੀਤ ਕੌਰ ਸਵੇਰੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਮੱਥਾ ਟੇਕ ਕੇ ਮੋਟਰਸਾਈਕਲ 'ਤੇ ਘਰ ਵਾਪਸ ਆ ਰਹੇ ਸਨ ਕਿ ਪਿੰਡ ਤੋਂ ਕੋਈ ਇਕ ਕਿਲੋਮੀਟਰ ਪਹਿਲਾਂ ਹੀ ਇਕ ਕਾਰ ਅਤੇ ਦੋ ਮੋਟਰਸਾਈਕਲਾਂ 'ਤੇ ਆਏ ਲੜਕੀ ਦੇ ਪਰਿਵਾਰ ਦੇ ਕਰੀਬ 10 ਮੈਂਬਰਾਂ ਨੇ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਨੇ ਜੋੜੇ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਕੇ ਡੇਗ ਦਿੱਤਾ ਅਤੇ ਫਿਰ ਉਨ੍ਹਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਕਾਤਲਾਂ ਦਾ ਮਨ ਇਸ ਨਾਲ ਹੀ ਸ਼ਾਂਤ ਨਹੀਂ ਹੋਇਆ, ਉਨ੍ਹਾਂ ਮਰਨ ਕਿਨਾਰੇ ਪਏ ਦੋਹਾਂ ਦੇ ਉਤੋਂ ਦੀ ਕਾਰ ਲੰਘਾ ਦਿੱਤੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਲੜਕੇ-ਲੜਕੀ ਦੋਹਾਂ ਦੇ ਪਰਿਵਾਰ ਵਾਲੇ ਮੌਕੇ 'ਤੇ ਪਹੁੰਚ ਗਏ। ਲੜਕੇ ਅਮਨਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਗਈ ਜਦਕਿ ਲੜਕੀ ਨੂੰ ਗੰਭੀਰ ਹਾਲਤ ਵਿਚ ਅੰਮ੍ਰਿਤਸਰ ਦੇ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਵੀ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਦਮ ਤੋੜ ਗਈ।

ਮੁਲਜ਼ਮਾਂ ਵਿਚ ਲੜਕੀ ਦੇ ਪਿਤਾ ਅਮਰਜੀਤ ਸਿੰਘ, ਭਰਾ ਮਨਜੀਤ ਸਿੰਘ, ਤਾਏ ਦੇ ਪੁੱਤ ਭਰਾ ਗੁਰਿੰਦਰ ਸਿੰਘ, ਸੁਰਜੀਤ ਸਿੰਘ ਅਤੇ ਹਰਵਿੰਦਰ ਸਿੰਘ ਦੀ ਪਛਾਣ ਕਰ ਲਈ ਗਈ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਸੁਪਰੀਮ ਕੋਰਟ ਦਾ ਹੁਕਮ: ਜੰਮੂ ਕਸ਼ਮੀਰ 'ਚ ਕੌਮੀ ਹਿੱਤਾਂ ਮੁਤਾਬਕ ਹਾਲਾਤ ਬਹਾਲ ਹੋਣ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਜੰਮੂ ਕਸ਼ਮੀਰ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਕਸ਼ਮੀਰ ਵਾਦੀ ਵਿਚ ਹਾਲਾਤ ਨੂੰ ਆਮ ਵਾਂਗ ਬਣਾਉਣ ਲਈ ਹਰ ਹੰਭਲਾ ਮਾਰੇ ਤੇ ਇਸ ਕੰਮ ਨੂੰ ਜਿੰਨਾ ਛੇਤੀ ਹੋ ਸਕੇ ਸਿਰੇ ਚਾੜ੍ਹੇ।

ਸਿਖਰਲੀ ਅਦਾਲਤ ਨੇ ਹਾਲਾਂਕਿ ਨਾਲ ਹੀ ਸਪਸ਼ਟ ਕਰ ਦਿੱਤਾ ਕਿ ਆਇਦ ਪਾਬੰਦੀਆਂ 'ਚ ਰਾਹਤ 'ਤਰਜੀਹੀ ਅਧਾਰ' ਉਤੇ ਹੋਵੇ ਤੇ ਇਸ ਮੌਕੇ ਕੌਮੀ ਹਿੱਤਾਂ ਤੇ ਸੁਰੱਖਿਆ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਜਾਵੇ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਸਰਕਾਰ ਵੱਲੋਂ ਪੇਸ਼ ਅਟਾਰਨੀ ਜਨਰਲ ਕੇ.ਕੇ.ਵੇਣੂਗੋਪਾਲ ਨੂੰ ਜੰਮੂ ਕਸ਼ਮੀਰ ਵਿਚ ਹਾਲਾਤ ਆਮ ਵਾਂਗ ਕਰਨ ਲਈ ਹੁਣ ਤੱਕ ਕੀਤੀ ਗਈ ਪੇਸ਼ਕਦਮੀ ਸਬੰਧੀ ਹਲਫਨਾਮਾ ਦਾਖਲ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਕੇਸ ਦੀ ਸੁਣਵਾਈ ਦੌਰਾਨ 'ਕਸ਼ਮੀਰ ਟਾਈਮਜ਼' ਦੀ ਕਾਰਜਕਾਰੀ ਸੰਪਾਦਕ ਅਨੁਰਾਧਾ ਭਸੀਨ ਵੱਲੋਂ ਪੇਸ਼ ਵਕੀਲ ਵਰਿੰਦਾ ਗਰੋਵਰ ਨੇ ਸੁਪਰੀਮ ਕੋਰਟ ਨੂੰ ਕਸ਼ਮੀਰ ਵਾਦੀ ਵਿਚ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ 'ਬੰਦ' ਰੱਖਣ ਸਬੰਧੀ ਦੱਸਿਆ ਤਾਂ ਬੈਂਚ ਨੇ ਕਿਹਾ ਕਿ ਇਨ੍ਹਾਂ ਮੁੱਦਿਆਂ ਨਾਲ ਜੰਮੂ ਤੇ ਕਸ਼ਮੀਰ ਹਾਈ ਕੋਰਟ ਸਿੱਝ ਸਕਦੀ ਹੈ। ਗਰੋਵਰ ਨੇ ਕਿਹਾ ਕਿ ਕਸ਼ਮੀਰ ਵਾਦੀ ਵਿਚ ਮੋਬਾਈਲ, ਇੰਟਰਨੈੱਟ ਸੇਵਾਵਾਂ ਤੇ ਜਨਤਕ ਆਵਾਜਾਈ ਠੱਪ ਹੋਣ ਕਰਕੇ ਹਾਈ ਕੋਰਟ ਤੱਕ ਰਸਾਈ ਮੁਸ਼ਕਲ ਹੋ ਗਈ ਹੈ। ਭਸੀਨ ਨੇ ਪਟੀਸ਼ਨ ਵਿਚ ਜਿਥੇ ਪੱਤਰਕਾਰਾਂ ਦੇ ਕੰਮ ਕਰਨ 'ਤੇ ਆਇਦ ਪਾਬੰਦੀਆਂ ਦਾ ਮੁੱਦਾ ਉਭਾਰਿਆ, ਉਥੇ ਹੋਰਨਾਂ ਪਟੀਸ਼ਨਰਾਂ ਨੇ ਵਾਦੀ ਵਿਚ ਜਨਤਕ ਟਰਾਂਸਪੋਰਟ ਤੇ ਮੈਡੀਕਲ ਸਹੂਲਤਾਂ ਦੀ ਘਾਟ 'ਤੇ ਚਾਨਣਾ ਪਾਇਆ। ਵੇਣੂਗੋਪਾਲ ਨੇ ਸਰਕਾਰ ਦਾ ਪੱਖ ਰੱਖਦਿਆਂ ਕਿਹਾ ਕਿ ਭਸੀਨ ਵੱਲੋਂ ਚੁੱਕਿਆ ਮੁੱਦਾ 'ਵਾਸਤਵਿਕ' ਨਹੀਂ ਜਾਪਦਾ, ਕਿਉਂਕਿ ਕਸ਼ਮੀਰ ਅਧਾਰਿਤ ਅਖਬਾਰ ਨਿਯਮਿਤ ਪ੍ਰਕਾਸ਼ਿਤ ਹੋ ਰਹੇ ਹਨ ਤੇ ਸਰਕਾਰ ਉਨ੍ਹਾਂ ਨੂੰ ਹਰ ਸੰਭਵ ਮਦਦ ਦੀ ਪੇਸ਼ਕਸ਼ ਕਰ ਰਹੀ ਹੈ।

ਉਧਰ ਜੰਮੂ ਤੇ ਕਸ਼ਮੀਰ ਪ੍ਰਸ਼ਾਸਨ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ 5 ਅਗਸਤ ਮਗਰੋਂ ਸੂਬੇ 'ਚ ਇਕ ਵੀ ਗੋਲੀ ਨਹੀਂ ਚੱਲੀ। ਮਹਿਤਾ ਨੇ ਮੁਕਾਮੀ ਪ੍ਰਸ਼ਾਸਨ ਵੱਲੋਂ ਹੁਣ ਤੱਕ ਪੜਾਅ ਵਾਰ ਹਟਾਈਆਂ ਪਾਬੰਦੀਆਂ ਬਾਰੇ ਜਾਣਕਾਰੀ ਦਿੱਤੀ। ਮਹਿਤਾ ਨੇ ਕਿਹਾ ਕਿ ਸੂਬੇ 'ਚ ਦਵਾਈਆਂ ਦੀ ਕੋਈ ਘਾਟ ਨਹੀਂ ਹੈ ਤੇ ਸੂਬੇ 'ਚ ਤਿੰਨ ਮਹੀਨੇ ਦਾ ਸਟਾਕ ਉਪਲੱਬਧ ਹੈ।

## ਲੋੜ ਪਈ ਤਾਂ ਖੁਦ ਵੀ ਸ੍ਰੀਨਗਰ ਜਾਵਾਂਗਾ: ਗੋਗੋਈ

**ਨਵੀਂ ਦਿੱਲੀ:** ਜੰਮੂ ਕਸ਼ਮੀਰ ਹਾਈ ਕੋਰਟ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਦੇ ਦੋਸ਼ਾਂ ਨੂੰ 'ਬੇਹੱਦ ਗੰਭੀਰਤਾ' ਨਾਲ ਲੈਂਦਿਆਂ ਸੁਪਰੀਮ ਕੋਰਟ ਨੇ ਉਥੋਂ ਦੇ ਚੀਫ ਜਸਟਿਸ ਨੂੰ ਇਸ ਮਾਮਲੇ ਸਬੰਧੀ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸਿਖਰਲੀ ਅਦਾਲਤ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਲਈ ਜ਼ਿੰਮੇਵਾਰ ਹੈ। ਚੀਫ ਜਸਟਿਸ ਨੇ ਕਿਹਾ ਕਿ ਜੇ ਲੋੜ ਪਈ ਤਾਂ ਉਹ ਖੁਦ ਵੀ ਸ੍ਰੀਨਗਰ ਜਾਣਗੇ। ਗੋਗੋਈ ਨੇ ਕਿਹਾ ਕਿ ਅਦਾਲਤ ਜਾਣਨਾ ਚਾਹੁੰਦੀ ਹੈ ਕਿ ਲੋਕਾਂ ਨੂੰ ਹਾਈ ਕੋਰਟ ਪਹੁੰਚ ਕਰਨ ਵਿਚ ਮੁਸ਼ਕਲ ਕਿਉਂ ਆ ਰਹੀ ਹੈ? ਕੀ ਕੋਈ ਉਨ੍ਹਾਂ ਨੂੰ ਰੋਕ ਰਿਹਾ ਹੈ? ਇਹ ਬੇਹੱਦ ਗੰਭੀਰ ਮਸਲਾ ਹੈ।

# ਪਿਤਾ ਦੇ ਕਾਤਲਾਂ ਦੀ ਗ੍ਰਿਫਤਾਰੀ ਲਈ ਸਿੱਖ ਬੀਬੀ ਨੇ ਸਿਰ ਮੁਨਵਾਇਆ

**ਲਖਨਊ:** ਸਾਬਕਾ ਸਰਕਾਰੀ ਮੁਲਾਜ਼ਮ ਜੋਗਿੰਦਰ ਸਿੰਘ ਬੱਤਰਾ (82) ਤਕਰੀਬਨ ਮਹੀਨਾ ਪਹਿਲਾਂ ਝਾਂਸੀ ਦੇ ਸੁੰਦਰ ਵਿਹਾਰ ਵਿਚਲੇ ਆਪਣੇ ਘਰ ਦੇ ਮਗਰਲੇ ਹਿੱਸੇ 'ਚ ਭੇਤਭਰੀ ਹਾਲਤ ਵਿਚ ਮ੍ਰਿਤ ਮਿਲਿਆ ਸੀ। ਜੋਗਿੰਦਰ ਸਿੰਘ ਦੀ ਧੀ ਪੁਨੀਤ ਸਿੰਘ (44) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਗੁਆਂਢ ਵਿਚ ਰਹਿੰਦੇ ਖੰਡੇਲਵਾਲ ਪਰਿਵਾਰ 'ਤੇ ਪਿਤਾ ਦਾ ਕਤਲ ਕਰਨ ਦਾ ਸ਼ੱਕ ਪ੍ਰਗਟਾਇਆ ਸੀ।

ਝਾਂਸੀ ਪੁਲਿਸ ਨੇ ਜਦੋਂ ਉਹਦੀ ਸ਼ਿਕਾਇਤ 'ਤੇ ਕੋਈ ਗੌਰ ਨਾ ਕੀਤੀ ਤਾਂ ਉਸ ਨੇ ਰੋਸ ਵਜੋਂ ਆਪਣਾ ਸਿਰ ਮੁੰਨਵਾ ਲਿਆ। ਪੁਨੀਤ ਨੇ ਕਿਹਾ ਕਿ ਜਦੋਂ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਹ ਆਪਣੇ ਸਿਰ 'ਤੇ ਕੇਸ ਨਹੀਂ ਰੱਖੇਗੀ। ਇਸ ਦੌਰਾਨ ਉੱਤਰ ਪ੍ਰਦੇਸ਼ ਘੱਟ ਗਿਣਤੀ ਕਮਿਸ਼ਨ ਨੇ ਝਾਂਸੀ ਦੇ ਐਸ.ਐਸ.ਪੀ. ਤੋਂ ਰਿਪੋਰਟ ਤਲਬ ਕਰ ਲਈ ਹੈ। ਝਾਂਸੀ ਵਿਚ ਬੋਲਣ ਤੇ ਸੁਣਨ ਤੋਂ ਅਸਮਰੱਥ ਲੋਕਾਂ ਲਈ ਮਲਟੀ ਸਕਿੱਲ ਸੈਂਟਰ ਚਲਾਉਂਦੀ ਪੁਨੀਤ ਨੇ ਐਫ.ਆਈ.ਆਰ. ਵਿਚ ਆਪਣੀ ਗੁਆਂਢੀ ਵੀਰੇਂਦਰ ਖੰਡੇਲਵਾਲ ਤੇ ਉਹਦੇ ਪੁੱਤ ਰਾਜੀਵ ਦਾ ਨਾਂ ਲਿਖਵਾਇਆ ਹੈ।

# ਪਾਕਿਸਤਾਨ 9 ਨਵੰਬਰ ਤੋਂ ਕਰਤਾਰਪੁਰ ਲਾਂਘਾ ਖੋਲ੍ਹੇਗਾ

**ਲਾਹੌਰ:** ਪਾਕਿਸਤਾਨ ਨੇ ਨੌਂ ਨਵੰਬਰ ਤੋਂ ਪਵਿੱਤਰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੈ। ਕਰਤਾਰਪੁਰ ਲਾਂਘੇ ਦਾ ਕੰਮ ਦੇਖ ਰਹੇ ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।

ਪ੍ਰੋਜੈਕਟ ਡਾਇਰੈਕਟਰ ਅਤੀਫ ਮਾਜਿਦ ਨੇ ਪਾਕਿਸਤਾਨੀ ਅਤੇ ਵਿਦੇਸ਼ੀ ਪੱਤਰਕਾਰਾਂ ਦੇ ਤਜਵੀਜ਼ਤ ਕਰਤਾਰਪੁਰ ਲਾਂਘੇ ਦੇ ਦੌਰੇ ਦੌਰਾਨ ਨਾਰੋਵਾਲ ਵਿਚ ਇਹ ਐਲਾਨ ਕੀਤਾ। ਨਾਰੋਵਾਲ ਲਾਹੌਰ ਤੋਂ 125 ਕਿਲੋਮੀਟਰ ਦੂਰ ਹੈ। ਉਨ੍ਹਾਂ ਕਿਹਾ ਕਿ ਲਾਂਘੇ ਦਾ 86 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਲਾਂਘਾ ਭਾਰਤ ਦੇ ਸਿੱਖ ਸ਼ਰਧਾਲੂਆਂ ਲਈ 9 ਨਵੰਬਰ ਨੂੰ ਖੋਲ੍ਹ ਦਿੱਤਾ ਜਾਵੇਗਾ। ਕਾਬਲੇਗੌਰ ਹੈ ਕਿ ਇਹ ਲਾਂਘਾ ਕਰਤਾਰਪੁਰ ਵਿਚਲੇ ਦਰਬਾਰ ਸਾਹਿਬ ਨੂੰ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਨਾਲ ਜੋੜੇਗਾ। ਇਸ ਲਾਂਘੇ ਰਾਹੀਂ ਸ਼ਰਧਾਲੂ ਬਿਨਾਂ ਵੀਜ਼ੇ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣਗੇ। ਕਰਤਾਰਪੁਰ ਵਿਚ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਇਸ ਜਗ੍ਹਾ ਕਈ ਸਾਲ ਬਿਤਾਏ ਸਨ।

ਪਾਕਿਸਤਾਨ ਵੱਲੋਂ ਭਾਰਤੀ ਸਰਹੱਦ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਅਤੇ ਭਾਰਤ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਸਰਹੱਦ ਤੱਕ ਲਾਂਘਾ ਬਣਾਇਆ ਜਾ ਰਿਹਾ ਹੈ। ਦੋਵੇਂ ਮੁਲਕ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਪਾਕਿਸਤਾਨ ਰੋਜ਼ਾਨਾ 5000 ਸਿੱਖ ਸੈਲਾਨੀਆਂ ਨੂੰ ਮੁਲਕ ਵਿਚ ਲਾਂਘੇ ਰਾਹੀਂ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ। ਮਾਜਿਦ ਨੇ ਕਿਹਾ ਕਿ ਭਾਰਤ ਦੇ 5 ਹਜ਼ਾਰ ਸ਼ਰਧਾਲੂਆਂ ਦੀ ਦੇਖਭਾਲ ਲਈ 76 ਇਮੀਗਰੇਸ਼ਨ ਕਾਊਂਟਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ੁਰੂਆਤ ਵਿਚ ਭਾਰਤ ਤੋਂ 5 ਹਜ਼ਾਰ ਸਿੱਖ ਸ਼ਰਧਾਲੂ ਰੋਜ਼ਾਨਾ ਇਥੇ ਆਉਣਗੇ ਅਤੇ ਮਗਰੋਂ ਗਿਣਤੀ ਨੂੰ 10 ਹਜ਼ਾਰ ਤਕ ਵਧਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਨਵੀਂ ਦਿੱਲੀ ਵੱਲੋਂ ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਪਿਛੋਂ ਇਕ ਪਾਸੇ ਜਿਥੇ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਹੈ ਤੇ ਪਾਕਿਸਤਾਨ ਨੇ ਭਾਰਤ ਨਾਲ ਕੂਟਨੀਤਕ ਸਮਝੌਤੇ ਖਤਮ ਕਰਦਿਆਂ ਭਾਰਤੀ ਹਾਈ ਕਮਿਸ਼ਨਰ ਨੂੰ ਮੁਅੱਤਲ ਕਰ ਦਿੱਤਾ ਹੈ, ਉਥੇ ਦੂਜੇ ਪਾਸੇ ਪਾਕਿਸਤਾਨ ਵਾਰ-ਵਾਰ ਕਹਿੰਦਾ ਰਿਹਾ ਹੈ ਕਿ ਭਾਰਤ ਨਾਲ ਮੌਜੂਦਾ ਤਣਾਅ ਦੇ ਬਾਵਜੂਦ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦਾ ਕੰਮ ਪ੍ਰਭਾਵਿਤ ਨਹੀਂ ਹੋਵੇਗਾ।

# ਸਿੱਖ ਕਤਲੇਆਮ: ਕਮਲਨਾਥ ਖਿਲਾਫ ਪੁਖਤਾ ਸਬੂਤ ਹੋਣ ਦਾ ਦਾਅਵਾ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਪੀੜਤਾਂ ਦੇ ਇਨਸਾਫ ਦੀ ਲੜਾਈ ਲੜ ਰਹੇ ਕਾਨੂੰਨੀ ਮਾਹਿਰਾਂ ਨੇ ਕਿਹਾ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਖਿਲਾਫ ਕੇਸ ਬਹੁਤ ਮਜ਼ਬੂਤ ਹੈ। ਸਿੱਖ ਵਿਰੋਧੀ ਦੰਗਿਆਂ ਦਾ ਕੇਸ ਲੜ ਰਹੇ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਕਾਂਗਰਸੀ ਆਗੂ ਕਮਲਨਾਥ ਖਿਲਾਫ ਕੇਸ ਸੱਜਣ ਕੁਮਾਰ ਨਾਲੋਂ ਮਜ਼ਬੂਤ ਹੈ।

ਇਸ ਦਾ ਕਾਰਨ ਇਹ ਹੈ ਕਿ ਸੱਜਣ ਕੁਮਾਰ ਤੇ ਹੋਰਨਾਂ ਨੇ ਨਵੰਬਰ 1 ਅਤੇ 2 ਨੂੰ ਦਿੱਲੀ ਵਿਚ ਆਪਣੀ ਮੌਜੂਦਗੀ ਤੋਂ ਇਨਕਾਰ ਕੀਤਾ ਸੀ ਜਦੋਂ ਇਕੋ ਪਰਿਵਾਰ ਦੇ ਪੰਜ ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ ਜਦੋਂ ਕਿ ਕਮਲਨਾਥ ਨੇ ਪਹਿਲੀ ਨਵੰਬਰ, 1984 ਵਿਚ ਗੁਰਦੁਆਰਾ ਰਕਾਬਗੰਜ ਵਿਚ ਆਪਣੀ ਮੌਜੂਦਗੀ ਮੰਨੀ ਹੈ। ਉਸ ਦਿਨ ਦੋ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ ਤੇ ਫਿਰਕੂ ਭੀੜ ਨੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਸੀ। ਸ੍ਰੀ ਫੂਲਕਾ ਨੇ ਦੱਸਿਆ ਕਿ ਇਸ ਮਾਮਲੇ ਦੇ ਦੋ ਚਸ਼ਮਦੀਦਾਂ ਨੇ ਕਮਲ ਨਾਥ ਖਿਲਾਫ ਕੇਂਦਰੀ ਵਿਸ਼ੇਸ਼ ਜਾਂਚ ਟੀਮ ਨੂੰ ਲਿਖ ਕੇ ਬਿਆਨ ਲੈਣ ਦੀ ਇੱਛਾ ਜਤਾਈ ਹੈ।

ਚਸ਼ਮਦੀਦਾਂ ਵਿਚ ਸੰਜੇ ਸੂਰੀ ਸ਼ਾਮਲ ਹਨ ਜੋ ਸਿੱਖਾਂ ਦੇ ਕਤਲੇਆਮ ਦੌਰਾਨ 'ਇੰਡੀਅਨ ਐਕਸਪ੍ਰੈਸ' ਵਿਚ ਪੱਤਰਕਾਰ ਸਨ। ਦੋ ਸਿੱਖਾਂ ਨੂੰ ਜ਼ਿੰਦਾ ਸਾੜੇ ਜਾਣ ਦੇ ਮਾਮਲੇ ਵਿਚ ਕਮਲਨਾਥ ਮੁਲਜ਼ਮ ਹਨ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਭੀੜ ਨੂੰ ਭੜਕਾਇਆ ਸੀ। ਦੂਜੇ ਪਾਸੇ, ਕਮਲ ਨਾਥ ਦਾ ਕਹਿਣਾ ਹੈ ਕਿ ਉਹ ਉਸ ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਹਦਾਇਤਾਂ 'ਤੇ ਦੰਗਾਕਾਰੀਆਂ ਨੂੰ ਸ਼ਾਂਤ ਕਰਨ ਲਈ ਗੁਰਦੁਆਰੇ ਵਿਚ ਸੀ। ਕਾਬਲੇਗੌਰ ਹੈ ਕਿ ਨਾਨਾਵਤੀ ਕਮਿਸ਼ਨ ਜਿਸ ਨੇ 1984 ਕਤਲੇਆਮ ਦੇ ਤਿੰਨ ਮਾਮਲਿਆਂ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਹਨ ਨੇ ਗੁਰਦੁਆਰਾ ਰਕਾਬਗੰਜ ਮਾਮਲੇ ਵਿਚ ਕਮਲ ਨਾਥ ਨੂੰ ਸ਼ੱਕ ਦੇ ਅਧਾਰ ਉਤੇ ਬਰੀ ਕਰ ਦਿੱਤਾ ਸੀ।

ਸ੍ਰੀ ਫੂਲਕਾ ਨੇ ਕਿਹਾ ਕਿ ਨਾਨਾਵਤੀ ਕਮਿਸ਼ਨ ਨੇ ਕੇਸ ਮਜ਼ਬੂਤ ਹੋਣ ਦੇ ਬਾਵਜੂਦ ਸ਼ੱਕ ਦੇ ਅਧਾਰ 'ਤੇ ਕਮਲ ਨਾਥ ਨੂੰ ਬਰੀ ਕੀਤਾ ਸੀ। ਪੁਲਿਸ ਰਿਕਾਰਡ ਵਿਚ ਦਰਜ ਹੈ ਕਿ ਘਟਨਾ ਵੇਲੇ ਕਮਲਨਾਥ ਗੁਰਦੁਆਰੇ ਵਿਚ ਮੌਜੂਦ ਸੀ। ਵਕੀਲ ਕਾਮਨਾ ਵੋਹਰਾ ਨੇ ਕਿਹਾ ਕਿ ਕਮਲ ਨਾਥ ਖਿਲਾਫ ਕੇਸ ਮਜ਼ਬੂਤ ਹੈ ਕਿਉਂਕਿ ਗਵਾਹ ਆਪਣੇ ਬਿਆਨ ਦਰਜ ਕਰਾਉਣਾ ਚਾਹੁੰਦੇ ਹਨ, ਜਿਸ ਲਈ ਉਨ੍ਹਾਂ ਹਲਫਨਾਮੇ ਦਿੱਤੇ ਹਨ।

# ਮਾਂ ਬੋਲੀ ਪੰਜਾਬੀ ਨੂੰ ਹੁਣ ਹਿੰਦੀ ਦੀ ਵੰਗਾਰ ਪਈ

*(ਸਫਾ ਇਕ ਦੀ ਬਾਕੀ)*

ਆਰ.ਐਸ.ਐਸ. ਹਮਾਇਤੀਆਂ ਨੇ ਇਥੋਂ ਤੱਕ ਆਖ ਦਿੱਤਾ ਕਿ 'ਦੋ ਸਾਲ ਰੁਕੋ, ਫੇਰ ਦੱਸਾਂਗੇ ਕਿ ਹਿੰਦੀ ਕੀ ਹੈ।'

ਡਾ. ਮਾਨ ਨੇ ਸਿਰਫ ਇੰਨਾ ਹੀ ਕਿਹਾ ਸੀ ਕਿ ਹਰ ਭਾਸ਼ਾ ਦਾ ਆਪਣਾ ਰੰਗ, ਆਪਣਾ ਮੁਹਾਵਰਾ ਹੁੰਦਾ ਹੈ। ਜਿਸ ਪੰਜਾਬੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਹੋਈ ਹੋਵੇ, ਵਾਰਸ ਸ਼ਾਹ ਦੀ ਹੀਰ ਵਰਗੀ ਸਭਿਆਚਾਰਕ ਕਿੱਸਾਕਾਰੀ ਹੋਈ ਹੋਵੇ, ਸ਼ਾਹ ਹੁਸੈਨ, ਬੁੱਲ੍ਹੇਸ਼ਾਹ ਵਰਗੀ ਸੂਫੀਆਨਾ ਸ਼ਾਇਰੀ ਹੋਈ ਹੋਵੇ, ਉਹ ਭਾਸ਼ਾ ਕਿਸ ਤਰ੍ਹਾਂ ਗਾਲੀ-ਗਲੋਚ ਦੀ ਭਾਸ਼ਾ ਕਹੀ ਜਾ ਸਕਦੀ ਹੈ। ਹਿੰਦੀ ਭਾਸ਼ਾ ਨੂੰ ਔਖੀ ਨਾ ਬਣਾਓ, ਲੋਕਾਂ ਦੀ ਭਾਸ਼ਾ ਬਣਾਓ, ਇਸ ਭਾਸ਼ਾ ਨੂੰ ਲੋਕ ਬੋਲੀ ਵਿਚ ਤਬਦੀਲ ਕਰੋ ਤਾਂ ਹੀ ਇਸ ਦਾ ਵਿਕਾਸ ਹੋਵੇਗਾ।

ਇੰਨਾ ਕਹਿਣ ਉਤੇ ਆਰ.ਐਸ.ਐਸ. ਹਮਾਇਤੀ ਭੜਕ ਗਏ, ਫਿਰ ਰੌਲਾ ਪੈ ਗਿਆ ਅਤੇ ਡਾ. ਮਾਨ ਤੋਂ ਮਾਇਕ ਖੋਹ ਲਿਆ ਗਿਆ। ਇਸ ਘਟਨਾ ਨੂੰ ਸਰਕਾਰ ਵਲੋਂ ਭਾਵੇਂ ਆਮ ਵਰਤਾਰੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਪਰ ਇਹ ਉਸ ਸਮੇਂ ਵਾਪਰੀ ਹੈ, ਜਦੋਂ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ 'ਇਕ ਭਾਸ਼ਾ ਇਕ ਰਾਸ਼ਟਰ' ਦਾ ਹੋਕਾ ਦੇ ਰਹੇ ਹਨ।

# ਸਿੱਖਾਂ ਦੀ ਕਾਲੀ ਸੂਚੀ ਦੀ 'ਕਾਲੀ' ਸੱਚਾਈ!

*(ਸਫਾ ਇਕ ਦੀ ਬਾਕੀ)*

ਹੈ ਪਰ ਇਨ੍ਹਾਂ ਸੂਚੀਆਂ ਵਿਚਲੇ ਨਾਂਵਾਂ ਦਾ ਵੇਰਵਾ ਕਦੀ ਪੂਰੇ ਵਿਸਥਾਰ ਨਾਲ ਸਾਹਮਣੇ ਨਹੀਂ ਆਇਆ, ਨਾ ਹੀ ਇਨ੍ਹਾਂ ਵਿਚ ਸ਼ਾਮਲ ਕੀਤੇ ਗਏ ਨਾਂਵਾਂ ਦੇ ਕਾਰਨਾਂ ਸਬੰਧੀ ਕਦੀ ਸਹੀ ਉਤਰ ਮਿਲ ਸਕਿਆ ਹੈ।

ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸਮੇਂ ਕੇਂਦਰ ਵਿਚ ਸੁਖਦੇਵ ਸਿੰਘ ਢੀਂਡਸਾ ਦੇ ਮੰਤਰੀ ਹੁੰਦਿਆਂ ਵੀ ਇਸ ਬਾਰੇ ਚਰਚਾ ਹੁੰਦੀ ਰਹੀ ਸੀ। ਕਾਲੀ ਸੂਚੀ ਵਿਚ ਵਧੇਰੇ ਉਹ ਨਾਂ ਹੀ ਸ਼ਾਮਲ ਰਹੇ ਹਨ ਜੋ ਸਾਕਾ ਨੀਲਾ ਤਾਰਾ ਤੇ 1984 ਦੇ ਸਿੱਖ ਕਤਲੇਆਮ ਵਿਰੁਧ ਰੋਸ ਪ੍ਰਗਟ ਕਰਦੇ ਰਹੇ ਹਨ। 80-90 ਦੇ ਦਹਾਕੇ ਵਿਚ ਬਹੁਤ ਸਾਰੇ ਲੋਕਾਂ ਨੇ ਵੱਖ-ਵੱਖ ਦੇਸ਼ਾਂ ਵਿਚ ਰਾਜਸੀ ਸ਼ਰਨ ਲਈ ਸੀ। ਇਸ ਲਈ ਇਨ੍ਹਾਂ ਵਲੋਂ ਕਈ ਢੰਗ-ਤਰੀਕੇ ਵੀ ਅਪਣਾਏ ਗਏ ਸਨ ਪਰ ਉਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ ਕਾਲੀ ਸੂਚੀ ਵਿਚ ਸ਼ਾਮਲ ਹੋਣ ਕਾਰਨ ਉਹ ਭਾਰਤ ਵਿਚ ਨਹੀਂ ਸਨ ਆ ਸਕੇ ਅਤੇ ਨਾ ਹੀ ਇਥੇ ਆਪਣੇ ਸਮਾਜ ਨਾਲ ਜੁੜ ਸਕੇ ਸਨ। ਸਮੇਂ ਦੇ ਬੀਤਣ ਨਾਲ ਹਾਲਾਤ ਬਦਲਦੇ ਗਏ। ਇਨ੍ਹਾਂ ਕਾਲੀਆਂ ਸੂਚੀਆਂ ਦੇ ਨਾਂਵਾਂ ਦੀ ਚਰਚਾ ਹੁੰਦੀ ਰਹੀ। ਇਨ੍ਹਾਂ ਨੂੰ ਘੋਖਿਆ, ਪੜਤਾਲਿਆ ਵੀ ਜਾਂਦਾ ਰਿਹਾ। ਵੱਖ-ਵੱਖ ਸਮਿਆਂ 'ਤੇ ਬਹੁਤ ਸਾਰੀਆਂ ਧਿਰਾਂ ਵਲੋਂ ਕੇਂਦਰ ਸਰਕਾਰ ਨੂੰ ਇਨ੍ਹਾਂ ਸੂਚੀਆਂ ਨੂੰ ਖਤਮ ਕਰਨ ਲਈ ਵੀ ਜ਼ੋਰ ਦਿੱਤਾ ਜਾਂਦਾ ਰਿਹਾ। ਇਹ ਸੂਚੀਆਂ ਖਤਮ ਕਰਨ ਦੇ ਐਲਾਨ ਹੁੰਦੇ ਰਹੇ ਪਰ ਸੂਚੀ ਵਿਚ ਰਾਹਤ ਲੈਣ ਵਾਲੇ ਸਿੱਖਾਂ ਦੇ ਨਾਮ ਅੱਜ ਤੱਕ ਜਨਤਕ ਨਹੀਂ ਕੀਤੇ ਗਏ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬੱਚਿਆਂ ਵਲੋਂ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਗਾਇਨ

**ਫਰਿਜ਼ਨੋ (ਬਿਊਰੋ):** ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਵਲੋਂ ਇਥੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਬਾਲ ਕਵੀ ਬਾਲ ਕਵੀ ਦਰਬਾਰ ਵਿਚ 6 ਸਾਲ ਤੋਂ ਲੈ ਕੇ 16 ਸਾਲ ਤੱਕ ਦੇ ਸਕੂਲੀ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫੇ ਸਬੰਧੀ ਕਵਿਤਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ 'ਚ ਸ਼ਾਮਲ ਹੋਣ ਗੁਰਮਨਦੀਪ ਸਿੰਘ ਲੋਪੋਂ, ਸ਼ੁਭਰੀਤ ਕੌਰ, ਅਸ਼ਲੀਨ ਕੌਰ, ਅਨਮੋਲ ਕੌਰ, ਮਸਕੀਨ ਕੌਰ, ਗੁਰਚਰਨ ਸਿੰਘ, ਪ੍ਰਭਜੋਤ ਕੌਰ ਅਤੇ ਜਗਜੋਤ ਸਿੰਘ ਮਨੇਸ ਨੇ ਵੱਖ ਵੱਖ ਸ਼ਾਇਰਾਂ ਦੀਆਂ



ਦਰਬਾਰ ਕਰਵਾਇਆ ਗਿਆ, ਜਿਸ ਵਿਚ ਵੱਖ ਵੱਖ ਉਮਰ ਦੇ ਬੱਚਿਆਂ ਨੇ ਕਵਿਤਾਵਾਂ ਦੇ ਗਾਇਨ ਰਾਹੀਂ ਪਹਿਲੇ ਪਾਤਸ਼ਾਹ ਪ੍ਰਤੀ ਆਪਣੀ ਸ਼ਰਧਾ ਅਤੇ ਆਸਥਾ ਬਾਖੂਬੀ ਪ੍ਰਗਟਾਈ

ਕਰਮਨ ਵਾਸੀ ਸਮਾਜ ਸੇਵੀ ਸ. ਸਰਬਜੀਤ ਸਿੰਘ ਸਰਾਂ ਦੇ ਸਹਿਯੋਗ ਨਾਲ ਕਰਵਾਏ ਗਏ ਲਈ ਫਰਿਜ਼ਨੋ ਤੇ ਨੇੜਲੇ ਸ਼ਹਿਰਾਂ ਤੋਂ ਇਲਾਵਾ ਦੂਰ ਦੁਰਾਡੀਆਂ ਥਾਂਵਾਂ ਔਰਵਿਲ ਤੇ ਸੈਕਰਾਮੈਂਟੋ ਤੋਂ ਬੱਚੇ ਅਪਣੇ ਮਾਪਿਆਂ ਸਮੇਤ ਪਹੁੰਚੇ ਹੋਏ ਸਨ।

ਗੁਰਵਿੰਦਰਪਾਲ ਸਿੰਘ ਰਾਠੌੜ, ਕਰਨਪਾਲ ਸਿੰਘ ਪਰਮਾਰ, ਸਿਮਰਜੋਤ ਕੌਰ ਭੰਘਾਣੀਆਂ, ਰਚਨਾਵਾਂ ਸਵੈ ਭਰੋਸੇ ਨਾਲ ਬਹੁਤ ਸੋਹਣੇ ਅੰਦਾਜ਼ ਵਿਚ ਸੁਣਾਈਆਂ।

ਬਹੁਤੇ ਬੱਚਿਆਂ ਨੇ ਪੰਜਾਬੀ ਪਰ ਕੁਝ ਨੇ ਅੰਗਰੇਜ਼ੀ ਵਿਚ ਕਲਾਮ ਪੇਸ਼ ਕੀਤੇ। ਹਰਗੁਣ ਕੌਰ ਮਨੇਸ ਨੇ ਸ਼ਰਧਾ ਪੂਰਬਕ ਜਪੁਜੀ ਸਾਹਿਬ ਦੀਆਂ ਛੇ ਪੌੜੀਆਂ ਦੇ ਉਚਾਰਣ ਨਾਲ ਬਾਲ ਕਵੀ ਦਰਬਾਰ ਦੀ ਸਮਾਪਤੀ ਕੀਤੀ।

ਬਾਅਦ ਵਿਚ ਉਘੇ ਸ਼ਾਇਰ ਲਛਮਣ ਸਿੰਘ ਰਾਠੌੜ, ਸੈਕਰਾਮੈਂਟੋ ਤੋਂ ਆਏ ਦਲਜੀਤ ਸਿੰਘ ਲੋਪੋਂ ਨੇ ਬੜੇ ਮਿੱਠੇ ਲਹਿਜ਼ੇ ਵਿਚ ਕਵੀਸ਼ਰੀ ਪਰੰਪਰਾ ਦੀ ਰਚਨਾ ਪੇਸ਼ ਕੀਤੀ। ਗਾਇਕਾ ਜੋਤ ਰਣਜੀਤ ਕੌਰ ਨੇ ਬਾਬੇ ਨਾਨਕ ਬਾਰੇ ਬਾਬੂ ਫਿਰੋਜ਼ਦੀਨ ਸ਼ਰਫ ਦੀ ਰਚਨਾ ਦਾ ਗਾਇਨ ਕੀਤਾ।

ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਦੇ ਰੂਪ ਵਿਚ ਕਰਵਾਏ ਜਾ ਰਹੇ ਇਸ ਕਵੀ ਦਰਬਾਰ ਦਾ ਮਕਸਦ ਸਾਡੀ ਨਵੀਂ ਪੀੜ੍ਹੀ ਨੂੰ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਨਾਲ ਲਗਾਤਾਰ ਜੋੜੀ ਰੱਖਣਾ ਹੈ। ਉਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਪਾਂਸਰ ਕਰਨ ਬਦਲੇ ਸ. ਸਰਬਜੀਤ ਸਿੰਘ ਸਰਾਂ ਕਰਮਨ ਪਰਿਵਾਰ ਦਾ ਧੰਨਵਾਦਾ ਕੀਤਾ।


ਸ਼ਾਇਰ ਸੰਤੋਖ ਮਿਨਹਾਸ ਨੇ ਪੰਜਾਬੀ ਕਲਚਰਲ ਸੈਂਟਰ ਯੂ.ਐਸ.ਏ. ਕਰਵਾਏ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਘੇ ਵਿਦਵਾਨ ਡਾ. ਗੁਰਮੇਲ ਸਿੱਧੂ ਨੇ ਪ੍ਰਧਾਨਗੀ ਭਾਸ਼ਣ ਵਿਚ ਬੱਚਿਆਂ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬਾਨ ਦੇ ਫਲਸਫੇ, ਸਿੱਖ ਸਿਧਾਂਤਾਂ, ਪੰਜਾਬੀ ਵਿਰਸੇ ਸਮੇਤ ਆਪਣੀ ਜਨਮ ਭੂਮੀ ਨਾਲ ਜੁੜੇ ਰਹਿਣ ਲਈ ਪ੍ਰੇਰਿਆ।

ਅਖੀਰ ਵਿਚ ਸਰਬਜੀਤ ਸਿੰਘ ਸਰਾਂ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਜਸਵਿੰਦਰ ਕੌਰ ਸਰਾਂ ਵਲੋਂ ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ, ਸ਼ਾਇਰ ਸੰਤੋਖ ਸਿੰਘ ਮਿਨਹਾਸ, ਹਰਜੋਤ ਸਿੰਘ ਖਾਲਸਾ ਅਤੇ ਬੀਬੀ ਬਲਵਿੰਦਰ ਕੌਰ ਦੀ ਸਟੇਜ ਉਤੇ ਹਾਜ਼ਰੀ 'ਚ ਸਾਰੇ ਬੱਚਿਆਂ ਨੂੰ ਪਲੈਕ, ਪੰਜਾਬੀ ਰੇਡੀਓ ਦੀਆਂ ਟੀ ਸ਼ਰਟਾਂ, ਕੈਂਡੀਆਂ ਅਤੇ ਨਗਦ ਇਨਾਮ ਵੰਡੇ ਗਏ।

# ਓਂਟਾਰੀਓ ਦੇ ਦੋ ਪੰਜਾਬੀ 21 ਲੱਖ ਡਾਲਰ ਦੀ ਕੋਕੀਨ ਸਮੇਤ ਗ੍ਰਿਫਤਾਰ

**ਇੰਡੀਆਨਾ (ਬਿਊਰੋ):** ਇੰਡੀਅਨਐਪੋਲਿਸ ਮੈਟਰੋਪਾਲੀਟਨ ਪੁਲਿਸ ਡਿਪਾਰਟਮੈਂਟ (ਆਈ. ਐਮ. ਪੀ. ਡੀ.) ਨੇ ਦੋ ਵਿਅਕਤੀਆਂ-ਗੁਰਿੰਦਰ ਸਿੰਘ (57) ਅਤੇ ਸਾਲਾ ਜਗਦੇਵ ਸੰਦਾ (55) ਨੂੰ ਗ੍ਰਿਫਤਾਰ ਕੀਤਾ ਹੈ, ਕਰਨ ਪਿਛੋਂ ਟਰੱਕ ਰੋਕ ਕੇ ਡਰਾਈਵਰਾਂ ਤੋਂ ਪੁਛਗਿੱਛ ਕੀਤੀ ਤਾਂ ਉਨ੍ਹਾਂ ਵਲੋਂ ਦਿੱਤੀ ਗਈ ਜਾਣਕਾਰੀ ਟਰੱਕ ਦੀ ਲਾਗ ਬੁੱਕ ਦੀਆਂ ਐਂਟਰੀਆਂ ਨਾਲ ਮੇਲ ਨਹੀਂ ਸੀ ਖਾਂਦੀ।

ਜਦੋਂ ਆਈ. ਐਮ. ਪੀ. ਡੀ. ਨੇ ਟਰੱਕ ਦੀ





ਜਿਨ੍ਹਾਂ ਤੋਂ ਕਰੀਬ 21 ਲੱਖ ਡਾਲਰ ਦੀ ਕੋਕੀਨ ਬਰਾਮਦ ਹੋਈ ਹੈ। ਦੋਵੇਂ ਓਂਟਾਰੀਓ ਤੋਂ ਹਨ।

ਪੁਲਿਸ ਵਿਭਾਗ ਅਨੁਸਾਰ 8 ਸਤੰਬਰ ਨੂੰ ਸਵੇਰੇ ਕਰੀਬ 9 ਵਜੇ ਇੰਡੀਅਨਐਪੋਲਿਸ ਦੇ ਦੱਖਣ-ਪੱਛਮ ਵਿਚ ਪੈਂਦੇ ਹਾਈਵੇਅ 465 ਉਪਰ ਕੈਨਟੱਕੀ ਐਵੇਨਿਊ ਐਗਜ਼ਿਟ 'ਤੇ ਜਦੋਂ ਟ੍ਰੈਫਿਕ ਪੁਲਿਸ ਨੇ ਓਂਟਾਰੀਓ ਦੀ ਨੰਬਰ ਪਲੇਟ ਵਾਲੇ ਇਕ ਟਰੱਕ ਨੂੰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਤਲਾਸ਼ੀ ਲਈ ਤਾਂ ਉਸ ਵਿਚੋਂ 88 ਕਿਲੋ ਕੋਕੀਨ ਟਰੱਕ 'ਚੋਂ ਬਰਾਮਦ ਹੋਈ, ਜਿਸ ਦੀ ਕੀਮਤ 2.1 ਮਿਲੀਅਨ ਡਾਲਰ ਦੱਸੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਓਂਟਾਰੀਓ ਨਾਲ ਸਬੰਧਿਤ ਕਈ ਪੰਜਾਬੀਆਂ ਨੂੰ ਕਰੋੜਾਂ ਰੁਪਏ ਦੇ ਨਸ਼ਿਆਂ ਨਾਲ ਅਮਰੀਕਾ 'ਚ ਗ੍ਰਿਫਤਾਰ ਕੀਤਾ ਜਾ ਚੁਕਾ ਹੈ, ਜਿਨ੍ਹਾਂ ਦੇ ਸਬੰਧ ਅਮਰੀਕਾ ਤੋਂ ਭਾਰਤ ਤੋਂ ਕੈਨੇਡਾ ਜੁੜ ਰਹੇ ਹਨ।

## Matrimonials

### ਲੜਕੀ ਦੀ ਲੋੜ ਹੈ

ਗਰੀਨ ਕਾਰਡ ਹੋਲਡਰ ਰਾਮਗੜ੍ਹੀਆ ਸਿੱਖ ਲੜਕੇ, ਉਮਰ 30 ਸਾਲ, ਕੱਦ 5'-6", ਕਲੀਨ ਸ਼ੇਵ, ਟਰੱਕ ਡਰਾਈਵਰ ਲਈ ਗਰੀਨ ਕਾਰਡ ਜਾਂ ਵਿਜ਼ਿਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 661-444-3657 (ਕੈਲੀਫੋਰਨੀਆ ਟਾਈਮ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ) *35-38*

### ਜੀਵਨ ਸਾਥੀ ਦੀ ਲੋੜ ਹੈ

ਇੰਡੀਆ ਰਹਿੰਦੀ ਜੱਟ ਸਿੱਖ 40 ਸਾਲਾ ਕੱਦ 5' 2" ਵਿਧਵਾ ਲਈ ਅਮਰੀਕਨ ਸਿਟੀਜ਼ਨ ਤਲਾਕਸ਼ੁਦਾ ਜਾਂ ਅਣਵਿਆਹੇ ਜੀਵਨ ਸਾਥੀ ਦੀ ਲੋੜ ਹੈ, ਜੋ 35 ਤੋਂ 45 ਸਾਲ ਦਾ ਹੋਵੇ। ਆਪਣੇ ਬੱਚੇ ਹੋਣ ਤਾਂ ਕੋਈ ਗੱਲ ਨਹੀਂ, ਪਰ ਹੋਰ ਬੱਚਾ ਨਾ ਚਾਹੁੰਦਾ ਹੋਵੇ। ਲੜਕੀ ਦੀਆਂ 4 ਤੇ 12 ਸਾਲ ਦੀਆਂ ਦੋ ਬੇਟੀਆਂ ਹਨ, ਅਤੇ ਉਸ ਦੇ ਨਾਂ 5 ਕਿੱਲੇ ਜ਼ਮੀਨ ਹੈ। ਉਹ ਮਾਪਿਆਂ ਦੀ ਸੇਵਾ ਅਤੇ ਪਰਿਵਾਰ ਨਾਲ ਤੇਹ-ਮੋਹ ਕਰਨ ਵਾਲੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਅਮਰੀਕਾ ਵਿਚ ਵੈਲ ਸੈਟਲਡ ਹੈ ਅਤੇ ਉਸ ਦਾ ਚੰਗਾ ਬਿਜਨਸ ਹੈ। ਲੋੜਵੰਦ ਅਤੇ ਮਿਹਨਤੀ ਲੜਕੇ ਦੀ ਸੈਟ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ। ਗੰਭੀਰ ਤੇ ਲੋੜਵੰਦ ਵੇਰਵੇ ਅਤੇ ਫੋਟੋ ਸਮੇਤ ਸੰਪਰਕ ਕਰਨ। ਈਮੇਲ: jhajjkaur2501@yahoo.com

### ਲੜਕੇ ਦੀ ਲੋੜ ਹੈ

Suitable match for a beautiful US born, Hindu Nai, divorced girl, 30 years, 5'-2". Have Masters in English, worked as an English professor, currently doing final year of law. All family well settled in New York. Please contact: 516-590-9117 *38-41*

Suitable match for a beautiful US born divorcee Nai girl of 31, 5'-2", doing final year of law, all family well settled in New York. Please contact: 516-590-9117 *36-39*

Looking for a well qualified Manglik male, Engineer or Doctor, US citizen or green card holder for Sikh Ramdasia girl, 34 yrs, 5'-5", Software Engineer, working as Manager in a reputed MNC in USA, Interested please contact: 1-732-749-0791; email: nina.matrimony@gmail.com *35-38*

ਪੰਜਾਬ ਟਾਈਮਜ਼


Visit us on the web:**wwwpunjabtimesusa.com**


## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave & Mundan
*Line-ups
*Head Massage



**ਫੁੱਲ ਟਾਈਮ ਬਾਰਬਰ ਦੀ ਲੋੜ ਹੈ**

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**
www.princebarbershop.com



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**1816 Main Ave., Secramento CA, 95838**

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

# ਭੋਤਨਾ ਖੁਦਕੁਸ਼ੀ ਕਾਂਡ ਨੇ ਵਿਖਾਈ ਕਿਸਾਨਾਂ ਦੀ ਤ੍ਰਾਸਦੀ ਬਾਰੇ ਅਸਲ ਤਸਵੀਰ

**ਚੰਡੀਗੜ੍ਹ:** ਕੈਪਟਨ ਸਰਕਾਰ ਭਾਵੇਂ ਕਰਜ਼ ਮੁਆਫੀ ਰਾਹੀਂ ਕਿਸਾਨਾਂ ਦੇ ਸਾਰੇ ਦੁੱਖ ਦੂਰ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਬਰਨਾਲਾ ਦੇ ਪਿੰਡ ਭੋਤਨਾ ਦੇ ਨੌਜਵਾਨ ਕਿਸਾਨ ਲਵਪ੍ਰੀਤ ਸਿੰਘ ਵੱਲੋਂ ਖੁਦਕੁਸ਼ੀ ਦੀ ਘਟਨਾ ਨੇ ਪੰਜਾਬ ਵਿਚ ਕਿਸਾਨੀ ਦੇ ਮਾੜੇ ਹਾਲਤ ਬਾਰੇ ਤਸਵੀਰ ਕਾਫੀ ਹੱਦ ਤੱਕ ਸਾਫ ਕਰ ਦਿੱਤੀ ਹੈ।

ਇਸ ਪਰਿਵਾਰ ਦੇ 5 ਜੀਅ ਪੀੜ੍ਹੀ ਦਰ ਪੀੜ੍ਹੀ ਖੁਦਕੁਸ਼ੀ ਕਰ ਚੁੱਕੇ ਹਨ। ਕੈਪਟਨ ਸਰਕਾਰ ਨੇ 5 ਜਨਵਰੀ 2018 ਨੂੰ ਕਰਜ਼ਾ ਮੁਆਫੀ ਦੀ ਸ਼ੁਰੂਆਤ ਕੀਤੀ ਤਾਂ ਠੀਕ ਉਸੇ ਦਿਨ ਲਵਪ੍ਰੀਤ ਸਿੰਘ ਦੇ ਪਿਤਾ ਕੁਲਵੰਤ ਸਿੰਘ ਨੇ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ। ਕੁਲਵੰਤ ਸਿੰਘ ਨੇ ਖੇਤੀ ਦੇ ਨਾਲ ਡਰਾਈਵਰੀ ਵੀ ਕੀਤੀ, ਪਰ ਫਿਰ ਵੀ ਪੱਲੇ ਕੁਝ ਨਾ ਪਿਆ। ਹੌਲੀ ਹੌਲੀ ਜ਼ਮੀਨ ਵੀ ਵਿਕਦੀ ਗਈ, ਪਰ ਕਰਜ਼ੇ ਦੀ ਪੰਡ ਹੌਲੀ ਨਾ ਹੋਈ। ਕੁਲਵੰਤ ਸਿੰਘ ਨੇ ਆਪਣੀ ਸੱਤ ਕਨਾਲਾਂ ਜ਼ਮੀਨ ਦੇ ਨਾਲ 14 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਸ਼ੁਰੂ ਕੀਤੀ, ਪਰ ਗੜ੍ਹੇਮਾਰੀ ਨੇ ਉਹਦੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ। ਚੁਫੇਰੇ ਹਨੇਰਾ ਦਿੱਸਿਆ ਤਾਂ ਉਸ ਨੇ ਵੀ ਖੁਦਕੁਸ਼ੀ ਕਰ ਲਈ।

ਲਵਪ੍ਰੀਤ ਸਿੰਘ ਦੇ ਪੜਦਾਦਾ ਜੋਗਿੰਦਰ ਸਿੰਘ ਕੋਲ ਕਿਸੇ ਸਮੇਂ 13 ਏਕੜ ਜ਼ਮੀਨ ਸੀ, ਜੋ ਲਵਪ੍ਰੀਤ ਤੱਕ ਪੁੱਜਦੀ ਹੋਈ ਸਿਰਫ 6 ਕਨਾਲ ਰਹਿ ਗਈ ਸੀ। ਪਰਿਵਾਰ ਵੱਲੋਂ ਆੜ੍ਹਤੀਆਂ ਤੋਂ ਲਏ ਕਰਜ਼ੇ ਕਾਰਨ ਪਹਿਲਾਂ ਜੋਗਿੰਦਰ ਸਿੰਘ ਤੇ ਫਿਰ ਉਸ ਦੇ ਵੱਡੇ ਲੜਕੇ ਭਗਵਾਨ ਸਿੰਘ ਨੇ ਖੁਦਕੁਸ਼ੀ ਕਰ ਲਈ। ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਭਗਵਾਨ ਸਿੰਘ ਦੇ ਭਰਾ ਨਾਹਰ ਸਿੰਘ (ਲਵਪ੍ਰੀਤ ਦੇ ਦਾਦਾ) ਸਿਰ ਪੈ ਗਈ। ਨਾਹਰ ਸਿੰਘ ਕਰਜ਼ੇ ਦੀ ਪਰੇਸ਼ਾਨੀ ਕਾਰਨ ਖੁਦਕੁਸ਼ੀ ਕਰ ਗਿਆ। ਉਸ ਤੋਂ ਪਿੱਛੋਂ ਇਹ ਕਰਜ਼ਾ ਨਾਹਰ ਸਿੰਘ ਦੇ ਲੜਕੇ ਕੁਲਵੰਤ ਸਿੰਘ (ਲਵਪ੍ਰੀਤ ਸਿੰਘ ਦੇ ਪਿਤਾ) ਦੀ ਝੋਲੀ ਪੈ ਗਿਆ। ਕੁਲਵੰਤ ਸਿੰਘ ਨੇ ਖੇਤੀ ਦੇ ਨਾਲ-ਨਾਲ ਡਰਾਇਵਰੀ ਵੀ ਕੀਤੀ ਪਰ ਕਰਜ਼ੇ ਕਾਰਨ ਹੌਲੀ-ਹੌਲੀ ਇਨ੍ਹਾਂ ਦੀ ਜ਼ਮੀਨ ਵਿਕਦੀ ਗਈ। ਸਾਲ 2016 ਵਿਚ ਹੋਈ ਗੜ੍ਹੇਮਾਰੀ ਨੇ ਕੁਲਵੰਤ ਸਿੰਘ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਇਸ ਸਦਮੇ ਵਿਚ ਪਿਛਲੇ ਸਾਲ ਜਨਵਰੀ ਮਹੀਨੇ 'ਚ ਕੁਲਵੰਤ ਸਿੰਘ ਨੇ ਖੁਦਕੁਸ਼ੀ ਕਰ ਲਈ। ਕੁਲਵੰਤ ਸਿੰਘ ਦੇ ਪਰਿਵਾਰ ਸਿਰ ਪਹਿਲਾਂ ਲਗਭਗ 12 ਲੱਖ ਰੁਪਏ ਦਾ ਕਰਜ਼ਾ ਸੀ।



ਸਰਕਾਰ ਦੀ ਕਰਜ਼ਾ ਮੁਆਫੀ ਯੋਜਨਾ ਤਹਿਤ ਸਹਿਕਾਰੀ ਸਭਾ ਦਾ 57,000 ਰੁਪਏ ਦੇ ਕਰੀਬ ਕਰਜ਼ਾ ਮੁਆਫ ਹੋ ਗਿਆ। ਲਵਪ੍ਰੀਤ ਦੀ ਮਾਂ ਹਰਪਾਲ ਕੌਰ ਨੇ ਦੱਸਿਆ ਕਿ ਇਸ ਸਮੇਂ ਡੇਢ ਲੱਖ ਦਾ ਕਰਜ਼ਾ ਬੈਂਕਾਂ ਦਾ ਹੈ ਅਤੇ ਬਾਕੀ 7 ਕੁ ਲੱਖ ਰੁਪਏ ਦਾ ਕਰਜ਼ਾ ਆੜ੍ਹਤੀਏ ਅਤੇ ਹੋਰ ਪਿੰਡ ਵਾਸੀਆਂ ਦਾ ਹੈ। ਇਸ ਕਰਜ਼ੇ ਦਾ 82,000 ਛਿਮਾਹੀ ਵਿਆਜ ਦੇਣਾ ਪੈਂਦਾ ਸੀ। ਪਿਤਾ ਦੀ ਖੁਦਕੁਸ਼ੀ ਤੋਂ ਬਾਅਦ ਜ਼ਿੰਮੇਵਾਰੀ ਲਵਪ੍ਰੀਤ 'ਤੇ ਪੈ ਗਈ। ਉਸ ਦੀ ਪੜ੍ਹਾਈ ਵੀ ਛੁੱਟ ਗਈ। ਕਰਜ਼ੇ ਕਾਰਨ ਅਤੇ ਘਰ ਵਿਚ ਵੱਡੀ ਅਣਵਿਆਹੀ ਭੈਣ ਦੇ ਵਿਆਹ ਨੂੰ ਲੈ ਕੇ ਲਵਪ੍ਰੀਤ ਸਿੰਘ ਮਾਨਸਿਕ ਤੌਰ ਉਤੇ ਕਾਫੀ ਪਰੇਸ਼ਾਨ ਰਹਿੰਦਾ ਸੀ ਅਤੇ ਇਸੇ ਪਰੇਸ਼ਾਨੀ ਕਾਰਨ ਉਸ ਨੇ ਵੀ ਖੁਦਕੁਸ਼ੀ ਕਰ ਲਈ। ਇਸ ਪਰਿਵਾਰ ਦੇ 5 ਜੀਅ ਪੀੜ੍ਹੀ ਦਰ ਪੀੜ੍ਹੀ ਖੁਦਕੁਸ਼ੀ ਕਰ ਚੁੱਕੇ ਹਨ।

10 ਸਾਲਾਂ ਦੇ ਅਕਾਲੀ-ਭਾਜਪਾ ਸ਼ਾਸਨ ਸਮੇਂ ਵੀ ਅਜਿਹੀਆਂ ਅਨੇਕਾਂ ਹੀ ਖਬਰਾਂ ਸਾਹਮਣੇ ਆਉਂਦੀਆਂ ਰਹੀਆਂ ਹਨ। 1997 ਵਿਚ ਅਕਾਲੀ-ਭਾਜਪਾ ਸਰਕਾਰ ਸਮੇਂ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਨੂੰ ਮੁਫਤ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ। ਇਹ ਸਿਲਸਿਲਾ ਹੁਣ ਤੱਕ ਵੀ ਚਲਦਾ ਆ ਰਿਹਾ ਹੈ ਪਰ ਇਸ ਨੇ ਵੀ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਨੁਮੂਨਾ ਦੇਣ ਦਾ ਕੰਮ ਨਹੀਂ ਕੀਤਾ, ਸਗੋਂ ਇਸ ਦੇ ਨਾਂਹ-ਪੱਖੀ ਅਸਰ ਵਧੇਰੇ ਸਾਹਮਣੇ ਆਉਂਦੇ ਰਹੇ ਹਨ। ਹਰ ਵਾਰ ਕੇਂਦਰ ਸਰਕਾਰ ਵੱਲੋਂ ਕੁਝ ਫਸਲਾਂ ਦੇ ਭਾਅ ਨਿਸ਼ਚਿਤ ਕਰਨ ਦੇ ਐਲਾਨ ਵੀ ਕੀਤੇ ਜਾਂਦੇ ਰਹੇ ਹਨ। ਪਿਛਲੇ ਦੋ ਸਾਲਾਂ ਵਿਚ ਪੰਜਾਬ ਦੇ 900 ਕਿਸਾਨਾਂ ਨੇ ਖੁਦਕੁਸ਼ੀ ਕੀਤੀ। ਪੰਜਾਬ ਦੀ ਕਾਂਗਰਸ ਸਰਕਾਰ ਇਸ ਵਾਅਦੇ ਨਾਲ ਸੱਤਾ ਵਿਚ ਆਈ ਸੀ ਕਿ ਉਹ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰ ਦੇਵੇਗੀ। ਉਸ ਨੇ ਹੁਣ ਤੱਕ ਕੁਝ ਕਦਮ ਜ਼ਰੂਰ ਉਠਾਏ ਹਨ। 36,00 ਕਰੋੜ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾ ਚੁੱਕੇ ਹਨ। ਸਰਕਾਰ ਨੇ ਇਹ ਵੀ ਵਾਅਦਾ ਕੀਤਾ ਹੈ ਕਿ ਉਹ 5 ਸਾਲਾਂ ਵਿਚ ਕਿਸਾਨਾਂ ਦੇ 7,000 ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰੇਗੀ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਕਿਸਾਨ ਵਰਗ ਮਾਯੂਸ ਨਜ਼ਰ ਆ ਰਿਹਾ ਹੈ। ਅੰਕੜਿਆਂ ਅਨੁਸਾਰ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਪਿਛਲੇ ਸਾਲਾਂ ਵਿਚ ਹਜ਼ਾਰਾਂ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ।

### ਆਪਣੀ ਲਾਪਰਵਾਹੀ 'ਤੇ ਪਰਦਾ ਪਾ ਰਿਹੈ ਪ੍ਰਸ਼ਾਸਨ

**ਟੱਲੇਵਾਲ:** ਪਰਿਵਾਰ ਦੇ ਜ਼ਖ਼ਮਾਂ 'ਤੇ ਕਿਸੇ ਤਰ੍ਹਾਂ ਦਾ ਮੱਲ੍ਹਮ ਲਗਾਉਣ ਦੀ ਥਾਂ ਪ੍ਰਸ਼ਾਸਨ ਇਸ ਖੁਦਕੁਸ਼ੀ ਨੂੰ ਵੱਖਰਾ ਰੰਗ ਦੇ ਕੇ ਆਪਣਾ ਪੱਲਾ ਛੁਡਵਾ ਰਿਹਾ ਹੈ। ਲਵਪ੍ਰੀਤ ਦੀ ਮੌਤ ਤੋਂ ਤੁਰਤ ਮਗਰੋਂ ਪ੍ਰਸ਼ਾਸਨਿਕ ਅਧਿਕਾਰੀਆਂ ਅਨੁਸਾਰ ਸਰਕਾਰੀ ਕਰਜ਼ਾ ਜੋ ਕੁਝ ਹਜ਼ਾਰ ਸੀ, ਉਹ ਕਾਫੀ ਪਹਿਲਾਂ ਮੁਆਫ ਕਰ ਦਿੱਤਾ ਗਿਆ ਸੀ। ਹੋਰ ਪ੍ਰਾਈਵੇਟ ਕਰਜ਼ੇ ਸਬੰਧੀ ਟਾਲਾ ਵੱਟਿਆ ਗਿਆ ਹੈ। ਪਰਿਵਾਰ ਨੂੰ ਰਾਹਤ ਦੇਣ ਜਾਂ ਦਿਵਾਉਣ ਦੀ ਬਜਾਇ ਪ੍ਰਸ਼ਾਸਨ ਪਰਿਵਾਰ ਦੇ ਕਰਜ਼ੇ ਨੂੰ ਸਰਕਾਰੀ ਤੇ ਪ੍ਰਾਈਵੇਟ ਕਰਜ਼ੇ 'ਚ ਉਲਝਾ ਰਿਹਾ ਹੈ। ਸਰਕਾਰ ਵੱਲੋਂ ਤਾਂ ਸੁਸਾਇਟੀ ਦਾ 57,330 ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ। ਲਵਪ੍ਰੀਤ ਦੇ ਪਿਤਾ ਕੁਲਵੰਤ ਨੇ ਖੁਦਕੁਸ਼ੀ ਕਰੀਬ ਡੇਢ ਸਾਲ ਪਹਿਲਾਂ ਕੀਤੀ ਸੀ। ਇਸ ਦਾ ਮੁਆਵਜ਼ਾ ਲੈਣ ਲਈ ਕਿਸਾਨ ਜਥੇਬੰਦੀਆਂ ਅਤੇ ਪਰਿਵਾਰ ਨੇ ਬਹੁਤ ਭੱਜ-ਨੱਠ ਕੀਤੀ। ਜੇ ਸਮਾਂ ਰਹਿੰਦੇ ਸਰਕਾਰ ਜਾਂ ਪ੍ਰਸ਼ਾਸਨ ਮੁਆਵਜ਼ੇ ਦੇ ਤਿੰਨ ਲੱਖ ਰੁਪਏ ਪਰਿਵਾਰ ਨੂੰ ਦੇ ਦਿੰਦੇ ਤਾਂ ਸ਼ਾਇਦ ਲਵਪ੍ਰੀਤ ਦੀ ਜਾਨ ਬਚ ਸਕਦੀ ਸੀ।

# ਚੋਣ ਵਾਅਦੇ: ਕੈਪਟਨ ਦੇ ਸੋਨੀਆ ਗਾਂਧੀ ਸਾਹਮਣੇ ਦਾਅਵੇ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੇ ਕਾਂਗਰਸ ਸੱਤਾ ਵਾਲੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਦਿੱਲੀ ਸੱਦ ਕੇ ਵਿਕਾਸ ਤੇ ਚੋਣਾਂ ਵਾਅਦੇ ਪੂਰੇ ਕਰਨ ਬਾਰੇ ਹਿਸਾਬ ਮੰਗਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਪਹੁੰਚੇ ਤੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਗਏ 161 ਵਾਅਦਿਆਂ ਵਿਚੋਂ 140 ਪਹਿਲਾਂ ਹੀ ਪੂਰੇ ਕਰ ਦਿੱਤੇ ਗਏ ਹਨ। ਇਸ ਪਿੱਛੋਂ ਸਵਾਲ ਉਠ ਰਹੇ ਹਨ ਕਿ ਕੈਪਟਨ ਸਰਕਾਰ ਕਿਸ ਹਿਸਾਬ ਨਾਲ ਅਜਿਹੇ ਦਾਅਵਾ ਕਰ ਰਹੀ ਹੈ। ਜਦੋਂ ਕਿ ਬੇਰੁਜ਼ਗਾਰੀ, ਨਸ਼ੇ, ਨਾਜਾਇਜ਼ ਮਾਈਨਿੰਗ ਸਮੇਤ ਕਈ ਵੱਡੀਆਂ ਚੁਣੌਤੀਆਂ ਨੇ ਸੂਬੇ ਨੂੰ ਘੇਰਿਆ ਹੋਇਆ ਹੈ। ਕਿਸਾਨ ਖੁਦਕੁਸ਼ੀਆਂ ਦਾ ਸਿਲਸਲਾ ਉਸੇ ਤਰਖਾਂ ਜਾਰੀ ਹੈ।

ਕਾਂਗਰਸ ਨੇ ਚੋਣਾਂ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨਾ, ਘਰ ਘਰ ਨੌਕਰੀ ਦੇਣੀ ਅਤੇ ਨੌਕਰੀ ਨਾ ਦਿੱਤੇ ਜਾਣ ਤੱਕ 25 ਸੌ ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ, ਲੜਕੀਆਂ ਨੂੰ ਪੀ.ਐਚ.ਡੀ. ਤੱਕ ਮੁਫਤ ਸਿੱਖਿਆ ਸਮੇਤ ਕਈ ਵਾਅਦੇ ਕੀਤੇ। ਇਨ੍ਹਾਂ ਵਾਅਦਿਆਂ ਉਤੇ ਅਮਲ ਦੀ ਗੱਲ ਕੀਤੀ ਜਾਵੇ ਤਾਂ ਸੇਰ ਵਿਚੋਂ ਅਜੇ ਪੂਣੀ ਵੀ ਨਹੀਂ ਕੱਤੀ ਗਈ। ਵਿੱਤ ਮੰਤਰੀ ਨੇ ਬਜਟ ਸੈਸ਼ਨ ਵਿਚ ਕਿਹਾ ਸੀ ਕਿ ਮਾਲੀਏ ਦਾ 50 ਫੀਸਦੀ ਪੈਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਉਤੇ ਖਰਚ ਹੁੰਦਾ ਹੈ ਅਤੇ 23 ਫੀਸਦੀ ਕਰਜ਼ੇ ਦੇ ਵਿਆਜ ਦੀ ਕਿਸ਼ਤ ਉਤਾਰਨ ਉਤੇ। ਸੂਬਾ ਸਵਾ ਦੋ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਹੇਠ ਹੈ। ਵਿਕਾਸ ਲਈ ਪੈਸਾ ਨਹੀਂ ਬਚਦਾ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਸਰਕਾਰ ਆਖ ਰਹੀ ਹੈ ਕਿ ਖਜ਼ਾਨਾ ਖਾਲੀ ਹੈ ਤੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਣਾ ਔਖਾ ਹੈ ਪਰ ਇਸ ਦੇ ਬਾਵਜੂਦ ਮੁੱਖ ਮੰਤਰੀ ਵੱਲੋਂ ਆਪਣੇ ਸਿਆਸੀ ਸਲਾਹਕਾਰਾਂ ਦੀ ਫੌਜ ਖੜ੍ਹੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦੁਆਰਾ ਛੇ ਵਿਧਾਇਕਾਂ ਨੂੰ ਕੈਬਨਿਟ ਮੰਤਰੀਆਂ ਦੇ ਬਰਾਬਰ ਦੇ ਅਹੁਦੇ ਦੇਣ ਲਈ ਸੰਵਿਧਾਨਕ ਰੋਕਾਂ ਦਾ ਵੀ ਭੋਰਾ ਖਿਆਲ ਨਹੀਂ ਰੱਖਿਆ। ਹਾਲਾਂਕਿ ਸੱਤਾ ਦੇ ਗਲਿਆਰਿਆਂ ਵਿਚ ਚਰਚਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ ਉਤੇ ਸੂਬਾ ਸਰਕਾਰ ਵੱਲੋਂ ਕੋਈ ਠੋਸ ਕਾਰਵਾਈ ਨਾ ਕਰਨ ਤੋਂ ਕੁਝ ਕਾਂਗਰਸੀ ਵਿਧਾਇਕ ਲੰਮੇ ਸਮੇਂ ਤੋਂ ਨਾਰਾਜ਼ ਸਨ ਤੇ ਅਜਿਹਾ ਉਨਖਾਂ ਨੂੰ ਖੁਸ਼ ਕਰਨ ਲਈ ਕੀਤਾ ਗਿਆ ਹੈ। ਸਾਲ 2004 ਵਿਚ ਲਾਗੂ ਕੀਤੀ 91ਵੀਂ ਸੰਵਿਧਾਨਕ ਸੋਧ ਮੁਤਾਬਕ ਸੰਸਦ ਤੇ ਵਿਧਾਨ ਸਭਾਵਾਂ ਤੇ ਪਰਿਸ਼ਦਾਂ ਦੇ ਚੁਣੇ ਨੁਮਾਇੰਦਿਆਂ ਦਾ 15 ਫੀਸਦੀ ਹਿੱਸਾ ਹੀ ਮੰਤਰੀ ਬਣਾਇਆ ਜਾ ਸਕਦਾ ਹੈ।



ਇਸ ਤਰ੍ਹਾਂ ਪੰਜਾਬ ਦੇ 117 ਵਿਧਾਇਕਾਂ 'ਚੋਂ 18 ਵਿਧਾਇਕ ਹੀ ਮੰਤਰੀ ਬਣ ਸਕਦੇ ਹਨ। ਅਕਾਲੀ-ਭਾਜਪਾ ਦੇ ਦਸ ਸਾਲਾਂ ਦੇ ਰਾਜ-ਕਾਲ ਦੌਰਾਨ ਮੁੱਖ ਸੰਸਦੀ ਸਕੱਤਰ ਅਤੇ ਸੰਸਦੀ ਸਕੱਤਰਾਂ ਦੇ ਅਹੁਦੇ ਦਿੱਤੇ ਗਏ। ਅਦਾਲਤਾਂ ਨੇ ਇਸ ਵਰਤਾਰੇ ਨੂੰ ਸੰਵਿਧਾਨ ਦੀ ਭਾਵਨਾ ਦੇ ਖਿਲਾਫ ਦੱਸਿਆ। ਸਿਆਸੀ ਦਬਾਅ ਦੇ ਚੱਲਦਿਆਂ ਸੰਸਦੀ ਸਕੱਤਰ ਹਟੇ ਪਰ ਕੈਬਨਿਟ ਅਤੇ ਰਾਜ ਮੰਤਰੀ ਦੇ ਅਹੁਦੇ ਦੇਣ ਦਾ ਰਿਵਾਜ਼ ਸ਼ੁਰੂ ਹੋ ਗਿਆ। ਮੌਜੂਦਾ ਸਰਕਾਰ ਨੇ ਵੱਡੀ ਪੱਧਰ 'ਤੇ ਇਹ ਅਹੁਦੇ ਵੰਡਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਮੰਤਰੀ ਮੰਡਲ ਦੀ ਗਿਣਤੀ ਸੀਮਤ ਰੱਖਣ ਵਾਲੀ ਸੰਵਿਧਾਨਕ ਸੋਧ ਦੀ ਭਾਵਨਾ ਦੇ ਖਿਲਾਫ ਹੈ। ਹੁਣ ਸਵਾਲ ਇਹ ਹੈ ਕਿ ਖਜ਼ਾਨਾ ਖਾਲੀ ਦਾ ਰੋਲਾ ਪਾਉਣ ਵਾਲੀ ਸਰਕਾਰ ਆਪਣੀ ਅੰਦਰੂਨੀ ਬਗਾਵਤ ਨੂੰ ਸ਼ਾਂਤ ਕਰਨ ਲਈ ਪੈਸਾ ਪਾਣੀ ਵਾਂਗ ਵਹਾਉਣ ਲਈ ਤਿਆਰ ਹੈ ਪਰ ਆਮ ਲੋਕਾਂ ਨੂੰ ਰਾਹਤ ਦੇਣ ਤੋਂ ਭੱਜ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਕੀਤੀ ਮੀਟਿੰਗ ਦੌਰਾਨ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਗਏ 161 ਵਾਅਦਿਆਂ ਵਿਚੋਂ 140 ਪਹਿਲਾਂ ਹੀ ਪੂਰੇ ਕਰ ਦਿੱਤੇ ਗਏ ਹਨ ਤੇ ਬਾਕੀਆਂ ਨੂੰ ਪੂਰੇ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਕੈਪਟਨ ਨੇ ਨਵੀਂ ਦਿੱਲੀ ਵਿਚ ਕਾਂਗਰਸ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਅਤੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਵਿਚਾਲੇ ਬਿਹਤਰ ਤਾਲਮੇਲ ਬਣਾਇਆ ਜਾ ਰਿਹਾ ਹੈ ਤੇ ਉਹ ਲਗਾਤਾਰ ਵਿਧਾਇਕਾਂ ਅਤੇ ਹੋਰ ਪ੍ਰਤੀਨਿਧਾਂ ਕੋਲੋਂ ਰਿਪੋਰਟਾਂ ਹਾਸਲ ਕਰਦੇ ਰਹਿੰਦੇ ਹਨ ਤੇ ਚੋਣਾਂ ਦੌਰਾਨ ਕੀਤੇ ਵਾਅਦੇ ਲਾਗੂ ਕੀਤੇ ਜਾ ਰਹੇ ਹਨ। ਉਨਖਾਂ ਦੱਸਿਆ ਕਿ ਸੂਬੇ ਦੇ 42 ਲੱਖ ਪਰਿਵਾਰਾਂ ਨੂੰ ਸਿਹਤ ਬੀਮਾ ਯੋਜਨਾ ਤਹਿਤ ਲਿਆਂਦਾ ਗਿਆ ਹੈ।

### ਅਕਾਲੀਆਂ ਨੇ ਕੈਪਟਨ ਦੇ ਦਾਅਵੇ ਨੂੰ ਦੱਸਿਆ ਝੂਠ ਦਾ ਪੁਲੰਦਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਸਰਕਾਰ ਵੱਲੋਂ ਆਪਣੀਆਂ ਢਾਈ ਸਾਲਾਂ ਦੀਆਂ ਪ੍ਰਾਪਤੀਆਂ ਦੇ ਕੀਤੇ ਗੁਣਗਾਣ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਪਾਰਟੀ ਦੇ ਸੀਨੀਅਰ ਆਗੂਆਂ ਡਾ. ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ ਅਤੇ ਹੋਰਨਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਜਿਨ੍ਹਾਂ ਤਿੰਨ ਅਹਿਮ ਮੁੱਦਿਆਂ 'ਤੇ ਲੋਕਾਂ ਤੋਂ ਵੋਟਾਂ ਮੰਗੀਆਂ ਸਨ, ਉਨ੍ਹਾਂ ਵਿਚ ਸਰਕਾਰ ਫੇਲ੍ਹ ਹੋਈ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਸੱਤਾ ਹਥਿਆਉਣ ਲਈ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਸਿਰ ਚੜ੍ਹੇ ਮੁਕੰਮਲ ਕਰਜ਼ੇ ਭਾਵ 90 ਹਜ਼ਾਰ ਕਰੋੜ ਰੁਪਏ ਮੁਆਫ ਕਰਨ ਦਾ ਵਾਅਦਾ ਕੀਤਾ, ਗੁਟਕਾ ਸਾਹਿਬ ਹੱਥ 'ਚ ਫੜ ਕੇ ਸਹੁੰ ਖਾਧੀ ਕਿ ਨਸ਼ਿਆਂ ਦਾ ਖਾਤਮਾ ਚਾਰ ਹਫਤਿਆਂ ਵਿਚ ਕਰ ਦਿੱਤਾ ਜਾਵੇਗਾ ਤੇ ਹਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਕਰਜ਼ੇ ਮੁਆਫ ਨਹੀਂ ਹੋਇਆ। ਨਸ਼ਿਆਂ ਦੀ ਤਸਕਰੀ ਰੋਕਣ ਵਿਚ ਵੀ ਸਰਕਾਰ ਕਾਮਯਾਬ ਨਹੀਂ ਹੋਈ ਤੇ ਹੁਣ ਤੱਕ 600 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਘਰ- ਘਰ ਰੁਜ਼ਗਾਰ ਪੂਰੀ ਤਰ੍ਹਾਂ ਫਲਾਪ ਯੋਜਨਾ ਹੈ।

# ਕਾਂਗਰਸ ਨੇ ਮੁੜ ਪੈਰਾਂ ਸਿਰ ਹੋਣ ਲਈ ਘੜੀ ਰਣਨੀਤੀ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਪਿਛੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਅਸਤੀਫਾ ਦੇਣ ਬਾਅਦ ਅਨਿਸ਼ਚਿਤਤਾ 'ਚ ਡੁੱਬੀ ਕਾਂਗਰਸ, ਹੁਣ ਮੁੜ ਖੁਦ ਨੂੰ ਸਰਗਰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਕਵਾਇਦ ਤਹਿਤ ਪਾਰਟੀ ਦੀ ਅੰਤ੍ਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਪਾਰਟੀ ਦੇ ਜਨਰਲ ਸਕੱਤਰਾਂ, ਰਾਜਾਂ ਦੇ ਇੰਚਾਰਜਾਂ ਅਤੇ ਪ੍ਰਦੇਸ਼ ਪ੍ਰਧਾਨਾਂ ਨਾਲ ਅਹਿਮ ਬੈਠਕ ਕੀਤੀ, ਜਿਸ 'ਚ ਆਉਣ ਵਾਲੇ ਸਮੇਂ 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਚਰਚਾ ਤੋਂ ਇਲਾਵਾ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਸਰਕਾਰ 2019 ਦੀਆਂ ਚੋਣਾਂ 'ਚ ਮਿਲੇ ਬਹੁਮਤ ਦਾ ਖਤਰਨਾਕ ਢੰਗ ਨਾਲ ਇਸਤੇਮਾਲ ਕਰ ਰਹੀ ਹੈ।

ਸੋਨੀਆ ਗਾਂਧੀ ਨੇ ਪਾਰਟੀ ਦੀ ਕਾਰਜਸ਼ੈਲੀ ਲਈ ਖਾਕਾ ਉਲੀਕਦਿਆਂ ਕਿਹਾ ਕਿ ਕਾਂਗਰਸ ਨੂੰ ਹੁਣ ਅੰਦੋਲਨਕਾਰੀ ਏਜੰਡੇ 'ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਅਜੋਕੇ ਦੌਰ 'ਚ ਸੋਸ਼ਲ ਮੀਡੀਆ ਦੀ ਭੂਮਿਕਾ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਜ਼ਰੂਰੀ ਹੈ ਪਰ ਇਸ ਦਾ ਇਸਤੇਮਾਲ ਕਰਨਾ ਜਾਂ ਉਸ 'ਤੇ ਸਰਗਰਮ ਰਹਿਣਾ ਹੀ ਕਾਫੀ ਨਹੀਂ ਹੈ, ਸਗੋਂ ਲੋਕਾਂ ਤੱਕ ਸਿੱਧੀ ਪਹੁੰਚ ਕਰਨੀ ਵੀ ਜ਼ਰੂਰੀ ਹੈ। ਸਰਕਾਰ ਦੇ ਮਨਮਾਨੇ ਢੰਗ ਨੂੰ ਨਿਸ਼ਾਨਾ ਬਣਾਉਂਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਲੋਕਤੰਤਰ ਨੂੰ ਇੰਨਾ ਖਤਰਾ ਕਦੇ ਨਹੀਂ ਰਿਹਾ।

ਉਨ੍ਹਾਂ ਕਿਹਾ ਕਿ ਸੱਤਾ ਦੀ ਬਹੁਤ ਹੀ ਖਤਰਨਾਕ ਢੰਗ ਨਾ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਸਾਡੇ ਸੰਕਲਪ ਤੇ ਸੰਜਮ ਦੀ ਪ੍ਰੀਖਿਆ ਲਈ ਜਾ ਰਹੀ ਹੈ। ਭਾਜਪਾ ਨੂੰ ਜਨਤਾ 'ਚ ਬੇਨਕਾਬ ਕਰਨ ਲਈ ਕਾਂਗਰਸ ਨੂੰ ਅੰਦੋਲਨਕਾਰੀ ਏਜੰਡੇ 'ਤੇ ਚੱਲਣ ਦੀ ਲੋੜ ਹੈ। ਕਾਂਗਰਸ 15 ਤੋਂ 25 ਅਕਤੂਬਰ ਤੱਕ ਦੇਸ਼ ਭਰ 'ਚ ਸਰਕਾਰ ਦੀਆਂ ਆਰਥਿਕ ਨੀਤੀਆਂ ਖਿਲਾਫ ਅੰਦੋਲਨ ਕਰੇਗੀ। ਇਸ ਤੋਂ ਇਲਾਵਾ ਆਰਥਿਕ ਸੁਸਤੀ ਨੂੰ ਉਜਾਗਰ ਕਰਨ ਲਈ ਦੇਸ਼ ਭਰ 'ਚ 20 ਸਤੰਬਰ ਤੋਂ 30 ਸਤੰਬਰ ਤੱਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੈਲੀਗੇਟਸ ਦਾ ਵੀ ਸੰਮੇਲਨ ਕੀਤਾ ਜਾਵੇਗਾ।

# ਕੈਨੇਡਾ ਵਿਚ ਸੰਸਦੀ ਚੋਣਾਂ ਦਾ ਐਲਾਨ

**ਵੈਨਕੂਵਰ:** ਕੈਨੇਡਾ ਦੀ 338 ਮੈਂਬਰੀ ਸੰਸਦ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਚੋਣਾਂ 21 ਅਕਤੂਬਰ ਨੂੰ ਹੋਣਗੀਆਂ ਅਤੇ ਨਤੀਜੇ ਵੀ ਉਸੇ ਦਿਨ ਐਲਾਨੇ ਜਾਣਗੇ। ਚੋਣਾਂ ਸਬੰਧੀ ਨੋਟੀਫਿਕੇਸ਼ਨ ਜਲਦੀ ਜਾਰੀ ਹੋ ਜਾਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਿਫਾਰਸ਼ 'ਤੇ ਗਵਰਨਰ ਜਨਰਲ ਵੱਲੋਂ ਚੋਣ ਪ੍ਰਕਿਰਿਆ ਨੂੰ ਹਰੀ ਝੰਡੀ ਦੇਣ ਵਾਲੇ ਪੱਤਰ 'ਤੇ ਦਸਤਖਤ ਕੀਤੇ ਜਾਣਗੇ। ਵੋਟਾਂ 21 ਅਕਤੂਬਰ ਨੂੰ ਪੈਣਗੀਆਂ ਅਤੇ ਉਸੇ ਦਿਨ ਗਿਣਤੀ ਪਿਛੋਂ ਨਤੀਜੇ ਐਲਾਨੇ ਜਾਣਗੇ।

ਰਸਮੀ ਪੱਤਰ ਜਾਰੀ ਹੋਣ ਦੇ ਨਾਲ ਪਾਰਟੀਆਂ ਵੱਲੋਂ ਚੋਣ ਮੁਹਿੰਮ ਸ਼ੁਰੂ ਹੋ ਜਾਵੇਗੀ। ਨੋਟੀਫਿਕੇਸ਼ਨ ਤੋਂ ਬਾਅਦ ਸਰਕਾਰ ਕੋਲ ਨੀਤੀਗਤ ਫੈਸਲੇ ਲੈਣ ਦਾ ਅਧਿਕਾਰ ਨਹੀਂ ਰਹੇਗਾ। ਕੈਨੇਡੀਅਨ ਸੰਸਦ ਦੇ 338 ਮੈਂਬਰੀ ਹਾਊਸ 'ਚ ਇਸ ਵੇਲੇ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸੱਤਾਧਾਰੀ ਲਿਬਰਲ ਪਾਰਟੀ ਦੇ 184 ਮੈਂਬਰ ਹਨ। ਮੁੱਖ ਵਿਰੋਧੀ ਪਾਰਟੀ ਤੇ 2015 ਤੱਕ ਕਈ ਸਾਲ ਸੱਤਾ 'ਚ ਰਹੀ ਕੰਜ਼ਰਵੇਟਿਵ (ਟੋਰੀ) ਪਾਰਟੀ ਦੇ 99, ਜਗਮੀਤ ਸਿੰਘ ਦੀ ਅਗਵਾਈ ਵਾਲੀ ਨੈਸ਼ਨਲ ਡੈਮੋਕ੍ਰੇਟਿਕ ਪਾਰਟੀ (ਐਨਡੀਪੀ) ਦੇ 39, ਬਲਾਕ ਕਿਊਬਕਵਾ ਦੇ 10 ਅਤੇ ਗਰੀਨ ਪਾਰਟੀ ਦੇ 2 ਮੈਂਬਰ ਹਨ। ਟੋਰੀ ਪਾਰਟੀ ਤੋਂ ਵੱਖ ਹੋਏ ਮੈਕਸਿਮ ਬਰਨੀ ਵੱਲੋਂ ਪੀਪਲ ਪਾਰਟੀ ਆਫ ਕੈਨੇਡਾ ਬਣਾ ਕੇ ਪਹਿਲੀ ਵਾਰ ਕਿਸਮਤ ਅਜ਼ਮਾ ਰਹੀ ਹੈ।

ਤਾਜ਼ਾ ਸਰਵੇਖਣਾਂ ਨੇ ਸੱਤਾਧਾਰੀ ਲਿਬਰਲ ਨੂੰ 39% ਲੋਕਾਂ ਦੇ ਸਮਰਥਨ ਨਾਲ ਸਭ ਤੋਂ ਅੱਗੇ ਦਿਖਾਇਆ ਹੈ ਜਦੋਂਕਿ ਇਮੀਗ੍ਰੇਸ਼ਨ ਦੀਆਂ ਖੁੱਲ੍ਹਾਂ 'ਤੇ ਰੋਕ ਲਾਉਣ ਦੇ ਵਾਅਦੇ ਵਾਲੀ ਟੋਰੀ ਪਾਰਟੀ ਨੂੰ 32%, ਐਨਡੀਪੀ ਤੇ ਗਰੀਨ ਪਾਰਟੀ ਨੂੰ ਦਸ-ਦਸ ਫੀਸਦੀ ਦਾ ਸਮਰਥਨ ਦਿੱਤਾ ਗਿਆ ਹੈ। ਪਰ ਵੋਟਰ ਇਨਖਾਂ ਸਰਵੇਖਣਾਂ 'ਤੇ ਇਤਬਾਰ ਨਹੀਂ, ਕਿਉਂਕਿ 2015 ਵਾਲੀ ਚੋਣ 'ਚ ਲਿਬਰਲ ਪਾਰਟੀ ਨੂੰ ਤੀਜੇ ਨੰਬਰ ਉਤੇ ਦਿਖਾਇਆ ਗਿਆ ਸੀ, ਪਰ ਚੋਣਾਂ 'ਚ ਉਹ ਬਹੁਮਤ ਲੈ ਗਈ ਸੀ।

### ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ

**ਜਲੌਨ (ਉੱਤਰ ਪ੍ਰਦੇਸ਼):** ਗਾਂਧੀ ਇੰਟਰ ਕਾਲਜ ਵਿਚ ਲੱਗੇ ਮਹਾਤਮਾ ਗਾਂਧੀ ਦੇ ਬੁੱਤ ਦੀ ਭੰਨ-ਤੋੜ ਕੀਤੀ ਗਈ ਹੈ। ਏ.ਐਸ.ਪੀ. ਅਵਧੇਸ਼ ਸਿੰਘ ਨੇ ਦੱਸਿਆ ਕਿ ਬੁੱਤ ਦੀ ਭੰਨਤੋੜ ਲੰਘੇ ਦਿਨੀਂ ਕੀਤੀ ਗਈ ਸੀ ਅਤੇ ਜਿਵੇਂ ਹੀ ਇਸ ਸਬੰਧੀ ਸੂਚਨਾ ਮਿਲੀ ਬੁੱਤ ਦੀ ਮੁਰੰਮਤ ਕਰਵਾ ਦਿੱਤੀ ਗਈ। ਕਾਲਜ ਪ੍ਰਿੰ. ਦੀ ਸ਼ਿਕਾਇਤ ਉਤੇ ਅਣਪਛਾਤੇ ਬੰਦਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਪਾਕਿਸਤਾਨ ਹਰ ਸ਼ਰਧਾਲੂ ਤੋਂ ਵਸੂਲੇਗਾ 20 ਡਾਲਰ

## ਕਰਤਾਰਪੁਰ ਲਾਂਘਾ

**ਇਸਲਾਮਾਬਾਦ:** ਪਾਕਿਸਤਾਨ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਉਹ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਹਰੇਕ ਸ਼ਰਧਾਲੂ ਤੋਂ 20 ਡਾਲਰ ਦੀ ਫੀਸ ਵਸੂਲੇਗਾ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੁਹੰਮਦ ਫੈਸਲ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਦੇ ਰੱਖ ਰਖਾਅ ਸਬੰਧੀ ਫੀਸ ਲੈਣ ਦਾ ਫੈਸਲਾ ਲਿਆ ਗਿਆ ਹੈ।

ਪ੍ਰੈੱਸ ਕਾਨਫਰੰਸ ਦੌਰਾਨ ਜਦੋਂ ਫੈਸਲ ਤੋਂ ਕਰਤਾਰਪੁਰ ਲਾਂਘੇ ਲਈ ਸੇਵਾ ਫੀਸ ਵਜੋਂ 20 ਡਾਲਰ ਵਸੂਲਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨਖ਼ਾਂ ਕਿਹਾ ਕਿ ਪਾਕਿਸਤਾਨੀ ਸਰਕਾਰ ਨੇ ਲਾਂਘਾ ਤਿਆਰ ਕਰਨ ਲਈ ਭਾਰੀ ਖਰਚਾ ਕੀਤਾ ਹੈ ਅਤੇ ਉਸ ਦੀ ਭਰਪਾਈ ਲਈ ਇਹ ਕਦਮ ਉਠਾਇਆ ਜਾਵੇਗਾ। ਫੈਸਲ ਮੁਤਾਬਕ ਸ਼ਰਧਾਲੂਆਂ ਨੂੰ ਵਧੀਆ ਸਹੂਲਤਾਂ ਦੇਣ ਲਈ ਇਹ ਫੀਸ ਰੱਖੀ ਗਈ ਹੈ। ਮੈਂ ਦੱਸਣਾ ਚਾਹਾਂਗਾ ਕਿ ਇਸ ਫੀਸ ਨਾਲ ਪਾਕਿਸਤਾਨ ਵੱਲੋਂ ਖਰਚੀ ਗਈ ਰਕਮ ਦਾ ਥੋੜਾ ਜਿਹਾ ਹਿੱਸਾ ਵੀ ਪੂਰਾ ਨਹੀਂ ਹੋਣਾ ਹੈ।

**ਸੁਲਤਾਨਪੁਰ ਲੋਧੀ ਤੱਕ ਐਕਸਪ੍ਰੈੱਸ ਰੇਲ ਗੱਡੀ ਚਲਾਉਣ ਦੀ ਸਹਿਮਤੀ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਖੇ ਵੱਡੀ ਗਿਣਤੀ 'ਚ ਆਉਣ ਵਾਲੇ ਸ਼ਰਧਾਲੂਆਂ ਦੀ ਆਮਦ ਨੂੰ ਦੇਖਦਿਆਂ ਇਸ ਇਤਿਹਾਸਕ ਸ਼ਹਿਰ ਨੂੰ ਰੇਲ ਰਾਹੀਂ ਨਵੀਂ ਦਿੱਲੀ ਨਾਲ ਜੋੜਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਬੇਨਤੀ ਨੂੰ ਮੰਨਦਿਆਂ ਕੇਂਦਰ ਸਰਕਾਰ ਨੇ ਸਹਿਮਤੀ ਦੇ ਦਿੱਤੀ ਹੈ। ਰੇਲਵੇ ਮੰਤਰਾਲੇ ਨੇ 4 ਅਕਤੂਬਰ ਤੋਂ ਨਵੀਂ ਦਿੱਲੀ-ਲੁਧਿਆਣਾ ਸ਼ਤਾਬਦੀ ਨੂੰ ਇੰਟਰਸਿਟੀ ਐਕਸਪ੍ਰੈਸ ਵਜੋਂ ਹਫਤੇ 'ਚ ਪੰਜ ਦਿਨ ਲੋਹੀਆ ਖਾਸ ਤੱਕ ਚਲਾਉਣ ਦਾ ਫੈਸਲਾ ਕੀਤਾ ਹੈ ਜੋ ਸੁਲਤਾਨਪੁਰ ਲੋਧੀ ਵਿਖੇ ਉਚੇਚੇ ਤੌਰ 'ਤੇ ਰੁਕੇਗੀ।

ਇੰਟਰਸਿਟੀ ਐਕਸਪ੍ਰੈਸ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੋਂ ਸਵੇਰੇ 7.00 ਵਜੇ ਰਵਾਨਾ ਹੋਵੇਗੀ ਜੋ ਲੁਧਿਆਣਾ ਤੇ ਜਲੰਧਰ ਹੁੰਦੀ ਹੋਈ ਦੁਪਹਿਰ ਬਾਅਦ 2.40 ਵਜੇ ਸੁਲਤਾਨਪੁਰ ਲੋਧੀ ਪੁੱਜੇਗੀ। ਇਹ ਰੇਲ ਗੱਡੀ ਵਾਪਸੀ ਦਾ ਸਫਰ ਲੋਹੀਆ ਖਾਸ ਤੋਂ ਦੁਪਹਿਰ ਬਾਅਦ 3.35 ਵਜੇ ਸ਼ੁਰੂ ਕਰਕੇ ਨਵੀਂ ਦਿੱਲੀ ਵਿਖੇ ਰਾਤ 11 ਵਜੇ ਪਹੁੰਚੇਗੀ।


# 'SERVING HUMANITY'

**Dedicated to Guru Nanak Dev Jee' Teaching**

**MISSION**: Help Poorest of the poor of Punjab villages breathe easier every day and help their youngsters to uplift them out of poverty.

FRIENDS OF PUNJAB FOUNDATION

**Project: 'MERA PIND' 'MERA PUNJAB'**

Since last few years, Foundation associates are helping needy families in dozens of villages. More than 70 NRIs are blessed by Waheguru to share 'Wand Shhako' their blessings. Many adopted their own village but some said 'any Punjab village is mine'. Help is provided to students, widows, childless elderly, handicaps etc. Some examples of beneficiaries receiving monthly help are:

*Single mid aged landless women with three young girls (two are handicap)
*80 yrs. plus old landless widow, who also lost her only son, still works when OK.
*Uneducated landless young couple' first born son is almost blind.
*Disabled widow of a small farmer raising two young kids.
*Smart youngsters of poor families could not afford higher education expenses.
*Mid aged totally blind man, has no family member left, has no assets and no income.

**ONE SPECIAL PROJECT**: Desperate families, as mentioned above, exist in every village of Punjab. Unimaginable hardship is waiting for such families in flood ravaged villages. To ease their pain, this special project to help them is dedicated to 550th birth anniversary of Guru Nanak Dev jee. *Monthly help to the poor of flood ravaged villages for one year.*

-10 poorest families each of each selected village to receive Rupees 1000 or 1500 monthly if widow.
-Total funds needed for each village: $170/m to $180/m. for one year.
-Adopt one village alone **OR** with friends **OR** commit any amount, we will pair.
-Full info like: Name of village, family details and contact/bank info will be provided.

**PERSONAL TOUCH**: Twice a year, our volunteers will connect you (phone/skype) with your beneficiaries. You transfer money directly. We will help how to transfer.

*Any Small Help Is Not Going To Lower Our Fortunate Standard Of Living But It Will Help The Poor Breathe Easier And Waheguru Will Bless You.

**Note:** Foundation does not collect money. 100% of your help goes directly to your designated beneficiaries. Adopt poor families of your own **OR** any village for continuous help. **OR** help poor of flooded villages for one year.

**Contact info: Bhupinder S. Hundal, Ph: 630-802-2179**
www.friendsofpunjabfoundation.org



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**

Email:
Homeomedicine@yahoo.com



# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

**ਮੁਖਤਿਆਰ ਸਿੰਘ, ਫੋਨ: 713-884-9547**
**ਸੁਖਦੇਵ ਸਿੰਘ, ਫੋਨ: 832-724-1635**

22+



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

| | | |
|---|---|---|
| SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ। | ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ। | STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP • 3 Axle Alignment $199 • Trailer Alignment $150 |

***Grand Opening***
***Special Price for Truck Wash***

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਸੁੰਨ ਦੀ ਸੰਵੇਦਨਾ

**ਚਿਰਾਗ-ਡਾਰ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਤਿੱਤਰਖੰਭੀ ਦੇ ਹਵਾਲੇ ਨਾਲ ਮਨੁੱਖੀ ਸ਼ਖਸੀਅਤ ਦੇ ਵੱਖੋ ਵੱਖ ਪੱਖਾਂ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਤਿੱਤਰਖੰਭੀ ਵਾਂਗ ਹੀ ਜ਼ਿੰਦਗੀ ਵੀ ਦੁੱਖਾਂ ਤੇ ਸੁੱਖਾਂ ਦਾ ਸੰਗਮ, ਹਾਸਿਆਂ ਤੇ ਹੰਝੂਆਂ ਦੀ ਸਾਂਝ, ਸਫਲਤਾਵਾਂ ਤੇ ਨਾਕਾਮੀਆਂ ਵਿਚਲਾ ਅਸਾਵਾਂਪਣ ਅਤੇ ਪਨਪਦੇ ਸਬੰਧਾਂ ਤੇ ਤਿੜਕਦੇ ਰਿਸ਼ਤਿਆਂ ਦਾ ਨਾਮ-ਕਰਣ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੁੰਨ ਦੀਆਂ ਪਰਤਾਂ ਫਰੋਲੀਆਂ ਹਨ। ਉਹ ਕਹਿੰਦੇ ਹਨ, "ਘਰ ਦੀ ਉਹ ਸੁੰਨ ਸਭ ਤੋਂ ਖਤਰਨਾਕ ਜਿਸ ਵਿਚ ਸੁਪਨਿਆਂ ਨੂੰ ਅੱਖ ਖੋਲ੍ਹਣ ਦੀ ਮਨਾਹੀ ਹੋਵੇ। ਬੋਲਾਂ ਦੇ ਮੂੰਹ ਵਿਚ ਘੁੰਗਣੀਆਂ। ਕਦਮਾਂ ਨੂੰ ਜ਼ੰਜ਼ੀਰਾਂ। ਕੰਧਾਂ ਵੀ ਹੁੰਗਾਰਾ ਬਣਨ ਤੋਂ ਤ੍ਰਹਿਣ। ਘਰ ਨੂੰ ਆਪਣੇ ਅਰਥਾਂ ਤੋਂ ਕੋਫਤ ਹੋਵੇ।...ਜੋ ਲੋਕ ਕਿਸੇ ਦੀ ਸੁੰਨ ਨਹੀਂ ਸਮਝਦੇ, ਉਨ੍ਹਾਂ ਲਈ ਸ਼ਬਦਾਂ ਦੇ ਕੋਈ ਅਰਥ ਨਹੀਂ ਹੁੰਦੇ, ਬੋਲ-ਬਾਣੀ ਕੋਈ ਮਾਅਨੇ ਨਹੀਂ ਰੱਖਦੀ। ਸੁੰਨ ਨੂੰ ਸਮਝਣ ਦੀ ਜਾਚ ਵਿਰਲਿਆਂ ਦਾ ਕਰਮ। ਇਹ ਕਰਮ ਕਮਾ ਕੇ ਹੀ ਕਰਮਯੋਗੀ ਬਣਿਆ ਜਾ ਸਕਦਾ।" -ਸੰਪਾਦਕ*

ਸੁੰਨ, ਸੁੰਨਯ ਪਲਾਂ ਦਾ ਪਹਿਰ, ਖਾਮੋਸ਼ੀ ਦੀ ਵਾੜ, ਬੋਲਾਂ ਨੂੰ ਚੁੱਪ ਰਹਿਣ ਦਾ ਆਦੇਸ਼, ਖੁਦ ਦੀ ਗੁੰਗੀ ਵਰੇਸ ਅਤੇ ਇਸ 'ਚੋਂ ਝਰਦਾ ਜੀਵਨ ਦਾ ਭੇਤ।

ਸੁੰਨ, ਸਮਿਆਂ ਦੀ ਸਰਦਲ 'ਤੇ ਉਨ੍ਹਾਂ ਪਲਾਂ ਦੀ ਅਜ਼ਾਰੇਦਾਰੀ ਜਦ ਬੋਲ ਖੁਦਕੁਸ਼ੀ ਕਰਦੇ, ਹਰਫਾਂ ਨੂੰ ਸਿਸਕਣ ਦੀ ਸਜ਼ਾ ਅਤੇ ਅਰਥ ਬਣਦੇ ਆਪਣੀ ਹੀ ਅੰਤਿਮ-ਅਰਦਾਸ।

ਸੁੰਨ, ਖੁਦ ਦਾ ਖੁਦ ਸੰਗ ਸੰਵਾਦ। ਆਪੇ ਸੰਗ ਰਾਬਤਾ। ਖੁਦ ਦੀਆਂ ਕਰਨੀਆਂ, ਕਮੀਨਗੀਆਂ, ਕੁਤਾਹੀਆਂ ਤੇ ਕੀਰਤੀਆਂ ਨੂੰ ਕਰਮ-ਰੇਖਾ ਵਿਚੋਂ ਉਕਰਨਾ ਅਤੇ ਇਸ ਦੇ ਸੁਚੱਜ ਅਤੇ ਸੁੱਚਮ ਦੀ ਨਿਸ਼ਾਨਦੇਹੀ ਕਰਨੀ। ਅੰਤਰ-ਆਤਮਾ ਨੂੰ ਚਾਨਣ ਨਾਲ ਭਰਨਾ ਅਤੇ ਸ਼ੁਭ-ਕਰਮਨ ਦੀ ਆਸਥਾ ਨੂੰ ਕਰਮ-ਧਰਮ ਦੇ ਨਾਮ ਕਰਨਾ।

ਸੁੰਨ, ਆਲੇ-ਦੁਆਲੇ ਪਸਰੀ। ਵੱਖ-ਵੱਖ ਰੂਪ, ਅੰਦਾਜ਼ ਅਤੇ ਰਾਜ਼। ਬਹੁਤ ਸਾਰੇ ਸਰੋਕਾਰ ਤੇ ਸਮ-ਦ੍ਰਿਸ਼ਟਾਵਾਂ। ਅਨੇਕਾਂ ਪਰਤਾਂ ਅਤੇ ਇਨ੍ਹਾਂ ਪਰਤਾਂ ਵਿਚੋਂ ਜ਼ਿੰਦਗੀ ਦੇ ਅਨੇਕਾਂ ਰੂਪ ਦ੍ਰਿਸ਼ਮਾਨ। ਕਿਸ ਨਾਲ ਮੂਕ ਸੰਵਾਦ ਰਚਾਉਣਾ? ਕਿਸ ਨੂੰ ਆਪਣੀ ਹਿੱਕ ਵਿਚ ਸਮਾਉਣਾ ਤੇ ਧੁਖਧੁਖੀ ਬਣਾਉਣਾ? ਕਿਸ ਨਾਲ ਖੁਦ ਨੂੰ ਜਲਾਉਣਾ ਅਤੇ ਕਿਸ ਨੂੰ ਤਰਕੀਬਾਂ ਤੇ ਤਦਬੀਰਾਂ ਰਾਹੀਂ ਤਕਦੀਰ-ਰੇਖਾਂਵਾਂ ਨੂੰ ਰੁਸ਼ਨਾਉਣਾ? ਇਹ ਮਨੁੱਖ 'ਤੇ ਨਿਰਭਰ ਅਤੇ ਹਰ ਮਨੁੱਖ ਲਈ ਵਿਭਿੰਨ।

ਸੁੰਨ ਨਾਲ ਸੰਵਾਦ ਰਚਾਉਣਾ, ਸਭ ਤੋਂ ਔਖਾ। ਇਸ ਨੂੰ ਉਲਥਾਉਣਾ, ਜੀਵਨ-ਜੋਖਮ। ਇਸ ਦੀ ਰੰਗਤਾ ਵਿਚ ਛੁਪੀ ਕਰੂਰਤਾ, ਕਰੂਪਤਾ ਜਾਂ ਸਰੂਪਤਾ ਵਿਚੋਂ ਕਿਹੜੇ ਰੰਗ ਨਾਲ ਜੀਵਨ ਨੂੰ ਲਬਰੇਜ਼ ਕਰਨਾ, ਇਹ ਹਰੇਕ ਦੇ ਸੁਭਾਅ 'ਤੇ ਨਿਰਭਰ।

ਸੁੰਨ, ਮਨੁੱਖ 'ਤੇ ਭਾਰੂ ਹੋ ਜਾਂਦੀ ਤਾਂ ਮਨੁੱਖ ਚੁੱਪ ਹੋ ਜਾਂਦਾ। ਖੁਦ ਨਾਲ ਗੱਲ ਕਰਨ ਤੋਂ ਮੁਨਕਰ। ਆਪਣਾ ਹੀ ਹੁੰਗਾਰਾ ਭਰਨ ਤੋਂ ਨਾਬਰ। ਇਸ ਨਾਬਰੀ ਵਿਚੋਂ ਹੀ ਮਨੁੱਖੀ ਸਿਹਤ ਨੂੰ ਆਂਚ ਆਉਂਦੀ। ਇਹ ਭਾਵੇਂ ਮਾਨਸਿਕ ਜਾਂ ਸਰੀਰਕ ਹੋਵੇ।

ਕਦੇ ਸਿਵਿਆਂ ਦੀ ਸੁੰਨ ਨੂੰ ਮੁਖਾਤਬ ਹੋਵੋ ਤਾਂ ਹੱਥੀਂ ਅੱਗ ਦੇ ਹਵਾਲੇ ਕੀਤੇ ਆਪਣਿਆਂ ਦੇ ਹਾਵ-ਭਾਵ, ਉਨ੍ਹਾਂ ਦੀਆਂ ਗੱਲਾਂ, ਮੱਤਾਂ, ਸਲਾਹਾਂ, ਸਮਝੌਤੀਆਂ ਅਤੇ ਉਨ੍ਹਾਂ ਸੰਗ ਮਾਣੇ ਸਫਰ ਦੀ ਦਾਸਤਾਨ ਨੈਣਾਂ ਨੂੰ ਸਿੱਲਾ ਕਰਦੀ। ਤੁਹਾਡੀ ਕਰਮਯੋਗਤਾ ਦੇ ਸਾਹਵੇਂ ਇਹ ਵੀ ਕਰਦੀ ਕਿ ਸਮਾਜਕ ਫਰਜ਼ਾਂ ਨੂੰ ਕਿੰਨੀ ਕੁ ਤਨਦੇਹੀ ਨਾਲ ਨਿਭਾਇਆ? ਮਾਪਿਆਂ ਨਾਲ ਕਿਸ ਤਰ੍ਹਾਂ ਦਾ ਧਰਮ ਨਿਭਾਇਆ? ਉਨ੍ਹਾਂ ਦੀਆਂ ਆਂਦਰਾਂ ਨੂੰ ਤਪਾਇਆ ਜਾਂ ਠੰਢਕ ਪਹੁੰਚਾਈ? ਉਨ੍ਹਾਂ ਨੂੰ ਉਦਾਸੀਨ ਪਲ ਜਿਉਣ ਲਈ ਮਜਬੂਰ ਕੀਤਾ ਜਾਂ ਉਨ੍ਹਾਂ ਦੀ ਜ਼ਿੰਦਗੀ ਦੀ ਸ਼ਾਮ ਨੂੰ ਸੰਦਲੀ ਜਿਹੀ ਭਾਅ ਨਾਲ ਲਬਰੇਜ਼ ਕੀਤਾ? ਡੁੱਬਦੇ ਸੂਰਜ ਨੂੰ ਆਖਰੀ ਅਲਵਿਦਾ ਕਹਿਣ ਲਈ ਤਾਂ ਅੰਬਰ ਵੀ ਸੂਹਾ ਹੋ ਜਾਂਦਾ। ਉਨ੍ਹਾਂ ਦੇ ਸੁਪਨਿਆਂ ਨੂੰ ਕਿੰਨਾ ਕੁ ਪੂਰਾ ਜਾਂ ਅਧੂਰਾ ਰੱਖਿਆ? ਉਨ੍ਹਾਂ ਦੀ ਆਖਰੀ ਇੱਛਾ 'ਤੇ ਫੁੱਲ ਚੜ੍ਹਾਏ ਜਾਂ ਉਨ੍ਹਾਂ ਦੇ ਫੁੱਲ ਪਾਉਣ ਤੀਕ ਹੀ ਸੀਮਤ ਰਹੇ? ਸਿਵਿਆਂ ਦੀ ਸੁੰਨ ਚੌਗਿਰਦੇ ਵਿਚ ਫੈਲੀ ਬਿਰਖਾਂ ਤੇ ਪਰਿੰਦਿਆਂ ਨੂੰ ਆਪਣੀ ਲਪੇਟ ਵਿਚ ਲੈਂਦੀ। ਇਸ ਸੁੰਨ ਨੂੰ ਤੋੜਨ ਲਈ ਕਬਰਾਂ 'ਤੇ ਫੁੱਲ ਅਰਪਿਤ ਕਰਨ ਜਾਂ ਫੁੱਲ ਬੂਟੇ ਲਾਉਣੇ ਚਾਹੀਦੇ ਤਾਂ ਕਿ ਸੁੰਨ, ਫੁੱਲਾਂ ਨੂੰ ਹਾਕ ਮਾਰੇ ਅਤੇ ਖਿੜਿਆ ਚਮਨ ਇਸ ਦਾ ਹੁੰਗਾਰਾ ਬਣੇ।

ਕਦੇ ਬਗੀਚੀ ਵਿਚ ਫੁੱਲਾਂ 'ਤੇ ਮੰਡਰਾਉਂਦੀ ਉਸ ਸੂਖਮ ਸੁੰਨ ਨੂੰ ਮਹਿਸੂਸ ਕਰਨਾ, ਜਿਸ ਵਿਚ ਰੰਗਾਂ ਤੇ ਮਹਿਕਾਂ ਦੀ ਬਹੁਤਾਤ। ਇਸ ਸੁੰਨ ਨੂੰ ਤੋੜਨ ਲਈ ਭੌਰੇ ਤੇ ਤਿਤਲੀਆਂ ਰਾਗ ਗਾਉਂਦੇ। ਬਗੀਚੀ ਦੀ ਇਸ ਸੁੰਨ ਨਾਲ ਜਦ ਨੰਨੇ-ਮੁੰਨੇ ਬੱਚੇ ਕਹਾਣੀਆਂ ਪਾਉਂਦੇ ਤਾਂ ਚੁੱਪ ਨੂੰ ਆਪਣੀ ਹੋਂਦ 'ਤੇ ਮਾਣ ਮਹਿਸੂਸ ਹੁੰਦਾ। ਇਹ ਸੁੰਨ ਹੀ ਹੁੰਦੀ, ਜੋ ਬਿਰਖਾਂ ਨਾਲ ਗੱਲਾਂ ਕਰਨ ਅਤੇ ਕੁਝ ਚੰਗਾ ਚਿੱਤਰਨ, ਉਕਰਨ ਜਾਂ ਲਿਖਣ ਵੰਨੀਂ ਉਤੇਜਿਤ ਤੇ ਪ੍ਰੇਰਿਤ ਹੁੰਦੇ। ਸਰਸਰਾਉਂਦੀ ਹਵਾ ਬਿਰਖਾਂ ਦੀ ਸੁੰਨ ਨੂੰ ਤੋੜਨ ਵਿਚ ਸਹਾਈ।

ਆਲ੍ਹਣਿਆਂ ਵਿਚ ਉਸ ਸੁੰਨ ਨੂੰ ਮੁਖਾਤਬ ਹੋਣਾ, ਜੋ ਬੋਟਾਂ ਦੀ ਭੁੱਖ ਵਿਚ ਚਸਕਦੀ, ਖਿਲਰੇ ਤੀਲਿਆਂ ਵਿਚ ਲਿਪਟੀ ਪਰਿੰਦਿਆਂ ਨੂੰ ਉਡੀਕਦੀ ਤਾਂ ਕਿ ਬੋਟਾਂ ਨੂੰ ਚੋਗ ਅਤੇ ਆਲ੍ਹਣੇ ਨੂੰ ਘਰ ਬਣ ਕੇ ਚਹਿਕਣ ਦਾ ਵਰ ਮਿਲੇ। ਆਲ੍ਹਣਾ ਆਪਣੇ ਸਮੁੱਚ ਵਿਚ ਰਾਤ ਨੂੰ ਅਲਵਿਦਾ ਕਹੇ ਅਤੇ ਸਵੇਰ ਨੂੰ ਖੁਸ਼-ਆਮਦੀਦ ਕਹਿਣ ਲਈ ਆਪਣੀ ਭਰੀ ਭਕੁੰਨਤਾ ਬਿਰਖ ਦੇ ਨਾਮ ਕਰੇ, ਤਾਂ ਹੀ ਆਲ੍ਹਣੇ ਦੀ ਹੋਂਦ ਬਿਰਖ ਦਾ ਮਾਣ ਬਣਦੀ।

ਘਰ ਦੀ ਉਹ ਸੁੰਨ ਸਭ ਤੋਂ ਖਤਰਨਾਕ ਜਿਸ ਵਿਚ ਸੁਪਨਿਆਂ ਨੂੰ ਅੱਖ ਖੋਲ੍ਹਣ ਦੀ ਮਨਾਹੀ ਹੋਵੇ। ਬੋਲਾਂ ਦੇ ਮੂੰਹ ਵਿਚ ਘੁੰਗਣੀਆਂ। ਕਦਮਾਂ ਨੂੰ ਜ਼ੰਜ਼ੀਰਾਂ। ਕੰਧਾਂ ਵੀ ਹੁੰਗਾਰਾ ਬਣਨ ਤੋਂ ਤ੍ਰਹਿਣ। ਘਰ ਨੂੰ ਆਪਣੇ ਅਰਥਾਂ ਤੋਂ ਕੋਫਤ ਹੋਵੇ। ਘਰ ਦੀਆਂ ਦੀਵਾਰਾਂ, ਦਰਵਾਜਿਆਂ ਅਤੇ ਰੌਸ਼ਨਦਾਨਾਂ ਨੂੰ ਹੁੰਮਸ, ਹੁੱਸੜ ਅਤੇ ਹਨੇਰੇ ਨਾਲ ਹੀ ਹਮਰੁੱਬਾ ਬਣਨ ਲਈ ਮਜਬੂਰ ਹੋਣਾ ਪਵੇ। ਘਰ ਦੀਆਂ ਤਿੜਕੀਆਂ ਬਰੂਹਾਂ ਜਦ ਡੋਲੇ ਪਾਣੀ ਜਾਂ ਚੋਏ ਜਾਣ ਵਾਲੇ ਤੇਲ ਤੋਂ ਵਿਰਵੀਆਂ ਹੁੰਦੀਆਂ ਤਾਂ ਘਰ ਦੀ ਸੁੰਨ ਬਹੁਤ ਕੁਝ ਆਪਣੇ ਵਿਚ ਸਮਾਉਂਦੀ। ਘਰ ਦੀ ਹੋਂਦ ਨੂੰ ਖੁਰਨ ਤੋਂ ਬਚਾਉਣ ਦੀ ਵਾਹ ਤਾਂ ਲਾਉਂਦੀ, ਪਰ ਅਜਿਹੇ ਹਾਲਾਤ ਵਿਚ ਘਰ ਨੂੰ ਕਿਵੇਂ ਭੁਰਭੁਰੇਪਣ ਤੇ ਜ਼ਰਜ਼ਰੇਪਣ ਤੋਂ ਬਚਾਇਆ ਜਾ ਸਕਦਾ, ਜੋ ਖੁਦ ਹੀ ਆਪਣੀ ਅਰਥੀ ਚੁੱਕੀ ਫਿਰੇ। ਘਰ, ਘਰ ਦੇ ਸੁੱਚੇ ਅਰਥਾਂ ਨੂੰ ਪ੍ਰਣਾਇਆ ਰਹੇ ਤਾਂ ਸੁੰਨ ਸਮਾਧੀ ਬਣ ਕੇ ਅੰਤਰੀਵ ਵਿਚ ਚਾਨਣ ਦਾ ਵਣਜ ਕਰਦੀ।

ਡੂੰਘੀ ਰਾਤ ਨੂੰ ਅੰਬਰ ਵਿਚ ਪਸਰੀ ਉਸ ਸੁੰਨ ਨੂੰ ਕੀ ਕਹੋਗੇ, ਜਿਸ ਨੂੰ ਕੋਈ ਚਕੋਰੀ ਦੀ ਅਵਾਜ਼ ਤੋੜੇ ਜਾਂ ਬਿਮਾਰ ਦੀ ਹੂੰਗਰ ਸੁੰਨਤਾ ਨੂੰ ਭੰਗ ਕਰੇ।

ਪਰ ਰਾਤ ਦੀ ਸੁੰਨ ਨੂੰ ਸਰਘੀ ਦਾ ਵਰਦਾਨ ਵੀ ਮਿਲਦੈ, ਜਦ ਸੂਰਜ ਦਸਤਕ ਦਿੰਦੈ, ਪੰਛੀ ਦੇ ਪਰਾਂ ਵਿਚ ਪਰਵਾਜ਼ ਭਰੀ ਜਾਂਦੀ, ਬੋਟ ਚਹਿਚਹਾਉਂਦੇ ਅਤੇ ਪੱਤਿਆਂ 'ਤੇ ਡਲਕਦੀ ਤ੍ਰੇਲ ਨੂੰ ਆਪਣੀ ਸਤਰੰਗੀ 'ਤੇ ਮਾਣ ਹੁੰਦਾ। ਕੂਲੀਆਂ ਲਗਰਾਂ, ਟਾਹਣੀਆਂ 'ਤੇ ਸਜ ਕੇ ਕਾਇਨਾਤ ਨੂੰ ਹੋਰ ਸੁੰਦਰ ਬਣਾਉਂਦੀਆਂ। ਕੁਦਰਤ ਵਿਹੜੇ ਵਿਚ ਸੁੰਦਰਤਾ ਦਾ ਪੀਹੜਾ ਡਾਹੁੰਦੀਆਂ। ਇਕ ਸੁੰਨ ਤੋਂ ਦੂਜੀ ਸੁੰਨ ਤੀਕ ਦਾ ਇਹ ਸਫਰ ਬਹੁਤ ਕੁਝ ਮਨੁੱਖ ਦੇ ਅਚੇਤ ਵਿਚ ਧਰ ਜਾਂਦਾ ਕਿ ਸੁੰਨ ਕਦੇ ਵੀ ਸਦੀਵ ਨਹੀਂ ਰਹਿੰਦੀ। ਮਨੁੱਖੀ ਫਿਤਰਤ ਤੇ ਚਾਹਨਾ, ਮਨ ਵਿਚਲਾ ਸਿਰੜ ਤੇ ਕੁਝ ਪ੍ਰਾਪਤ ਕਰਨ ਦੀ ਧਾਰਨਾ। ਇਕ ਸੁੰਨ ਟੁੱਟ ਕੇ ਦੂਜੀ ਸੁੰਨ ਦਾ ਰਾਹ ਵੀ ਬਣਦੀ, ਜੋ ਜ਼ਿੰਦਗੀ ਵੱਲ ਜਾਂਦਾ ਤੇ ਜ਼ਿੰਦਗੀ ਜਿਉਣਾ ਸਿੱਖਾਉਂਦਾ। ਇਸ ਦੀ ਝੋਲੀ ਵਿਚ ਰਹਿਮਤਾਂ ਅਤੇ ਬਰਕਤਾਂ ਦਾ ਨਿਉਂਦਾ ਪਾਉਂਦਾ। ਹਰ ਸਾਹ ਨੂੰ ਸੁਗੰਧੀ ਅਤੇ ਸਰਗਮ ਸੰਗ ਭਿਉਂ ਕੇ ਜੀਵਨੀ ਸਾਰਥਕਤਾ ਨੂੰ ਹਰ ਸਾਹ ਦੇ ਨਾਮ ਲਾਉਂਦਾ।

ਕਦੇ-ਕਦਾਈਂ ਉਸ ਸੁੰਨ ਨੂੰ ਬੋਲ-ਬੀਹੀ ਵਿਚ ਉਪਜਾਉਣਾ, ਜੋ ਵਕਤ-ਸਫਿਆਂ ਵਿਚ ਖਾਮੋਸ਼ ਏ, ਜੋ ਚੀਖ ਬਣ ਕੇ ਵਾਕਾਂ ਵਿਚ ਸਮਾਈ ਏ, ਜੋ ਹਾਅ ਬਣ ਕੇ ਅਰਥਾਂ ਦਾ ਹਉਕਾ ਏ, ਜਿਸ ਦੀ ਇਬਾਰਤ ਵਿਚ ਘੁਟਣ ਦੀ ਘਿੱਗੀ ਏ, ਜਿਸ ਨੂੰ ਸੋਗ ਦੀ ਸਿਉਂਕ ਨੇ ਖਾ ਲਿਆ ਏ ਅਤੇ ਜੋ ਸੁਰਖ-ਸੰਵੇਦਨਾ ਤੋਂ ਮਹਿਰੂਮ ਹੋਈ ਆਪਣੀ ਮਾਸੂਮੀਅਤ ਨੂੰ ਕੋਂਹਦੀ ਵੈਣ-ਵਿਰਲਾਪਾਂ ਵਿਚ ਹੀ ਉਲਝੀ ਹੋਈ ਏ। ਸ਼ਬਦਾਂ ਵਿਚ ਅਜਿਹੀ ਸੁੱਚਮ ਭਰੋ ਕਿ ਹਉਕਿਆਂ ਨੂੰ ਹਾਸੇ, ਦੁੱਖ ਨੂੰ ਸੁੱਖ, ਵਿਛੋੜੇ ਨੂੰ ਮਿਲਾਪ ਅਤੇ ਛਿਣ-ਭੰਗਰਤਾ ਨੂੰ ਸਦੀਵਤਾ ਦਾ ਵਰਦਾਨ ਮਿਲੇ ਤਾਂ ਹੀ ਇਸ ਸੁੰਨ ਨੂੰ ਆਪਣੀ ਉਪਭੋਗਤਾ ਤੇ ਉਪਕਾਰ ਦਾ ਅਹਿਸਾਸ ਹੋਵੇਗਾ। ਹਰਫਾਂ ਨੂੰ ਪੜ੍ਹਨ, ਇਨ੍ਹਾਂ ਨੂੰ ਸਮਝਣ ਅਤੇ ਇਸ ਰਾਹੀਂ ਜੀਵਨ-ਜਾਚ ਬਣਾਉਣ ਦੀ ਸੋਝੀ ਆ ਜਾਵੇ ਤਾਂ ਵਰਕਿਆਂ ਨੂੰ ਕਦੇ ਵੀ ਸੁੰਨ ਦੇ ਜੰਗਲ ਵਿਚ ਵਾਸ ਨਹੀਂ ਕਰਨਾ ਪਵੇਗਾ। ਕਿਤਾਬਾਂ ਹੁੰਗਾਰਾ ਭਰਦੀਆਂ ਨੇ। ਜੀਵਨ-ਸ਼ੈਲੀ ਸਿਰਜਦੀਆਂ ਨੇ। ਇਨ੍ਹਾਂ ਨੂੰ ਆਪਣੇ ਕਮਰਿਆਂ ਜਾਂ ਬੈਡ ਦੇ ਸਿਰਹਾਣੇ ਰੱਖੋਗੇ ਤਾਂ ਇਨ੍ਹਾਂ ਨਾਲ ਗੱਲਾਂ ਕਰਨ ਦੀ ਚੇਸ਼ਟਾ ਪੈਦਾ ਹੋਵੇਗੀ, ਜਿਸ ਵਿਚੋਂ ਸੁਖਨ, ਸਕੂਨ ਤੇ ਸੰਵੇਦਨਾ, ਮਸਤਕ-ਬਰੂਹਾਂ ਨੂੰ ਧੰਨਭਾਗ ਬਖਸ਼ੇਗੀ।

***ਜੇ ਲੋਥਾਂ ਵਿਚ ਘਿਰੀ ਸੁੰਨ, ਅਨਾਥ ਬਾਲ ਦੇ ਸੰਘ ਵਿਚ ਅੜ ਜਾਵੇ ਤਾਂ ਵਕਤ ਵੀ ਸਹਿਮ ਜਾਂਦਾ। ਦਰਿੰਦਗੀ ਵੀ ਖੁਦ 'ਤੇ ਸ਼ਰਮਿੰਦਾ। ਪੀੜਾ ਨੂੰ ਆਪਣੀ ਹੋਂਦ 'ਤੇ ਨਮੋਸ਼ੀ। ਅਜਿਹੀ ਸੁੰਨ ਵਿਚ ਜਦ ਅੱਖ ਨਮ ਨਾ ਹੋਵੇ ਜਾਂ ਕਿਸੇ ਦਾ ਮਨ ਨਾ ਪਸੀਜੇ ਤਾਂ ਸਮਝੋ ਮਨੁੱਖ ਮਰ ਗਿਆ ਏ। ਮਾਨਵਤਾ ਨੇ ਕਰ ਲਈ ਏ ਖੁਦਕੁਸ਼ੀ। ਰਹਿਮ-ਭਾਵਨਾ ਨੂੰ ਦੈਂਤ ਨੇ ਨਿਗਲ ਲਿਆ ਏ। ਅਜਿਹੇ ਦ੍ਰਿਸ਼ ਜਦ ਹਰ ਰੋਜ਼ ਹੀ ਅਖਬਾਰਾਂ ਦੇ ਕਾਲੇ ਹਾਸ਼ੀਏ ਬਣਦੇ ਤਾਂ ਅੱਖਰਾਂ ਵਿਚੋਂ ਚੋਂਦੀ ਰੱਤ ਵਿਚ ਲਹੂ-ਲੁਹਾਣ ਹੋਈ ਬੰਦਿਆਈ ਤੇ ਚੰਗਿਆਈ ਦੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਚਾਹਨਾ ਪੈਦਾ ਹੁੰਦੀ। ਇਸ ਚਾਹਨਾ ਵਿਚੋਂ ਹੀ ਕੁਝ ਕੁ ਸਮਾਜ ਸੇਵੀ ਸੰਸਥਾਵਾਂ ਅਬਲਾ ਦੇ ਸਿਰ ਦੀ ਚੁੰਨੀ, ਰੋਂਦੇ ਬਾਲ ਲਈ ਗੋਦ ਅਤੇ ਭੁੱਖੇ ਢਿੱਡ ਲਈ ਟੁੱਕ ਬਣਦੇ। ਅਜਿਹੀ ਨੇਕ-ਨੀਤੀ ਕਾਰਨ ਹੀ ਮਨੁੱਖ ਦੀ ਨਸਲਕੁਸ਼ੀ ਨਹੀਂ ਹੋਈ।***

ਜੇ ਲੋਥਾਂ ਵਿਚ ਘਿਰੀ ਸੁੰਨ, ਅਨਾਥ ਬਾਲ ਦੇ ਸੰਘ ਵਿਚ ਅੜ ਜਾਵੇ ਤਾਂ ਵਕਤ ਵੀ ਸਹਿਮ ਜਾਂਦਾ। ਦਰਿੰਦਗੀ ਵੀ ਖੁਦ 'ਤੇ ਸ਼ਰਮਿੰਦਾ। ਪੀੜਾ ਨੂੰ ਆਪਣੀ ਹੋਂਦ 'ਤੇ ਨਮੋਸ਼ੀ। ਅਜਿਹੀ ਸੁੰਨ ਵਿਚ ਜਦ ਅੱਖ ਨਮ ਨਾ ਹੋਵੇ ਜਾਂ ਕਿਸੇ ਦਾ ਮਨ ਨਾ ਪਸੀਜੇ ਤਾਂ ਸਮਝੋ ਮਨੁੱਖ ਮਰ ਗਿਆ ਏ। ਮਾਨਵਤਾ ਨੇ ਕਰ ਲਈ ਏ ਖੁਦਕੁਸ਼ੀ। ਰਹਿਮ-ਭਾਵਨਾ ਨੂੰ ਦੈਂਤ ਨੇ ਨਿਗਲ ਲਿਆ ਏ। ਅਜਿਹੇ ਦ੍ਰਿਸ਼ ਜਦ ਹਰ ਰੋਜ਼ ਹੀ ਅਖਬਾਰਾਂ ਦੇ ਕਾਲੇ ਹਾਸ਼ੀਏ ਬਣਦੇ ਤਾਂ ਅੱਖਰਾਂ ਵਿਚੋਂ ਚੋਂਦੀ ਰੱਤ ਵਿਚ ਲਹੂ-ਲੁਹਾਣ ਹੋਈ ਬੰਦਿਆਈ ਤੇ ਚੰਗਿਆਈ ਦੇ ਮਨ ਵਿਚ ਕੁਝ ਚੰਗੇਰਾ ਕਰਨ ਦੀ ਚਾਹਨਾ ਪੈਦਾ ਹੁੰਦੀ। ਇਸ ਚਾਹਨਾ ਵਿਚੋਂ ਹੀ ਕੁਝ ਕੁ ਸਮਾਜ ਸੇਵੀ ਸੰਸਥਾਵਾਂ ਅਬਲਾ ਦੇ ਸਿਰ ਦੀ ਚੁੰਨੀ, ਰੋਂਦੇ ਬਾਲ ਲਈ ਗੋਦ ਅਤੇ ਭੁੱਖੇ ਢਿੱਡ ਲਈ ਟੁੱਕ ਬਣਦੇ। ਅਜਿਹੀ ਨੇਕ-ਨੀਤੀ ਕਾਰਨ ਹੀ ਮਨੁੱਖ ਦੀ ਨਸਲਕੁਸ਼ੀ ਨਹੀਂ ਹੋਈ।

ਟੁੱਕ 'ਤੇ ਉਕਰੀ ਉਸ ਸੁੰਨ ਨੂੰ ਕਿਹੜਾ ਉਪਨਾਮ ਦੇਵੋਗੇ, ਜੋ ਕਿਸੇ ਬਦਨਸੀਬ ਦਾ ਨਸੀਬ ਬਣਨ ਦੀ ਥਾਂ ਪੈਰਾਂ ਵਿਚ ਮਸਲੀ ਜਾਵੇ ਜਾਂ ਟੁੱਕ ਲਈ ਖੁਦ ਨੂੰ ਨਿਲਾਮ ਹੋਣਾ ਪਵੇ। ਜਿਸਮ-ਨਿਲਾਮੀ ਵਿਚੋਂ ਮਿਲੀ ਬੁਰਕੀ ਜਦ ਪੇਟ ਵਿਚ ਜਾ ਕੇ ਖੌਰੂ ਪਾਉਂਦੀ ਤਾਂ ਸੋਚ-ਭੁਚਾਲ ਪੈਦਾ ਹੁੰਦਾ; ਪਰ ਮਜਬੂਰੀ ਕਰਕੇ ਇਹ ਉਬਾਲ ਆਪਣੀ ਮੌਤੇ ਹੀ ਮਰ ਜਾਂਦਾ ਅਤੇ ਅਗਲੇ ਦਿਨ ਫਿਰ ਨਿਲਾਮੀ ਲਈ ਜਿਸਮ ਚੌਰਾਹੇ ਵਿਚ ਖੜਾ ਹੁੰਦਾ। ਕਦੇ ਇਸ ਸੁੰਨ ਨੂੰ ਸਮਝਣ ਅਤੇ ਇਸ ਦੀ ਸੰਵੇਦਨਾ ਵਿਚੋਂ ਸੁਚੇਤਨਾ ਨੂੰ ਆਪਣੀ ਸਮਝ ਦੇ ਨਾਮ ਲਾਉਣਾ, ਮਨੁੱਖ ਨੂੰ ਦਰਿੰਦਾ ਕਹਿਣ ਦੀ ਦਲੇਰੀ ਸ਼ਾਇਦ ਮਨ ਵਿਚ ਪੈਦਾ ਹੋਵੇ।

ਸੁੰਨ ਜਦ ਬਸਤਿਆਂ ਵਿਚ ਸ਼ਹਿ ਜਾਵੇ, ਪੂਰਨਿਆਂ ਨੂੰ ਪੂੰਝ ਦੇਵੇ, ਕਲਮ ਨੂੰ ਕਤਲ ਕਰ ਦੇਵੇ ਜਾਂ ਨਿੱਕੇ ਨਿੱਕੇ ਸੁਪਨਿਆਂ ਨੂੰ ਪੁੰਗਰਨ ਤੋਂ ਪਹਿਲਾਂ ਹੀ ਕਤਲਗਾਹ ਵਲ ਤੋਰ ਲਵੇ ਤਾਂ ਇਹ ਸੁੰਨ ਕਾਤਲ-ਜਨਨੀ ਅਖਵਾਵੇ। ਅੱਖਰ-ਗਿਆਨ ਤੋਂ ਕੋਰੇ ਲੋਕ ਕਿਵੇਂ ਇਸ ਸੁੰਨ ਵਿਚ ਉਤਰਨਗੇ? ਇਸ ਦੀਆਂ ਪਰਤਾਂ ਫਰੋਲਣਗੇ? ਇਸ ਦੇ ਮੁਖੌਟਿਆਂ ਵਿਚੋਂ ਅਸਲੀਅਤ ਵੰਨੀਂ ਝਾਕਣਗੇ ਅਤੇ ਇਸ ਵਿਚੋਂ ਆਪਣੀ ਖੁਦੀ ਨੂੰ ਕਿਆਸਣਗੇ? ਲੋੜ ਹੈ, ਗਿਆਨ ਦੇ ਦੀਵੇ ਨੂੰ ਹਨੇਰੀਆਂ ਤੋਂ ਬਚਾਇਆ ਜਾਵੇ। ਚਿਰਾਗ ਵਿਚ ਹਮਦਰਦੀ ਅਤੇ ਲੋਕ-ਭਲਾਈ ਦਾ ਤੇਲ ਪਾਇਆ ਜਾਵੇ। ਅਪਣੱਤ ਰੂਪੀ ਹੱਥਾਂ ਦੀ ਓਟ ਕਰੀਏ ਅਤੇ ਜਗਦੀ ਜੋਤ ਦਾ ਦਮ ਭਰੀਏ ਤਾਂ ਹੀ ਅੱਖਰਾਂ ਵਿਚੋਂ ਛਣਦਾ ਗਿਆਨ ਮਸਤਕ ਧਰਾਤਲ ਨੂੰ ਰੁਸ਼ਨਾ ਕੇ ਕੁਝ ਸੁਚੇਤ ਤੇ ਸੁਥਰਾ ਕਰਨ ਦਾ ਚਾਅ ਮਨ ਵਿਚ ਪੈਦਾ ਕਰੇਗਾ ਅਤੇ ਸਮਿਆਂ ਦੀ ਸੁਭੋਗਤਾ ਨੂੰ ਉਮਰ ਦੇ ਨਾਮ ਕਰੇਗਾ।

ਮਰਨਹਾਰੀ ਸੁੰਨ ਜਦ ਹਵਾ, ਪਾਣੀ ਅਤੇ ਧਰਤ ਦੇ ਨਾਮ ਕਰ ਦਿਤੀ ਜਾਵੇ, ਇਨ੍ਹਾਂ ਦੀ ਹੋਂਦ ਹੀ ਪ੍ਰਸ਼ਨ ਬਣ ਜਾਵੇ ਤਾਂ ਮਨੁੱਖ ਨੂੰ ਰਹਿਮਤਾਂ ਬਖਸ਼ਣ ਵਾਲਿਆਂ ਪ੍ਰਤੀ ਉਸ ਦੀ ਕਮੀਨਗੀ ਨੂੰ ਕਿੰਜ ਕਿਆਸੋਗੇ? ਅਕ੍ਰਿਤਘਣ ਮਨੁੱਖ ਨੇ ਆਪਣੇ ਅਮਲ ਵਿਚੋਂ ਹੀ ਮੌਤ ਦੇ ਪੈਗਾਮ ਨੂੰ ਆਪਣੇ ਮੱਥੇ ਤੇ ਚਿਪਕਾਉਣਾ ਸ਼ੁਰੂ ਕਰ ਦਿਤਾ ਏ। ਇਸ ਦੇ ਬਚਣ ਦੀ ਉਮੀਦ ਕਿਵੇਂ ਰੱਖੋਗੇ?

ਸੁੰਨ ਕਦੇ ਵੀ ਬੇਹਰਫੀ, ਅਬੋਲ, ਬੇਅਰਥੀ, ਬੇਵਜ੍ਹਾ, ਬੇਤਕੱਲਫੀ ਜਾਂ ਬੇਗਾਨੀ ਨਹੀਂ ਹੁੰਦੀ। ਇਸ ਵਿਚ ਬਹੁਤ ਕੁਝ ਹੁੰਦਾ, ਜਿਸ ਨੂੰ ਜ਼ੁਬਾਨ ਵੀ ਦੇਣੀ ਹੁੰਦੀ, ਸ਼ਬਦ ਵੀ ਪਰੋਸਣੇ ਹੁੰਦੇ, ਅਰਥ ਵੀ ਅਰਪਣੇ ਹੁੰਦੇ ਤੇ ਸਰਬ-ਹਿੱਤਕਾਰੀ ਵੀ ਬਣਾਉਣਾ ਹੁੰਦਾ। ਸੁੰਨ ਦੀ ਅਵਸਥਾ ਉਦੋਂ ਤਾਰੀ ਹੁੰਦੀ, ਜਦ ਬੋਲ ਬੇਵਫਾ ਹੁੰਦੇ। ਹਰਫ ਹਉਕਾ ਹੋ ਜਾਂਦੇ। ਦ੍ਰਿਸ਼ਟੀ, ਦਿਸ਼ਾਹੀਣ ਹੋਣ ਲੱਗਦੀ ਜਾਂ ਵਿਚਾਰਾਂ ਵਿਚਲੀ ਖੜੋਤ ਅੰਤਰੀਵ ਹਲੂਣਦੀ।

ਜੋ ਲੋਕ ਕਿਸੇ ਦੀ ਸੁੰਨ ਨਹੀਂ ਸਮਝਦੇ, ਉਨ੍ਹਾਂ ਲਈ ਸ਼ਬਦਾਂ ਦੇ ਕੋਈ ਅਰਥ ਨਹੀਂ ਹੁੰਦੇ, ਬੋਲ-ਬਾਣੀ ਕੋਈ ਮਾਅਨੇ ਨਹੀਂ ਰੱਖਦੀ। ਸੁੰਨ ਨੂੰ ਸਮਝਣ ਦੀ ਜਾਚ ਵਿਰਲਿਆਂ ਦਾ ਕਰਮ। ਇਹ ਕਰਮ ਕਮਾ ਕੇ ਹੀ ਕਰਮਯੋਗੀ ਬਣਿਆ ਜਾ ਸਕਦਾ।

ਸੁੰਨ ਵਿਚ ਉਤਰ ਕੇ ਬੁੱਧ ਨੇ ਸਮਾਧੀ ਰਾਹੀਂ ਖੁਦ ਨੂੰ ਪਾਇਆ, ਯੋਗੀ ਰਿਸ਼ੀ-ਮੁਨੀ ਹਮੇਸ਼ਾ ਅਜਿਹੀ ਸੁੰਨ ਦੀ ਭਾਲ ਵਿਚ ਰਹਿੰਦੇ, ਪਰ ਬਾਹਰੀ ਸੁੰਨ ਜਦ ਅੰਦਰਲੀ ਸੁੰਨ ਨੂੰ ਮੁਖਾਤਿਬ ਹੁੰਦੀ ਤਾਂ ਸੁੰਨ ਹਾਸਲ ਬਣਦੀ। ਬਾਹਰੀ ਸਵਾਲਾਂ ਦਾ ਜਵਾਬ ਇਹ ਸੁੰਨ ਹੀ ਹੁੰਦੀ, ਜੋ ਤੁਹਾਡੇ ਮੁਖੜੇ ਦੀ ਆਭਾ ਬਣ ਕੇ ਚੁਫੇਰੇ ਨੂੰ ਰੁਸ਼ਨਾਉਂਦੀ। ਇਕ ਆਭਾ-ਮੰਡਲ ਸਿਰਜਿਆ ਜਾਂਦਾ।

ਸੁੰਨ ਅਜਿਹਾ ਸੱਚ, ਜੋ ਮਨੁੱਖ ਜੀਅ ਕੇ ਹੀ ਸਮਝਦਾ ਕਿ ਜੀਵਨ ਕੀ ਏ? ਇਸ ਨੂੰ ਸਹੀ ਅਰਥਾਂ ਵਿਚ ਕਿਵੇਂ ਜੀਵਿਆ ਜਾ ਸਕਦਾ? ਕਿਵੇਂ ਇਸ ਦੇ ਹਰ ਪਲ 'ਤੇ ਖੁਸ਼ੀਆਂ ਤੇ ਖੇੜਿਆਂ ਦੀ ਪਿਉਂਦ ਲਾ ਕੇ ਮਨ ਨੂੰ ਹਰਾ-ਭਰਾ ਕੀਤਾ ਜਾ ਸਕਦਾ।

ਕਲਮ ਦੀ ਨੋਕ 'ਤੇ ਜਦ ਸੁੰਨ ਪਸਰ ਜਾਂਦੀ ਤਾਂ ਕਲਮ ਵਿਲਕਦੀ:


ਚਾਰੇ ਪਾਸੇ ਸੁੰਨ ਹੀ ਸੁੰਨ ਹੈ
ਤੇ ਸੁੰਨ ਦਾ ਪਹਿਰ-ਪਸਾਰਾ
ਸੁੰਨ ਦਾ ਅਰਘ ਚੜ੍ਹਾਵਣ ਲੱਗਿਆਂ
ਸੌਂ ਜਾਂਦਾ ਸੰਸਾਰਾ
ਘਰ 'ਚ ਸੁੱਤੀ ਸੁੰਨ ਨਾ ਛੇੜੀਂ
ਪੈਣੀਆਂ ਜਾਗ ਉਡੀਕਾਂ
ਕੰਧਾਂ ਨੇ ਵੀ ਸ਼ੋਰ ਮਚਾਉਣਾ
ਮਸਾਂ ਸੁਆਈਆਂ ਲੀਕਾਂ
ਇਕ ਸੁੰਨ ਬੈਠੀ ਸਾਹ-ਸੁਰੰਗੀ
ਸਰਗਮ ਚੁੱਪ ਕਰਾਵੇ
ਤੇ ਸੋਚਾਂ ਦੀ ਉਖੜੀ ਬਿਰਤੀਏ
ਸੁੰਨ-ਸਮਾਧ ਧਰ ਜਾਵੇ
ਇਕ ਸੁੰਨ ਖੇਤਾਂ ਦੇ ਵਿਚ ਉਗਦੀ
ਚੀਖ-ਚਿਹਾੜਾ ਪਾਵੇ
ਖੁਦਕੁਸ਼ੀਆਂ ਦੀ ਫਸਲ ਉਗਾ ਕੇ
ਕੁਲਹਿਣਾ ਸ਼ੋਰ ਮਚਾਵੇ
ਇਕ ਸੁੰਨ ਫੁੱਲਾਂ ਪਿੰਡੇ ਜਨਮੇ
ਜੀਵੇ 'ਤੇ ਮਰ ਜਾਵੇ
ਪਰ ਇਸ ਦੀ ਸੂਹੀ ਰੰਗਤ
ਜੀਣ ਦੀ ਜੁਗਤ ਸਿੱਖਾਵੇ
ਇਕ ਸੁੰਨ ਜਿਹੜੀ ਅੰਤਰ ਜੂਹੇ
ਰੌਸ਼ਨ ਹੋਣਾ ਚਾਹਵੇ
ਪਰ ਧੂਣੀ ਦਾ ਧੂੰਆਂ ਬਣ ਕੇ
ਅੰਦਰ ਜੀਰਦੀ ਜਾਵੇ
ਇਹ ਸੁੰਨ ਹੀ ਖੁਦ 'ਚੋਂ ਖੁਦ ਦਾ
ਕਰਦੀ ਲੇਖਾ-ਜੋਖਾ
ਆਖੇ ਮੈਨੂੰ ਅੰਦਰ ਵਸਾ ਲੈ
ਬੋਲਿਆ ਭਲਿਆ ਲੋਕਾ
ਇਕ ਸੁੰਨ ਝਾਕੇ ਸੁੰਗੜੇ ਨੈਣੀਂ
ਸੁਪਨੇ ਕਿਸ ਸਰਾਪੇ
ਇਸ ਸੁੰਨ ਦੀ ਭੀੜ ਦੇ ਅੰਦਰ
ਬੰਦਾ 'ਕੱਲਾ ਜਾਪੇ
ਇਕ ਸੁੰਨ ਉਜੜੇ ਆਲ੍ਹਣੇ ਬਹਿ ਕੇ
ਬੋਟਾਂ ਨੂੰ ਵਰਚਾਵੇ
ਪਰ ਖਿਲਰੇ ਤੀਲਿਆਂ ਦੀ ਹੋਣੀ
ਚੋਗ ਕਿੰਜ ਬਣ ਜਾਵੇ
ਭਰੀ ਹੋਈ ਆ ਸੁੰਨ ਦੀ ਬਗਲੀ
ਕਤਲ, ਕਰੋਧ ਵਿਨਾਸ਼ਾਂ
ਆਪਣੀ ਮੌਤ ਵਿਹਾਜਣ ਤੁਰੀਆਂ
ਤੁਰਦੀਆਂ ਫਿਰਦੀਆਂ ਲਾਸ਼ਾਂ
ਗਮਵੇਤਾ ਦੀ ਵੇਦੀ ਚੜ੍ਹੀਆਂ
ਚਿੰਤਾ, ਫਿਕਰ, ਅਰਦਾਸਾਂ
ਤੇ ਹੱਥੀਂ ਕੀਤੇ ਵੀਰਾਨ ਚਮਨ ਨੂੰ
ਕਿੰਜ ਬੰਨਾਵਾਂ ਆਸਾਂ
ਇਕ ਸੁੰਨ ਘਰ ਦੀ ਸਰਦਲ ਬਹਿ ਕੇ
ਮੰਗਦੀ ਆਪਣੀ ਖੈਰ
ਘਰ ਵਾਲਾ ਹੀ ਘਰ ਰਹਿੰਦਿਆਂ
ਬਣ ਜਾਂਦਾ ਏ ਗੈਰ
ਤੇ ਮੋਹ ਦੇ ਚਿੱਟੇ ਅੰਬਰ-ਜੂਹੇ
ਉਠਦੀ ਗਾੜ੍ਹੀ ਗਹਿਰ।

ਇਕ ਸੁੰਨ ਹੋਵੇ ਪੁੰਨਿਆ ਰਾਤੇ
ਤੇ ਤਾਰੇ ਬੈਠਣ ਕੋਲ
ਚਾਨਣ ਦੀ ਜੂਹ ਵਿਚ ਬਹਿ ਕੇ
ਦੇਵਾਂ ਮਨ ਫਰੋਲ
ਇਕ ਸੁੰਨ ਹੋਵੇ ਸਰਘੀ ਉਤਰੀ
ਪਾ ਤ੍ਰੇਲ ਦਾ ਬਾਣਾ
ਤੇ ਹੌਲੀ ਹੌਲੀ ਉਤਰੀ ਧੁੱਪ ਦਾ
ਪੰਛੀਆਂ ਨੇ ਗੀਤ ਗਾਣਾ
ਇੱਕ ਸੁੰਨ ਹੁੰਦੀ ਪੀਰ-ਦਰਗਾਹੇ
ਅੰਦਰ ਧੱਸਦੀ ਜਾਵੇ
ਪਿੰਡੇ ਉਤੇ ਲੀਰਾਂ ਚਾਦਰ
ਹੌਲੀ ਹੌਲੀ ਲਾਹਵੇ
ਇਕ ਸੁੰਨ ਜਿਹੜੀ ਬੋਲ-ਬਰੂਹੀਂ
ਰੋਜ਼ ਤੇਲ ਚੋਅ ਜਾਵੇ
ਉਸ ਦਾ ਰੂਪ ਹੀ ਵਰਕਿਆਂ ਉਤੇ
ਇਬਾਰਤ ਰੂਪ ਹੰਢਾਵੇ

*(ਬਾਕੀ ਅਗਲੇ ਸਫੇ 'ਤੇ)*

# ਮੰਦੀ ਦਾ ਸ਼ਿਕਾਰ ਲੋਕ ਕਿੰਨਾ ਚਿਰ ਚੁੱਪ ਰਹਿ ਸਕਣਗੇ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਸਾਲ ਦੇ ਫਰਵਰੀ ਮਹੀਨੇ ਪਿਛੋਂ ਦੀਆਂ ਘਟਨਾਵਾਂ ਦੇ ਵਹਿਣ ਵਿਚ ਸਾਡੇ ਵਰਗੇ ਬਹੁਤ ਸਾਰੇ ਲੋਕਾਂ ਦਾ ਧਿਆਨ ਇਸ ਗੱਲ ਵੱਧ ਲੱਗਾ ਰਿਹਾ ਹੈ ਕਿ ਪਾਕਿਸਤਾਨ ਦੀ ਆਰਥਕਤਾ ਡੁੱਬਣ ਵਾਲੀ ਹੈ, ਤੇ ਇਸ ਵਿਚ ਕੋਈ ਸ਼ੱਕ ਵੀ ਨਹੀਂ। ਉਹ ਮੁਲਕ ਆਪਣੀ ਹੋਂਦ ਦੇ ਸਭ ਤੋਂ ਬੁਰੇ ਦੌਰ ਵਿਚੋਂ ਲੰਘ ਰਿਹਾ ਹੈ। ਇਸ ਪਾਸੇ ਜਦੋਂ ਸਾਰਾ ਧਿਆਨ ਲੱਗਾ ਹੋਇਆ ਹੈ, ਸਾਡੇ ਵਿਚੋਂ ਬਹੁਤੇ ਲੋਕਾਂ ਨੂੰ ਇਹ ਸੋਚਣ ਦੀ ਲੋੜ ਨਹੀਂ ਜਾਪਦੀ ਕਿ ਪਾਕਿਸਤਾਨ ਜਿੰਨੀ ਨਾ ਸਹੀ, ਭਾਰਤ ਦੀ ਆਰਥਕ ਹਾਲਤ ਵੀ ਪੈਰੋ-ਪੈਰ ਵਿਗੜੀ ਜਾਂਦੀ ਹੈ।

ਪਿਛਲੇ ਮਹੀਨੇ ਇਹ ਲੁਕਿਆ ਭੇਦ ਭਾਰਤ ਦੇ ਯੋਜਨਾ ਕਮਿਸ਼ਨ, ਜਿਸ ਨੂੰ ਹਿੰਦੀਕਰਣ ਦੀ ਮੁਹਿੰਮ ਹੇਠ ਇੱਕ ਨਵਾਂ ਨਾਂ 'ਨੀਤੀ ਆਯੋਗ' ਦੇ ਦਿੱਤਾ ਗਿਆ ਹੈ, ਦੇ ਉਪ ਚੇਅਰਮੈਨ ਰਾਜੀਵ ਕੁਮਾਰ ਕੋਲੋਂ ਅਚਾਨਕ ਜਾਹਰ ਹੋ ਗਿਆ। ਉਹ ਸਨਅਤਕਾਰਾਂ ਸਾਹਮਣੇ ਬੋਲ ਰਹੇ ਸਨ। ਖਿਆਲ ਸ਼ਾਇਦ ਇਹ ਸੀ ਕਿ ਇਥੇ ਕਹੀ ਗੱਲ ਇਥੇ ਰਹਿ ਜਾਣੀ ਹੈ, ਪਰ ਉਹ ਬਾਹਰ ਨਿਕਲ ਗਈ ਕਿ ਰਾਜੀਵ ਕੁਮਾਰ ਨੇ ਕਿਹਾ ਹੈ ਕਿ ਭਾਰਤ ਦੀ ਆਜ਼ਾਦੀ ਪਿੱਛੋਂ ਦੇ 72 ਸਾਲਾਂ ਵਿਚ ਅਜਿਹੀ ਬੇਭਰੋਸਗੀ ਕਦੇ ਨਹੀਂ ਵੇਖੀ ਗਈ, ਜਿੰਨੀ ਇਸ ਵਕਤ ਦਿਖਾਈ ਦਿੰਦੀ ਹੈ ਅਤੇ ਬੈਂਕ ਹੀ ਨਹੀਂ, ਲੋਕ ਵੀ ਇੱਕ ਦੂਸਰੇ ਨਾਲ ਕਾਰੋਬਾਰੀ ਮਾਮਲੇ ਵਿਚ ਭਰੋਸਾ ਨਹੀਂ ਕਰਦੇ।

ਇਸ ਤੋਂ ਇੱਕ ਦਿਨ ਪਹਿਲਾਂ ਭਾਰਤ ਦੀ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਕਹਿ ਕੇ ਹਟੀ ਸੀ ਕਿ ਦੇਸ਼ ਵਿਚ ਕਿਸੇ ਤਰ੍ਹਾਂ ਦੀ ਆਰਥਕ ਮੰਦੀ ਦਾ ਕੋਈ ਸੰਕੇਤ ਹੀ ਨਹੀਂ ਹੈ। ਰਾਜੀਵ ਕੁਮਾਰ ਦੀ ਇਸ ਗੱਲ ਦਾ ਰੌਲਾ ਪਿਆ ਤਾਂ ਬੀਬੀ ਨਿਰਮਲਾ ਫਿਰ ਸਾਹਮਣੇ ਆਈ ਅਤੇ ਇਸ ਵੇਲੇ ਦੇਸ਼ ਦੀ ਆਰਥਕਤਾ ਦੇ ਮੰਦੇ ਹੋਣ ਦਾ ਖੰਡਨ ਕਰਨ ਦੇ ਨਾਲ ਦੇਸ਼ ਦੀ ਸਨਅਤ ਅਤੇ ਬੈਂਕਾਂ ਨੂੰ ਸੰਕਟ ਵਿਚੋਂ ਕੱਢਣ ਦੇ ਕਦਮਾਂ ਦਾ ਐਲਾਨ ਵੀ ਕਰਨ ਲੱਗ ਪਈ। ਆਰਥਕ ਸੰਕਟ ਨਹੀਂ ਸੀ ਤਾਂ ਇਨ੍ਹਾਂ ਕਦਮਾਂ ਦੀ ਲੋੜ ਨਹੀਂ ਸੀ ਹੋਣੀ ਚਾਹੀਦੀ, ਪਰ ਬੀਬੀ ਨੇ ਜਿਵੇਂ ਸਾਰੇ ਸੰਕਟ 'ਤੇ ਪੋਚਾ ਮਾਰਨਾ ਚਾਹਿਆ, ਉਸ 'ਤੇ ਅਗਲੇ ਹਫਤੇ ਫਿਰ ਦਾਗ ਉਭਰ ਆਏ। ਮਾਰੂਤੀ ਕਾਰ ਕੰਪਨੀ ਨੇ ਕੁਝ ਦਿਨ ਕੰਮ ਬੰਦ ਰੱਖਣ ਦਾ ਐਲਾਨ ਕੀਤਾ, ਕਿਉਂਕਿ ਕਾਰਾਂ ਦੀ ਵਿਕਰੀ ਘਟ ਗਈ ਸੀ ਤੇ ਏਨੀ ਘਟ ਗਈ ਕਿ ਕੰਪਨੀ ਲਈ ਸੰਕਟ ਦੀ ਸਥਿਤੀ ਪੈਦਾ ਹੋ ਗਈ ਸੀ। ਫਿਰ ਲੇਅਲੈਂਡ ਕੰਪਨੀ ਨੇ ਕੁਝ ਦਿਨ ਕੰਮ ਬੰਦ ਰੱਖਣ ਦਾ ਸੰਕੇਤ ਦੇ ਦਿੱਤਾ। ਉਸ ਕੰਪਨੀ ਸਾਹਮਣੇ ਵੀ ਇਹ ਸਥਿਤੀ ਪੈਦਾ ਹੋਣ ਦਾ ਉਹੀ ਕਾਰਨ ਸੀ, ਜੋ ਮਾਰੂਤੀ ਅਤੇ ਹੋਰ ਬਹੁਤ ਸਾਰੇ ਅਦਾਰਿਆਂ ਦੇ ਸਾਹਮਣੇ ਸਿਰ ਚੁੱਕੀ ਖੜੋਤਾ ਹੈ, ਪਰ ਨਰਿੰਦਰ ਮੋਦੀ ਸਰਕਾਰ ਇਸ ਤੋਂ ਅੱਖਾਂ ਚੁਰਾਉਣ ਦੇ ਯਤਨ ਕਰ ਰਹੀ ਹੈ।

ਅਸੀਂ ਕਾਰਾਂ ਦੀ ਵਿਕਰੀ ਦੇ ਅੰਕੜੇ ਵੇਖੇ ਹਨ ਤੇ ਉਨ੍ਹਾਂ ਤੋਂ ਪਤਾ ਲੱਗਾ ਹੈ ਕਿ ਪਿਛਲੇ ਮਹੀਨੇ ਇਸ ਦਾ ਹਾਲ ਉਹੋ ਹੋ ਗਿਆ ਹੈ, ਜੋ 19 ਸਾਲ ਪਹਿਲਾਂ ਵਾਜਪਾਈ ਸਰਕਾਰ ਵੇਲੇ ਹੋਇਆ ਅਤੇ ਮਸਾਂ ਸੁਧਰਿਆ ਸੀ। 19 ਕੁ ਸਾਲ ਲੰਘ ਕੇ ਮੁੜ ਜਦੋਂ ਇਹੋ ਸੰਕਟ ਸਾਹਮਣੇ ਆਇਆ ਹੈ ਤਾਂ ਖਜਾਨਾ ਮੰਤਰੀ ਬੀਬੀ ਨਿਰਮਲਾ ਨੇ ਨਵੀਂ ਕਥਾ ਛੋਹ ਦਿੱਤੀ ਹੈ ਕਿ ਦੋ ਕੰਪਨੀਆਂ ਓਲਾ ਤੇ ਓਬਰ ਅਤੇ ਨਵੀਂ ਉਭਰੀ 'ਮਿਲੇਨੀਅਲ ਜਨਰੇਸ਼ਨ' ਪ੍ਰਤੀ ਲੋਕਾਂ ਦੀ ਸੋਚ ਕਾਰਨ ਏਦਾਂ ਦਾ ਸੰਕਟ ਖੜਾ ਹੋਇਆ ਹੈ। ਦੋਹਾਂ ਕੰਪਨੀਆਂ 'ਤੇ ਉਸ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਕਾਰਨ ਲੋਕ ਸਸਤੇ ਭਾਅ ਟੈਕਸੀ ਦੀ ਸੇਵਾ ਲੈਣ ਲੱਗ ਪਏ ਹਨ ਤੇ ਆਪਣੀ ਕਾਰ ਖਰੀਦਣ ਤੋਂ ਹਟਦੇ ਜਾਂਦੇ ਹਨ ਅਤੇ ਮਿਲੇਨੀਅਲ ਜਨਰੇਸ਼ਨ ਦੇ ਲੋਕ ਅਸਲੋਂ ਹੀ ਨਵੀਂ ਕਿਸਮ ਦੀ ਜੀਵਨ-ਸੋਚ ਅਪਨਾਉਣ ਲੱਗ ਪਏ ਹਨ, ਜਿਸ ਕਾਰਨ ਕਾਰਾਂ ਵਗੈਰਾ ਦੀ ਲੋੜ ਹੀ ਉਨ੍ਹਾਂ ਨੂੰ ਨਹੀਂ ਜਾਪਦੀ ਅਤੇ ਇਸ ਲਈ ਮੋਟਰ-ਗੱਡੀਆਂ ਦੇ ਖੇਤਰ ਵਿਚ ਸੰਕਟ ਆ ਰਿਹਾ ਹੈ। ਇਹ ਨਵਾਂ ਨੁਕਤਾ ਹੈ।

ਸਾਡੀ ਜਾਣਕਾਰੀ ਮੁਤਾਬਕ ਰੋਮਨ ਕੈਲੰਡਰ ਦਾ ਹਜ਼ਾਰਵਾਂ ਸਾਲ ਜਦੋਂ ਆਉਂਦਾ ਹੈ, ਉਸ ਨੂੰ 'ਮਿਲੇਨੀਅਮ' ਕਿਹਾ ਜਾਂਦਾ ਹੈ ਤੇ ਜੋ ਬੱਚੇ ਇਸ ਮਿਲੇਨੀਅਮ ਵਾਲੇ ਸਾਲ ਦੇ ਨੇੜੇ-ਤੇੜੇ ਜਵਾਨੀ ਵਿਚ ਪੈਰ ਰੱਖਦੇ ਹਨ, ਉਨ੍ਹਾਂ ਲਈ ਇੱਕ ਸ਼ਬਦ 'ਮਿਲੇਨੀਅਲ ਜਨਰੇਸ਼ਨ' ਵਰਤ ਲਿਆ ਜਾਂਦਾ ਹੈ। ਇਸ ਦਾ ਅਰਥ ਹੈ, ਜੋ ਬੱਚੇ ਸਾਲ 1981 ਪਿੱਛੋਂ ਪੈਦਾ ਹੋਏ ਸਨ ਅਤੇ ਸਾਲ 2000 ਦੇ ਕੁਝ ਸਾਲ ਪਹਿਲਾਂ ਜਾਂ ਪਿੱਛੋਂ ਅਡਲਟ ਹੋਏ ਸਨ, ਉਹ ਸਾਰੇ 'ਮਿਲੇਨੀਅਲ' ਹਨ। ਸਾਡੇ ਇੰਟਰਨੈਟ ਯੁੱਗ ਵਿਚ ਪ੍ਰਵਾਨ ਚੜ੍ਹੀ ਇਸ ਪੀੜ੍ਹੀ ਵਾਲੇ ਲੋਕ ਵੱਖਰੀ ਤਰ੍ਹਾਂ ਸੋਚਦੇ ਹਨ। ਆਪਣੀ ਕਾਰ ਖਰੀਦਣ ਲਈ ਪੈਸੇ ਖਰਚਣ ਦੀ ਥਾਂ ਉਹ ਬੈਂਕ ਵਿਚ ਪੈਸੇ ਜਮ੍ਹਾਂ ਕਰਵਾ ਕੇ ਉਨ੍ਹਾਂ ਦੇ ਵਿਆਜ਼ ਨਾਲ ਟੈਕਸੀ ਦੇ ਸਫਰ ਨੂੰ ਸੌਖਾ ਤੇ ਸਸਤਾ ਸਮਝਦੇ ਹਨ। ਉਨ੍ਹਾਂ ਦੀ ਇਹ ਵੀ ਸੋਚ ਹੈ ਕਿ ਜਿੰਨੀ ਦੇਰ ਨੂੰ ਸਵੇਰੇ ਉਠ ਕੇ ਗੱਡੀ ਧੋਣੀ ਤੇ ਉਸ ਦਾ ਤੇਲ-ਪਾਣੀ ਵੇਖਣਾ ਹੈ, ਉਸ ਤੋਂ ਪਹਿਲਾਂ ਟੈਕਸੀ ਬੂਹੇ ਅੱਗੇ ਆ ਜਾਂਦੀ ਹੈ ਤੇ ਆਪਣੇ ਪੱਲਿਓਂ ਤੇਲ ਦੇ ਪੈਸੇ ਖਰਚਣ, ਹਰ ਤਿੰਨ ਮਹੀਨੇ ਪਿੱਛੋਂ ਸਰਵਿਸ ਅਤੇ ਮੋਬਿਲ ਆਇਲ ਬਦਲਣ ਦੇ ਖਰਚ ਦੇ ਨਾਲ ਟਾਇਰਾਂ ਅਤੇ ਮਸ਼ੀਨਰੀ ਦੀ ਘਸਾਈ ਜਿੰਨੀ ਮਹਿੰਗੀ ਪੈ ਰਹੀ ਹੈ, ਉਸ ਨਾਲੋਂ ਟੈਕਸੀ ਸੇਵਾ ਸਸਤੀ ਜਾਪਦੀ ਹੈ।

ਇਹੀ ਨਹੀਂ, ਉਹ ਇਹ ਵੀ ਸੋਚਦੇ ਹਨ ਕਿ ਰਾਤ ਨੂੰ ਘਰ ਮੂਹਰੇ ਗੱਡੀ ਲਾਉਣ ਨੂੰ ਥਾਂ ਨਹੀਂ ਲੱਭਦੀ, ਲੋਕ ਗੱਡੀ ਲਾਉਣ ਤੋਂ ਇੱਕ ਦੂਸਰੇ ਦੇ ਕਤਲ ਵੀ ਕਰਨ ਲੱਗੇ ਹਨ ਤੇ ਬਾਜ਼ਾਰ ਜਾਣਾ ਪਵੇ ਤਾਂ ਓਥੇ ਪਾਰਕਿੰਗ ਦੀ ਥਾਂ ਨਹੀਂ ਲੱਭਦੀ। ਕਿਰਾਏ ਦੀ ਟੈਕਸੀ ਨਾਲ ਇਹ ਝੰਜਟ ਵੀ ਨਹੀਂ ਰਹਿੰਦੇ।

ਇਹ ਸਾਰੀ ਗੱਲ ਠੀਕ ਹੁੰਦਿਆਂ ਵੀ ਭਾਰਤ ਦੀ ਖਜਾਨਾ ਮੰਤਰੀ ਅਤੇ ਉਸ ਦੇ ਪਿੱਛੇ ਖੜੀ ਸਰਕਾਰ ਇਸ ਫਰਜ਼ ਨੂੰ ਪਾਲਣ ਦੇ ਪੱਖੋਂ ਕੋਤਾਹੀ ਦੇ ਦੋਸ਼ ਤੋਂ ਨਹੀਂ ਬਚ ਸਕਦੀਆਂ ਕਿ ਦੇਸ਼ ਦੀ ਆਰਥਕਤਾ ਨੂੰ ਡਾਵਾਂਡੋਲ ਹੁੰਦਾ ਵੇਖਣ ਪਿੱਛੋਂ ਵੀ ਉਸ ਨੂੰ ਠੁੰਮ੍ਹਣਾ ਦੇਣ ਲਈ ਕੁਝ ਨਹੀਂ ਕੀਤਾ ਗਿਆ। ਜਿੰਨੀ ਗੱਲ ਭਾਰਤ ਦੇ ਨੀਤੀ ਆਯੋਗ ਦੇ ਡਿਪਟੀ ਚੇਅਰਮੈਨ ਦੇ ਮੂੰਹੋਂ ਨਿਕਲ ਜਾਣ ਦੇ ਚੌਵੀ ਘੰਟਿਆਂ ਪਿਛੋਂ ਉਸੇ ਕੋਲੋਂ ਖੰਡਨ ਕਰਵਾਇਆ ਗਿਆ, ਜਦੋਂ ਉਹੋ ਗੱਲ ਇਸ ਸਰਕਾਰ ਦੇ ਅੰਦਰੂਨੀ ਸਰਕਲ ਵਿਚ ਪਹਿਲਾਂ ਤੋਂ ਪਤਾ ਸੀ ਤਾਂ ਸਮਾਂ ਰਹਿੰਦੇ ਕੁਝ ਕਰਨਾ ਚਾਹੀਦਾ ਸੀ। ਅੱਜ ਕੰਪਨੀਆਂ ਦੇ ਪ੍ਰਬੰਧਕ ਵੀ ਜਦੋਂ ਇਹ ਕਹਿੰਦੇ ਹਨ ਕਿ ਸਾਡੇ ਕੋਲ ਮਾਲ ਬੜਾ ਹੋ ਗਿਆ ਹੈ ਤੇ ਵਿਕਦਾ ਨਹੀਂ ਪਿਆ, ਤਾਂ ਇਸ ਦਾ ਮਤਲਬ ਹੈ ਕਿ ਲੋਕਾਂ ਦੀ ਖਰੀਦ ਸ਼ਕਤੀ ਅਚਾਨਕ ਡਿੱਗਣ ਲੱਗ ਪਈ ਹੈ।

ਦੂਜਾ ਫਰਕ ਇਹ ਹੈ ਕਿ ਯੋਜਨਾਬੰਦੀ ਦੀ ਘਾਟ ਕਾਰਨ ਲੋੜ ਤੋਂ ਵੱਧ ਮਾਲ ਬਣਾਇਆ ਜਾਂਦਾ ਰਿਹਾ ਹੈ। ਗੁਰਦਿਆਲ ਸਿੰਘ ਗਿਆਨਪੀਠ ਐਵਾਰਡੀ ਅੱਜ ਸਾਡੇ ਕੋਲ ਨਹੀਂ, ਪਰ ਉਨ੍ਹਾਂ ਦੀ ਦਸ ਸਾਲ ਤੋਂ ਵੱਧ ਪਹਿਲਾਂ ਦੀ ਆਖੀ ਗੱਲ ਯਾਦ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੀ ਜ਼ਮੀਨ ਵਾਸਤੇ ਮਸਾਂ ਅੱਸੀ ਹਜ਼ਾਰ ਟਰੈਕਟਰ ਚਾਹੀਦੇ ਹਨ ਤੇ ਇਸ ਰਾਜ ਵਿਚ ਚਾਰ ਲੱਖ ਟਰੈਕਟਰ ਆ ਗਏ ਹਨ, ਜਿਸ ਦਾ ਭਾਵ ਹੈ ਕਿ ਲੋੜੋਂ ਪੰਜ ਗੁਣਾ ਲੋਹਾ ਖੇਤ ਵਿਚ ਖਿਲਾਰਿਆ ਗਿਆ ਹੈ। ਨਤੀਜੇ ਵਜੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਲੜੀ ਲੰਮੀ ਹੋਈ ਜਾਂਦੀ ਹੈ। ਇਸੇ ਹਫਤੇ ਇੱਕ ਨੌਜਵਾਨ ਕਿਸਾਨ ਖੁਦਕੁਸ਼ੀ ਕਰ ਗਿਆ, ਜਿਸ ਦੇ ਪੜਦਾਦੇ ਨੇ ਕਰਜ਼ੇ ਕਾਰਨ ਏਦਾਂ ਖੁਦਕੁਸ਼ੀ ਕੀਤੀ ਸੀ, ਫਿਰ ਦਾਦੇ ਨੇ ਕੀਤੀ, ਉਸ ਦੇ ਬਾਅਦ ਦਾਦੇ ਦੇ ਭਰਾ ਨੇ ਤੇ ਫਿਰ ਇਸ ਨੌਜਵਾਨ ਦਾ ਬਾਪ ਏਦਾਂ ਹੀ ਖੁਦਕੁਸ਼ੀ ਕਰ ਗਿਆ ਸੀ। ਅੱਗੋਂ ਇਹ ਨੌਬਤ ਕਿਸਾਨੀ ਤੋਂ ਇਲਾਵਾ ਹੋਰ ਖੇਤਰਾਂ ਵਿਚ ਵੀ ਆ ਸਕਦੀ ਹੈ।

ਜਦੋਂ ਕਾਰਾਂ ਦੇ ਕਾਰਖਾਨੇ ਬੰਦ ਹੋਣਗੇ ਤਾਂ ਉਨ੍ਹਾਂ ਨੂੰ ਕੱਚਾ ਮਾਲ ਦੇਣ ਵਾਲੇ ਕਾਰਖਾਨੇ ਵੀ ਬੰਦ ਹੋਣਗੇ, ਏਥੇ ਬਣਦਾ ਮਾਲ ਵੇਚਣ ਵਾਲੇ ਸ਼ੋਅਰੂਮ ਵੀ ਬੰਦ ਹੋਣ ਦੀ ਨੌਬਤ ਆਵੇਗੀ। ਉਥੋਂ ਕੱਢੇ ਜਾਣ ਵਾਲੇ ਹਜ਼ਾਰਾਂ ਵਰਕਰ ਆਪਣੇ ਚੁੱਲ੍ਹੇ ਦੀ ਅੱਗ ਕਿੱਦਾਂ ਬਲਦੀ ਰੱਖਣਗੇ, ਇਸ ਬਾਰੇ ਕਚੀਚੀਆਂ ਵੱਟ ਕੇ ਬੋਲਣ ਵਾਲੀ ਖਜਾਨਾ ਮੰਤਰੀ ਨੇ ਕਦੀ ਸੋਚਣ ਦੀ ਲੋੜ ਹੀ ਨਹੀਂ ਸਮਝੀ। ਏਨੇ ਲੋਕਾਂ ਦੇ ਬੇਰੁਜ਼ਗਾਰ ਹੋਣ ਨਾਲ ਕਈ ਹੋਰ ਖੇਤਰਾਂ 'ਤੇ ਵੀ ਅਸਰ ਪਵੇਗਾ।

ਸਰਮਾਏਦਾਰੀ ਸਿਰਫ ਕਮਾਈ ਦਾ ਕਾਰੋਬਾਰ ਕਰਨਾ ਜਾਣਦੀ ਹੈ ਅਤੇ ਕਰਦੀ ਹੈ, ਆਪਣੇ ਲਈ ਕਮਾਈ ਕਰਨ ਵਾਲੇ ਲੋਕਾਂ ਦੇ ਜਿੰਦਾ ਰਹਿਣ ਦੀ ਚਿੰਤਾ ਨਹੀਂ ਕਰਦੀ। ਜਦੋਂ ਸਰਕਾਰ ਚਿੰਤਾ ਨਾ ਕਰੇਗੀ ਤਾਂ ਆਖਰ ਉਹ ਵੀ ਚਿੰਤਾ ਕਰਨਾ ਛੱਡ ਦੇਣਗੇ। ਭਾਰਤ ਦੇ ਜਿਹੜੇ ਲੋਕ ਇਹੋ ਜਿਹੀ ਮੰਦੀ ਦਾ ਸ਼ਿਕਾਰ ਹੋ ਕੇ ਅਚਾਨਕ ਘਰੀਂ ਬੈਠ ਜਾਣਗੇ, ਉਹ ਕਿਸੇ ਦਿਨ ਇਸ ਦੇਸ਼ ਦੀ ਹਕੂਮਤ ਲਈ ਟਾਈਮ ਬੰਬ ਵੀ ਸਾਬਤ ਹੋ ਸਕਦੇ ਹਨ। ਪ੍ਰਧਾਨ ਮੰਤਰੀ ਨੂੰ ਇਸ ਦੀ ਚਿੰਤਾ ਨਹੀਂ, ਹੋਰ ਮੁੱਦੇ ਅਹਿਮ ਜਾਪਦੇ ਹਨ।

# ਪਰਗਟ ਫਿਰ ਪਰਗਟ ਨਿਕਲਿਆ

ਪ੍ਰਿੰ. ਸਰਵਣ ਸਿੰਘ

2016 ਵਿਚ ਬਾਦਲ ਸਰਕਾਰ ਵਲੋਂ ਪਰਗਟ ਸਿੰਘ ਨੂੰ ਮੁੱਖ ਸੰਸਦੀ ਸਕੱਤਰ ਬਣਾਉਣ ਦਾ ਚੋਗਾ ਪਾਇਆ ਗਿਆ ਸੀ, ਜੋ ਉਸ ਨੇ ਨਹੀਂ ਸੀ ਚੁਗਿਆ। ਉਦੋਂ ਦੋਸਤਾਂ ਮਿੱਤਰਾਂ ਨੇ ਉਹਨੂੰ ਸੁਚੇਤ ਕਰਦਿਆਂ ਕਿਹਾ ਸੀ, "ਪਰਗਟ, ਤੂੰ ਪਰਗਟ ਈ ਰਹੀਂ!" ਬਾਦਲ ਸਰਕਾਰ ਵੇਲੇ ਪਰਗਟ, ਪਰਗਟ ਹੀ ਰਿਹਾ। ਹੁਣ ਪਰਗਟ ਫਿਰ ਉਹੀ ਪੁਰਾਣਾ ਪਰਗਟ ਨਿਕਲਿਆ। ਕੈਪਟਨ ਦਾ ਪਾਇਆ ਚੋਗਾ ਵੀ ਉਸ ਨੇ ਨਹੀਂ ਚੁਗਿਆ ਤੇ ਕੈਪਟਨ ਦੇ ਜਾਲ ਵਿਚ ਨਹੀਂ ਫਸਿਆ। ਕਦੇ ਬਾਦਲ ਦਲ ਨੇ ਉਸ ਨੂੰ ਬਿਨਾ ਵਜ੍ਹਾ ਪਾਰਟੀ 'ਚੋਂ ਕੱਢ ਦਿੱਤਾ ਸੀ। ਕੱਢੇਗਾ ਕਿਸੇ ਦਿਨ ਕੈਪਟਨ ਵੀ ਕਿਉਂਕਿ ਖਰੇ ਬੰਦੇ ਨਹੀਂ ਚਾਹੀਦੇ, ਇਨ੍ਹਾਂ ਭੱਦਰ ਪੁਰਸ਼ਾਂ ਨੂੰ। ਸੰਭਵ ਹੈ, ਕੈਪਟਨ ਦੇ ਕੱਢਣ ਤੋਂ ਪਹਿਲਾਂ ਹੀ ਪਰਗਟ ਸਿੰਘ, ਨਵਜੋਤ ਸਿੰਘ ਸਿੱਧੂ ਵਾਂਗ ਕਿਨਾਰਾ ਕਰ ਲਵੇ।

ਤਿੰਨ ਸਾਲ ਪਹਿਲਾਂ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਵਾਲੇ ਕ੍ਰਿਕਟਰ ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ ਤੇ ਬੈਂਸ ਭਰਾਵਾਂ ਨੇ ਪੰਜਾਬ ਮੋਰਚੇ ਦੀ ਨੀਂਹ ਰੱਖੀ ਸੀ, ਜਿਸ ਉਤੇ ਕੋਈ ਉਸਾਰੀ ਨਾ ਹੋ ਸਕੀ। ਸਗੋਂ ਨੀਂਹਾਂ ਹੀ ਪੂਰ ਦਿੱਤੀਆਂ ਗਈਆਂ ਅਤੇ ਬੈਂਸ ਭਰਾਵਾਂ ਨੇ ਲੋਕ ਇਨਸਾਫ ਪਾਰਟੀ ਬਣਾ ਕੇ ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰ ਲਿਆ, ਜੋ ਬਾਅਦ ਵਿਚ ਟੁੱਟ ਗਿਆ।

ਉਦੋਂ ਨਵਜੋਤ ਸਿੱਧੂ ਤੇ ਪਰਗਟ ਕਾਫੀ ਦੇਰ ਦਲੀਲਾਂ ਵਿਚ ਪਏ ਰਹੇ, ਪਈ 'ਆਪ' ਤੇ ਕਾਂਗਰਸ ਦੀਆਂ ਟੀਮਾਂ 'ਚੋਂ ਕੀਹਦੇ ਵੱਲੋਂ ਖੇਡੀਏ? ਟੀਮ ਦਾ ਕਪਤਾਨ/ਉਪ ਕਪਤਾਨ ਬਣਾਉਣ ਦੀ ਗੱਲ ਚਲਦੀ ਰਹੀ। ਜਿਵੇਂ ਅੱਜ ਕੱਲ੍ਹ ਲੀਗਾਂ ਲਈ ਕ੍ਰਿਕਟ ਤੇ ਹਾਕੀ ਦੇ ਖਿਡਾਰੀ ਖਰੀਦੇ ਜਾਂਦੇ ਹਨ, ਉਵੇਂ ਨਵਜੋਤ ਤੇ ਪਰਗਟ ਵੀ ਬਿਨਾ ਖਰੀਦੇ ਕਾਂਗਰਸ ਦੀ ਟੀਮ ਵਿਚ ਪਾ ਲਏ ਗਏ। ਫਿਰ ਉਨ੍ਹਾਂ ਨੇ ਉਹੀ ਕਰ ਵਿਖਾਇਆ, ਜਿਸ ਦੀ ਆਸ ਰੱਖੀ ਸੀ। ਨਵਜੋਤ ਦੇ ਚੌਕੇ-ਛੱਕੇ ਤੇ ਪਰਗਟ ਦੇ ਪੈਨਲਟੀ ਕਾਰਨਰਾਂ ਨੇ ਕਾਂਗਰਸ ਦੀ ਟੀਮ ਨੂੰ ਤਕੜੀ ਜਿੱਤ ਦਿਵਾਈ। ਫਿਰ ਜੋ ਇਨਾਮ ਮਿਲਿਆ, ਉਹ ਸਭ ਦੇ ਸਾਹਮਣੇ ਹੈ!

ਪਰਗਟ ਨੇ ਹਾਕੀ ਦੇ 313 ਕੌਮਾਂਤਰੀ ਮੈਚ ਖੇਡੇ, ਜਿਨ੍ਹਾਂ 'ਚੋਂ 168 ਮੈਚਾਂ ਵਿਚ ਉਹ ਭਾਰਤੀ ਟੀਮਾਂ ਦਾ ਕਪਤਾਨ ਬਣਿਆ। ਉਹ 'ਏਸ਼ੀਅਨ ਆਲ ਸਟਾਰਜ਼ ਇਲੈਵਨ' ਦਾ ਵੀ ਕਪਤਾਨ ਰਿਹਾ। ਉਹ ਅਰਜਨਾ ਅਵਾਰਡੀ ਅਤੇ ਰਾਜੀਵ ਗਾਂਧੀ ਖੇਲ ਰਤਨ ਅਵਾਰਡੀ ਹੈ ਤੇ ਉਸ ਨੂੰ ਪਦਮ ਸ੍ਰੀ ਦਾ ਪੁਰਸਕਾਰ ਵੀ ਮਿਲਿਆ ਹੋਇਐ। ਉਹ ਪੰਜਾਬ ਦਾ ਸਪੋਰਟਸ ਡਾਇਰੈਕਟਰ ਵੀ ਰਿਹਾ ਅਤੇ ਲਗਾਤਾਰ ਹਾਕੀ ਦੀ ਖੇਡ ਨਾਲ ਜੁੜਿਆ ਆ ਰਿਹੈ। ਨਵਜੋਤ ਦੀਆਂ ਵੀ ਖੇਡ ਪ੍ਰਾਪਤੀਆਂ ਬਥੇਰੀਆਂ ਹਨ।

ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2012 ਵਿਚ ਜਲੰਧਰ ਛਾਉਣੀ ਦੀ ਸੀਟ ਜਿੱਤਣ ਲਈ ਹੀ ਉਹਤੋਂ ਖੇਡਾਂ ਦੀ ਡਾਇਰੈਕਟਰੀ ਛੁਡਵਾਈ ਸੀ। ਉਦੋਂ ਉਹ ਇਮਾਨਦਾਰੀ ਨਾਲ ਖੇਡਾਂ ਦੀ ਸੇਵਾ ਕਰ ਰਿਹਾ ਸੀ, ਪਰ ਉਸ ਨੂੰ ਸਿਆਸਤ ਵਿਚ ਆਉਣ ਲਈ ਮਜਬੂਰ ਕੀਤਾ ਗਿਆ। ਜਲੰਧਰ ਛਾਉਣੀ ਦੀ ਸੀਟ ਕਾਂਗਰਸ ਦੀ ਪੱਕੀ ਸੀਟ ਸਮਝੀ ਜਾਂਦੀ ਸੀ। ਉਦੋਂ



ਪਰਗਟ ਸਿੰਘ

ਪਰਗਟ ਵਰਗਾ ਹਰਮਨ ਪਿਆਰਾ ਖਿਡਾਰੀ ਹੀ ਇਹ ਸੀਟ ਅਕਾਲੀ ਦਲ ਨੂੰ ਜਿਤਾ ਸਕਦਾ ਸੀ। ਜਿਹੜੇ ਕਹਿੰਦੇ ਸਨ ਕਿ ਅਕਾਲੀ ਦਲ ਨੇ ਪਰਗਟ ਨੂੰ ਟਿਕਟ ਦੇ ਕੇ ਅਹਿਸਾਨ ਕੀਤਾ ਸੀ, ਉਨ੍ਹਾਂ ਨੂੰ ਅਗਲੀ ਚੋਣ ਵਿਚ ਪਤਾ ਲੱਗ ਗਿਆ ਕਿ ਡਾਇਰੈਕਟਰੀ ਤਿਆਗ ਕੇ ਉਲਟਾ ਪਰਗਟ ਸਿੰਘ ਨੇ ਅਕਾਲੀ ਦਲ 'ਤੇ ਅਹਿਸਾਨ ਕੀਤਾ ਸੀ।

5 ਮਾਰਚ 1965 ਨੂੰ ਪਿੰਡ ਮਿੱਠਾਪੁਰ ਵਿਚ ਉਹਦਾ ਜਨਮ ਹੋਇਆ। 2005 ਵਿਚ ਉਹ ਪੁਲਿਸ ਕਪਤਾਨੀ ਛੱਡ ਕੇ ਪੰਜਾਬ ਦਾ ਖੇਡ ਡਾਇਰੈਕਟਰ ਬਣਿਆ। ਪੁਲਿਸ ਵਿਚ ਰਹਿੰਦਾ ਤਾਂ ਹੁਣ ਨੂੰ ਆਈ. ਜੀ. ਦੇ ਅਹੁਦੇ ਤਕ ਪੁੱਜਾ ਹੁੰਦਾ। 2010 ਵਿਚ ਕਬੱਡੀ ਦਾ ਪਹਿਲਾ ਵਿਸ਼ਵ ਕੱਪ ਹੋਇਆ ਤਾਂ ਮੈਨੂੰ ਉਸ ਨਾਲ ਵਿਚਰਨ ਦਾ ਮੌਕਾ ਮਿਲਿਆ। ਉਦੋਂ ਮੈਂ ਉਸ ਨੂੰ ਨੇੜਿਓਂ ਜਾਣਿਆਂ। ਉਹ ਡਿਸਿਪਲਿਨ ਦਾ ਪੱਕਾ ਸੀ। ਕਬੱਡੀ ਦਾ ਸੁਧਾਰ ਕਰਨ ਲਈ ਉਸ ਨੇ ਖਿਡਾਰੀਆਂ ਦੇ ਸਹੀ ਡੋਪ ਟੈਸਟ ਕਰਾਉਣ ਦੀ ਸਲਾਹੁਣਯੋਗ ਭੂਮਿਕਾ ਨਿਭਾਈ। ਕੁਮੈਂਟੇਟਰਾਂ ਦੀ ਟੀਮ ਵਿਚ ਭਗਵੰਤ ਮਾਨ ਵੀ ਸ਼ਾਮਲ ਸੀ। ਭਗਵੰਤ ਮਾਨ ਤੋਂ ਲੈ ਕੇ ਨਵਜੋਤ ਸਿੱਧੂ ਤਕ ਸਾਰੇ ਹੀ ਪਰਗਟ ਸਿੰਘ ਦੀ ਕਦਰ ਕਰਦੇ ਹਨ।

ਕੈਸੀ ਵਿਡੰਬਨਾ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਐਮ. ਐਲ. ਏ. ਬਣੇ ਪਰਗਟ ਸਿੰਘ ਤੋਂ ਖੇਡਾਂ ਦਾ ਕੋਈ ਕੰਮ ਨਹੀਂ ਲਿਆ, ਜਿਸ ਵਿਚ ਉਹ ਮਾਹਿਰ ਸੀ। ਹੁਣ ਕੈਪਟਨ ਸਰਕਾਰ ਨੇ ਵੀ ਉਸ ਤੋਂ ਖੇਡਾਂ ਦਾ ਕੋਈ ਕੰਮ ਨਹੀਂ ਲਿਆ। ਖੇਡ ਪ੍ਰੇਮੀਆਂ ਨੂੰ ਆਸ ਸੀ ਕਿ ਉਸ ਨੂੰ ਪੰਜਾਬ ਵਿਚ ਖੇਡਾਂ ਦਾ ਪੱਧਰ ਉਪਰ ਚੁੱਕਣ ਲਈ ਕੋਈ ਵਿਸ਼ੇਸ਼ ਜ਼ਿੰਮੇਵਾਰੀ ਦਿੱਤੀ ਜਾਵੇਗੀ, ਜੋ ਬਿਲਕੁਲ ਨਹੀਂ ਦਿੱਤੀ ਗਈ। ਸਗੋਂ ਪਰਗਟ ਨੇ ਖੇਡ ਡਾਇਰੈਕਟਰ ਹੁੰਦਿਆਂ ਜਿੰਨੀ ਕੁ ਜਾਨ ਖੇਡ ਵਿਭਾਗ ਵਿਚ ਪਾਈ ਸੀ, ਉਹ ਵੀ ਕੱਢ ਲਈ ਗਈ। ਖੇਡ ਵਿਭਾਗ ਨੂੰ ਸਸਤੀ ਸਿਆਸੀ ਸ਼ੁਹਰਤ ਲਈ ਲੋਕ ਸੰਪਰਕ ਵਿਭਾਗ ਹੀ ਬਣਾ ਲਿਆ ਗਿਆ।

ਸਿਆਸਤ ਵਿਚ ਭਾਵੇਂ ਉਹਨੂੰ ਮਜਬੂਰੀ ਵੱਸ ਲਿਆਂਦਾ ਗਿਆ ਸੀ, ਪਰ ਸਮੇਂ ਨਾਲ ਉਹ ਸਿਆਸਤ ਦਾ ਵੀ ਤਕੜਾ ਖਿਡਾਰੀ ਬਣ ਗਿਆ। ਜਲੰਧਰ ਛਾਉਣੀ ਤੋਂ ਰਿਕਾਰਡ ਤੋੜ ਵੋਟਾਂ ਨਾਲ ਜਿੱਤਿਆ। ਅਕਾਲੀ ਦਲ ਦੇ ਚੌਧਰੀ, ਨੌਜੁਆਨਾਂ ਨੂੰ ਨਸ਼ੇ ਛੁਡਾ ਕੇ ਵਧੀਆ ਖਿਡਾਰੀ ਬਣਾਉਣ ਦਾ ਉਹਤੋਂ ਕੋਈ ਕੰਮ ਨਹੀਂ ਸੀ ਲੈ ਸਕੇ। ਹੁਣ ਕਾਂਗਰਸ ਵਾਲੇ ਵੀ ਉਸੇ ਰਾਹ ਤੁਰੇ ਹੋਏ ਹਨ। ਪਰਗਟ ਨੂੰ ਕੋਈ ਅਜਿਹੀ ਜ਼ਿੰਮੇਵਾਰੀ ਨਹੀਂ ਦਿੱਤੀ ਗਈ, ਜਿਸ ਨਾਲ ਪੰਜਾਬ ਦੀ ਜੁਆਨੀ ਮੁੜ ਭਾਰਤ ਦੇ ਖੇਡ ਨਕਸ਼ੇ ਉਤੇ ਛਾ ਜਾਂਦੀ। ਹਾਲ ਦੀ ਘੜੀ ਤਾਂ ਹਰਿਆਣਾ ਹੀ ਖੇਡਾਂ ਵਿਚ ਪੰਜਾਬ ਨੂੰ ਅੱਗੇ ਨਹੀਂ ਲੰਘਣ ਦੇ ਰਿਹਾ।

ਨਸ਼ਿਆਂ ਦੇ ਖਾਤਮੇ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਚੰਗੀ ਸਿੱਖਿਆ ਤੇ ਚੰਗੀਆਂ ਸਿਹਤ ਸਹੂਲਤਾਂ ਦੇ ਨਾਲ ਖੇਡਾਂ ਦੀ ਵੀ ਬੜੀ ਅਹਿਮੀਅਤ ਹੈ। ਕੈਪਟਨ ਸਰਕਾਰ ਪਰਗਟ ਸਿੰਘ ਨੂੰ ਖੇਡ ਮੰਤਰੀ ਬਣਾਉਣ ਦੀ ਥਾਂ ਅਕਾਲੀ ਦਲ ਵਾਂਗ ਹੀ ਟਰਕਾਉਂਦੀ ਆ ਰਹੀ ਹੈ। ਹੁਣ ਸਲਾਹਕਾਰ ਬਣਨ ਦਾ ਚੋਗਾ ਪਾ ਕੇ ਫਾਹੁਣ ਲੱਗੀ ਸੀ, ਪਰ ਪਰਗਟ ਨਹੀਂ ਫਾਹਿਆ ਗਿਆ। ਜਿਨ੍ਹਾਂ ਨੇ ਫਸਣਾ ਸੀ, ਫਸ ਗਏ, ਜਿਸ ਦਾ ਪਤਾ ਅਗਲੀਆਂ ਚੋਣਾਂ ਵੇਲੇ ਲੱਗੇਗਾ। ਕਦੇ ਅਸੀਂ ਕਿਹਾ ਸੀ, 'ਪਰਗਟ, ਤੂੰ ਪਰਗਟ ਹੀ ਰਹੀਂ।' ਫਿਰ ਕਿਹਾ, 'ਪਰਗਟ, ਤੂੰ ਪਰਗਟ ਹੀ ਰਿਹਾ'! ਹੁਣ ਕਹਿੰਦੇ ਹਾਂ, 'ਪਰਗਟ ਫਿਰ ਪਰਗਟ ਨਿਕਲਿਆ!'

# ਸੁੰਨ ਦੀ ਸੰਵੇਦਨਾ

*(ਪਿਛਲੇ ਸਫੇ ਦੀ ਬਾਕੀ)*

ਇਕ ਸੁੰਨ ਹੁੰਦੀ ਰੂਹ ਦੀ ਸਿਰਜੀ
ਤੇ ਸੱਖਣੀ ਰੂਹ ਦਾ ਰੱਜ
ਇਸ ਸੁੰਨ ਵਿਚੋਂ ਹੀ ਰੌਸ਼ਨ ਹੁੰਦਾ
ਪਲ ਪਲ ਲੰਘਦਾ ਅੱਜ
ਇਸ ਸੁੰਨ ਦੀ ਸ਼ਰਣੀਂ ਆ ਜਾ
ਬਣ ਸੁਖਨ ਦਾ ਹਾਣੀ
ਇਸ ਸੁੰਨ ਵਿਚੋਂ ਹੀ ਹਰ ਯੁੱਗ ਨੇ
ਆਪਣੀ ਔਕਾਤ ਪਛਾਣੀ
ਤੇ ਇਸ ਵਿਚ ਹੀ ਖਤਮ ਹੋ ਕੇ
ਤੁਰਦੀ ਨਵੀਂ ਕਹਾਣੀ।

ਅੱਜ ਕੱਲ ਇਕ ਮਾਰੂ ਸੁੰਨ ਖੇਤਾਂ ਵਿਚ ਦਨਦਨਾਉਂਦੀ ਫਿਰਦੀ ਏ, ਜੋ ਖੁਦਕੁਸ਼ੀਆਂ ਨੂੰ ਜਨਮਦੀ, ਜ਼ਹਿਰ ਉਗਲਦੀ ਹਰੇਕ ਪ੍ਰਾਣੀ ਨੂੰ ਮੌਤ ਮੰਨਤ ਨਾਲ ਵਰਸਾਉਂਦੀ ਖੇਤ, ਆੜ, ਔਲੂਆਂ, ਬੰਨਿਆਂ ਅਤੇ ਕਿਆਰਿਆਂ ਦੇ ਨਾਮ ਮਾਤਮ ਲਾਉਂਦੀ ਤੇ ਕਲਯੁੱਗ ਵਰਤਾਉਂਦੀ ਹਰ ਪਿੰਡ ਦੀ ਜੂਹ ਨੂੰ ਕੁਲਹਿਣੀ ਬਣਾ ਰਹੀ ਏ। ਜੇ ਅਸੀਂ ਇਸ ਸੁੰਨ ਨੂੰ ਨਾ ਤੋੜਿਆ ਤਾਂ ਬਹੁਤ ਕੁਝ ਸਮੇਂ ਦੇ ਗਰਭ ਵਿਚ ਗੁਆਚ ਜਾਵੇਗਾ, ਜੋ ਕਦੇ ਮਨੁੱਖ ਦਾ ਹਾਸਲ ਹੁੰਦਾ ਸੀ। ਇਹ ਮਨੁੱਖ ਨੇ ਆਪਣੇ ਹੱਥੀਂ ਹੀ ਗਵਾ ਲਿਆ। ਜਦ ਮਨੁੱਖ ਹੀ ਆਪਣੀ ਕਬਰ ਖੋਦਣ ਲੱਗੇ, ਅਰਥੀ ਢੋਣ ਲੱਗੇ, ਕੀਰਨਿਆਂ ਤੇ ਵਿਰਲਾਪਾਂ ਨੂੰ ਗਾਉਣ ਲੱਗੇ ਅਤੇ ਸਿਖਰ ਦੁਪਹਿਰੇ ਹੀ ਸੂਰਜ ਡੁੱਬ ਜਾਣ ਦੀਆਂ ਬਾਤਾਂ ਪਾਉਣ ਲੱਗ ਪਵੇ ਤਾਂ ਕਾਲੀ-ਬੋਲੀ ਹਨੇਰੀ ਦਸਤਕ ਤਾਂ ਦੇਵੇਗੀ ਹੀ।

ਸੁੰਨ ਨੂੰ ਸਿਰੜ, ਸਾਧਨਾ, ਸਾਦਗੀ ਅਤੇ ਸਮਰਪਣ ਨਾਲ ਤੋੜੋ ਕਿ ਇਸ ਦੀ ਕਰਮ-ਜਾਚਨਾ ਵਿਚੋਂ ਸੂਹਜ, ਸਹਿਜ, ਸਮਰੱਥਾ, ਸਫਲਤਾ ਅਤੇ ਸ਼ਿਲਾਲੇਖ ਸਮਿਆਂ ਦਾ ਹਸਲ ਬਣੇ।

ਸੁੰਨ ਵਿਚ ਕਦੇ ਵੀ ਟੁੱਟੇ ਕਲੀਰੇ, ਤਿੱੜਕੀਆਂ ਵੰਗਾਂ, ਪੂੰਝੇ ਸੰਧੂਰ ਜਾਂ ਲੀਰਾਂ-ਲਿਬਾਸ ਨਾ ਧਰੋ, ਸਗੋਂ ਇਸ ਨੂੰ ਅੰਤਰੀਵੀ ਸੁੰਦਰਤਾ, ਸਿਆਣਪ ਅਤੇ ਸੁਘੜ-ਸੰਵੇਦਨਾ ਸੰਗ ਵਰੋ ਤਾਂ ਇਸ ਦੀਆਂ ਬਰੂਹਾਂ ਵਿਚ ਬੋਲਾਂ ਨੂੰ ਗੁਟਕਣੀ, ਹਾਕ ਨੂੰ ਹੁੰਗਾਰਾ, ਕੋਰੇ ਵਰਕਿਆਂ ਨੂੰ ਹਰਫ-ਦਾਨ, ਚੁੱਪ ਨੂੰ ਰੌਣਕ, ਠੰਢੇ ਚੁੱਲ੍ਹਿਆਂ ਨੂੰ ਚੁਗਲੀਆਂ ਕਰਦੀ ਅੱਗ ਅਤੇ ਨੀਰ-ਹੀਣਾਂ ਨੂੰ ਆਬ-ਸੌਗਾਤ ਦਾ ਸ਼ਰਫ ਹਾਸਲ ਹੋਵੇ। ਕਮਰਿਆਂ ਵਿਚ ਬੱਚਿਆਂ ਦਾ ਸ਼ੋਰ-ਓ-ਗੁੱਲ ਮਚਲਦਾ ਫਿਰੇ, ਕੰਧਾਂ ਨੂੰ ਮਾਰੀਆਂ ਲੀਕਾਂ ਵਿਚਲੀ ਉਮੀਦ ਨਜ਼ਰ ਆਵੇ, ਅਲਮਾਰੀਆਂ 'ਚ ਸਹਿਮੇ ਖਿਡੌਣਿਆਂ ਨੂੰ ਨਿੱਕੇ ਜਿਹੇ ਹੱਥਾਂ ਦੀ ਕੋਮਲ ਛੋਹ ਮਹਿਸੂਸ ਹੋਵੇ ਅਤੇ ਕਮਰਿਆਂ ਨੂੰ ਘਰ ਦਾ ਨਸੀਬ ਮਿਲੇ।

ਉਸ ਸੁੰਨ ਨੂੰ ਕਦੇ ਵੀ ਪ੍ਰਗਟਾਇਆ ਨਹੀਂ ਜਾ ਸਕਦਾ, ਜੋ ਬਹੁਤ ਹੀ ਪਿਆਰੇ ਨੂੰ ਮਿਲਣ 'ਤੇ ਨਾਜ਼ਲ ਹੁੰਦੀ। ਅਹਿਮ ਪ੍ਰਾਪਤੀ ਦੇ ਮੌਕੇ ਬੋਲਾਂ ਵਿਚ ਉਤਰਦੀ। ਅਸੀਮ ਖੁਸ਼ੀ ਦੇ ਪਲਾਂ ਵਿਚ ਮਨ-ਮਸਤਕ 'ਤੇ ਤਾਰੀ ਹੁੰਦੀ। ਬਚਪਨੀ-ਸ਼ਰਾਰਤਾਂ ਵਿਚ ਗਵਾਚੇ ਬੱਚੇ ਦਾ ਕਰਮ-ਭਾਗ ਬਣਦੀ। ਮਮਤਾ ਨੈਣੀਂ ਉਤਰ ਕੇ ਲਾਡ ਲਡਾਉਂਦੀ ਜਾਂ ਬਾਪ ਦੀ ਤੱਕਣੀ ਵਿਚ ਪ੍ਰਗਟਦੀ, ਜਦ ਲਾਡਲੇ ਦੀ ਪ੍ਰਾਪਤੀ ਉਸ ਦੇ ਸ਼ਮਲੇ ਨੂੰ ਹੋਰ ਉਚੇਰਾ ਕਰਦੀ। ਅਜਿਹੀ ਸੁੰਨ ਸਦਕਾ ਹੀ ਸਮਿਆਂ ਦੀ ਬੀਹੀ ਵਿਚ ਜੀਵਨ-ਨਾਦ ਗੂੰਜਦਾ। ਇਸ 'ਚੋਂ ਹੀ ਜੀਵਨ ਨੂੰ ਬਰਕਤਾਂ ਭਰਪੂਰ ਜੀਵਨ-ਯਾਤਰਾ ਹਾਸਲ ਹੁੰਦੀ, ਜੋ ਤੁਰ ਜਾਣ ਪਿਛੋਂ ਵੀ ਲੋਕ-ਯਾਦ ਦਾ ਹਿੱਸਾ ਬਣ ਕੇ ਸਦਾ ਜਿਉਂਦੀ ਰਹਿੰਦੀ।

ਅਜਿਹੀ ਯਾਦ ਬਣਨ ਦੀ ਕਾਮਨਾ ਤਾਂ ਕਲਮ ਹਮੇਸ਼ਾ ਹੀ ਕਰਦੀ ਰਹੇਗੀ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਸਤੰਬਰ 2019*

## ਸੱਤਾ ਅਤੇ ਭਾਸ਼ਾ ਦੀ ਸਿਆਸਤ

ਕੁਝ ਸਮਾਂ ਪਹਿਲਾਂ ਜਦੋਂ ਭਾਰਤ ਦੀ ਕੇਂਦਰ ਸਰਕਾਰ ਨੇ ਕੌਮੀ ਸਿੱਖਿਆ ਨੀਤੀ ਦਾ ਖਰੜਾ ਤਿਆਰ ਕੀਤਾ ਤਾਂ ਉਸ ਵਿਚ ਤਿੰਨ ਭਾਸ਼ਾਈ ਫਾਰਮੂਲਾ ਜੜ ਦਿੱਤਾ ਗਿਆ। ਮਸਲਾ ਹਿੰਦੀ ਨੂੰ ਵੱਖ-ਵੱਖ ਸੂਬਿਆਂ ਉਤੇ ਥੋਪਣ ਦਾ ਹੀ ਸੀ। ਇਸ ਫਾਰਮੂਲੇ ਦਾ ਦੱਖਣੀ ਰਾਜਾਂ, ਖਾਸ ਕਰਕੇ ਤਾਮਿਲਨਾਡੂ ਵਲੋਂ ਬਹੁਤ ਤਿੱਖਾ ਵਿਰੋਧ ਆਇਆ ਅਤੇ ਹਰ ਨੀਤੀਗਤ ਪੈਂਤੜੇ ਨੂੰ ਹਿੰਦੂਤਵੀ ਰੰਗ ਵਿਚ ਰੰਗ ਕੇ ਪੇਸ਼ ਕਰਨ ਵਾਲੀ ਮੋਦੀ ਸਰਕਾਰ ਨੇ ਇਸ ਤੋਂ ਝੱਟ ਪੈਰ ਖਿੱਚ ਲਏ। ਹੁਣ ਹਿੰਦੀ ਦਿਵਸ ਮੌਕੇ ਦੇਸ਼ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਜੋ ਬਿਆਨ ਦਾਗਿਆ ਹੈ, ਉਸ ਨਾਲ ਸਪਸ਼ਟ ਹੋ ਗਿਆ ਹੈ ਕਿ ਸਰਕਾਰ ਆਉਣ ਵਾਲੇ ਸਮੇਂ ਵਿਚ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾ ਕੇ ਇਸ ਨੂੰ ਵੱਖ-ਵੱਖ ਸੂਬਿਆਂ ਉਤੇ ਥੋਪਣ ਦਾ ਪੱਕਾ ਮਨ ਬਣਾ ਚੁਕੀ ਹੈ। ਉਸ ਨੇ ਸਾਫ ਕਿਹਾ ਹੈ ਕਿ 2024 ਵਾਲੀਆਂ ਲੋਕ ਸਭਾ ਚੋਣਾਂ ਤਕ ਹਿੰਦੀ ਮੁਲਕ ਵਿਚ ਵਿਰਾਸਤੀ ਦਰਜਾ ਹਾਸਲ ਕਰ ਲਵੇਗੀ। ਨਾਲ ਹੀ ਅਪੀਲ ਕੀਤੀ ਗਈ ਹੈ ਕਿ ਹਿੰਦੀ ਨੂੰ ਸੰਸਾਰ ਦੀ ਸਭ ਤੋਂ ਵੱਡੀ ਭਾਸ਼ਾ ਬਣਾਉਣ ਲਈ ਦਿਨ-ਰਾਤ ਇਕ ਕਰ ਦਿੱਤਾ ਜਾਵੇ। ਐਲਾਨ ਇਹ ਵੀ ਹੈ ਕਿ ਅਗਲੇ ਸਾਲ ਦੇਸ਼ ਵਿਚ ਹਿੰਦੀ ਦਿਵਸ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਯਾਦ ਰਹੇ, ਸੰਵਿਧਾਨ ਵਿਚ ਅਜੇ ਤਕ ਹਿੰਦੀ ਨੂੰ ਹੋਰ ਭਾਸ਼ਾਵਾਂ ਵਾਲਾ ਦਰਜਾ ਹੀ ਮਿਲਿਆ ਹੋਇਆ ਹੈ; ਹਾਲਾਂਕਿ ਅੰਗਰੇਜ਼ੀ ਅਤੇ ਹਿੰਦੀ ਨੂੰ ਸੰਪਰਕ ਭਾਸ਼ਾ ਵਜੋਂ ਵਰਤਣ ਦੀ ਗੱਲ ਵੀ ਕਹੀ ਗਈ ਹੈ। ਹੁਣ ਸਰਕਾਰ ਜਿਸ ਤਰ੍ਹਾਂ 'ਇਕ ਰਾਸ਼ਟਰ, ਇਕ ਚੋਣ, ਇਕ ਲੀਡਰ' ਆਦਿ ਦੀ ਮੁਹਾਰਨੀ ਪਿਛਲੇ ਕੁਝ ਸਮੇਂ ਤੋਂ ਬੜੇ ਜ਼ੋਰ-ਸ਼ੋਰ ਨਾਲ ਪੜ੍ਹ ਰਹੀ ਹੈ, ਤਾਂ ਇਸ ਵਿਚ 'ਇਕ ਭਾਸ਼ਾ' ਵਾਲੀ ਲੜੀ ਵੀ ਜੋੜ ਦਿੱਤੀ ਗਈ ਹੈ। ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਅੰਗਰੇਜ਼ੀ ਵਿਦੇਸ਼ੀ ਭਾਸ਼ਾ ਹੈ; ਜਦੋਂ ਮੁਲਕ ਕੋਲ ਆਪਣੀ ਭਾਸ਼ਾ ਹੈ ਤਾਂ ਇਹ ਸਾਰੇ ਮੁਲਕ ਵਿਚ ਸੰਪਰਕ ਭਾਸ਼ਾ ਕਿਉਂ ਨਾ ਬਣੇ।

ਭਾਰਤ ਵਿਚ ਭਾਸ਼ਾ ਦਾ ਵਿਵਾਦ ਅੱਜ ਦਾ ਨਹੀਂ, ਪੁਰਾਣਾ ਹੈ ਪਰ 1947 ਤੋਂ ਬਾਅਦ ਭਾਸ਼ਾ ਦੇ ਮਸਲੇ ਨੂੰ ਜਿਸ ਢੰਗ ਨਾਲ ਨਜਿੱਠਣ ਦਾ ਯਤਨ ਕੀਤਾ ਗਿਆ, ਉਸ ਨੇ ਫਿਰਕੂ ਪੇੜਾਂ ਹੋਰ ਗੂੜ੍ਹੀਆਂ ਕਰ ਦਿੱਤੀਆਂ। ਹਿੰਦੀ ਨੂੰ ਧਰਮ ਦੇ ਆਧਾਰ 'ਤੇ ਹਿੰਦੂਆਂ, ਉਰਦੂ ਨੂੰ ਮੁਸਲਮਾਨਾਂ ਅਤੇ ਪੰਜਾਬੀ ਨੂੰ ਸਿੱਖਾਂ ਨਾਲ ਨਰੜ ਕਰ ਦਿੱਤਾ ਗਿਆ। ਅਸਲ ਵਿਚ ਭਾਸ਼ਾ ਬਾਰੇ ਖਾਨਿਆਂ ਵਾਲੀ ਇਹ ਸਿਆਸਤ ਸੱਤਾਧਾਰੀਆਂ ਨੂੰ ਬੜੀ ਸੂਤ ਬੈਠਦੀ ਸੀ। ਇਸ ਦੇ ਨਾਲ ਹੀ ਭਾਰਤ ਦੀ ਵੰਨ-ਸਵੰਨਤਾ ਨੂੰ ਵੱਢਣ-ਟੁੱਕਣ ਵਾਲੀ ਸਿਆਸਤ ਦੀ ਨੀਂਹ ਰੱਖੀ ਗਈ। ਅਜਿਹਾ ਪ੍ਰਚਾਰ ਆਰ. ਐਸ. ਐਸ. ਦਾ ਮੁੱਢ ਤੋਂ ਹੀ ਰਿਹਾ ਹੈ ਅਤੇ ਅੱਜ ਜਦੋਂ ਇਸ ਦਾ ਸਿਆਸੀ ਵਿੰਗ- ਭਾਰਤੀ ਜਨਤਾ ਪਾਰਟੀ, ਧੜੱਲੇਦਾਰ ਨਾਲ ਬਹੁਮਤ ਹਾਸਲ ਕਰਕੇ ਦੇਸ਼ ਦੀ ਸੱਤਾ ਉਤੇ ਕਾਬਜ਼ ਹੋ ਗਿਆ ਹੈ ਤਾਂ ਇਸ ਨੇ ਇਕ-ਇਕ ਕਰਕੇ ਆਪਣੇ ਹਿੰਦੂਤਵੀ ਏਜੰਡੇ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਹਨ। ਸੱਤਾਧਾਰੀਆਂ ਦੀ ਇਹ ਸਿਆਸਤ ਬਹੁਤ ਮੂੰਹ-ਜ਼ੋਰ ਹੈ। ਹੁਣ ਹਾਲ ਇਹ ਹੈ ਕਿ ਇਹੀ ਧਿਰ ਹਰ ਮਸਲੇ 'ਤੇ ਆਪਣਾ ਏਜੰਡਾ ਤੈਅ ਕਰ ਰਹੀ ਹੈ ਅਤੇ ਬਾਕੀ ਧਿਰਾਂ ਜਾਂ ਵਿਰੋਧੀ ਪਾਰਟੀ ਸਿਰਫ ਪ੍ਰਤੀਕ੍ਰਿਆ ਜਾਹਰ ਕਰਨ ਜੋਗੀਆਂ ਹੀ ਰਹਿ ਗਈਆਂ ਜਾਪਦੀਆਂ ਹਨ। ਅਜੇ ਜੰਮੂ ਕਸ਼ਮੀਰ ਵਿਚ ਧਾਰਾ 370 ਰੱਦ ਕਰਨ ਦਾ ਮਾਮਲਾ ਠੰਢਾ ਨਹੀਂ ਪਿਆ ਕਿ ਭਾਸ਼ਾ ਦਾ ਮਸਲਾ ਉਛਾਲ ਦਿੱਤਾ ਗਿਆ ਹੈ। ਉਂਜ, ਪੰਜਾਬ ਵਿਚ ਜਿਸ ਤਰ੍ਹਾਂ ਕਸ਼ਮੀਰੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਬੁਲੰਦ ਕੀਤਾ ਗਿਆ ਹੈ, ਭਾਸ਼ਾ ਦੇ ਮਾਮਲੇ ਵਿਚ ਵੀ ਪੰਜਾਬ ਨੇ ਆਪਣੀ ਭਰਪੂਰ ਹਾਜ਼ਰੀ ਲੁਆਈ ਹੈ। ਹਿੰਦੀ ਦਿਵਸ ਮੌਕੇ ਹੀ ਪਟਿਆਲੇ ਇਕ ਸਮਾਗਮ ਦੌਰਾਨ ਪੰਜਾਬੀ ਦੇ ਨਿਰਾਦਰ ਦੇ ਮਾਮਲੇ 'ਤੇ ਹਿੰਦੀ ਵਾਲਿਆਂ ਨੂੰ ਮੁਆਫੀ ਮੰਗਣੀ ਪੈ ਗਈ ਹੈ। ਇਸ ਮਸਲੇ 'ਤੇ ਲੇਖਕ ਸਭਾਵਾਂ ਅਤੇ ਲੇਖਕ ਵੀ ਨਿੱਤਰੇ ਹਨ।

ਇਤਿਹਾਸ ਗਵਾਹ ਹੈ ਕਿ ਹਿੰਦੀ ਨੇ ਭਾਸ਼ਾਈ ਪੱਧਰ 'ਤੇ ਦੂਜੀਆਂ ਭਾਸ਼ਾਵਾਂ ਦਾ ਬਹੁਤ ਵਢਾਂਗਾ ਕੀਤਾ ਹੈ। ਇਹ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਪ੍ਰਚਲਿਤ ਕਈ ਭਾਸ਼ਾਵਾਂ ਨੂੰ ਖੋਰੇ ਦਾ ਕਾਰਨ ਬਣੀ ਹੈ। ਹੋਰ ਤਾਂ ਹੋਰ, ਇਹ ਤਾਂ ਸੰਸਕ੍ਰਿਤ ਵਰਗੀ ਪ੍ਰਾਚੀਨ ਸਮਝੀ ਜਾਂਦੀ ਭਾਸ਼ਾ ਨੂੰ ਵੀ ਹਜ਼ਮ ਕਰ ਗਈ ਹੈ। ਅਜਿਹੇ ਮਸਲਿਆਂ ਨਾਲ ਭਾਵੇਂ ਕਈ ਤਰ੍ਹਾਂ ਦੇ ਸਿਆਸੀ, ਸਮਾਜਕ ਅਤੇ ਆਰਥਕ ਮਸਲੇ ਜੁੜੇ ਹੁੰਦੇ ਹਨ, ਪਰ ਭਾਰਤ ਵਿਚ ਹਿੰਦੀ ਨੇ ਜੋ ਕੁਝ ਹੋਰ ਭਾਸ਼ਾਵਾਂ ਨਾਲ ਕੀਤਾ ਹੈ, ਉਹ ਬੇਹੱਦ ਭਿਆਨਕ ਹੈ। 'ਹਿੰਦੂ, ਹਿੰਦੀ, ਹਿੰਦੋਸਤਾਨ' ਦਾ ਹਿੰਦੂਤਵੀ ਨਾਅਰਾ ਇਸ ਤੋਂ ਵੀ ਭਿਆਨਕ ਹੈ। ਹੁਣ ਵੰਨ-ਸਵੰਨਤਾ ਦੀ ਰਾਖੀ ਕਰਨ ਵਾਲਿਆਂ ਨੂੰ ਸੋਚਣਾ-ਵਿਚਾਰਨਾ ਪਵੇਗਾ ਕਿ ਨਿਤ ਦਿਨ ਤਿੱਖੇ ਹੋ ਰਹੇ ਇਸ ਹਮਲੇ ਦਾ ਟਾਕਰਾ ਕਿਵੇਂ ਕਰਨਾ ਹੈ। ਮੋਦੀ ਸਰਕਾਰ ਨੇ ਪਿਛਲੇ ਪੰਜ ਸਾਲਾਂ ਦੌਰਾਨ ਮੁਲਕ ਦੇ ਫੈਡਰਲ ਢਾਂਚੇ ਦੀਆਂ ਜੜ੍ਹਾਂ ਵਿਚ ਜਿੰਨਾ ਤੇਲ ਦਿੱਤਾ ਹੈ, ਉਸ ਤੋਂ ਸਭ ਲੋਕ ਵਾਕਿਫ ਹਨ। ਅਸਲ ਵਿਚ ਫੈਡਰਲ ਢਾਂਚੇ ਨੂੰ ਖੋਰਾ ਮੁਲਕ ਦੀ ਵੰਨ-ਸਵੰਨਤਾ ਉਤੇ ਸਿੱਧਾ ਹਮਲਾ ਹੈ। ਵੰਨ-ਸਵੰਨਤਾ ਉਤੇ ਇਹ ਹਮਲਾ ਵੱਖਰੇ-ਵੱਖਰੇ ਅਤੇ ਟੁੱਟਵੇਂ ਰੂਪ ਵਿਚ ਆਇਆ ਹੈ। ਇਸ ਲਈ ਹੁਣ ਇਸ ਦੀ ਸ਼ਿੱਦਤ ਨੂੰ ਸਮਝ ਕੇ ਅਗਾਂਹ ਰਣਨੀਤੀ ਘੜਨ ਦੀ ਲੋੜ ਹੈ; ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਕ-ਇਕ ਕਰਕੇ ਹਰ ਮਸਲੇ ਉਤੇ ਹਿੰਦੂਤਵੀ ਸੁਹਾਗਾ ਇਸੇ ਤਰ੍ਹਾਂ ਫਿਰਦਾ ਰਹੇਗਾ। ਜੰਮੂ ਕਸ਼ਮੀਰ ਵਿਚ ਕੀਤੀ ਕਾਰਵਾਈ ਇਸ ਦੀ ਹਾਲੀਆ ਮਿਸਾਲ ਹੈ। ਪਿਛਲੇ ਡੇਢ ਮਹੀਨੇ ਤੋਂ ਇਸ ਰਿਆਸਤ ਦੇ ਟੋਟੇ ਕਰਕੇ ਇਸ ਨੂੰ ਖੁੱਲ੍ਹੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਰਿਆਸਤ ਦੇ ਲੀਡਰ ਨਜ਼ਰਬੰਦ ਹਨ ਅਤੇ ਲੋਕਾਂ ਦਾ ਸੰਪਰਕ ਬਾਕੀ ਮੁਲਕ ਨਾਲੋਂ ਟੁੱਟਿਆ ਹੋਇਆ ਹੈ। ਸਟੇਟ ਅਤੇ ਸਰਕਾਰ ਵਿਚਲਾ ਫਰਕ ਇਕੋ ਝਟਕੇ ਨਾਲ ਤੋੜ ਦਿੱਤਾ ਗਿਆ। ਸਰਕਾਰ ਦਾ ਵਿਰੋਧ ਕਰਨ ਵਾਲਾ ਦੇਸ਼ਧ੍ਰੋਹੀ ਕਰਾਰ ਦਿੱਤਾ ਜਾਣ ਲੱਗਾ ਹੈ। ਇਹ ਅਸਲ ਵਿਚ ਬੇਹੱਦ ਔਖੀਆਂ ਘੜੀਆਂ ਹਨ ਪਰ ਇਤਿਹਾਸ ਗਵਾਹ ਹੈ ਕਿ ਮਨੁੱਖ ਦੇ ਸਿਰ ਪਾਈਆਂ ਅਜਿਹੀਆਂ ਔਖੀਆਂ ਘੜੀਆਂ ਦੇ ਸੰਗਲ ਆਖਰਕਾਰ ਮਨੁੱਖ ਹੀ ਕੱਟਦਾ ਆਇਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼


#### ਜੁਰਮਾਨੇ ਬਨਾਮ ਇਕਾਨਮੀ

ਜਨਤਾ ਮੰਗਦੀ ਰਹੇ ਰੁਜ਼ਗਾਰ ਸਾਥੋਂ, ਰਾਸ਼ਟਰਵਾਦ ਦਾ ਰਾਗ ਅਲਾਪਣਾ ਐ।
ਚੰਦਰਯਾਨ ਹੁਣ ਤੀਸਰਾ ਭੇਜਣਾ ਏ, ਜਿਸ ਨੇ ਸਾਰਾ ਬ੍ਰਹਿਮੰਡ ਹੀ ਨਾਪਣਾ ਐ।
ਲਿਆ ਥਾਪੜਾ 'ਬੈਂਕ ਰਿਜ਼ਰਵ' ਵਾਲਾ, ਦੌਰ 'ਮੰਦੀ' ਦਾ ਭੋਰਾ ਨਾ ਜਾਪਣਾ ਐ।
ਮਦਦ ਦੇਣੀ ਐ ਲੱਖਾਂ ਹੀ ਡਾਲਰਾਂ ਦੀ, ਮਿੱਤਰ ਦੇਸ ਪੁਰਾਣਾ ਜੋ ਆਪਣਾ ਐ।
ਲੋਕੀਂ ਟਿੱਚਰਾਂ ਕਰਦਿਆਂ ਹੱਸਦੇ ਨੇ, ਭੁੱਖੇ ਢਿੱਡ ਤੋਂ ਮਾਰੀ ਗਈ ਬੜ੍ਹਕ ਉਤੇ।
ਚੱਕਣ ਲੱਗ ਪਏ ਡਿੱਗੀ ਇਕਾਨਮੀ ਨੂੰ, ਠੋਕ ਠੋਕ ਜੁਰਮਾਨੇ ਹੁਣ ਸੜਕ ਉਤੇ!

# ਸੱਤਾ ਦੀ ਸੌੜੀ ਸਿਆਸਤ ਬਨਾਮ ਕਤਲੇਆਮਾਂ ਦਾ ਸਿਲਸਿਲਾ

*ਸੱਤਾਧਾਰੀ ਜਾਂ ਕਹੋ ਕਿ ਹੁਕਮਰਾਨ, ਇਹ ਆਪਣਾ ਰਾਜਭਾਗ ਚਲਾਉਣ ਲਈ ਤਾਕਤ ਦੀ ਅੰਨ੍ਹੀ ਵਰਤੋਂ ਕਰਦੇ ਹਨ। ਅਵਾਮ ਦੇ ਆਮ ਹੱਕ ਖੋਹਣੇ ਤਾਂ ਬਹੁਤ ਛੋਟੀ ਜਿਹੀ ਗੱਲ ਹੈ, ਆਪਣੀ ਪਕੜ ਬਰਕਰਾਰ ਰੱਖਣ ਲਈ ਕਤਲੇਆਮ ਤਕ ਵਰਤਾ ਦਿੱਤੇ ਜਾਂਦੇ ਹਨ। ਇਹ ਸਿਲਸਿਲਾ ਮੁੱਢ-ਕਦੀਮ ਤੋਂ ਚੱਲ ਰਿਹਾ ਹੈ ਅਤੇ ਅੱਜ ਵੀ ਬੇਰੋਕ-ਟੋਕ ਜਾਰੀ ਹੈ। ਸੱਤਾ ਦੀਆਂ ਵੰਨਗੀਆਂ ਭਾਵੇਂ ਹੁਣ ਰਾਜਸ਼ਾਹੀ ਤੋਂ ਜਮਹੂਰੀਅਤ ਤੱਕ ਅੱਪੜ ਗਈਆਂ ਹਨ, ਪਰ ਸੱਤਾ ਬਰਕਰਾਰ ਰੱਖਣ ਦੇ ਢੰਗ-ਤਰੀਕੇ ਉਹੀ ਹਨ ਜੋ ਪਹਿਲਾਂ ਸਨ। ਵਿਰੋਧੀਆਂ ਨੂੰ ਦਰੜਨ ਦੀ ਸਿਆਸਤ ਵਿਚ ਹੁਣ ਵੀ ਕੋਈ ਫਰਕ ਨਹੀਂ ਪਿਆ ਹੈ। ਉਘੇ ਲਿਖਾਰੀ ਮਜੀਦ ਸ਼ੇਖ ਨੇ ਆਪਣੇ ਇਸ ਲੇਖ ਵਿਚ ਸੱਤਾਧਾਰੀਆਂ ਦੀ ਸਿਆਸਤ ਬਾਰੇ ਵਿਚਾਰ ਸਾਂਝੇ ਕੀਤੇ ਹਨ। -ਸੰਪਾਦਕ*

ਅੱਜ ਅਸੀਂ ਜਦੋਂ ਟੈਲੀਵਿਜ਼ਨ ਉਤੇ ਇਰਾਕ ਵਿਚ ਗਿਣ-ਮਿਥ ਕੇ ਹੋ ਰਹੇ ਕਤਲੇਆਮ ਜਾਂ ਨਸਲਕੁਸ਼ੀਆਂ ਦੇਖਦੇ ਹਾਂ ਤਾਂ ਇਸ ਤੋਂ ਬਿਨਾ ਹੋਰ ਕੁਝ ਨਹੀਂ ਸੋਚ ਸਕਦੇ। ਉਥੇ ਦਿਨ-ਰਾਤ ਲਗਾਤਾਰ ਅਜਿਹਾ ਚੱਲ ਰਿਹਾ ਹੈ ਤੇ ਅਸੀਂ ਮਹਿਜ਼ ਇਸ ਦੇ ਬੰਦ ਹੋਣ ਦੀ ਦੁਆ ਹੀ ਕਰ ਸਕਦੇ ਹਾਂ। ਜੋ ਕੁਝ ਫਲਸਤੀਨ ਵਿਚ ਹੋ ਰਿਹਾ ਹੈ, ਉਸ ਨੂੰ ਦੇਖਦਿਆਂ ਅਸੀਂ ਅਜਿਹੀਆਂ ਨਸਲਕੁਸ਼ੀਆਂ ਦੀ ਹੀ ਉਮੀਦ ਕਰ ਸਕਦੇ ਹਾਂ। ਕਤਲੇਆਮ ਤਾਂ ਕਤਲੇਆਮ ਹੈ। ਇਸ ਤੋਂ ਸਾਨੂੰ ਚੰਗੇਜ਼ ਖਾਨ ਦੀ ਯਾਦ ਆਉਂਦੀ ਹੈ ਜੋ ਅਜਿਹਾ ਬੰਦਾ ਸੀ ਜਿਸ ਨੇ ਤਕਰੀਬਨ 900 ਸਾਲ ਪਹਿਲਾਂ ਬਗਦਾਦ ਅਤੇ ਲਾਹੌਰ ਦੋਵਾਂ ਵਿਚ ਲੁੱਟਮਾਰ ਕੀਤੀ, ਵੱਡੇ ਪੱਧਰ 'ਤੇ ਬਲਾਤਕਾਰ ਕੀਤੇ।



**ਮਜੀਦ ਸ਼ੇਖ**

ਮੈਂ ਇਕ ਪੁਰਾਣੀ ਤੇ ਪਸੰਦੀਦਾ ਕਿਤਾਬ 'ਸੈਵਨ ਪਿਲਰਜ਼ ਆਫ ਵਿਜ਼ਡਮ' ਪੜ੍ਹ ਰਿਹਾ ਸਾਂ ਜਿਹੜੀ ਟੀ.ਈ. ਲਾਰੈਂਸ ਉਰਫ ਲਾਰੈਂਸ ਔਫ ਅਰੇਬੀਆ (ਅਰਬ ਦਾ ਲਾਰੈਂਸ) ਨੇ ਲਿਖੀ ਹੈ। ਇਹ ਉਹ ਬੰਦਾ ਸੀ ਜਿਸ ਨੇ ਅਰਬ ਖਿੱਤੇ ਅਤੇ ਅਰਬਾਂ ਦੀ ਤੇਲ ਦੀ ਦੌਲਤ ਨੂੰ ਬਰਤਾਨੀਆ ਦੇ ਹੱਥਾਂ ਵਿਚ ਸੌਂਪਿਆ। ਉਹ ਲਿਖਦਾ ਹੈ: "ਮੈਂ ਦਜਲਾ (ਟਿਗਰਿਸ) ਦਰਿਆ ਤੋਂ ਪਾਰ ਪੁੱਜਾ। ਮੇਰੇ ਨਾਲ ਡੈਵੋਨ ਟੈਰੀਟੋਰੀਅਲ (ਬਰਤਾਨਵੀ ਫੌਜ ਦੀ ਰੈਜੀਮੈਂਟ) ਦੇ 100 ਜਵਾਨ ਸਨ, ਦਲੇਰ ਤੇ ਬਾਂਕੇ ਜਵਾਨ। ਅਸੀਂ ਭਿਆਨਕ ਤੋਂ ਭਿਆਨਕ ਮੌਤ ਲਈ ਤਿਆਰ ਸਾਂ, ਜੰਗ ਜਿੱਤਣ ਲਈ ਨਹੀਂ ਸਗੋਂ ਇਸ ਲਈ ਕਿ ਮੱਕੀ ਤੇ ਚੌਲ ਅਤੇ ਮੈਸੋਪੋਟੇਮੀਆ ਦਾ ਤੇਲ ਸਾਡਾ ਹੋ ਜਾਵੇ।"

ਇਹ ਉਸ ਦਾ ਨਪਿਆ-ਤੁਲਿਆ ਵਿਚਾਰ ਸੀ, ਉਹ ਵਿਚਾਰ ਜਿਸ ਦੀ ਬਰਨਾਰਡ ਸ਼ਾਅ ਨੇ ਵੀ ਤਾਈਦ ਕੀਤੀ, ਅਜਿਹਾ ਵਿਚਾਰ ਜਿਸ ਲਈ ਸਥਾਪਤੀ ਨੇ ਕਦੇ ਵੀ ਟੀ.ਈ. ਲਾਰੈਂਸ ਨੂੰ ਮੁਆਫ ਨਹੀਂ ਕੀਤਾ। ਉਨ੍ਹਾਂ ਆਖਰ ਉਸ ਨੂੰ 'ਬਹੁਤੀ ਹੀ ਗੰਦਾ ਹਮਜਿਨਸੀ' ਕਰਾਰ ਦੇ ਦਿੱਤਾ ਅਤੇ ਕਰਾਚੀ ਸਥਿਤ ਹਵਾਈ ਅੱਡੇ ਉਤੇ ਭੇਜ ਦਿੱਤਾ ਪਰ ਲਾਰੈਂਸ ਬੇਪ੍ਰਵਾਹ ਕਿਸਮ ਦਾ ਇਨਸਾਨ ਸੀ, ਬੜਾ ਰੰਗੀਨ-ਮਿਜ਼ਾਜ ਤੇ ਇਸ ਮਕਸਦ ਲਈ ਕਿਤੇ ਵੀ ਤੁਰ ਜਾਂਦਾ, ਜਾਂ ਉਸ ਬਾਰੇ ਆਖਿਆ ਜਾ ਸਕਦਾ ਹੈ ਕਿ ਉਸ ਵਿਚ ਮਨੁੱਖ ਦੇ ਰੰਗੀਨ-ਮਿਜ਼ਾਜੀ ਵਾਲੇ ਪੱਖ ਦੇ ਵਧੀਆ ਅੰਸ਼ ਸਨ। ਉਹ ਕੋਈ ਨਾ ਕੋਈ ਬਹਾਨਾ ਲੱਭ ਕੇ ਹਵਾਈ ਬੇਸ ਤੋਂ ਉਡਾਰੀ ਮਾਰ ਜਾਂਦਾ ਤੇ ਪੁਰਾਣਾ ਖਸਤਾਹਾਲ ਜਿਹਾ ਹਵਾਈ ਜਹਾਜ਼ ਲੈ ਕੇ ਲਾਹੌਰ ਆਣ ਪੁੱਜਦਾ 'ਜਿਥੇ ਜ਼ਿੰਦਗੀ ਸੰਵੇਦਨਸ਼ੀਲ ਤੇ ਵਧੀਆ ਸੀ ਅਤੇ ਮਰਦ ਤੇ ਔਰਤਾਂ ਸਮਝਦਾਰ ਤੇ ਸਿਆਣੇ ਸਨ'। ਉਹ ਗੜ੍ਹੀ ਸ਼ਾਹੂ ਵਿਖੇ ਆਕਸਫੋਰਡ ਦੇ ਆਪਣੇ ਪੁਰਾਣੇ ਦੋਸਤ ਕੋਲ ਰੁਕਦਾ ਤੇ ਬੇਪ੍ਰਵਾਹ ਹੋ ਕੇ ਮਰਜ਼ੀ ਮੁਤਾਬਿਕ ਸਮਾਂ ਬਿਤਾਉਂਦਾ।

ਲੋਕ-ਕਥਾਵਾਂ ਵਿਚ ਲਾਰੈਂਸ ਦੀ ਪਛਾਣ ਅਰਬ ਦੇ ਲਾਰੈਂਸ ਵਾਲੀ ਹੀ ਬਣੀ ਰਹੇਗੀ, ਅਜਿਹਾ ਵਿਅਕਤੀ ਜਿਸ ਨੇ ਅਰਬਾਂ ਦਾ ਤੇਲ ਹਥਿਆਉਣ ਲਈ ਅੰਨ੍ਹੇਵਾਹ ਲੜਾਈ ਲੜੀ। ਉਸ ਨੇ ਇਜ਼ਰਾਈਲ ਦੀ ਖਤਰਨਾਕ ਧਾਰਮਿਕ 'ਕਲਪਨਾ' ਦਾ ਮੁੱਢ ਬੰਨ੍ਹਿਆ ਜੋ ਅਜਿਹਾ ਜ਼ਾਲਮਾਨਾ ਵਿਚਾਰ ਸੀ ਜਿਸ ਨੇ ਸਮੁੱਚੇ ਲੋਕਾਂ ਨੂੰ ਖਤਰੇ ਵਿਚ ਪਾ ਦਿੱਤਾ। ਇਹ ਕਤਲੇਆਮ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਘੇਰੇ ਨੂੰ ਹੋਰ ਵਧਾਉਂਦਾ ਹੈ। ਮਨੁੱਖੀ ਲਾਲਚ ਦੀ ਕੋਈ ਹੱਦ ਨਹੀਂ ਹੁੰਦੀ ਪਰ ਜੇ ਲਾਰੈਂਸ ਲਾਹੌਰ ਆਇਆ ਸੀ, ਤਾਂ ਇੰਜ ਹੀ ਚੰਗੇਜ਼ ਖਾਨ ਆਇਆ ਸੀ; ਤੇ ਫਿਰ ਚੰਗੇਜ਼ ਖਾਨ ਬਗਦਾਦ ਵੀ ਗਿਆ ਤਾਂ ਕਿ ਉਹ ਉਥੋਂ ਦੀਆਂ ਸਾਰੀਆਂ ਕਿਤਾਬਾਂ ਅਤੇ ਗਿਆਨ ਭੰਡਾਰ ਨੂੰ ਸਾੜ ਕੇ ਸੁਆਹ ਕਰ ਸਕੇ। ਅਰਬ ਹਮੇਸ਼ਾਂ ਹੀ ਬਹੁਤ ਸਭਿਅਕ ਲੋਕ ਰਹੇ ਹਨ ਤੇ ਹਮਲਾਵਰਾਂ ਨੇ ਹਮੇਸ਼ਾਂ ਉਨ੍ਹਾਂ ਦਾ ਨੁਕਸਾਨ ਕੀਤਾ ਹੈ। ਅਰਬਾਂ ਨੂੰ ਹਰਾਉਣ ਦਾ ਇਕੋ ਤਰੀਕਾ ਸੀ ਕਿ ਉਨ੍ਹਾਂ ਦੀਆਂ ਕਿਤਾਬਾਂ ਸਾੜ ਦਿਓ। ਚੰਗੇਜ਼ ਖਾਨ ਨੇ ਇਹੋ ਕੁਝ ਲਾਹੌਰ ਵਿਚ ਕੀਤਾ।

ਚੰਗੇਜ਼ ਖਾਨ (1167-1227) ਦਾ ਅਸਲ ਨਾਂ ਤੇਮੂਜਿਨ ਸੀ ਜਿਸ ਦਾ ਜਨਮ ਮੰਗੋਲ ਸਰਦਾਰ ਯੇਸੂਕਾਈ ਦੇ ਘਰ ਹੋਇਆ। ਉਸ ਦਾ ਪਿਤਾ ਆਮੂਰ ਦਰਿਆ ਤੇ ਚੀਨ ਦੀ ਮਹਾਨ ਦੀਵਾਰ ਵਿਚਲੇ ਵੱਡੇ ਇਲਾਕੇ ਦਾ ਹਾਕਮ ਸੀ। ਤੇਮੂਜਿਨ ਮਹਿਜ਼ 13 ਸਾਲਾਂ ਦੀ ਉਮਰ ਵਿਚ ਆਪਣੇ ਪਿਤਾ ਦੇ ਜਾਨਸ਼ੀਨ ਵਜੋਂ ਕਬਾਇਲੀ ਸਰਦਾਰ ਬਣਿਆ। ਸਾਲ 1206 ਤੱਕ ਤੇਮੂਜਿਨ ਤਕਰੀਬਨ ਸਾਰੇ ਮੰਗੋਲੀਆ 'ਤੇ ਕਬਜ਼ਾ ਕਰ ਚੁੱਕਾ ਸੀ। ਉਸੇ ਸਾਲ ਅਧੀਨ ਕਬੀਲਿਆਂ ਦੀ ਇਕ ਇਕੱਤਰਤਾ ਵਿਚ ਉਸ ਨੂੰ ਚੰਗੇਜ਼ ਖਾਨ ਦਾ ਖਿਤਾਬ ਦਿੱਤਾ ਗਿਆ (ਇਹ ਚੀਨੀ ਭਾਸ਼ਾ ਦੇ ਸ਼ਬਦਾਂ 'ਚੇਂਗ-ਜ਼ੇ' ਭਾਵ 'ਸ਼ਾਨਦਾਰ ਲੜਾਕਾ' ਅਤੇ ਤੁਰਕ ਭਾਸ਼ਾ ਦੇ 'ਖਾਨ' ਭਾਵ 'ਮਾਲਕ' ਤੋਂ ਬਣਿਆ)। ਉਹ ਇਕਜੁੱਟ ਮੰਗੋਲਾਂ ਅਤੇ ਤਾਤਾਰ ਕਬੀਲਿਆਂ ਦਾ ਆਗੂ ਸੀ। ਕਰਾਕੋਰਮ ਸ਼ਹਿਰ ਨੂੰ ਉਸ ਦੀ ਰਾਜਧਾਨੀ ਬਣਾਇਆ ਗਿਆ (ਇਹ ਸ਼ਹਿਰ ਮੰਗੋਲੀਆ ਦੇ ਓਵੋਰਖਾਨਗਈ ਸੂਬੇ ਵਿਚ ਸੀ ਜੋ ਹੁਣ ਤਬਾਹ ਹੋ ਚੁੱਕਾ ਹੈ)।

ਚੰਗੇਜ਼ ਖਾਨ ਨੇ ਫਿਰ ਚੀਨ 'ਤੇ ਹੱਲਾ ਬੋਲਿਆ ਅਤੇ 1208 ਤੱਕ ਉਸ ਨੇ ਮਹਾਨ ਦੀਵਾਰ ਦੇ ਅੰਦਰ ਪੈਰ ਜਮਾ ਲਏ। 1213 ਤੱਕ ਉਸ ਦੀਆਂ ਫੌਜਾਂ ਨੇ ਦੱਖਣ ਤੇ ਪੱਛਮ ਵਲ ਚੜ੍ਹਾਈਆਂ ਕੀਤੀਆਂ। ਇਹ ਇਲਾਕਾ ਜੁਚੇਨ ਚਿਨ ਸ਼ਾਹੀ ਖਾਨਦਾਨ (1122-1234) ਦੇ ਕਬਜ਼ੇ ਹੇਠ ਸੀ।



*ਟੀ.ਈ. ਲਾਰੈਂਸ ਉਰਫ ਲਾਰੈਂਸ ਔਫ ਅਰੇਬੀਆ ਜਿਸ ਨੇ ਅਰਬ ਖਿੱਤੇ ਅਤੇ ਅਰਬਾਂ ਦੀ ਤੇਲ ਦੀ ਦੌਲਤ ਨੂੰ ਬਰਤਾਨੀਆ ਦੇ ਹੱਥਾਂ 'ਚ ਸੌਂਪਿਆ, ਲਿਖਦਾ ਹੈ, "ਮੈਂ ਦਜਲਾ (ਟਿਗਰਿਸ) ਦਰਿਆ ਤੋਂ ਪਾਰ ਪੁੱਜਾ। ਮੇਰੇ ਨਾਲ ਡੈਵੋਨ ਟੈਰੀਟੋਰੀਅਲ (ਬਰਤਾਨਵੀ ਫੌਜ ਦੀ ਰੈਜੀਮੈਂਟ) ਦੇ 100 ਜਵਾਨ ਸਨ, ਦਲੇਰ ਤੇ ਬਾਂਕੇ ਜਵਾਨ। ਅਸੀਂ ਭਿਆਨਕ ਤੋਂ ਭਿਆਨਕ ਮੌਤ ਲਈ ਤਿਆਰ ਸਾਂ, ਜੰਗ ਜਿੱਤਣ ਲਈ ਨਹੀਂ ਸਗੋਂ ਇਸ ਲਈ ਕਿ ਮੱਕੀ ਤੇ ਚੌਲ ਅਤੇ ਮੈਸੋਪੋਟੇਮੀਆ ਦਾ ਤੇਲ ਸਾਡਾ ਹੋ ਜਾਵੇ।"*

ਚੰਗੇਜ਼ ਦੀ ਇਹ ਜੇਤੂ ਮੁਹਿੰਮ ਸ਼ਾਨਤੁੰਗ ਪ੍ਰਾਇਦੀਪ ਤੱਕ ਪੁੱਜਣ ਤੱਕ ਜਾਰੀ ਰਹੀ। ਉਸ ਦੀਆਂ ਫੌਜਾਂ ਨੇ 1215 ਵਿਚ ਯੇਨਕਿੰਗ (ਹੁਣ ਪੇਈਚਿੰਗ) ਉਤੇ ਕਬਜ਼ਾ ਕਰ ਲਿਆ ਜਿਹੜਾ ਉਤਰੀ ਚੀਨ ਵਿਚ ਚਿਨ ਖਾਨਦਾਨ ਦਾ ਬਚਿਆ ਆਖਰੀ ਗੜ੍ਹ ਸੀ। ਫਿਰ 1218 ਵਿਚ ਕੋਰਿਆਈ ਪ੍ਰਾਇਦੀਪ ਵੀ ਮੰਗੋਲਾਂ ਦੇ ਕਬਜ਼ੇ ਵਿਚ ਆ ਗਿਆ।

ਚੰਗੇਜ਼ ਖਾਨ ਨੇ 1219 ਵਿਚ ਕੁਝ ਮੰਗੋਲ ਵਪਾਰੀਆਂ ਦੇ ਕਤਲਾਂ ਦਾ ਬਦਲਾ ਲੈਣ ਦੇ ਨਾਂ 'ਤੇ ਆਪਣੀਆਂ ਫੌਜਾਂ ਦੀਆਂ ਮੁਹਾਰਾਂ ਪੱਛਮ ਵਲ ਮੋੜ ਦਿੱਤੀਆਂ। ਅਸਲ ਵਿਚ ਅਜਿਹੇ ਕਤਲ ਤਾਂ ਮਹਿਜ਼ ਹਮਲਾ ਕਰਨ ਦੇ ਆਮ ਬਹਾਨੇ ਹੁੰਦੇ ਸਨ ਤੇ ਕਈ ਵਾਰ ਇਹ ਮਿਥ ਕੇ ਕਰਵਾਏ ਜਾਂਦੇ ਸਨ। ਉਸ ਨੇ ਤੇਜ਼ੀ ਨਾਲ ਅੱਗੇ ਵਧਦਿਆਂ ਤੁਰਕ ਸਾਮਰਾਜ ਦੇ ਵੱਡੇ ਹਿੱਸੇ ਉਤੇ ਕਬਜ਼ਾ ਜਮਾ ਲਿਆ ਜਿਸ ਵਿਚ ਮੌਜੂਦਾ ਇਰਾਨ, ਇਰਾਕ ਅਤੇ ਸਾਰਾ ਤੁਰਕਿਸਤਾਨ ਸ਼ਾਮਲ ਸੀ (ਤੁਰਕਿਸਤਾਨ, ਭਾਵ ਮੱਧ ਏਸ਼ੀਆ ਦਾ ਉਹ ਇਲਾਕਾ ਜਿਹੜਾ ਉਤਰ ਵਿਚ ਰੂਸ ਦੇ ਸਾਇਬੇਰੀਆ, ਪੂਰਬ ਵਿਚ ਗੋਬੀ ਰੇਗਿਸਤਾਨ, ਪੱਛਮ ਵਿਚ ਕੈਸਪੀਅਨ ਸਾਗਰ ਅਤੇ ਦੱਖਣ ਵਿਚ ਇਰਾਨ, ਅਫਗਾਨਿਸਤਾਨ ਤੇ ਤਿੱਬਤ ਦਰਮਿਆਨ ਪੈਂਦਾ ਹੈ। ਇਸ ਵਿਚ ਮੁੱਖ ਤੌਰ 'ਤੇ ਕਜ਼ਾਖਸਤਾਨ, ਤੁਰਕਮੇਨਿਸਤਾਨ, ਤਾਜਿਕਸਤਾਨ, ਉਜ਼ਬੇਕਿਸਤਾਨ, ਕਿਰਗਿਜ਼ਸਤਾਨ ਤੋਂ ਇਲਾਵਾ ਅਫਗਾਨਿਸਤਾਨ, ਚੀਨ ਤੇ ਰੂਸ ਦੇ ਸਾਇਬੇਰੀਆ ਦੇ ਕੁਝ ਇਲਾਕੇ ਆਉਂਦੇ ਹਨ)।

ਮੰਗੋਲ ਧਾੜਵੀਆਂ ਨੇ ਪੂਰੇ ਇਲਾਕੇ ਵਿਚ ਖੂਬ ਲੁੱਟ ਮਚਾਈ ਅਤੇ ਕਤਲੇਆਮ ਮਚਾਉਂਦਿਆਂ ਬੁਖਾਰਾ ਤੇ ਸਮਰਕੰਦ ਵਰਗੇ ਸ਼ਹਿਰਾਂ ਵਿਚ ਲਾਸ਼ਾਂ ਦੇ ਢੇਰ ਲਾ ਦਿੱਤੇ। ਫਿਰ ਉਸ ਨੇ ਭਾਰਤ ਵਲ ਰੁਖ ਕਰਦਿਆਂ ਪਿਸ਼ਾਵਰ ਤੇ ਲਾਹੌਰ ਨੂੰ ਵੀ ਫਤਹਿ ਕਰ ਲਿਆ। ਲਾਹੌਰ ਵਿਚ ਉਸ ਨੇ ਉਹੋ ਰਸਮ ਦੁਹਰਾਈ ਜਿਹੜੀ ਪਹਿਲਾਂ ਬਗਦਾਦ ਵਿਚ ਕੀਤੀ ਗਈ। ਉਸ ਨੇ ਹੁਕਮ ਦਿੱਤਾ ਕਿ ਮਰਦਾਂ ਦੇ ਕਤਲੇਆਮ ਅਤੇ ਔਰਤਾਂ ਦੀ ਪੱਤ ਲੁੱਟਣ ਤੋਂ ਪਹਿਲਾਂ ਲਾਹੌਰ ਵਿਚ ਮੌਜੂਦ ਹਰ ਕਿਤਾਬ ਨੂੰ ਅੱਗ ਵਿਚ ਸਾੜ ਦਿੱਤਾ ਜਾਵੇ। ਚੰਗੇਜ਼ ਖਾਨ ਵਰਗੇ ਹੀ ਦੋ ਹੋਰ ਹਮਲਾਵਰਾਂ ਤੈਮੂਰ ਲੰਗ ਤੇ ਬਾਬਰ ਨੇ ਵੀ ਲਾਹੌਰ ਨਾਲ ਇੰਜ ਹੀ ਕੀਤੀ। ਵਕਤ ਬੀਤਣ ਨਾਲ ਵੀ ਹਮਲਾਵਰਾਂ ਵਿਚ ਬਹੁਤਾ ਫਰਕ ਨਹੀਂ ਆਉਂਦਾ ਪਰ ਇਹ ਭਾਵੇਂ ਲਾਰੈਂਸ ਹੋਵੇ ਜਿਸ ਨੇ ਤੁਰਕਾਂ ਨੂੰ ਭਜਾ ਕੇ ਅਰਬ ਨੂੰ ਸਾਊਦਾਂ ਜਾਂ ਰਾਜਸ਼ਾਹੀ ਦੇ ਹਵਾਲੇ ਕੀਤਾ ਅਤੇ ਭਾਵੇਂ ਚੰਗੇਜ਼ ਖਾਨ ਹੋਵੇ ਜਿਸ ਨੇ ਮਹਿਜ਼ ਇਸ ਕਾਰਨ ਬਗਦਾਦ ਤੇ ਲਾਹੌਰ ਨੂੰ ਤਬਾਹ ਕੀਤਾ, ਕਿਉਂਕਿ ਉਹ ਕਿਤਾਬਾਂ ਅਤੇ ਸਭਿਆ ਸਮਾਜ ਨੂੰ ਆਪਣੇ ਜਿਉਣ-ਢੰਗ ਲਈ ਖਤਰਾ ਸਮਝਦਾ ਸੀ। ਅਸੀਂ ਇਨ੍ਹਾਂ ਨੂੰ ਇਨ੍ਹਾਂ ਵਲੋਂ ਮਚਾਏ ਕਤਲੇਆਮਾਂ ਕਾਰਨ ਹੀ ਜਾਣਦੇ ਹਾਂ।

ਕਤਲੇਆਮ ਕਿਉਂਕਿ ਹੁੰਦੇ ਰਹਿਣਗੇ ਅਤੇ ਇਤਿਹਾਸ ਵਿਚ ਉਹ ਕਤਲੇਆਮਾਂ ਲਈ ਹੀ ਚੇਤੇ ਕੀਤੇ ਜਾਂਦੇ ਰਹਿਣਗੇ, ਰੈੱਡ ਇੰਡੀਅਨਾਂ, ਅਫਰੀਕਾ ਦੇ ਗੁਲਾਮਾਂ ਜਾਂ ਵੀਅਤਨਾਮ ਲਈ। ਬਹੁਤੇ ਲੋਕਾਂ ਨੂੰ ਜਾਪਦਾ ਸੀ ਕਿ ਬਗਦਾਦ ਤੋਂ ਬਾਅਦ ਸ਼ਾਇਦ ਕੋਈ ਨਵਾਂ ਚੰਗੇਜ਼ ਖਾਨ ਲਾਹੌਰ ਦਾ ਰੁਖ ਕਰੇ ਪਰ ਸਾਡੇ ਕੋਲ ਤਾਂ ਕੋਈ ਤੇਲ ਨਹੀਂ ਹੈ ਤੇ 14 ਕਰੋੜ ਪਾਕਿਸਤਾਨੀਆਂ ਦਾ ਕੋਈ ਕੀ ਕਰੇਗਾ? ਇਕ ਤਰ੍ਹਾਂ ਕੁਝ ਵੀ ਨਹੀਂ ਬਦਲੇਗਾ ਤੇ ਕਤਲੇਆਮ ਜਾਰੀ ਰਹਿਣਗੇ- ਸਿਰਫ ਤਰੀਕੇ ਹੋਰ ਸੁਧਰੇ ਹੋਣਗੇ ਤੇ ਸਪਸ਼ਟੀਕਰਨ ਵਧੇਰੇ ਨਰਮੀ ਵਾਲੇ। ਉਂਜ, ਅਮਰੀਕਾ ਦੇ ਮੂਲ ਵਾਸੀਆਂ - ਜਿਨ੍ਹਾਂ ਨੂੰ ਰੈੱਡ ਇੰਡੀਅਨ ਆਖਿਆ ਜਾਂਦਾ ਹੈ - ਵਿਚ ਆਖਿਆ ਜਾਂਦਾ ਹੈ: 'ਮਿੱਠਬੋਲੜੇ ਮੱਕਾਰ ਦੋ-ਧਾਰੀ ਤਲਵਾਰ'। ਅਸੀਂ ਬਹੁਤ ਹੀ ਉਦਾਸੀ ਵਾਲੇ ਸਮੇਂ ਵਿਚ ਜੀਅ ਰਹੇ ਹਾਂ।

# ‘ਚੌਥੇ ਥੰਮ੍ਹ’ ਦੇ ਖਤਰਨਾਕ ਹਾਲਾਤ ਅਤੇ ਪੱਤਰਕਾਰ ਦਾ ਧਰਮ

***ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਮੀਡੀਆ ਨੂੰ ਮੁਨਾਫਾ ਆਧਾਰਿਤ ਕਾਰੋਬਾਰ ਵਾਂਗ ਚਲਾਉਣ ਦੇ ਰੁਝਾਨ ਦੇ ਜ਼ੋਰ ਫੜਨ ਨਾਲ ਇਸ ਨੇ ਜਮਹੂਰੀਅਤ ਦੇ ਚੌਥੇ ਥੰਮ੍ਹ ਦੇ ਤੌਰ ‘ਤੇ ਆਪਣੀ ਭੂਮਿਕਾ ਬਹੁਤ ਹੱਦ ਤਕ ਤਿਆਗ ਦਿੱਤੀ ਹੈ। ਜ਼ਿਆਦਾਤਰ ਮੀਡੀਆ ਸੱਤਾ ਦਾ ਪ੍ਰਚਾਰਕ ਬਣ ਗਿਆ ਹੈ। ਇਨ੍ਹਾਂ ਦੀ ਵਿਤੀ ਨਿਰਭਰਤਾ ਇਸ਼ਤਿਹਾਰ-ਦਾਤਿਆਂ ਉਪਰ ਹੈ। ਕੋਈ ਵੀ ਮੀਡੀਆ ਸਮੂਹ ਇਸ਼ਤਿਹਾਰ-ਦਾਤਿਆਂ ਨੂੰ ਨਾਪਸੰਦ ਰਿਪੋਰਟਿੰਗ ਕਰਕੇ ਉਨ੍ਹਾਂ ਨਾਲ ਰਿਸ਼ਤੇ ਵਿਗਾੜਨ ਦਾ ਕਾਰੋਬਾਰੀ ਜੋਖਮ ਨਹੀਂ ਲੈਣਾ ਚਾਹੇਗਾ।***

**ਬੂਟਾ ਸਿੰਘ**
ਫੋਨ: +91-94634-74342

ਪਿਛਲੇ ਦਿਨੀਂ ਰੋਜ਼ਾਨਾ ਅੰਗਰੇਜ਼ੀ ਅਖਬਾਰ ‘ਹਿੰਦੁਸਤਾਨ ਟਾਈਮਜ਼’ ਵਲੋਂ ਚੰਡੀਗੜ੍ਹ ਤੋਂ ਪੱਤਰਕਾਰ ਸੁਖਦੀਪ ਕੌਰ ਦਾ ਕਾਂਟਰੈਕਟ ਨਾ ਨਵਿਆਉਣ ਕਰਕੇ ਉਸ ਨੂੰ ਹਟਾ ਦਿੱਤਾ ਗਿਆ। ਸੰਸਥਾ ਨੇ ਉਸ ਨੂੰ ਅਚਾਨਕ 2 ਸਤੰਬਰ ਨੂੰ ਦਿੱਲੀ ਨੈਸ਼ਨਲ ਪੁਲੀਟੀਕਲ ਬਿਊਰੋ ਵਿਚ ਕੰਮ ਕਰਨ ਲਈ ਕਿਹਾ ਸੀ। ਉਸ ਨੇ ਗੁਜ਼ਾਰਿਸ਼ ਕੀਤੀ ਕਿ ਬੱਚਿਆਂ ਦੀ ਪੜ੍ਹਾਈ ਦੇ ਸੈਸ਼ਨ ਦਰਮਿਆਨ ਤਬਾਦਲਾ ਸਵੀਕਾਰ ਕਰਕੇ ਦਿੱਲੀ ਜਾਣਾ ਸੰਭਵ ਨਹੀਂ ਪਰ ਉਸ ਦੀ ਪਰਿਵਾਰਕ ਸਮੱਸਿਆ ਅਣਸੁਣੀ ਕਰ ਦਿੱਤੀ ਗਈ। ਜਾਪਦਾ ਹੈ, ਪੂਰਾ ਸਿਲਸਿਲਾ ਉਸ ਦਾ ਕਾਂਟਰੈਕਟ ਨਵਿਆਉਣ ਦੀ ਤਾਰੀਕ ਤੋਂ ਹਫਤੇ ਪਹਿਲਾਂ ਵਿਉਂਤਿਆ ਗਿਆ ਸੀ।

ਇਸ ਤੋਂ ਪਹਿਲਾਂ ਪੱਤਰਕਾਰ ਨੇ ਨਾਬਰਾਬਰੀ ਵਾਲੇ ਸਲੂਕ ਅਤੇ ਆਪਣੇ ਮਿਆਰੀ ਕੰਮ ਅਨੁਸਾਰ ਤਰੱਕੀ ਨਾ ਦੇਣ ਦੀ ਸ਼ਿਕਾਇਤ ਵੀ ਕੀਤੀ ਸੀ। 26 ਜੁਲਾਈ ਨੂੰ ਉਸ ਨੂੰ ਸ਼ਿਕਾਇਤ ਦੀ ਸੁਣਵਾਈ ਲਈ ਨਵੀਂ ਦਿੱਲੀ ਵਿਖੇ ‘ਕੋਡ ਆਫ ਕੰਡਕਟ’ ਕਮੇਟੀ ਅੱਗੇ ਪੇਸ਼ ਹੋਣ ਲਈ ਕਿਹਾ ਗਿਆ, ਜਿਥੇ ਕਮੇਟੀ ਨੇ ਉਸ ਨਾਲ ਸ਼ਿਕਾਇਤ ਕਰਤਾ ਦੀ ਬਜਾਏ ਦੋਸ਼ੀ ਵਾਲਾ ਸਲੂਕ ਕੀਤਾ। ਉਸ ਨੂੰ ਦੱਸਿਆ ਗਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਮੀਡੀਆ ਸਲਾਹਕਾਰ ਨੇ ਉਸ ਦੀ ਰਿਪੋਰਟਿੰਗ ਬਾਰੇ ਸ਼ਿਕਾਇਤਾਂ ਕੀਤੀਆਂ ਹਨ ਅਤੇ ਉਸ ਦੀ ਰਿਪੋਰਟਿੰਗ ‘ਪੱਖਪਾਤੀ’ ਹੈ। ਇਸ ਨੂੰ ਲੈ ਕੇ ਉਸ ਦੀ ਇਕ ਘੰਟਾ ਤਿੱਖੀ ਜਵਾਬ ਤਲਬੀ ਕੀਤੀ ਗਈ। ਉਸ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਪੰਜਾਬ ਦੀ ਸੱਤਾਧਾਰੀ ਧਿਰ ਵਿਰੁਧ ਲਿਖਣ ਦੀ ਸਜ਼ਾ ਦਿੱਤੀ ਜਾ ਰਹੀ ਸੀ।

ਸੁਖਦੀਪ ਕੌਰ ਦਾ ਕਹਿਣਾ ਹੈ ਕਿ ਉਹ ਤਾਂ ਸਦਾ ਹੀ ਸੱਤਾ ਵਿਰੁੱਧ ਦਲੇਰੀ ਨਾਲ ਲਿਖਣ ਵਾਲੀ ਸਥਾਪਤੀ ਵਿਰੋਧੀ ਰਿਪੋਰਟਰ ਰਹੀ ਹੈ, ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ। ਆਖਿਰਕਾਰ ਉਸ ਵਲੋਂ ਤਬਾਦਲਾ ਸਵੀਕਾਰ ਨਾ ਕੀਤੇ ਜਾਣ ‘ਤੇ 9 ਸਤੰਬਰ ਨੂੰ ਉਸ ਨੂੰ ਬਰਖਾਸਤਗੀ ਪੱਤਰ ਹਾਸਲ ਕਰਨ ਅਤੇ ਬਕਾਏ ਲੈ ਕੇ ਇਕਰਾਰਨਾਮੇ ਉਪਰ ਦਸਤਖਤ ਕਰਨ ਲਈ ਸੱਦ ਲਿਆ ਗਿਆ। ਉਸ ਨੂੰ ਇਸ ਘਟਨਾਕ੍ਰਮ ਨੂੰ ਸੋਸ਼ਲ ਮੀਡੀਆ ਉਪਰ ਸਾਂਝਾ ਕਰਨ ਲਈ ਕਾਨੂੰਨੀ ਨਤੀਜੇ ਭੁਗਤਣ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

ਜ਼ਾਹਿਰ ਹੈ ਕਿ ਅਚਾਨਕ ਤਬਾਦਲਾ ਕਰਕੇ ਐਸਾ ਮਾਹੌਲ ਬਣਾ ਦਿੱਤਾ ਗਿਆ ਜਿਸ ਵਿਚ ਜਾਂ ਤਾਂ ਉਹ ਆਪਣੇ ਕਿੱਤੇ ਦੀ ਆਜ਼ਾਦੀ ਦੀ ਕੀਮਤ ‘ਤੇ ਇਸ ਫੈਸਲੇ ਨੂੰ ਸਵੀਕਾਰ ਕਰ ਲਵੇ ਜਾਂ ਫਿਰ ਸੰਸਥਾ ਛੱਡ ਦੇਵੇ। ਓੜਕ ਉਸ ਦੀ ਨੌਕਰੀ ਖੁਸ ਗਈ, ਕਿਉਂਕਿ ਕਾਂਟਰੈਕਟ ਨਵਿਆਉਣ ਦੀ ਤਾਕਤ ਸੰਸਥਾ ਕੋਲ ਹੈ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਟਵੀਟ ਕਰਕੇ ਦਾਅਵਾ ਕੀਤਾ ਹੈ ਕਿ ਪੱਤਰਕਾਰ ਵਲੋਂ ਲਗਾਏ ਇਲਜ਼ਾਮ ਬੇਬੁਨਿਆਦ ਹਨ, ਕਿਉਂਕਿ ‘ਕੈਪਟਨ ਦੇ ਰਾਜ ਵਿਚ ਮੀਡੀਆ ਨੂੰ ਮਿਸਾਲੀ ਆਜ਼ਾਦੀ‘ ਹੈ। ਸੱਤਾਧਾਰੀ ਧਿਰ ਦੀ ਇਹ ਸਫਾਈ ਮਹਿਜ਼ ਮਗਰਮੱਛ ਦੇ ਹੰਝੂ ਹਨ। ਸੱਤਾ ਪੱਖ ਇਹ ਸਵੀਕਾਰ ਕਿਉਂ ਕਰੇਗਾ ਕਿ ਪੁਲੀਟੀਕਲ ਬੀਟ ਕਵਰ ਕਰ ਰਹੀ ਪੱਤਰਕਾਰ ਦੀ ਬਰਖਾਸਤਗੀ ਦੀ ਵਜ੍ਹਾ ਉਨ੍ਹਾਂ ਦੀ ਨਾਰਾਜ਼ਗੀ ਸੀ। ਮੀਡੀਆ ਸੰਸਥਾਵਾਂ ਦੇ ਹਾਲਾਤ ਨਾਲ ਜੋੜ ਕੇ ਦੇਖੀਏ ਤਾਂ ਪੱਤਰਕਾਰ ਦੇ ਇਲਜ਼ਾਮਾਂ ਦੇ ਸੱਚੇ ਹੋਣ ਉਪਰ ਸ਼ੱਕ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ।

ਇਸ ਅਖਬਾਰ ਦਾ ਪੱਤਰਕਾਰ ਪ੍ਰਤੀ ਵਤੀਰਾ ਮੀਡੀਆ ਖੇਤਰ ਵਿਚ ਜੱਗੋਂ ਤੇਰ੍ਹਵੀਂ ਗੱਲ ਨਹੀਂ। ਮੀਡੀਆ ਦੀ ਆਜ਼ਾਦੀ ਦੀ ਨਜ਼ਰਸਾਨੀ ਕਰਨ ਵਾਲੀ ਸੰਸਥਾ ‘ਰਿਪੋਰਟਰਜ਼ ਵਿਦਆਊਟ ਬਾਰਡਰਜ਼’ ਦੀ ਸਾਲਾਨਾ ਰਿਪੋਰਟ ਅਨੁਸਾਰ ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਦਾ ਸਥਾਨ 180 ਮੁਲਕਾਂ ਵਿਚੋਂ 140ਵੇਂ ਨੰਬਰ ’ਤੇ ਆ ਗਿਆ ਹੈ। ਮੀਡੀਆ ਸੰਸਥਾਵਾਂ ਅੰਦਰਲਾ ਮਾਹੌਲ ਸੁਤੰਤਰ ਪੱਤਰਕਾਰੀ ਲਈ ਬਿਲਕੁਲ ਹੀ ਗ਼ੈਰ-ਮੁਆਫਕ ਅਤੇ ਬਾਂਹ ਮਰੋੜੂ ਹੈ। ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਨੂੰ ਭਾਰੀ ਦਬਾਓ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸੱਤਾਧਾਰੀਆਂ ਵਲੋਂ ਆਪਣਾ ਰਸੂਖ ਵਰਤ ਕੇ ਪੱਤਰਕਾਰਾਂ ਦੀ ਕਲਮ ਨੂੰ ਸੱਤਾ ਦੀ ਇੱਛਾ ਦੀ ਗੁਲਾਮ ਬਣਾਉਣ ਦੀ ਹਰ ਵਾਹ ਲਾਈ ਜਾਂਦੀ ਹੈ। ਪੱਤਰਕਾਰਾਂ ਦੀ ਭਰਤੀ ਤਿੰਨ ਜਾਂ ਪੰਜ ਸਾਲ ਲਈ ਠੇਕਾ ਦੇ ਆਧਾਰ ‘ਤੇ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਉਪਰ ਛਾਂਟੀ ਦੀ ਤਲਵਾਰ ਲਗਾਤਾਰ ਲਟਕਦੀ ਰਹਿੰਦੀ ਹੈ। ਬੇਯਕੀਨੇ ਰੁਜ਼ਗਾਰ ਅਤੇ ਅਨਿਸ਼ਚਿਤ ਭਵਿਖ ਦੀ ਸੂਰਤ ਵਿਚ ਉਹ ਆਜ਼ਾਦੀ ਨਾਲ ਕੰਮ ਕਿਵੇਂ ਕਰ ਸਕਦੇ ਹਨ? ਤਜਰਬੇਕਾਰ ਪੱਤਰਕਾਰਾਂ ਅਨੁਸਾਰ ਨਿਊਜ਼ ਰੂਮ ਦਾ ਸਭਿਆਚਾਰ ਬਦਲ ਗਿਆ ਹੈ ਅਤੇ ਨੌਜਵਾਨ ਪੱਤਰਕਾਰਾਂ ਨੂੰ ਸਵੈ-ਸੈਂਸਰਸ਼ਿਪ ਦੀ ਆਦਤ ਪਾਉਣ ਦਾ ਵਲ ਸਿੱਖਣਾ ਪੈਂਦਾ ਹੈ। ਇਨ੍ਹਾਂ ਹਾਲਾਤ ਵਿਚ ਕੰਮ ਕਰਦੇ ਪੱਤਰਕਾਰਾਂ ਨੂੰ ਪ੍ਰਬੰਧਕੀ ਅਦਾਰਿਆਂ ਦੀਆਂ ਸ਼ਰਤਾਂ ਮੰਨ ਕੇ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਹਨ ਜਾਂ ਦਮ ਘੁੱਟਵੇਂ ਮਾਹੌਲ ਨੂੰ ਤਿਲਾਂਜਲੀ ਦਿੰਦੇ ਹੋਏ ਨੌਕਰੀ ਛੱਡਣੀ ਪੈਂਦੀ ਹੈ। ਇਕ ਮੀਡੀਆ ਸੰਸਥਾ ਤੋਂ ਅਸਤੀਫਾ ਦੇਣ ਵਾਲੇ ਲਈ ਕਿਸੇ ਹੋਰ ਸੰਸਥਾ ਵਿਚ ਨੌਕਰੀ ਲੈਣਾ ਸੌਖੀ ਗੱਲ ਨਹੀਂ। ਜੇ ਨੌਕਰੀ ਮਿਲ ਵੀ ਜਾਵੇ ਤਾਂ ਸੰਸਥਾ ਅੰਦਰ ਸਵੈ-ਸੈਂਸਰਸ਼ਿਪ ਦਾ ਰਾਹ ਅਖਤਿਆਰ ਕਰਕੇ ਹੀ ਟਿਕਿਆ ਜਾ ਸਕਦਾ ਹੈ।

ਖੋਜੀ ਪੱਤਰਕਾਰਾਂ ਵਲੋਂ ਵੱਡੇ ਜੋਖਮ ਉਠਾ ਕੇ ਤਿਆਰ ਕੀਤੀਆਂ ਖਬਰਾਂ ਚੁੱਪ-ਚੁਪੀਤੇ ਦਫਨਾ ਦਿੱਤੀ ਜਾਂਦੀਆਂ ਹਨ। ਮਸ਼ਹੂਰ ਕਿਤਾਬ ‘ਗੁਜਰਾਤ ਫਾਈਲਾਂ’ ਦੀ ਲੇਖਕਾ ਰਾਣਾ ਅਯੂਬ ਨੇ ਪਿੱਛੇ ਜਿਹੇ ਖੁਲਾਸਾ ਕੀਤਾ ਸੀ ਕਿ ਨਿਧੜਕ ਰਿਪੋਰਟਿੰਗ ਲਈ ਜਾਣੇ ਜਾਂਦੇ ‘ਤਹਿਲਕਾ’ ਸਮੂਹ ਨੇ ਗੁਜਰਾਤ ਕਤਲੇਆਮ ਬਾਰੇ ਉਸ ਵਲੋਂ ਕੀਤੇ ਸਟਿੰਗ ਉਪਰੇਸ਼ਨ ਦੀ ਸਟੋਰੀ ਛਾਪਣ ਤੋਂ ਨਾਂਹ ਕਰ ਦਿੱਤੀ ਸੀ। ਇਸ ਦੀ ਵਜ੍ਹਾ ਉਸ ਵਲੋਂ ਕੀਤੇ ਸਟਿੰਗ ਉਪਰੇਸ਼ਨ ਪ੍ਰਤੀ ਭਗਵੇਂ ਬ੍ਰਿਗੇਡ ਦੇ ਹਿੰਸਕ ਪ੍ਰਤੀਕਰਮ ਦਾ ਖੌਫ ਸੀ। ‘ਗਿਰਝਾਂ ਦੀ ਦਾਅਵਤ: ਭਾਰਤ ਵਿਚ ਜਮਹੂਰੀਅਤ ਦਾ ਗੁੱਝਾ ਧੰਦਾ’ ਜੋ ਸੱਤਾ ਅਤੇ ਕਾਰਪੋਰੇਟ ਦੇ ਗੱਠਜੋੜ ਦੇ ਮਹਾਂ-ਘੁਟਾਲਿਆਂ ਬਾਰੇ ਅੱਖਾਂ ਖੋਲ੍ਹਣ ਵਾਲੀ ਕਿਤਾਬ ਹੈ, ਦੇ ਲੇਖਕ ਮਸ਼ਹੂਰ ਪੱਤਰਕਾਰ ਜੋਸੀ ਜੋਸਫ ਆਪਣੇ ਪੱਤਰਕਾਰੀ ਦੇ ਅਨੁਭਵ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਉਸ ਨੇ ਇਕ ਦਹਾਕਾ ਪਹਿਲਾਂ ਆਪਣੀ ਈਮੇਲ ਵਿਚ ‘ਮੁਰਦਾਘਰ’ ਨਾਂ ਦਾ ਫੋਲਡਰ ਬਣਾਇਆ ਸੀ ਜਿਸ ਵਿਚ ਉਹ ਖਬਰਾਂ ਸਾਂਭੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪੱਤਰਕਾਰੀ ਦੇ ਮਿਆਰਾਂ ਉਪਰ ਖਰੀਆਂ ਉਤਰਨ ਦੇ ਬਾਵਜੂਦ ਦਿਨ ਦਾ ਚਾਨਣ ਦੇਖਣਾ ਨਸੀਬ ਨਹੀਂ ਸੀ ਹੁੰਦਾ।


ਇਹ ਮਾਹੌਲ ਥੋੜ੍ਹੇ ਬਹੁਤੇ ਫਰਕ ਨਾਲ ਕੁਲ ਆਲਮ ਵਿਚ ਹੀ ਹੈ। ਪੁਲਿਟਜ਼ਰ ਇਨਾਮ ਜੇਤੂ ਅਮਰੀਕੀ ਪੱਤਰਕਾਰ ਸੀਮਰ ਐਮ. ਹਰਸ਼ ਜਿਸ ਨੇ ਵੀਅਤਨਾਮ ਦੇ ਭਿਆਨਕ ‘ਮਾਈ ਲਾਈ ਕਤਲੇਆਮ’, ਅਬੂ ਗਰੇਬ ਜੇਲ੍ਹ ਆਦਿ ਦੀ ਰਿਪੋਰਟਿੰਗ ਕਰਕੇ ਇਤਿਹਾਸ ਰਚਿਆ, ਨੇ ਵੀ ਆਪਣੀ ਹੱਡਬੀਤੀ ‘ਰਿਪੋਰਟਰ’ ਵਿਚ ਅਮਰੀਕਾ ਵਿਚ ਅਸੂਲੀ ਅਖਬਾਰੀ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ ਬੇਬਾਕੀ ਨਾਲ ਬਿਆਨ ਕੀਤੀਆਂ ਹਨ।

ਪਿਛਲੇ ਕੁਝ ਦਹਾਕਿਆਂ ਤੋਂ ਭਾਰਤੀ ਮੀਡੀਆ ਨੂੰ ਮੁਨਾਫਾ ਆਧਾਰਿਤ ਕਾਰੋਬਾਰ ਵਾਂਗ ਚਲਾਉਣ ਦੇ ਰੁਝਾਨ ਦੇ ਜ਼ੋਰ ਫੜਨ ਨਾਲ ਇਸ ਨੇ ਜਮਹੂਰੀਅਤ ਦੇ ਚੌਥੇ ਥੰਮ੍ਹ ਦੇ ਤੌਰ ‘ਤੇ ਆਪਣੀ ਭੂਮਿਕਾ ਬਹੁਤ ਹੱਦ ਤਕ ਤਿਆਗ ਦਿੱਤੀ ਹੈ। ਜ਼ਿਆਦਾਤਰ ਮੀਡੀਆ ਸੱਤਾ ਦਾ ਪ੍ਰਚਾਰਕ ਬਣ ਗਿਆ ਹੈ। ਨਵਉਦਾਰਵਾਦੀ ਆਰਥਿਕਤਾ ਦੇ ਦੌਰ ਵਿਚ ਜ਼ਿਆਦਾਤਰ ਮੀਡੀਆ ਸਮੂਹਾਂ ਵਿਚ ਮੀਡੀਆ ਦੀ ਆਜ਼ਾਦੀ ਦੀ ਕੀਮਤ ‘ਤੇ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਨਾਪਾਕ ਗੱਠਜੋੜ ਨਾਲ ਸੁਖਾਵਾਂ ਰਿਸ਼ਤਾ ਬਣਾ ਕੇ ਲਾਹੇ ਲੈਣ ਦੀ ਜ਼ਬਰਦਸਤ ਰੁਚੀ ਹੈ, ਕਿਉਂਕਿ ਉਨ੍ਹਾਂ ਦੀ ਵਿਤੀ ਨਿਰਭਰਤਾ ਇਸ਼ਤਿਹਾਰ-ਦਾਤਿਆਂ ਉਪਰ ਹੈ। ਕੋਈ ਵੀ ਮੀਡੀਆ ਸਮੂਹ ਇਸ਼ਤਿਹਾਰ-ਦਾਤਿਆਂ ਨੂੰ ਨਾਪਸੰਦ ਰਿਪੋਰਟਿੰਗ ਕਰਕੇ ਉਨ੍ਹਾਂ ਨਾਲ ਰਿਸ਼ਤੇ ਵਿਗਾੜਨ ਦਾ ਕਾਰੋਬਾਰੀ ਜੋਖਮ ਨਹੀਂ ਲੈਣਾ ਚਾਹੇਗਾ। ਇਸ ਰੁਚੀ ਵਾਲਾ ਮੀਡੀਆ ਸਮੂਹ ਆਪਣੇ ਪੱਤਰਕਾਰ ਦੇ ਹੱਕ ਵਿਚ ਖੜ੍ਹਨ ਦੀ ਬਜਾਏ ਕਾਰੋਬਾਰੀ ਹਿਤ ਨੂੰ ਤਰਜੀਹ ਦਿੰਦਾ ਹੈ। ਫਿਰ ਪੱਤਰਕਾਰ ਦੇ ਬੇਖੌਫ ਹੋ ਕੇ ਕੰਮ ਕਰ ਸਕਣ ਦੀ ਗੁੰਜ਼ਾਇਸ਼ ਹੀ ਕਿਥੇ ਹੈ? ਕਲਮ ਉਪਰ ਰੋਕਾਂ ਨੂੰ ਬਰਦਾਸ਼ਤ ਨਾ ਕਰਦੇ ਹੋਏ ਕਈ ਉਘੇ ਸੰਪਾਦਕ ਅਤੇ ਪੱਤਰਕਾਰ ਰਵਾਇਤੀ ਮੀਡੀਆ ਸਮੂਹਾਂ ਨੂੰ ਅਲਵਿਦਾ ਕਹਿਕੇ ਆਪੋ ਆਪਣੇ ਆਨਲਾਈਨ ਮੀਡੀਆ ਪੋਰਟਲ ਚਲਾ ਰਹੇ ਹਨ ਜਾਂ ਹੋਰਾਂ ਦੇ ਆਨਲਾਈਨ ਪੋਰਟਲਾਂ ਲਈ ਲਿਖ ਰਹੇ ਹਨ।

***ਪੱਤਰਕਾਰਾਂ ਅੱਗੇ ਮੁੱਖ ਚੁਣੌਤੀ ਹੀ ਇਹ ਹੈ- ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਪ੍ਰੈੱਸ ਨੋਟ ਛਾਪਣੇ ਹਨ ਜਾਂ ਪੱਤਰਕਾਰੀ ਦਾ ਸੱਚਾ ਧਰਮ ਨਿਭਾਉਣਾ ਹੈ। ਕਥਿਤ ਮੁੱਖਧਾਰਾ ਮੀਡੀਆ ਦਾ ਇਕ ਹਿੱਸਾ ਦਰਬਾਰੀ ਪੱਤਰਕਾਰਾਂ ਦਾ ਹੈ ਜੋ ਸੱਤਾ ਦੀ ਚਾਪਲੂਸੀ ਕਰਕੇ ਆਪਣਾ ਭਵਿਖ ਚਮਕਾਉਣ ਵਿਚ ਜੁਟੇ ਹੋਏ ਹਨ। ਉਨ੍ਹਾਂ ਲਈ ਪ੍ਰੈੱਸ/ਮੀਡੀਆ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਨਿਰੋਲ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਦਲਾਲ ਹਨ।***

ਕਾਰਪੋਰੇਟ ਸਮੂਹਾਂ ਅਤੇ ਵੱਡੇ ਰਾਜਸੀ ਰਸੂਖ ਵਾਲੇ ਤਾਕਤਵਰ ਹਿੱਸਿਆਂ ਕੋਲ ਇਕ ਹੋਰ ਜ਼ਬਰਦਸਤ ਹਥਿਆਰ ਮਾਣਹਾਨੀ ਦਾ ਮੁਕੱਦਮਾ ਹੈ। ਭਾਰਤ ਵਿਚ ਪਿੱਛੇ ਸਾਲਾਂ ਵਿਚ ‘ਆਊਟਲੁੱਕ’, ‘ਦਿ ਵਾਇਰ’, ‘ਦਿ ਸਿਟੀਜ਼ਨ’, ਐਨ.ਡੀ.ਟੀ.ਵੀ. ਵਗੈਰਾ ਉਪਰ ਹਜ਼ਾਰਾਂ ਕਰੋੜ ਰੁਪਏ ਦੇ ਮਾਣਹਾਨੀ ਦੇ ਮੁਕੱਦਮੇ ਕੀਤੇ ਗਏ। ਹਿੰਦੂਤਵ ਬ੍ਰਿਗੇਡ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਹ ਦਬਾਓ ਇੰਨਾ ਬੇਤਹਾਸ਼ਾ ਹੋ ਚੁੱਕਾ ਹੈ ਕਿ ਇਸ ਦਾ ਖਤਰਨਾਕ ਅਸਰ ਚੋਟੀ ਦੇ ਬੌਧਿਕ ਰਸਾਲੇ ‘ਇਕਨਾਮਿਕ ਐਂਡ ਪੁਲੀਟੀਕਲ ਵੀਕਲੀ’ ਵਿਚ ਵੀ ਦੇਖਿਆ ਗਿਆ। ਤੱਤਕਾਲੀ ਸੰਪਾਦਕ ਪਰਾਂਜੇ ਗੁਹਾ ਠਾਕੁਰਤਾ ਨੇ ਖੋਜ ਭਰਪੂਰ ਲੇਖ ਲਿਖਿਆ ਜਿਸ ਵਿਚ ਮੋਦੀ ਸਰਕਾਰ ਵਲੋਂ ਕਾਰਪੋਰੇਟ ਅਡਾਨੀ ਸਮੂਹ ਨੂੰ 500 ਕਰੋੜ ਰੁਪਏ ਦਾ ਫਾਇਦਾ ਪਹੁੰਚਾਏ ਜਾਣ ਦਾ ਖੁਲਾਸਾ ਕੀਤਾ ਗਿਆ ਸੀ। ਲੇਖ ਨੂੰ ਬਲਾਗ ਉਪਰੋਂ ਹਟਾਉਣ ਲਈ ਕਾਰਪੋਰੇਟ ਸਮੂਹ ਵਲੋਂ ਸੰਸਥਾ ਨੂੰ ਮਹਿਜ਼ ਕਾਨੂੰਨੀ ਨੋਟਿਸ (ਅਦਾਲਤੀ ਨਹੀਂ) ਭੇਜਿਆ ਗਿਆ। ਸੰਪਾਦਕ ਨਾਲ ਖੜ੍ਹਨ ਦੀ ਬਜਾਏ ਸਮੀਕਸ਼ਾ ਟਰੱਸਟ ਨੇ ਲੇਖ ਬਲਾਗ ਉਪਰੋਂ ਹਟਾ ਦਿੱਤਾ ਅਤੇ ਨਜ਼ਰਸਾਨੀ ਲਈ ਉਸ ਦੇ ਨਾਲ ਸਹਾਇਕ ਸੰਪਾਦਕ ਲਗਾ ਦਿੱਤਾ ਜਿਸ ਦੇ ਰੋਸ ਵਜੋਂ ਸੰਪਾਦਕ ਨੇ ਅਸਤੀਫਾ ਦੇ ਦਿੱਤਾ। ਇਹ ਫੈਸਲੇ ਕਰਨ ਵਾਲੇ ਉਘੇ ਬੁੱਧੀਜੀਵੀਆਂ ਵਿਚ ਸਿਰਮੌਰ ਇਤਿਹਾਸਕਾਰ ਪ੍ਰੋਫੈਸਰ ਰੋਮਿਲਾ ਥਾਪਰ ਵੀ ਸ਼ਾਮਲ ਸੀ।

ਨਿਊਜ਼ ਰੂਮਾਂ ਵਿਚ ਖਬਰਾਂ ਦੀ ਹੱਤਿਆ ਅਤੇ ਸਵੈ-ਸੈਂਸਰਸ਼ਿਪ ਦੀ ਮੁਹਾਰਤ ਗ੍ਰਹਿਣ ਕਰਨ ਦੀ ਚੁਣੌਤੀ ਤੋਂ ਇਲਾਵਾ ਇਸ ਮਸਲੇ ਦੇ ਹੋਰ ਪਾਸਾਰ ਵੀ ਹਨ। 2011-2018 ਦਰਮਿਆਨ 35 ਪੱਤਰਕਾਰਾਂ ਦੇ ਕਤਲ ਹੋ ਚੁੱਕੇ ਹਨ। ਬਹੁਭਾਂਤੀ ਮਾਫੀਆ ਗਰੋਹਾਂ ਵਲੋਂ ਧਮਕੀਆਂ, ਜਾਨਲੇਵਾ ਹਮਲੇ ਅਤੇ ਸੱਤਾ ਵਲੋਂ ਝੂਠੇ ਪਰਚੇ ਆਮ ਗੱਲ ਹੈ। ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਪੱਤਰਕਾਰਾਂ ਖਿਲਾਫ ਰਾਜਧ੍ਰੋਹ ਦੇ ਅਤੇ ਹੋਰ ਮੁਕੱਦਮੇ ਦਰਜ ਕਰਕੇ ਉਨ੍ਹਾਂ ਨੂੰ ਧਮਕਾਉਣ ਅਤੇ ਜੇਲ੍ਹਾਂ ਵਿਚ ਸੁੱਟਣ ਦੇ ਵਰਤਾਰੇ ਵਿਚ ਖਾਸ ਤੇਜ਼ੀ ਆਈ ਹੈ। ਯੂ.ਪੀ. ਵਿਚ ਅਦਿਤਿਆਨਾਥ ਸਰਕਾਰ ਵਲੋਂ ਹਾਲ ਹੀ ‘ਮਿਡ ਡੇ ਮੀਲ’ ਦੀ ਧਾਂਦਲੀ ਦੀ ਵੀਡੀਓਗ੍ਰਾਫੀ ਕਰਨ ਵਾਲੇ ਪੱਤਰਕਾਰ ਵਿਰੁਧ ਫੌਜਦਾਰੀ ਧਾਰਾਵਾਂ ਲਗਾ ਕੇ ਐਫ.ਆਈ.ਆਰ. ਦਰਜ ਕਰਵਾ ਦਿੱਤੀ ਗਈ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਬਾਰੇ ਕਥਿਤ ਅਪਮਾਨਜਨਕ ਸਮੱਗਰੀ ਸ਼ੇਅਰ ਕਰਨ ਦੇ ਇਲਜ਼ਾਮ ਤਹਿਤ ਦਿੱਲੀ ਤੋਂ ਫਰੀਲਾਂਸ ਪੱਤਰਕਾਰ ਪ੍ਰਸ਼ਾਂਤ ਕਨੌਜੀਆ, ਨੋਇਡਾ ਤੋਂ ਨੇਸ਼ਨ ਲਾਈਵ ਨਿਊਜ਼ ਚੈਨਲ ਦੀ ਮੁਖੀ ਇਸ਼ੀਤਾ ਸਿੰਘ ਅਤੇ ਸੰਪਾਦਕ ਅਨੁਜ ਸ਼ੁਕਲਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਹੋਰ ਵੀ ਕਈ ਪੱਤਰਕਾਰਾਂ ਦੇ ਖਿਲਾਫ ਪਰਚੇ ਦਰਜ ਕਰਵਾਏ ਜਾਣ ਦੀਆਂ ਰਿਪੋਰਟਾਂ ਹਨ।



ਝਾਰਖੰਡ ਵਿਚ ਫਰੀਲਾਂਸ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਨੂੰ ਮਾਓਵਾਦੀ ਕਰਾਰ ਦੇ ਕੇ ਜੇਲ੍ਹ ਭੇਜਿਆ ਗਿਆ ਹੈ। ਥੋੜ੍ਹੇ ਸਾਲ ਪਹਿਲਾਂ ਛੱਤੀਸਗੜ੍ਹ ਵਿਚ ਦੋ ਫੀਲਡ ਪੱਤਰਕਾਰਾਂ ਸੋਮਾਰੂ ਨਾਗ ਅਤੇ ਸੰਤੋਸ਼ ਯਾਦਵ ਨੂੰ ਮਾਓਵਾਦੀ ਹਮਾਇਤੀ ਦੱਸ ਕੇ ਗ੍ਰਿਫਤਾਰ ਕੀਤਾ ਗਿਆ ਸੀ, ਉਦੋਂ ਸਬੰਧਤ ਅਖਬਾਰ ਅਤੇ ਟੀ.ਵੀ. ਚੈਨਲ ਉਨ੍ਹਾਂ ਨੂੰ ਆਪਣੇ ਪੱਤਰਕਾਰ ਮੰਨਣ ਤੋਂ ਹੀ ਮੁੱਕਰ ਗਏ ਸਨ। ਐਸੇ ਪੱਤਰਕਾਰ ਹੀ ਹਨ ਜੋ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਕਾਰਪੋਰੇਟ ਮਾਫੀਆ, ਹੁਕਮਰਾਨਾਂ ਅਤੇ ਸਟੇਟ ਮਸ਼ੀਨਰੀ ਦੇ ਲੋਕ ਦੁਸ਼ਮਣ ਗੱਠਜੋੜ ਦੀ ਅਸਲੀਅਤ ਸਾਹਮਣੇ ਲਿਆਉਂਦੇ ਹਨ ਅਤੇ ਦੱਬੇ-ਕੁਚਲੇ ਅਵਾਮ ਦੇ ਅਸਲ ਮੁੱਦਿਆਂ ਉਪਰ ਬੇਖੌਫ ਹੋ ਕੇ ਜ਼ਮੀਨੀ ਰਿਪੋਰਟਿੰਗ ਕਰ ਰਹੇ ਹਨ। ਇਨ੍ਹਾਂ ਨੂੰ ਨਾ ਤਾਂ ਮਹਾਂਨਗਰਾਂ ਵਿਚ ਬੈਠੇ ਮੋਟੀਆਂ ਤਨਖਾਹਾਂ ਲੈਣ ਵਾਲੇ ਵੱਡੇ ਪੱਤਰਕਾਰਾਂ ਵਾਂਗ ਮਾਨਤਾ ਮਿਲਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਨਿਸ਼ਾਨਾ ਬਣਾਏ ਜਾਣ ‘ਤੇ ਮੀਡੀਆ ਸੰਸਥਾਵਾਂ ਇਨ੍ਹਾਂ ਦੇ ਹੱਕ ਵਿਚ ਖੜ੍ਹਦੀਆਂ ਹਨ।

ਪੱਤਰਕਾਰਾਂ ਅੱਗੇ ਮੁੱਖ ਚੁਣੌਤੀ ਹੀ ਇਹੀ ਹੈ- ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਪ੍ਰੈੱਸ ਨੋਟ ਛਾਪਣੇ ਹਨ ਜਾਂ ਪੱਤਰਕਾਰੀ ਦਾ ਸੱਚਾ ਧਰਮ ਨਿਭਾਉਣਾ ਹੈ। ਕਥਿਤ ਮੁੱਖਧਾਰਾ ਮੀਡੀਆ ਦਾ ਇਕ ਹਿੱਸਾ ਦਰਬਾਰੀ ਪੱਤਰਕਾਰਾਂ ਦਾ ਹੈ ਜੋ ਸੱਤਾ ਦੀ ਚਾਪਲੂਸੀ ਕਰਕੇ ਆਪਣਾ ਭਵਿਖ ਚਮਕਾਉਣ ਵਿਚ ਜੁਟੇ ਹੋਏ ਹਨ। ਉਨ੍ਹਾਂ ਲਈ ਪ੍ਰੈੱਸ/ਮੀਡੀਆ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਨਿਰੋਲ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਦਲਾਲ ਹਨ। ਬੇਬਾਕ ਪੱਤਰਕਾਰ ਉਪਰ ਮਾਓਵਾਦੀ ਹਮਾਇਤੀ ਜਾਂ ਦੇਸ਼ਧ੍ਰੋਹੀ ਦਾ ਠੱਪਾ ਲਗਾਏ ਜਾਣ ਨਾਲ ਦਰਬਾਰੀ ਖਸਲਤ ਵਾਲਿਆਂ ਨੂੰ ਸੁਹਿਰਦ ਪੱਤਰਕਾਰਾਂ ਤੋਂ ਦੂਰੀ ਬਣਾ ਲੈਣ ਲਈ ਵਧੀਆ ਬਹਾਨਾ ਮਿਲ ਜਾਂਦਾ ਹੈ। ਹੁਣ ਤਾਂ ਆਲਮ ਇਹ ਹੈ ਕਿ ਪ੍ਰੈੱਸ ਕਲੱਬ ਆਫ ਇੰਡੀਆ ਦੇ ਕੁਝ ਅਹੁਦੇਦਾਰਾਂ ਨੇ ਅਦਿਤਿਆਨਾਥ ਬਾਬਤ ਸਮੱਗਰੀ ਨੂੰ ‘ਪੱਤਰਕਾਰੀ ਦੀ ਆੜ ਵਿਚ ਕਿਰਦਾਰਕੁਸ਼ੀ ਅਤੇ ਬਲੈਕਮੇਲਿੰਗ ਕਰਨ ’ਤੇ ਤੁਲੇ ਏਜੰਡੇ ਵਾਲੇ ਪੱਤਰਕਾਰ’ ਕਰਾਰ ਦੇ ਕੇ ਨਾ ਸਿਰਫ ਇਸ ਦੀ ਖੁੱਲ੍ਹੇਆਮ ਨਿਖੇਧੀ ਕੀਤੀ ਸਗੋਂ ਮੀਡੀਆ ਸੰਸਥਾਵਾਂ ਵਲੋਂ ਲਏ ਸਟੈਂਡ ਅਤੇ ਰੋਸ ਮੁਜ਼ਾਹਰੇ ਦਾ ਵਿਰੋਧ ਕਰਦਿਆਂ ਹੋਰ ਪੱਤਰਕਾਰਾਂ ਨੂੰ ‘ਐਸੇ ਪੱਤਰਕਾਰਾਂ ਨਾਲ ਕੋਈ ਹਮਦਰਦੀ ਨਾ ਰੱਖਣ ਅਤੇ ਉਨ੍ਹਾਂ ਦਾ ਪਰਦਾਫਾਸ਼ ਕਰਨ’ ਦੀਆਂ ਨਸੀਹਤਾਂ ਵੀ ਦਿੱਤੀਆਂ।

ਸੁਖਦੀਪ ਕੌਰ ਨੇ ਸਹੀ ਸਵਾਲ ਉਠਾਇਆ ਹੈ: ‘ਕੀ ਸਾਨੂੰ ਖਾਮੋਸ਼ ਬੈਠੇ ਰਹਿਣਾ ਚਾਹੀਦਾ ਹੈ ਅਤੇ ਸੱਤਾ ਵਿਚ ਬੈਠੇ ਲੋਕਾਂ ਨੂੰ ਸਾਨੂੰ ਇਸੇ ਤਰ੍ਹਾਂ ਘਾਤਕ ਹਮਲੇ ਕਰਦੇ ਰਹਿਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ?’ ਪੱਤਰਕਾਰੀ ਦਾ ਭਵਿਖ ਸਮਝੌਤਿਆਂ ਵਿਚ ਨਹੀਂ, ਆਪਣੇ ਹਿਤ ਲਈ ਸੰਘਰਸ਼ ਰਾਹੀਂ ਸੁਰੱਖਿਅਤ ਹੋਵੇਗਾ। ਕਾਂਟਰੈਕਟ ਪ੍ਰਣਾਲੀ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ, ਬਸ਼ਰਤੇ ਇਸ ਦੇ ਖਿਲਾਫ ਦ੍ਰਿੜਤਾ ਨਾਲ ਲੜਨ ਦੀ ਠਾਣ ਲਈ ਜਾਵੇ ਅਤੇ ਪੱਤਰਕਾਰ ਭਾਈਚਾਰਾ ਲੜਾਈ ਲੜਨ ਲਈ ਕੱਢੇ ਗਏ ਪੱਤਰਕਾਰਾਂ ਦੀ ਇਖਲਾਕੀ ਅਤੇ ਵਿਤੀ ਮਦਦ ਕਰੇ। ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬੱਲ ਵਲੋਂ ਓਪਨ ਮੈਗਜ਼ੀਨ ਸਮੂਹ ਵਿਰੁਧ ਲੜੀ ਲੜਾਈ ਇਸ ਦੀ ਮਿਸਾਲ ਹੈ। ਪੰਜ ਸਾਲ ਬਾਅਦ ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ- ਪ੍ਰਬੰਧਕੀ ਵਲੋਂ ‘ਉਸ ਨੂੰ ਕਾਨੂੰਨੀ ਵਿਵਸਥਾ ਦੀ ਪਾਲਣਾ ਨਾ ਕਰਕੇ ਗੈਰਕਾਨੂੰਨੀ ਅਤੇ ਨਾਜਾਇਜ਼ ਤੌਰ ’ਤੇ ਹਟਾਇਆ ਗਿਆ।’ ਅਦਾਲਤ ਨੇ ਢੁਕਵਾਂ ਹਰਜਾਨਾ ਦੇਣ ਦਾ ਹੁਕਮ ਵੀ ਦਿੱਤਾ।

ਚਾਹੇ ਭਾਜਪਾ ਦਾ ਰਾਜ ਹੈ ਜਾਂ ਕਾਂਗਰਸ ਦਾ, ਪੱਤਰਕਾਰਾਂ ਨੂੰ ਪੱਤਰਕਾਰੀ ਦਾ ਧਰਮ ਨਿਭਾਉਣ ਲਈ ਇਸ ਦਮ ਘੋਟੂ ਮਾਹੌਲ ਦਾ ਮੁਕਾਬਲਾ ਇਕ ਜੁਟ ਹੋ ਕੇ ਸਮੂਹਿਕ ਤਾਕਤ ਰਾਹੀਂ ਕਰਨਾ ਹੋਵੇਗਾ। ਇਹ ਲੜਾਈ ਇਕੱਲੀ ਪੱਤਰਕਾਰ ਭਾਈਚਾਰੇ ਦੀ ਨਹੀਂ, ਸਮੂਹ ਇਨਸਾਫਪਸੰਦ ਤਾਕਤਾਂ ਦੀ ਵੀ ਹੈ। ਸਮਝੌਤੇਬਾਜ਼ਾਂ ਨੂੰ ਵੀ ਕੰਧ ‘ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਪੱਤਰਕਾਰੀ ਦੀ ਨੈਤਿਕਤਾ ਨੂੰ ਤਿਲਾਂਜਲੀ ਦੇ ਕੇ ਕੀਤੇ ਖੁਦਗਰਜ਼ ਸਮਝੌਤਿਆਂ ਰਾਹੀਂ ਨਿੱਜੀ ਭਵਿਖ ਨੂੰ ਮਹਿਫੂਜ਼ ਬਣਾਉਣ ਦਾ ਰਾਹ ਆਖਿਰਕਾਰ ਜਮਹੂਰੀ ਹੱਕਾਂ ਅਤੇ ਕਦਰਾਂ-ਕੀਮਤਾਂ ਦੀਆਂ ਜੜ੍ਹਾਂ ਵਿਚ ਤੇਲ ਦੇਣ ਸਮਾਨ ਹੈ।

# 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦਾ 15ਵਾਂ ਵਿਸ਼ਵ ਕਬੱਡੀ ਕੱਪ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਵਿਚ ਇਕ ਨਵੀਂ ਤੇ ਵਿਲੱਖਣ ਪੈੜ ਸਿੱਧ ਹੋਇਆ। ਇਸ ਵਿਸ਼ਵ ਕਬੱਡੀ ਕੱਪ ਨੇ ਨਾਨਕ ਨਾਮ ਲੇਵਾ ਸਮੁੱਚੀ ਸੰਗਤ ਨੂੰ ਇਹ ਵਿਸ਼ਵਾਸ ਤੇ ਯਕੀਨ ਦੁਆਇਆ ਕਿ ਸੱਚੀਂ ਮੁੱਚੀਂ ਹੀ ਚੜ੍ਹਦੀ ਕਲਾ ਦੇ ਅਰਥ ਨਾਨਕ ਨਾਮ ਨਾਲ ਹੀ ਹੁੰਦੇ ਨੇ।

**-ਯੂਨੀਅਨ ਸਿਟੀ 'ਚ ਐਤਵਾਰ ਦਾ ਸੂਰਜ ਨਿਵੇਕਲੇ ਢੰਗ ਨਾਲ ਚੜ੍ਹਿਆ**

**-ਲੋਗਨ ਹਾਈ ਸਕੂਲ ਦਾ ਖੇਡ ਮੈਦਾਨ ਸ਼ਾਮ ਵੇਲੇ ਸਵਿਟਰਜ਼ਲੈਂਡ ਲੱਗਦਾ ਸੀ**

**-ਟੈਂਟ ਕੁਰਸੀਆਂ, ਬੈਠਣ ਦੀ ਸਹੂਲਤ ਵੇਖਣਯੋਗ ਸੀ**

**-ਪੰਡਾਲ 'ਚ ਲੱਗੇ ਵੱਡੇ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੈਨਰ ਪ੍ਰਬੰਧਕਾਂ ਲਈ ਸ਼ਰਧਾ ਦਾ ਸੂਚਕ ਬਣੇ ਰਹੇ।**



*ਟੂਰਨਾਮੈਂਟ ਦਾ ਰਸਮੀ ਉਦਘਟਾਨ ਕਰਦੇ ਹੋਏ ਸ. ਮੇਜਰ ਸਿੰਘ ਬੈਂਸ ਤੇ ਉਨ੍ਹਾਂ ਦੇ ਨਾਲ ਮੈਨੀ ਗਰੇਵਾਲ, ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਸੁਰਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤ ਤੇ ਹੋਰ।*



*ਪਹਿਲਾ ਇਨਾਮ ਦੇਣ ਵਾਲੇ ਵ੍ਹਾਈਟ ਹਾਕ ਦੇ ਕੁਲਜੀਤ ਨਿੱਝਰ, ਜਗਜੀਤ ਸਿੰਘ ਰੱਕੜ ਦਾ ਸਨਮਾਨ ਕਰਦੇ ਹੋਏ ਮੱਖਣ ਸਿੰਘ ਬੈਂਸ, ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਤੇ ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਹੋਤਾ, ਨਰਿੰਦਰ ਸਹੋਤਾ, ਨੱਥਾ ਸਿੰਘ ਗਾਖਲ ਅਤੇ ਹੋਰ।*

ਲੰਘੇ ਐਤਵਾਰ ਇਥੇ ਲੋਗਨ ਹਾਈ ਸਕੂਲ 'ਚ 15000 ਤੋਂ ਵੱਧ ਕਬੱਡੀ ਪ੍ਰੇਮੀਆਂ ਦਾ ਪੁੱਜਣਾ, ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਣਾ, 9 ਘੰਟੇ ਲਗਾਤਾਰ ਪੰਜਾਬੀ ਪੁੱਤਰਾਂ ਦਾ 'ਕਬੱਡੀ ਕਬੱਡੀ' ਨਾਲ ਜ਼ੋਰ ਵਿਖਾਉਣਾ ਅਤੇ ਅਮਰੀਕਾ ਦੀ ਧਰਤੀ 'ਤੇ ਅਜਿਹਾ ਇਤਿਹਾਸ ਬਣਾਉਣਾ ਬਾਬੇ ਨਾਨਕ ਦੀ ਮਿਹਰ ਨਾਲ ਹੀ ਸੰਭਵ ਹੋ ਸਕਿਆ। ਇਹ ਵਿਚਾਰ ਸਨ, ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ, ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਅਮੋਲਕ ਸਿੰਘ ਗਾਖਲ ਦੇ। 'ਮੇਰਾ ਮੁਝ ਮਹਿ ਕਿਛੁ ਨਹੀ' ਦੀ ਧਾਰਨਾ ਨਾਲ ਉਨ੍ਹਾਂ ਇਸ ਕਬੱਡੀ ਕੱਪ ਨੂੰ ਪੰਜਾਬੀਆਂ, ਸਿੱਖ ਕੌਮ ਅਤੇ ਕਬੱਡੀ ਪ੍ਰੇਮੀਆਂ ਦੇ ਨਾਮ ਕੀਤਾ।

ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਬੱਡੀ ਕੱਪ ਨੂੰ ਕਾਮਯਾਬੀ ਨਾਲ ਕਰਵਾਉਣ ਲਈ ਦਿਨ ਰਾਤ ਇਕ ਹੀ ਨਹੀਂ ਕੀਤਾ ਸਗੋਂ ਆਪਣੇ ਕਾਰੋਬਾਰੀ ਅਦਾਰੇ ਰਾਜਾ ਸਵੀਟਸ ਵਲੋਂ ਅੰਮ੍ਰਿਤਸਰੀ ਛੋਲੇ ਭਟੂਰੇ ਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਲੰਗਰ ਅਤੇ ਗੁਰੂਘਰ ਫਰੀਮਾਂਟ ਤੇ ਗੁਰੂਘਰ ਸੈਨ ਹੋਜੇ ਵਲੋਂ ਵੀ ਸਾਰਾ ਦਿਨ ਸੰਗਤ ਦੀ ਸੇਵਾ ਵਿਚ ਲੰਗਰ ਵਰਤਾਇਆ। ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰਨ ਵਾਲੀ ਜੋੜੀ ਇਕਬਾਲ ਸਿੰਘ ਗਾਖਲ ਉਪ ਚੇਅਰਮੈਨ, ਕਬੱਡੀ ਦੇ ਸਾਬਕਾ ਧੁਨੰਤਰ ਤੀਰਥ ਸਿੰਘ ਗਾਖਲ ਅਤੇ ਮੱਖਣ ਸਿੰਘ ਧਾਲੀਵਾਲ ਨੇ ਬਾਖੂਬੀ ਜ਼ਿੰਮੇਵਾਰੀਆਂ ਨਿਭਾਈਆਂ।

ਇਸ ਕਬੱਡੀ ਕੱਪ ਵਿਚ ਸਾਰਾ ਦਿਨ ਫਸਵੇਂ ਮੁਕਾਬਲੇ, ਚੋਟੀ ਦੇ ਖਿਡਾਰੀਆਂ ਦੇ ਜੋਸ਼ ਭਰੇ ਜਲਵੇ ਤੇ ਉਂਗਲੀਆਂ ਖੜ੍ਹੀਆਂ ਹੁੰਦੀਆਂ, ਪੱਟਾਂ 'ਤੇ ਹੱਥ ਵੱਜਦੇ, ਦਰਸ਼ਕਾਂ ਦੀਆਂ ਤਾੜੀਆਂ ਦਾ ਮਾਹੌਲ ਹੀ ਨਹੀਂ ਸਿਰਜਿਆ ਸਗੋਂ ਕਬੱਡੀ ਪ੍ਰੇਮੀਆਂ ਤੇ ਸੰਗਤ ਦੇ ਬੜੇ ਗਿਲੇ ਸ਼ਿਕਵਿਆਂ ਨੂੰ ਵੀ ਦੂਰ ਕਰ ਦਿੱਤਾ। ਪਹਿਲੀ ਵਾਰ ਸੀ ਕਿ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦੀ ਅਗਵਾਈ 'ਚ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਲਾਹਕਾਰ ਪਲਵਿੰਦਰ ਸਿੰਘ ਗਾਖਲ, ਨੱਥਾ ਸਿੰਘ ਗਾਖਲ ਅਤੇ ਸਾਧੂ ਸਿੰਘ ਖਲੌਰ ਦੀ ਟੀਮ ਨੇ ਹਾਜ਼ਰ ਅਹਿਮ ਸ਼ਖਸੀਅਤਾਂ ਨੂੰ ਜੀ ਆਇਆਂ ਆਖਦਿਆਂ ਸਤਿਕਾਰ ਨਾਲ ਝੋਲੀਆਂ ਭਰ ਦਿੱਤੀਆਂ। ਕਬੱਡੀ ਕੱਪ ਦੇ ਪਹਿਲੇ ਇਨਾਮ ਦੇ ਸਪਾਂਸਰ ਓਸ਼ੀਅਨ ਟਰਾਂਸਪੋਰਟ ਦੇ ਜਗਜੀਤ ਸਿੰਘ ਰੱਕੜ, ਵਾਈਟ ਹਾਕ ਦੇ ਕੁਲਜੀਤ ਸਿੰਘ ਨਿੱਝਰ, ਦੂਜੇ ਇਨਾਮ ਦੇ ਸਪਾਂਸਰ ਸਹੋਤਾ ਭਰਾ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਤੀਜੇ ਇਨਾਮ ਦੇ ਸਹਿਯੋਗੀ-ਜਸਵਿੰਦਰ ਬੋਪਾਰਾਏ, ਦਲਵੀਰ ਬੋਪਾਰਾਏ, ਮਾਈਕ ਬੋਪਾਰਾਏ ਤੇ ਗੁਰਦੇਵ ਸਿੰਘ ਬੋਪਾਰਾਏ ਹਾਜ਼ਰ ਰਹੇ। ਆਲ ਓਪਨ ਦਾ ਇਨਾਮ 'ਆਪਣਾ ਪੰਜਾਬ ਕਲੱਬ' ਵਲੋਂ ਕਸ਼ਮੀਰ ਸਿੰਘ ਧੁੱਗਾ ਦੀ ਅਗਵਾਈ 'ਚ ਤੱਖਰ ਪਰਿਵਾਰ ਵਲੋਂ ਸਪਾਂਸਰ ਕੀਤਾ ਗਿਆ।



*ਅਮੋਲਕ ਸਿੰਘ ਗਾਖਲ, ਮਾਈਕ ਬੋਪਾਰਾਏ ਅਤੇ ਇਕਬਾਲ ਸਿੰਘ ਗਾਖਲ ਯਾਦਗਾਰੀ ਪਲਾਂ ਦੌਰਾਨ।*

ਇਸ ਮੌਕੇ ਸਾਹਿਤ, ਧਰਮ, ਰਾਜਨੀਤੀ, ਖੇਡਾਂ ਤੇ ਸਮਾਜਕ ਖੇਤਰ ਦੀਆਂ ਪੰਜ ਅਹਿਮ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਇਨ੍ਹਾਂ ਵਿਚ 'ਸਹਾਇਤਾ ਸੰਸਥਾ' ਦੇ ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਸ਼ਾਮਿਲ ਸਨ। ਗਾਖਲ ਭਰਾਵਾਂ ਨੇ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਮੇਲੇ ਦੇ ਮੀਡੀਆ ਇੰਚਾਰਜ ਅਤੇ ਜਨਰਲ ਸਕੱਤਰ ਐਸ. ਅਸ਼ੋਕ ਭੌਰਾ, ਸਾਬਕਾ ਖਿਡਾਰੀ ਨੇਕੀ ਸਿੱਧਵਾਂ, ਖਿਡਾਰੀ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨਪੁਰ ਸ਼ਮਸਪੁਰ ਨੂੰ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ।

ਸਵੇਰੇ ਕਰੀਬ 10 ਵਜੇ ਗੁਰਦੁਆਰਾ ਫਰੀਮਾਂਟ ਦੇ ਹੈਡ ਗ੍ਰੰਥੀ ਵਲੋਂ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਉਪਰੰਤ ਬੀਬੀ ਭੁਪਿੰਦਰ ਕੌਰ ਦੇ ਢਾਡੀ ਜਥੇ ਨੇ ਬਾਬੇ ਨਾਨਕ ਦੀ ਉਸਤਤ ਵਿਚ ਢਾਡੀ ਵਾਰਾਂ ਪੇਸ਼ ਕੀਤੀਆਂ। ਸੰਗਤ ਵਿਚ ਪ੍ਰਸ਼ਾਦਿ ਵਰਤਾਇਆ ਗਿਆ ਅਤੇ ਉਦਘਾਟਨੀ ਮੈਚ ਸੈਲਮਾ ਸਪੋਰਟਸ ਕਲੱਬ ਅਤੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੀਆਂ ਅੰਡਰ-21 ਟੀਮਾਂ ਵਿਚ ਹੋਇਆ।

ਮੈਚ ਦੇ ਅੱਧ ਵਿਚਕਾਰ ਸ. ਮੇਜਰ ਸਿੰਘ ਬੈਂਸ ਨੇ ਰੀਬਨ ਕੱਟ ਕੇ ਟੂਰਨਾਮੈਂਟ ਦਾ ਰਸਮੀ ਉਦਘਾਟਨ ਕੀਤਾ ਅਤੇ ਇਸ ਮੌਕੇ ਉਨ੍ਹਾਂ ਦੇ ਨਾਲ ਸੈਨੇਟਰ ਦੀ ਚੋਣ ਲੜ ਰਹੇ ਮੈਨੀ ਗਰੇਵਾਲ, ਉਲੰਪੀਅਨ ਸੁਰਿੰਦਰ ਸੋਢੀ, ਕੈਨੇਡਾ ਤੋਂ ਪੁੱਜੇ ਸੇਵਾ ਸਿੰਘ ਰੰਧਾਵਾ, ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਵਲੋਂ ਵੀ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ।

ਅੰਡਰ-21 ਵਿਚ ਪਹਿਲਾ ਇਨਾਮ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੇ ਹਿੱਸੇ ਆਇਆ ਤੇ ਸੈਲਮਾ ਸਪੋਰਟਸ ਕਲੱਬ ਦੂਜੇ ਨੰਬਰ 'ਤੇ ਰਿਹਾ।



*ਵਿਸ਼ਵ ਕਬੱਡੀ ਕੱਪ ਦਾ ਬੈਸਟ ਜਾਫੀ ਪਾਲਾ ਜਲਾਲਪੁਰੀਆ ਰਾਜੂ ਕੋਟਲਾਭੜੀ ਨੂੰ ਰੋਪੜੀਆ ਜਿੰਦਾ ਲਗਾਉਂਦਾ ਹੋਇਆ।*

ਆਲ ਓਪਨ ਮੁਕਾਬਲਿਆਂ ਵਿਚ ਪਹਿਲਾ ਸਥਾਨ ਬਾਬਾ ਦੀਪ ਸਿੰਘ ਯੰਗ ਸਪੋਰਟਸ ਕਲੱਬ ਅਤੇ ਦੂਜਾ ਸਥਾਨ ਯੂਨਾਈਟਡ ਸਪੋਰਟਸ ਕਲੱਬ ਨੂੰ ਮਿਲਿਆ। ਵੱਡੀਆਂ ਕਲੱਬਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊ ਯਾਰਕ ਤੇ ਨਾਰਥ ਅਮੈਰਿਕਾ ਕਲੱਬ ਦੀਆਂ ਟੀਮਾਂ ਦਰਮਿਆਨ ਹੋਏ ਹਰ ਮੁਕਾਬਲੇ 'ਚ ਦਰਸ਼ਕਾਂ ਨੂੰ ਅੰਦਰ ਤੱਕ ਲੁਤਫ ਮਹਿਸੂਸ ਹੁੰਦਾ ਰਿਹਾ। 'ਫੜ ਲਿਆ ਓਏ, ਭੱਜ ਗਿਆ ਓਏ, ਕਰ'ਤੀ ਉਂਗਲ ਖੜੀ, ਜੋੜ'ਤਾ ਪੁਆਇੰਟ ਹੀ' ਨਹੀਂ ਹੁੰਦੀ ਰਹੀ, ਸਗੋਂ ਦਰਸ਼ਕਾਂ ਨੂੰ ਕੁਮੈਂਟੇਟਰ ਕਹਿੰਦੇ ਰਹੇ ਕਿ 'ਜੇ ਸੁਆਦ ਆ ਗਿਆ ਤਾਂ ਖੋਲ੍ਹ ਦਿਓ ਤਾੜੀਆਂ ਦੇ ਬੰਨ੍ਹ'।



*ਬੇਏਰੀਆ ਸਪੋਰਟਸ ਕਲੱਬ ਦੀ ਜੇਤੂ ਟੀਮ ਇਨਾਮ ਪ੍ਰਾਪਤ ਕਰਦੀ ਹੋਈ।*

ਜਦ ਫਾਈਨਲ ਮੈਚ ਬੇਏਰੀਆ ਸਪੋਰਟਸ ਅਤੇ ਮੈਟਰੋ ਸਪੋਰਟਸ ਕਲੱਬ ਦਰਮਿਆਨ ਹੋਇਆ ਤਦ ਇਹ ਟੂਰਨਾਮੈਂਟ ਦੀ ਸਿਖਰ ਸੀ। ਸ਼ਾਇਦ ਪੰਦਰਾਂ ਹਜ਼ਾਰ ਤੋਂ ਵੱਧ ਦਰਸ਼ਕਾਂ ਦਾ ਇਕੱਠ ਸਾਹ ਵੀ ਉਚੀ ਨਹੀਂ ਸੀ ਲੈ ਰਿਹਾ ਅਤੇ ਆਖਰੀ ਪਲ ਤੱਕ ਇਹ ਸੀ ਕਿ ਪਤਾ ਨਹੀਂ ਕੌਣ ਜਿੱਤੇਗਾ। ਆਖਰ ਬੇਏਰੀਆ ਸਪੋਰਟਸ ਕਲੱਬ ਨੇ 45-51 ਅੰਕਾਂ ਨਾਲ ਬਲਜੀਤ ਸੰਧੂ ਦੀ ਅਗਵਾਈ 'ਚ ਆਪਣੀਆਂ ਜਿੱਤਾਂ ਨੂੰ ਬਰਕਰਾਰ ਰੱਖਦਿਆਂ ਚੌਥੀ ਵਾਰ ਵੀ ਯੁਨਾਈਟਡ ਸਪੋਰਟਸ ਕਲੱਬ ਦਾ ਕੱਪ ਜਿੱਤ ਲਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗਾਖਲ ਭਰਾਵਾਂ-ਅਮੋਲਕ ਸਿੰਘ, ਪਲਵਿੰਦਰ ਸਿੰਘ ਤੇ ਇਕਬਾਲ ਸਿੰਘ ਨੇ ਮੇਲੇ ਦੇ ਪ੍ਰਬੰਧ ਪੂਰੀ ਰੂਹ ਨਾਲ ਕੀਤੇ। ਹਰ ਨਿੱਕੇ-ਵੱਡੇ ਪ੍ਰਬੰਧ ਨੂੰ ਆਪਣੀਆਂ ਸੂਖਮ ਨਜ਼ਰਾਂ ਵਿਚੋਂ ਲੰਘਾਉਣਾ, ਹਰ ਇਕ ਨੂੰ ਖੁਸ਼ ਕਰਨ ਦਾ ਯਤਨ ਕਰਨਾ, 'ਜੋ ਆਵੇ ਸੋ ਰਾਜੀ ਜਾਵੇ' ਦਾ ਸਿਧਾਂਤ ਅਪਨਾਉਣਾ, ਜੋ ਕਹਿਣਾ ਉਹ ਕਰਨਾ ਤੇ ਟੇਡੇ ਰਾਹਾਂ 'ਤੇ ਸਿੱਧਾ ਤੁਰ ਕੇ ਦਿਖਾਉਣਾ, ਸਿਰਫ ਅਮੋਲਕ ਸਿੰਘ ਗਾਖਲ ਨੂੰ ਹੀ ਆਉਂਦਾ ਹੈ।

ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ ਦੀਆਂ ਅੱਖਾਂ 'ਚ ਜਜ਼ਬਾਤੀ ਅੱਥਰੂ ਕਬੱਡੀ ਕੱਪ ਦੀ ਸਫਲਤਾ ਦੇ ਚਮਕਦੇ ਸਿਗਨਲ ਸਨ। ਯੂਨਾਈਟਡ ਸਪੋਰਟਸ ਕਲੱਬ ਦੇ ਦੇਬੀ ਸੋਹਲ, ਇੰਦਰਜੀਤ ਥਿੰਦ, ਬਖਤਾਵਰ ਸਿੰਘ ਗਾਖਲ, ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਵਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲੱਧੜ, ਅਮਨਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ, ਕਾਲਾ ਗਾਖਲ ਤੇ ਗੁਰਨਾਮ ਸਿੰਘ ਨੇ ਕਬੱਡੀ ਕੱਪ ਦੀ ਸਫਲਤਾ 'ਚ ਵਡਮੁੱਲਾ ਯੋਗਦਾਨ ਪਾਇਆ। ਹੜ੍ਹ ਪੀੜਤਾਂ ਅਤੇ ਕਰਜ਼ੇ ਦੇ ਭਾਰ ਨਾਲ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਲਈ 'ਸਹਾਇਤਾ ਸੰਸਥਾ' ਵਲੋਂ ਡਾ. ਹਰਕੇਸ਼ ਸੰਧੂ ਅਤੇ ਸਰੂਪ ਝੱਜ ਦੀ ਅਗਵਾਈ 'ਚ ਲਾਏ ਬੂਥ 'ਤੇ ਸੰਗਤ ਨੇ ਵੱਡੀ ਮਾਲੀ ਮਦਦ ਦਿੱਤੀ।

## ਝਲਕੀਆਂ

-ਕਬੱਡੀ ਦੇ ਸਾਬਕਾ ਖਿਡਾਰੀ ਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦੇ ਪਿਤਾ ਸ. ਮੇਜਰ ਸਿੰਘ ਬੈਂਸ ਵੀਲ੍ਹ ਚੇਅਰ 'ਤੇ ਸਾਰਾ ਦਿਨ ਕਬੱਡੀ ਕੱਪ 'ਚ ਮਾਣ ਸਨਮਾਨ ਅਤੇ ਅਸ਼ੀਰਵਾਦ ਦਿੰਦੇ ਰਹੇ।

-ਇਕ ਦਰਜਨ ਦੇ ਕਰੀਬ ਸਟਿੱਲ ਕੈਮਰੇ, ਤਸਵੀਰਾਂ ਖਿੱਚਦੇ ਰਹੇ।

-ਅੱਧੀ ਦਰਜਨ ਦੇ ਕਰੀਬ ਚੈਨਲਾਂ ਨੇ ਹਰ ਪਲ ਕੈਮਰੇ 'ਚ ਕੈਦ ਕੀਤਾ, ਜਸ ਪੰਜਾਬੀ, ਪੀ.ਟੀ.ਸੀ, ਗਰਵ ਪੰਜਾਬ-ਇਸ ਕਬੱਡੀ ਕੱਪ ਨੂੰ ਘਰ ਬੈਠੇ ਦਰਸ਼ਕਾਂ ਤੱਕ ਲੈ ਕੇ ਜਾਂਦੇ ਰਹੇ।

*(ਅਗਲੇ ਸਫੇ 'ਤੇ ਜਾਰੀ)*



*ਮੈਟਰੋ ਸਪੋਰਟਸ ਕਲੱਬ ਨਿਊ ਯਾਰਕ ਦੀ ਟੀਮ ਸਹੋਤਾ ਪਰਿਵਾਰ ਤੋਂ ਦੂਜਾ ਇਨਾਮ ਹਾਸਲ ਕਰਦੀ ਹੋਈ।*



-ਵੇਰਕਾ ਵਾਲਿਆਂ ਨੇ ਏਨੀ ਲੱਸੀ ਲੰਗਰ 'ਚ ਵਰਤਾਈ ਕਿ ਸ਼ਾਇਦ ਪੰਜਾਬ ਦੇ ਦਸ ਪਿੰਡਾਂ ਵਿਚੋਂ ਵੀ ਏਨੀ ਲੱਸੀ ਇਕੱਠੀ ਕਰਨੀ ਔਖੀ ਹੋਵੇ।

-ਪੂਰੀਆਂ ਛੋਲੇ, ਜਲੇਬੀਆਂ, ਲੰਗਰ ਦੀ

-ਪਹਿਲੀ ਵਾਰ ਹੋਇਆ ਕਿ ਵੱਡੀ ਗਿਣਤੀ 'ਚ ਦਰਸ਼ਕਾਂ ਨੇ ਬਾਬੇ ਨਾਨਕ ਦੇ ਨਾਂ 'ਤੇ ਹੋਏ ਕਬੱਡੀ ਕੱਪ 'ਚ ਸ਼ਾਇਦ ਨਸ਼ਿਆਂ ਦਾ ਸੇਵਨ ਨਹੀਂ ਕੀਤਾ।



ਓਲੰਪੀਅਨ ਮਹਿੰਦਰ ਸਿੰਘ ਗਿੱਲ ਦਾ ਸਨਮਾਨ ਕਰਦਿਆਂ ਸੁਰਿੰਦਰ ਸਿੰਘ ਸੋਢੀ ਤੇ ਹੋਰ



ਨਾਮੀ ਲੇਖਕ, ਪੱਤਰਕਾਰ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਐਸ. ਅਸ਼ੋਕ ਭੌਰਾ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਦੇ ਹੋਏ ਅਮੋਲਕ ਸਿੰਘ ਗਾਖਲ, ਸੁਰਿੰਦਰ ਸਿੰਘ ਸੋਢੀ ਤੇ ਹੋਰ।



ਸੇਵਾ ਸਿੰਘ ਰੰਧਾਵਾ ਦਾ ਸਨਮਾਨ ਕਰਦਿਆਂ ਕਲੱਬ ਦੇ ਅਹੁਦੇਦਾਰ



ਯੂਨੀਅਨ ਸਿਟੀ ਤੇ ਫਰੀਮਾਂਟ ਦੇ ਮੇਅਰ, ਡਿਪਟੀ ਮੇਅਰ ਤੇ ਹੋਰ ਸਿਆਸੀ ਹਸਤੀਆਂ

ਡਿਪਟੀ ਮੇਅਰ ਰਾਜ ਸਲਵਾਨ, ਫਰੀਮਾਂਟ ਦੀ ਕੌਂਸਲ ਵੂਮਨ ਟੈਰੇਸਾ ਕੈਂਗ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਿਟੀ ਮੈਨੇਜਰ ਯੁਆਂਗ ਮੈਲੋਏ, ਕੌਂਸਲਮੈਨ ਕੈਟ ਦਕਾਉਸ, ਯੂਨੀਅਨ ਸਕੂਲ ਬੋਰਡ ਦੀ ਪ੍ਰਧਾਨ ਸ਼ੈਰਨ ਕੌਰ, ਸਰਬਜੀਤ ਚੀਮਾ ਅਤੇ ਯੂਨੀਅਨ ਸਿਟੀ ਦੇ ਪੁਲਿਸ ਚੀਫ ਜੈਰਡ ਰੁਨਾਂਤੀ ਸਾਰਾ ਦਿਨ ਪੰਜਾਬੀਆਂ ਦੀ ਕਬੱਡੀ ਦੇਖਦੇ ਰਹੇ ਤੇ ਪ੍ਰਬੰਧਕਾਂ ਨੇ ਉਨ੍ਹਾਂ ਦਾ ਸ਼ਾਲ ਦੇ ਕੇ ਸਨਮਾਨ ਕੀਤਾ।

-ਸਟੇਜ ਸੰਚਾਲਨ ਆਸ਼ਾ ਸ਼ਰਮਾ ਤੇ ਐਸ. ਅਸ਼ੋਕ ਭੌਰਾ ਕੋਲ ਰਿਹਾ। ਮੱਖਣ ਅਲੀ, ਕਾਲਾ ਰਛੀਨ ਤੇ ਪਿਰਤਾ ਚੀਮਾ ਨੇ ਏਸ਼ੀਅਨ ਅਤੇ ਉਲੰਪਿਕ ਖੇਡਾਂ ਵਰਗੀ ਕੁਮੈਂਟਰੀ ਕੀਤੀ। ਰੇਡ ਤੇ ਇਕ ਸਟਾਪਰ ਤੇ ਦੂਜਾ ਅਤੇ ਕ੍ਰਿਸ਼ਮਿਆਂ ਨੂੰ ਸਾਹਿਤਕ ਤੇ ਸੰਗੀਤਕ ਸ਼ੈਲੀ 'ਚ ਪੇਸ਼ ਕਰਕੇ ਕਬੱਡੀ ਕੱਪ ਨੂੰ ਨਵਾਂ ਰੰਗ ਦਿੱਤਾ।


-ਕਬੱਡੀ ਕੱਪ ਨੂੰ ਵੱਡੀ ਵਿੱਤੀ ਮਦਦ ਦੇਣ ਵਾਲੇ ਇੰਦਰ ਦੁਸਾਂਝ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।

-ਡਾਇਮੰਡ ਸਪਾਂਸਰ ਸ. ਮਹਿੰਗਾ ਸਿੰਘ ਸਰਾਏ ਦਾ ਪਰਿਵਾਰ ਸਾਰਾ ਦਿਨ ਹਾਜ਼ਰ ਰਿਹਾ।

-ਨਿਊ ਯਾਰਕ ਤੋਂ ਸਬਜ਼ੀ ਮੰਡੀ ਵਾਲਾ ਜਗੀਰ ਸਿੰਘ ਆਇਆ, ਯੂਬਾ ਸਿਟੀ ਤੋਂ ਭਜਨ ਸਿੰਘ ਥਿਆੜਾ ਤੇ ਕੁਲਦੀਪ ਸਿੰਘ ਸਹੋਤਾ, ਕਬੱਡੀ ਕੱਪਾਂ ਦਾ ਪੁਰਾਣਾ ਧੁਨੰਤਰ ਪੰਮਾ ਦਿਓਲ, ਸ਼ਿਕਾਗੋ ਤੋਂ ਹੈਪੀ ਹੀਰ, ਡਾਕਟਰ ਖਹਿਰਾ ਤੇ ਉਹਨਾਂ ਦੀ ਟੀਮ, ਨਿਊ ਯਾਰਕ ਤੋਂ ਮੱਖਣ ਸੰਧੂ, ਕਾਬਲ ਸਿੰਘ ਤੇ ਤਾਰੀ ਸੰਮੀਪੁਰੀਆ, ਮੀਡੀਆ 'ਚ ਗਰਵ ਪੰਜਾਬ ਤੋਂ ਜਗਦੇਵ ਭੰਡਾਲ, ਜਸ ਪੰਜਾਬੀ ਤੋਂ ਸੀ.ਈ.ਓ ਪੈਨੀ ਸੰਧੂ, ਜਗਤਾਰ ਜੱਗੀ, ਪੀ.ਟੀ.ਸੀ ਤੋਂ ਸੰਜੀਵ ਕੁਮਾਰ, ਸਾਡੇ ਲੋਕ ਤੋਂ ਸਤਨਾਮ ਸਿੰਘ ਖਾਲਸਾ, ਰੇਡੀਓ ਮਿਰਚੀ ਤੇ ਕਾਫਲਾ ਤੋਂ ਐਸ.ਪੀ. ਸਿੰਘ, ਦੇਸ਼ ਦੁਆਬਾ ਤੋਂ ਪ੍ਰੇਮ ਚੁੰਬਰ, ਪੰਜਾਬ ਮੇਲ ਤੋਂ ਗੁਰਜਤਿੰਦਰ ਰੰਧਾਵਾ, ਪ੍ਰਦੇਸ ਟਾਈਮਜ਼ ਤੋਂ ਬਲਵੀਰ ਸਿੰਘ ਐਮ.ਏ ਹਾਜ਼ਰ ਰਹੇ। ਇੰਡੋ ਕੈਨੇਡੀਅਨ ਤੋਂ ਕੌਮਾਂਤਰੀ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ ਨੇ ਕਬੱਡੀ ਕੱਪ ਦੇ ਹਰ ਖਾਸ ਦ੍ਰਿਸ਼ ਨੂੰ ਕੈਦ ਕੀਤਾ।

-ਵੇਖੋ ਪਾਲੇ ਜਲਾਲਪੁਰੀਆ ਨੇ ਕਮਾਲਾਂ ਕੀਤੀਆਂ, ਸੁਲਤਾਨ ਫੜਿਆ ਨਹੀਂ ਗਿਆ, ਮੈਕਸੀਨ ਭਰਾ ਜੈਰੋ ਤੇ ਐਰੋ ਪਾਲੇ ਨੇ ਪੂਰੀ ਤਰ੍ਹਾਂ ਚੱਲਣ ਨਹੀਂ ਦਿੱਤੇ, ਸੁਲਤਾਨ ਤੇ ਦੁੱਲਾ ਆਪਣੇ ਨਾਂਵਾਂ ਦੀ ਪੂਰੀ ਲੱਜ ਵਿਖਾ ਗਏ, ਚੀਮਿਆਂ ਵਾਲਾ ਲੱਖਾ, ਤਾਸ਼ਪੁਰੀਆ ਬਚਿੱਤਰ, ਬੇਨੜੇ ਤੋਂ ਨਿੰਦੀ, ਸੁਰਖਪੁਰੀਆ ਯਾਦਾ, ਮੀਆਂਵਿੰਡ ਦਾ ਕਾਲਾ, ਜੰਡੀ ਦਾ ਭੋਲਾ, ਧਨੋਏ ਵਾਲਾ ਭੂਰਾ ਅਤੇ ਰਾਜੂ ਜਦੋਂ ਕਬੱਡੀ 'ਚ ਕਮਾਲਾਂ ਕਰਦੇ ਰਹੇ ਤਾਂ ਮਾਈਕ ਤੋਂ ਚਟਕਾਰੀਆਂ ਲੱਗਦੀਆਂ ਰਹੀਆਂ 'ਚਿੱਟੀਆਂ ਕਪਾਹ ਦੀਆਂ ਫੁੱਟੀਆਂ ਹਾਏ ਨੀ ਪਤ ਹਰੇ ਹਰੇ।'

ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਕਬੱਡੀ ਨੂੰ ਬੰਦ ਨਹੀਂ ਕਰਨਗੇ, ਕਬੱਡੀ ਨੂੰ ਸ਼ਿੰਗਾਰਨਗੇ, ਗਿਲੇ ਸ਼ਿਕਵੇ ਦੂਰ ਕਰਨਗੇ ਅਤੇ ਇਸ ਵਾਰ ਆਪਣੇ ਮਹਾਨ ਸਪਾਂਸਰਾਂ ਦੀ ਮਦਦ ਨਾਲ ਉਨ੍ਹਾਂ ਨੇ ਦਾਅਵੇ ਤੇ ਵਾਅਦੇ ਮੁਤਾਬਿਕ ਸਿਹਤਮੰਦ ਕਬੱਡੀ, ਡਰੱਗ ਮੁਕਤ ਕਬੱਡੀ ਵਿਖਾ ਕੇ ਦਰਸ਼ਕਾਂ ਨੂੰ ਇਹ ਚੇਤਾ ਹੀ ਭੁਲਾ ਦਿੱਤਾ ਕਿ ਕਬੱਡੀ 'ਤੇ ਵੀ ਕੋਈ ਗਿਲਾ ਸ਼ਿਕਵਾ ਹੁੰਦਾ ਸੀ।









# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਪ੍ਰੋ. ਸੰਤੋਖ ਸਿੰਘ ਔਜਲਾ ਨਾਲ ਰੂ ਬ ਰੂ

**ਹੇਵਰਡ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਬੀਤੇ ਦਿਨੀਂ ਇਥੇ ਫੇਵਰਿਟ ਇੰਡੀਆ ਰੈਸਟੋਰੈਂਟ ਵਿਖੇ ਪ੍ਰੋ. ਸੰਤੋਖ ਸਿੰਘ ਔਜਲਾ ਨਾਲ ਕਰਵਾਇਆ ਗਿਆ ਰੂ ਬ ਰੂ ਬਹੁਤ ਪ੍ਰਭਾਵਸ਼ਾਲੀ ਰਿਹਾ। ਸਮਾਗਮ ਦੇ ਸ਼ੁਰੂ ਵਿਚ ਅਕੈਡਮੀ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਪ੍ਰੋ. ਸੰਤੋਖ ਸਿੰਘ ਔਜਲਾ, ਜਨਮੇਜਾ ਸਿੰਘ ਜੌਹਲ, ਡਾ. ਸੁਖਪਾਲ ਸੰਘੇੜਾ ਅਤੇ ਕਮਲ ਦੇਵ ਪਾਲ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਅਕੈਡਮੀ ਦੇ ਪ੍ਰਧਾਨ ਪ੍ਰੋ. ਸੁਰਿੰਦਰ ਸੀਰਤ ਨੇ ਸਭ ਨੂੰ ਜੀਅ ਆਇਆਂ ਕਿਹਾ।

ਇਸ ਰੂ ਬ ਰੂ ਦੌਰਾਨ ਪ੍ਰੋ. ਸੰਤੋਖ ਸਿੰਘ ਔਜਲਾ ਦੇ ਪਲੇਠੇ ਨਾਵਲ 'ਰੌਸਨੀਆਂ ਦਾ ਬਾਗਬਾਨ' 'ਤੇ ਰੌਚਕ ਚਰਚਾ ਹੋਈ। ਲਾਜ ਨੀਲਮ ਸੈਣੀ ਨੇ ਨਾਵਲ ਦੇ ਬੈਕ ਪੇਜ ਤੇ ਪਦਮ ਸ਼੍ਰੀ ਸੁਰਜੀਤ ਪਾਤਰ ਵਲੋਂ ਲਿਖੇ ਸ਼ਬਦ ਪੜ੍ਹਦਿਆਂ ਕਿਹਾ ਕਿ 'ਰੌਸਨੀਆਂ ਦਾ ਬਾਗਬਾਨ' ਬਹੁਪਰਤੀ ਸਭਿਆਚਾਰਕ ਸੰਕਟ ਨਾਲ ਦੋ ਚਾਰ ਹੋ ਰਹੇ ਪੰਜਾਬੀ ਸਮਾਜ ਦੀ ਮਾਨਸਿਕਤਾ ਦੀ ਇਕ ਸੁੰਦਰ ਪੇਸ਼ਕਾਰੀ ਹੈ। ਪ੍ਰੋ. ਸੁਖਵਿੰਦਰ ਕੰਬੋਜ ਨੇ ਕਿਹਾ ਕਿ 'ਰੌਸਨੀਆਂ ਦਾ ਬਾਗਬਾਨ' ਬਦਲਦੇ ਰਿਸ਼ਤਿਆਂ ਦੀ ਕਹਾਣੀ ਇਕ ਐਸੀ ਜੀਵਨ ਜਾਚ ਰਾਹੀਂ ਦੱਸਦਾ ਹੈ, ਜੋ ਹਰ ਮੁਨੱਖ ਦੀ ਆਦਰਸ਼ ਤਾਂਘ ਹੁੰਦੀ ਹੈ। ਮਨ ਇੱਛਤ ਯਥਾਰਥ ਅਤੇ ਜ਼ਿੰਦਗੀ ਦੀ ਸੱਚਾਈ 'ਚ ਜਦੋਂ ਢੇਰ ਅੰਤਰ ਰਹਿ ਜਾਂਦਾ ਹੈ ਤਾਂ ਇਨਸਾਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਜਾਂਦਾ ਹੈ। ਜਦੋਂ ਮਨੁੱਖੀ ਰਿਸ਼ਤਾ ਵਸਤੂ ਵਿਚ ਤਬਦੀਲ ਹੁੰਦਾ ਹੈ ਤਾਂ ਉਸ ਦੀ ਮਨੋਦਸ਼ਾ ਅਸੰਤੁਲਿਤ ਹੋ ਜਾਂਦੀ ਹੈ।

ਇਸ ਉਪਰੰਤ ਪ੍ਰੋ. ਹਰਿੰਦਰਜੀਤ ਸਿੰਘ ਦਾ ਪੇਪਰ ਪੜ੍ਹਦੇ ਹੋਏ ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਪ੍ਰੋ. ਸੰਤੋਖ ਸਿੰਘ ਔਜਲਾ ਵਲੋਂ ਇਸ ਨਾਵਲ ਦੀ ਭਾਸ਼ਾ ਦੀ ਬੁਣਤੀ ਅਤੇ ਬਣਤਰ ਬਹੁਤ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਅੱਜ ਦੇ ਸਮੇਂ ਵਿਚ ਸੰਵੇਦਨਸ਼ੀਲ, ਆਦਰਸ਼ਵਾਦੀ ਅਤੇ ਪਵਿੱਤਰ ਰੂਹ ਵਾਲੇ ਇਨਸਾਨ ਜੇ ਕਰ ਆਪਣੇ ਢੰਗ ਨਾਲ ਜੀਵਨ ਜਿਉਣਾ ਚਾਹੁਣ ਤਾਂ ਉਹ ਤਾਰ-ਤਾਰ ਹੋ ਕੇ ਰਹਿ ਜਾਂਦੇ ਹਨ। ਪ੍ਰੋ. ਔਜਲਾ ਨੇ ਸਮਾਜ ਦੇ ਇਸ ਸੱਚ ਨੂੰ ਸਮਾਜ ਦੇ ਸਨਮੁਖ ਕਰਨ ਦੇ ਉਦੇਸ਼ ਨਾਲ ਲਿਖੇ ਇਸ ਨਾਵਲ ਨਾਲ ਪੰਜਾਬੀ ਸਾਹਿਤ ਵਿਚ ਇਕ ਵੱਖਰੀ ਪੈੜ ਬਣਾਈ ਹੈ। ਇੰਡੀਆ ਤੋਂ ਪਹੁੰਚੇ ਸ. ਜਨਮੇਜਾ ਸਿੰਘ ਜੌਹਲ ਨੇ ਕਿਹਾ ਕਿ ਸਮਾਜ ਵਿਚ ਤਬਦੀਲੀ ਲਿਆਉਣ ਲਈ ਅਜਿਹੀਆਂ ਹੋਰ ਪੁਸਤਕਾਂ ਲਿਖਣ ਦੀ ਲੋੜ ਹੈ।

ਇਸ ਉਪਰੰਤ ਪ੍ਰੋ. ਸੰਤੋਖ ਸਿੰਘ ਔਜਲਾ ਸਰੋਤਿਆਂ ਦੇ ਸਨਮੁਖ ਹੋਏ ਅਤੇ ਉਨ੍ਹਾਂ ਇਸ ਨਾਵਲ ਦੀ ਸਿਰਜਣ ਪ੍ਰਕਿਰਿਆ ਦੀ ਗੱਲ ਕਰਦਿਆਂ ਕਿਹਾ ਕਿ ਨਾਵਲ ਦਾ ਜਨਮ ਕਹਾਣੀ ਦੇ ਇਕ ਪਲਾਟ ਤੋਂ ਹੋਇਆ ਹੈ। ਨਾਵਲ ਲਿਖਦਿਆਂ ਬੇਸ਼ਕ ਉਨ੍ਹਾਂ ਕੋਲ ਪਰਵਾਸ ਦਾ ਤਜ਼ਰਬਾ ਨਹੀਂ ਸੀ ਪਰ ਉਨ੍ਹਾਂ ਪਰਵਾਸ ਦੀ ਜਾਣਕਾਰੀ ਲੈ ਕੇ ਨਾਵਲ ਮੁਕੰਮਲ ਕੀਤਾ। ਨਾਵਲ ਨੂੰ ਪੰਜਾਬ ਵਿਚ ਵੀ ਭਰਵਾਂ ਹੁੰਗਾਰਾ ਮਿਲਿਆ।

ਦੂਜੇ ਸੈਸ਼ਨ ਵਿਚ ਵਿਪਸਾ ਵਲੋਂ ਪ੍ਰੋ. ਔਜਲਾ ਦਾ ਸਨਮਾਨ ਪੱਤਰ ਅਤੇ ਪੁਸਤਕਾਂ ਦਾ ਸੈਟ ਭੇਟ ਕਰਕੇ ਸਨਮਾਨ ਕੀਤਾ ਗਿਆ। ਗੋਲਡਨ ਪੰਜਾਬ ਕਲੱਬ ਦੇ ਪ੍ਰਧਾਨ ਸਰਬਜੀਤ ਸਿੰਘ ਗਿੱਲ ਨੇ ਆਪਣੀ ਟੀਮ ਨਾਲ ਪ੍ਰੋ. ਔਜਲਾ ਨੂੰ ਲੋਈ ਭੇਟ ਕੀਤੀ।

ਤੀਜੇ ਸੈਸ਼ਨ ਵਿਚ ਸੂਫੀ ਗਾਇਕ ਸੁਖਦੇਵ ਸਾਹਿਲ ਨੇ ਪ੍ਰੋ. ਸੰਤੋਖ ਸਿੰਘ ਔਜਲਾ ਦੀ ਫਰਮਾਇਸ਼ 'ਤੇ ਸ਼ਿਵ ਕੁਮਾਰ ਬਟਾਲਵੀ, ਧਨੀ ਰਾਮ ਚਾਤ੍ਰਿਕ, ਸੁਰਜੀਤ ਪਾਤਰ, ਕੁਲਵਿੰਦਰ ਅਤੇ ਕਮਲ ਦੇਵ ਪਾਲ ਦੀਆਂ ਲਿਖੀਆਂ ਗ਼ਜ਼ਲਾਂ ਅਤੇ ਉਨ੍ਹਾਂ ਦੇ ਗੀਤਾਂ ਨਾਲ ਇਸ ਮਹਿਫਿਲ ਨੂੰ ਮੰਤਰ ਮੁਗਧ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਕੁਲਵਿੰਦਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਲਸ਼ਨ ਦਿਆਲ, ਰੇਸ਼ਮ ਸਿੱਧੂ, ਅਮ੍ਰਿਤਪਾਲ ਸਿੰਘ, ਸੁਰਜੀਤ ਸਿੰਘ ਬਸਰਾ, ਸੈਮ ਸੈਨ ਫਰਾਂਸਿਸਕੋ, ਸਰਬਜੀਤ ਕੌਰ ਚੀਮਾ, ਗੁਰਲਾਲ ਸਿੰਘ ਟਰੇਸੀ, ਜਗਵਿੰਦਰ ਸਿੰਘ, ਪ੍ਰੋ. ਸੁਖਦੇਵ ਸਿੰਘ ਕਾਤਰੋਂ, ਦਰਸ਼ਨ ਸਿੰਘ ਗਿੱਲ, ਜਸਵੰਤ ਸਿੰਘ ਸਰਾ, ਬਿਕਰਮਜੀਤ ਸਿੰਘ, ਹਰਦੀਪ ਸਿੰਘ ਔਜਲਾ ਅਤੇ ਪ੍ਰੀਤਮ ਸਿੰਘ ਚੀਮਾ ਸ਼ਾਮਿਲ ਹੋਏ।








ਪ੍ਰੋ. ਸੰਤੋਖ ਸਿੰਘ ਔਜਲਾ ਦਾ ਸਨਮਾਨ ਕਰਦੇ ਹੋਏ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸੈਕਟਾਮੈਂਟ ਦੇ ਰਛਪਾਲ ਸਿੰਘ ਫਰਵਾਲਾ ਤੇ ਹੋਰ।

**Please Vote For the Current Parbandhak Committee Slate on September 22, 2019 to continue progress of Gurdwara Sahib and Guru Nanak Khalsa School.**

**Voting Time 8AM – 8PM**

**ਵੋਟਾਂ ਪਾਉਣ ਦਾ ਸਮਾਂ ਸਵੇਰੇ 8 ਵਜ਼ੇ ਤੋਂ ਸ਼ਾਮ 8 ਵਜ਼ੇ ਤਕ**

**ਕਿਰਪਾ ਕਰਕੇ 22 ਸਤੰਬਰ ਨੂੰ ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਨੂੰ ਵੋਟਾਂ ਪਾਕੇ ਕਾਮਯਾਬ ਬਣਾਉ ਤਾਂ ਕਿ ਗੁਰਦਵਾਰਾ ਸਾਹਿਬ ਅਤੇ ਗੁਰੂ ਨਾਨਕ ਖਾਲਸਾ ਸਕੂਲ ਦੀ ਤਰੱਕੀ ਜਾਰੀ ਰਹੇ**




## Current Parbandhak Committee Slate Candidates
## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਦੇ ਉਮੀਦਵਾਰ


Sukhdev Singh Bainiwal
ਸੁਖਦੇਵ ਸਿੰਘ ਬੈਨੀਵਾਲ


Dr. Gurinder Pal Singh
ਡਾ. ਗੁਰਿੰਦਰ ਪਾਲ ਸਿੰਘ


Bhupindar (Bob) S.Dhillon
ਭੁਪਿੰਦਰ (ਬੌਬ) ਸਿੰਘ ਢਿੱਲੋਂ


Harderv Singh Takhar
ਹਰਦੇਵ ਸਿੰਘ ਤੱਖਰ


Rajinder Singh Mangar
ਰਜਿੰਦਰ ਸਿੰਘ ਮੰਗਰ


Sohan Singh Dhanota
ਸੋਹਣ ਸਿੰਘ ਧਨੋਤਾ


Pritam Singh Grewal
ਪ੍ਰੀਤਮ ਸਿੰਘ ਗਰੇਵਾਲ


Surjit Singh Bains
ਸੁਰਜੀਤ ਸਿੰਘ ਬੈਂਸ


Kirpal Singh Atwal
ਕਿਰਪਾਲ ਸਿੰਘ ਅਠਵਾਲ


Bahadur Singh Deol
ਬਹਾਦਰ ਸਿੰਘ ਦਿਓਲ


Narinder Kaur Maheru
ਨਰਿੰਦਰ ਕੌਰ ਮਹੇੜੂ


Narinderpal Singh
ਨਰਿੰਦਰਪਾਲ ਸਿੰਘ


Dr. Balbir Singh Bains
ਡਾ. ਬਲਬੀਰ ਸਿੰਘ ਬੈਂਸ


Dharam Singh
ਧਰਮ ਸਿੰਘ


Harparminder S. Powar
ਹਰਪ੍ਰਮਿੰਦਰ ਸਿੰਘ ਪਵਾਰ


Gurbux Singh Dhillon
ਗੁਰਬਖਸ਼ ਸਿੰਘ ਢਿੱਲੋਂ


Kuldip S. Shergill
ਕੁਲਦੀਪ ਸਿੰਘ ਸ਼ੇਰਗਿਲ


Gurpreet Singh Sethi
ਗੁਰਪ੍ਰੀਤ ਸਿੰਘ ਸੇਠੀ


Dr. Harjinder Singh Ladhar
ਡਾ. ਹਰਜਿੰਦਰ ਸਿੰਘ ਲੱਦੜ


Pritpal Kaur
ਪ੍ਰਿਤਪਾਲ ਕੌਰ


Sharanjit K. Bhandal
ਸ਼ਰਨਜੀਤ ਕੌਰ ਭੰਡਾਲ

For more information contact : Sukhdev S. Bainiwal (408)421-9463; Kirpal S. Atwal (408)835-7712

## ਮੌਜੂਦਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਲਈ ਵਿਸ਼ੇਸ਼ ਸੂਚਨਾ

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ
ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦਾ ਜੀਵਨ ਬਹੁਤ ਸਾਫ ਸੁਥਰੇ ਕਿਰਦਾਰ ਵਾਲਾ ਹੋਣਾਂ ਚਾਹੀਦਾ ਹੈ।
ਆਪ ਜੀ ਨੂੰ ਇਹ ਸੂਚਤ ਕੀਤਾ ਜਾਂਦਾ ਹੈ ਕਿ ਇਲੈਕਸ਼ਨ ਲੜ ਰਹੇ ਸਾਧ ਸੰਗਤ ਸਲੇਟ ਦੇ ਕਈ ਉਮੀਦਵਾਰ ਚੋਰੀ, ਠੱਗੀ ਅਤੇ ਕੁੰਡਲੀ ਦੇਖਣ ਦੇ ਧੰਦੇ ਚਲਾਉਂਦੇ ਹਨ। ਇਨ੍ਹਾਂ ਦੇ ਜੀਵਨ ਵਾਰੇ ਤੁਸੀ ਪੰਜਾਬੀ ਅਖਬਾਰਾਂ ਵਿਚ ਪੜ੍ਹ ਹੀ ਲਿਆ ਹੋਣਾਂ ਹੈ। ਜੇਕਰ ਤੁਹਾਨੂੰ ਇਨ੍ਹਾਂ ਵਾਰੇ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਆਪਜੀ ਮੌਜੂਦਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।
ਅਸੀ ਸਮੂਹ ਸਾਧ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਕੋਈ ਵੀ ਸੰਗਤ ਮੈਂਬਰ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਇੱਛਕ ਹੈ ਤਾਂ ਉਸਨੂੰ ਪਹਿਲਾਂ ਸਬ-ਕਮੇਟੀਆਂ ਵਿਚ ਸੇਵਾ ਕਰਨੀ ਚਾਹੀਦੀ ਹੈ ਤਾਂ ਕਿ ਤੁਸੀ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਦਿਖਾ ਸਕੋ ਕਿ ਤੁਸੀ ਪ੍ਰਬੰਧਕ ਕਮੇਟੀ ਦੀ ਸੇਵਾ ਦੇ ਯੋਗ ਹੋ।
ਆਓ ਸਾਰੇ ਰਲ ਕੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟਾਂ ਪਾਕੇ ਕਾਮਯਾਬ ਕਰੀਏ ਤਾਂ ਕਿ ਗੁਰੂ ਘਰ ਅਤੇ ਖਾਲਸਾ ਸਕੂਲ ਦਾ ਨੰਬਰ 1 ਪ੍ਰਬੰਧ ਨਿਰੰਤਰ ਜਾਰੀ ਰਹੇ।

## Current Parbandhak Committee slate candidates

**As shown, please vote to all 21 current Parbandhak committee candidates.**

1. **Vote Yes** on North/South halls 2nd story construction project

2A. **Vote Yes** for election to be held after 4 years

2B. **Vote Yes** for membership list to be provided to election candidates 45 days prior to election.

## ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ

ਜਿਸ ਤਰਾਂ ਦਿਖਾਇਆ ਗਿਆ ਹੈ, ਕ੍ਰਿਪਾ ਕਰਕੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਪਾਓ ਜੀ

1. ਨੌਰਥ/ਸਾਊਥ ਹਾਲ ਨੂੰ ਦੋਹਰੀ ਮੰਜ਼ਲ ਕਰਨ ਲਈ **ਹਾਂ ਤੇ ਵੋਟ ਪਾਓ ਜੀ**

2A. ਪ੍ਰਬੰਧਕ ਕਮੇਟੀ ਦੀਆਂ ਵੋਟਾਂ 4 ਸਾਲ ਬਾਦ ਹੋਣ ਲਈ **ਹਾਂ ਤੇ ਵੋਟ ਪਾਓ ਜੀ**

2B. ਕੋਰਟ ਕਚਿਹਰੀਆਂ ਦੇ ਝਗੜੇ ਖਤਮ ਕਰਨ ਲਈ ਇਲੈਕਸ਼ਨ ਉਮੀਦਵਾਰਾਂ ਨੂੰ ਇਲੈਕਸ਼ਨ ਤੋਂ 45 ਦਿਨ ਪਹਿਲਾਂ ਮੈਂਬਰਸ਼ਿੱਪ ਲਿਸਟ ਦੇਣ ਲਈ **ਹਾਂ ਤੇ ਵੋਟ ਪਾਓ ਜੀ**

## SAMPLE BALLOT

**SIKH GURDWARA SAHIB SAN JOSE**
**PARBANDHAK COMMITTEE ELECTION**
**SEPTEMBER 22, 2019**

ਅਧਿਕਾਰਤ ਚੋਣ ਪੱਤਰ
ਸਿੱਖ ਗੁਰਦੁਆਰਾ ਸਾਹਿਬ ਸੇਨਹੋਜੇ
ਪ੍ਰਬੰਧਕ ਕਮੇਟੀ ਇਲੈਕਸ਼ਨ
**ਸਤੰਬਰ 22, 2019**

MARK YOUR BALLOT LIKE THIS
ਆਪਣੇ ਚੋਣ ਪੱਤਰ ਤੇ ਇਸ ਤਰਾ ਨਿਸ਼ਾਨ ਲਾਵੋ

### PARBANDHAK COMMITTEE MEMBERS
### ਪ੍ਰਬੰਧਕ ਕਮੇਟੀ ਮੈਂਬਰ

VOTE FOR NO MORE THAN 21 CANDIDATES • 21 ਉਮੀਦਵਾਰਾਂ ਤੋਂ ਜਿਆਦਾ ਨੂੰ ਵੋਟ ਨਾ ਪਾਓ

| CURRENT PARBANDHAK COMMITTEE CANDIDATES ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ | SADH SANGAT SLATE CANDIDATES ਸਾਧ ਸੰਗਤ ਸਲੇਟ ਉਮੀਦਵਾਰ |
|---|---|
| 1 SUKHDEV SINGH BAINIWAL ਸੁਖਦੇਵ ਸਿੰਘ ਬੈਨੀਵਾਲ | 1 Sadh Sangat slate candidate |
| 2 DR. GURINDER PAL SINGH ਡਾ ਗੁਰਿੰਦਰ ਪਾਲ ਸਿੰਘ | 2 Sadh Sangat slate candidate |
| 3 BHUPINDAR (BOB) SINGH DHILLON ਭੁਪਿੰਦਰ (ਬੌਬ) ਸਿੰਘ ਢਿੱਲੋਂ | 3 Sadh Sangat slate candidate |
| 4 HARDEV SINGH TAKHAR ਹਰਦੇਵ ਸਿੰਘ ਤੱਖਰ | 4 Sadh Sangat slate candidate |
| 5 RAJINDER SINGH MANGER ਰਜਿੰਦਰ ਸਿੰਘ ਮੰਗਰ | 5 Sadh Sangat slate candidate |
| 6 SOHAN SINGH DHANOTA ਸੋਹਨ ਸਿੰਘ ਧਨੋਤਾ | 6 Sadh Sangat slate candidate |
| 7 PRITAM SINGH GREWAL ਪ੍ਰੀਤਮ ਸਿੰਘ ਗਰੇਵਾਲ | 7 Sadh Sangat slate candidate |
| 8 SURJIT SINGH BAINS ਸੁਰਜੀਤ ਸਿੰਘ ਬੈਂਸ | 8 Sadh Sangat slate candidate |
| 9 KIRPAL SINGH ATWAL ਕਿਰਪਾਲ ਸਿੰਘ ਅਠਵਾਲ | 9 Sadh Sangat slate candidate |
| 10 BAHADUR SINGH DEOL ਬਹਾਦਰ ਸਿੰਘ ਦਿਓਲ | 10 Sadh Sangat slate candidate |
| 11 NARINDER KAUR MAHERU ਨਰਿੰਦਰ ਕੌਰ ਮਹੇਰੂ | 11 Sadh Sangat slate candidate |
| 12 NARINDERPAL SINGH ਨਰਿੰਦਰਪਾਲ ਸਿੰਘ | 12 Sadh Sangat slate candidate |
| 13 DR. BALBIR SINGH BAINS ਡਾ ਬਲਬੀਰ ਸਿੰਘ ਬੈਂਸ | 13 Sadh Sangat slate candidate |
| 14 DHARAM SINGH ਧਰਮ ਸਿੰਘ | 14 Sadh Sangat slate candidate |
| 15 HARPARMINDER SINGH POWAR ਹਰਪ੍ਰਮਿੰਦਰ ਸਿੰਘ ਪਵਾਰ | 15 Sadh Sangat slate candidate |
| 16 GURBUX SINGH DHILLON ਗੁਰਬਖਸ਼ ਸਿੰਘ ਢਿੱਲੋਂ | 16 Sadh Sangat slate candidate |
| 17 KULDIP SINGH SHERGILL ਕੁਲਦੀਪ ਸਿੰਘ ਸ਼ੇਰਗਿੱਲ | 17 Sadh Sangat slate candidate |
| 18 GURPREET SINGH SETHI ਗੁਰਪ੍ਰੀਤ ਸਿੰਘ ਸੇਠੀ | 18 Sadh Sangat slate candidate |
| 19 DR. HARJINDER SINGH LADHAR ਡਾ ਹਰਜਿੰਦਰ ਸਿੰਘ ਲੱਧੜ | 19 Sadh Sangat slate candidate |
| 20 PRITPAL KAUR ਪ੍ਰਿਤਪਾਲ ਕੌਰ | 20 Sadh Sangat slate candidate |
| 21 SHARANJIT KAUR BHANDAL ਸ਼ਰਨਜੀਤ ਕੌਰ ਭੰਡਾਲ | 21 Sadh Sangat slate candidate |

| | | | |
|---|---|---|---|
| 1. | North Hall and South Hall Expansion ਨੌਰਥ / ਸਾਊਥ ਹਾਲ ਦੀ ਦੋ ਮੰਜ਼ਲੀ ਉਸਾਰੀ ਲਈ ਪ੍ਰਵਾਨਗੀ | YES ਹਾਂ | NO ਨਹੀ |
| 2A. | Election Term (2 to 4 Years) ਚੋਣਾਂ ਦੀ ਮਿਆਦ ਦੋ ਤੋਂ ਚਾਰ ਸਾਲ ਕਰਨ ਲਈ ਸੰਵਿਧਾਨ ਵਿਚ ਸੋਧ | YES ਹਾਂ | NO ਨਹੀ |
| 2B. | Membership List Privacy ਮੈਂਬਰਾਂ ਦੀ ਲਿਸਟ ਸੁਰੱਖਿਅਤ ਰੱਖਣ ਲਈ ਸੰਵਿਧਾਨ ਵਿਚ ਸੋਧ | YES ਹਾਂ | NO ਨਹੀ |

# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਚੋਣਾਂ

ੴ ਸਤਿਗੁਰ ਪ੍ਰਸਾਦਿ

## Election Manifesto : Current Parbandhak Committee Slate

**Guru Piari Sadh Sangat Ji,**
**Waheguru ji Ka Khalsa, Waheguru Ji Ki Fateh**

The Current Parbandhak Committee Slate has great vision for future progress of the Gurdwara Sahib and its Sangat, Some of the highlights are given below

1. Celebrate the Guru Nanak Dev Ji's 550th Parkash Purab in November 2019 in a befitting manner. This includes completing the programs already started and those planned for coming months, e.g. 31 Raag Keertan Darbar.
2. We will work with officials of City of San Jose, Santa Clara County and our neighborhood to name the Chaboya Road, next to the Gurdwara Sahib as "Guru Nanak Road"
3. Build second stories on both North and South halls to provide more space for weddings and Guru Nanak Khalsa School.
4. Make a world class Guru Nanak Heritage Garden on the Hill behind the Main Hall. We will seek San Jose City, Santa Clara County and State of California. funding for this project. This will engage neighboring communities and also provide additional parking for our Sangat.
5. We will construct 300 additional parking spaces.
6. Make a Senior Day Care center at the Gurdwara Sahib for our elderly. Provide buses to bring seniors from Eastridge, Milpitas city hall and Santa Clara (TBD) and drop them back home in the evening on weekdays.
7. The Buses will bring Sangat to the Gurdwara Sahib on weekends from Eastridge, Milpitas and Santa Clara.
8. Provide Tutoring classes and expand the SAT training program for our youth
9. Provide interactive discussion based Gurmat programs for Youth to enhance understanding of Sikhi.
10. Complete the Langar Hall Painting project.
11. Build a sports center to engage youth in healthy life style.
12. Build a Storage Shed to store seasonal items, so that they can be reused
13. Buy a Food-truck to bring Langar to the homeless on daily basis. Also provide balankets and personal hygiene items
14. Expand the organic community farming at Gurdwara Sahib, to produce vegetable and fruits for our Langar and the poor.

**ਗੁਰੂ ਪਿਆਰੀ ਸੰਗਤ ਸੰਗਤ ਜੀ,**
**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥**

ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਨੇ ਗੁਰੂਦੁਆਰਾ ਸਾਹਿਬ ਅਤੇ ਇਸ ਦੀ ਸੰਗਤ ਦੇ ਭਵਿੱਖ ਵਿਚ ਤਰੱਕੀ ਲਈ ਬਹੁਤ ਵਧੀਆ ਯੋਜਨਾਵਾਂ ਬਣਾਈਆਂ ਹਨ। ਕੁਝ ਮੁੱਖ ਗੱਲਾਂ ਇਸ ਪ੍ਰਕਾਰ ਹਨ

1. ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਦਿਹਾੜੇ ਦੇ ਸਬੰਧ ਵਿਚ ਸ਼ੁਰੂ ਕੀਤੇ ਅਤੇ ਰਹਿੰਦੇ ਕਾਰਜਾਂ ਨੂੰ ਨਵੰਬਰ 2019 ਵਿਚ ਬਹੁਤ ਵਧੀਆ ਅਤੇ ਸੋਹਣੇ ਢੰਗ ਨਾਲ ਨੇਪਰੇ ਝੜ੍ਹਾਵਾਂਗੇ। ਇਸ ਵਿਚ 31 ਰਾਗ ਕੀਰਤਨ ਦਰਬਾਰ ਅਤੇ ਹੋਰ ਕਈ ਪ੍ਰੋਗਰਾਮ ਸ਼ਾਮਲ ਹਨ।
2. ਸੈਨ ਹੋਜ਼ੇ ਸਿਟੀ, ਸੈਂਟਾ ਕਲਾਰਾ ਕਾਊਂਟੀ ਸਟਾਫ਼ ਅਤੇ ਗੁਰਦਵਾਰਾ ਸਾਹਿਬ ਦੇ ਆਲੇ ਦੁਆਲੇ ਰਹਿੰਦੇ ਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਸਾਊਥ ਵਾਲੇ ਪਾਸੇ ਦੀ ਸੜਕ ਛਬੋਇਆ ਰੋਡ ਦਾ ਨਾਮ ਗੁਰੂ ਨਾਨਕ ਰੋਡ ਰਖਵਾਉਣ ਦੀ ਕੋਸ਼ਿਸ਼ ਕਰਾਂਗੇ।
3. ਵਿਆਹਾਂ ਅਤੇ ਗੁਰੂ ਨਾਨਕ ਖਾਲਸਾ ਸਕੂਲ ਲਈ ਵਧੇਰੇ ਜਗ੍ਹਾ ਪ੍ਰਦਾਨ ਕਰਨ ਲਈ ਉੱਤਰ ਅਤੇ ਦੱਖਣ ਦੋਵਾਂ ਹਾਲਾਂ 'ਤੇ ਦੂਜੀ ਮੰਜਲ ਬਣਾਂਵਾਂਗੇ।
4. ਮੇਨ ਦੀਵਾਨ ਹਾਲ ਦੇ ਪਿੱਛੇ ਪਹਾੜੀ ਉੱਤੇ ਵਿਸ਼ਵ ਪੱਧਰੀ ਗੁਰੂ ਨਾਨਕ ਹੈਰੀਟੇਜ ਗਾਰਡਨ ਬਣਾਵਾਂਗੇ, ਅਸੀਂ ਸਿਟੀ, ਕਾਊਂਟੀ ਅਤੇ ਕੈਲੀਫੋਰਨੀਆਂ ਸਰਕਾਰ ਨਾਲ ਤਾਲ ਮੇਲ ਕਰਕੇ ਫੰਡਿੰਗ ਲਵਾਂਗੇ, ਇਹ ਬਾਹਰਲੀ ਕਮਿਊਨਟੀ ਲਈ ਵੀ ਖੁਲ੍ਹਾ ਹੋਵੇਗਾ ਜਿਸ ਨਾਲ ਆਪਣਾਂ ਬਾਹਰਲੇ ਭਾਈਚਾਰੇ ਨਾਲ ਚੰਗੇ ਸਬੰਧ ਹੋਣਗੇ ਅਤੇ ਆਪਣੇ ਲਈ ਹੋਰ ਕਾਰ ਪਾਰਕਿੰਗ ਵੀ ਬਣ ਜਾਵੇਗੀ।
5. 300 ਹੋਰ ਕਾਰ ਪਾਰਕਿੰਗ ਦਾ ਪ੍ਰਬੰਧ ਕਰਾਂਗੇ।
6. ਗੁਰਦੁਆਰਾ ਸਾਹਿਬ ਵਿਖੇ ਆਪਣੇ ਬਜ਼ੁਰਗਾਂ ਇਕ ਸੀਨੀਅਰ ਡੇਅ ਕੇਅਰ ਸੈਂਟਰ ਬਣਾਵਾਂਗੇ। ਇਸ ਲਈ ਈਸਟਰਿਜ, ਮਿਲਪੀਟਸ ਸਿਟੀ ਹਾਲ ਅਤੇ ਸੈਂਟਾ ਕਲੇਰਾ ਤੋਂ ਬਜ਼ੁਰਗਾਂ ਨੂੰ ਲਿਆਉਣ ਲਈ ਬੱਸਾਂ ਦਾ ਪ੍ਰਬੰਧ ਕਰਾਂਗੇ ਤਾਂ ਕਿ ਉਨ੍ਹਾਂ ਨੂੰ ਹਰ ਰੋਜ਼ ਗੁਰਦੁਆਰਾ ਸਾਹਿਬ ਲਿਆ ਜਾਵੇ ਅਤੇ ਸ਼ਾਮ ਨੂੰ ਘਰ ਵਾਪਿਸ ਪਹੁੰਚਾਇਆ ਜਾ ਸਕੇ।
7. ਸ਼ਨੀਚਰ, ਐਤਵਾਰ ਨੂੰ ਇਹ ਬੱਸਾਂ ਸੰਗਤ ਨੂੰ ਈਸਟਰਿਜ, ਮਿਲਪੀਟਸ ਅਤੇ ਸੈਂਟਾ ਕਲੇਰਾ ਤੋਂ ਗੁਰਦੁਆਰਾ ਸਾਹਿਬ ਵਿਖੇ ਲੈ ਕੇ ਆਇਆ ਕਰਨਗੀਆਂ।
8. ਸਕੂਲ ਦੇ ਵਿਦਿਆਰਥੀਆਂ ਲਈ ਗੁਰਦੁਆਰਾ ਸਾਹਿਬ ਵਿਖੇ ਟਿਊਸ਼ਨ ਦਾ ਪ੍ਰਬੰਧ ਕਰਾਂਗੇ।
9. ਜਵਾਨ ਬੱਚਿਆਂ ਲਈ ਅਜੇਹੇ ਧਾਰਮਿਕ ਪ੍ਰੋਗ੍ਰਾਮ ਰਖਾਂਗੇ ਜਿਥੇ ਉਹ ਗਲਬਾਤ ਰਾਹੀਂ ਗੁਰਮੱਤ ਨੂੰ ਸਮਝ ਸਕਣ।
10. ਲੰਗਰ ਹਾਲ ਵਿਚ ਸ਼ੁਰੂ ਕੀਤੇ ਪੇਂਟਿੰਗ ਪ੍ਰਾਜੈਕਟ ਨੂੰ ਪੂਰਾ ਕਰਾਂਗੇ।
11. ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਵਿਚ ਸ਼ਾਮਲ ਕਰਨ ਲਈ ਖੇਡ ਕੇਂਦਰ ਬਣਾਵਾਂਗੇ।
12. ਮੌਸਮੀ ਜ਼ਰੂਰਤ ਵਾਲੀਆਂ ਵਸਤੂਆਂ ਨੂੰ ਸੰਭਾਲਨ ਲਈ ਸਟੋਰੇਜ ਸ਼ੈੱਡ ਬਣਾਵਾਂਗੇ।
13. ਰੋਜ਼ਾਨਾ ਬੇਘਰੇ ਲੋਕਾਂ ਵਾਸਤੇ ਲੰਗਰ ਪਹੁੰਚਾਉਣ ਲਈ ਫੂਡ-ਟਰੱਕ ਖਰੀਦਣ ਦਾ ਵਿਚਾਰ ਹੈ।
14. ਗੁਰਦੁਆਰਾ ਸਾਹਿਬ ਵਿਖੇ ਸਬਜ਼ੀਆਂ, ਫ਼ਲ ਅਤੀਆਦੀ ਦੀ ਖੇਤੀ ਨੂੰ ਵਧਾਵਾਂਗੇ।

**As maked on the sample ballot, Please Vote for all 21 Current Parbandhak Committee Slate candidates, vote Yes for North/south Hall construction project approval and voteYes on 2 Bylaws amendments**

**ਜਿਸ ਤਰਾਂ ਨਮੂਨਾ ਬੈਲਟ ਤੇ ਨਿਸ਼ਾਨੀਆਂ ਲਾਈਆਂ ਹੋਈਆਂ ਹਨ, ਕ੍ਰਿਪਾ ਕਰਕੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਬਣਾਓ, ਨੌਰਥ/ਸਾਊਥ ਹਾਲ ਨੂੰ ਦੋਹਰੀ ਮੰਜਲ ਬਣਾਉਣ ਲਈ ਹਾਂ ਕਰੋ ਅਤੇ ਬਾਈਲਾਜ਼ ਦੀਆਂ 2 ਸੋਧਾਂ ਤੇ ਹਾਂ ਕਰੋ ਜੀ**

For more information contact: Sukhdev S Bainiwal (408) 421-9463. Kirpal S Atwal (408) 835-7712

# ਸੈਕਰਾਮੈਂਟੋ ਵਿਚ ਖੂਬ ਭਰਿਆ ਮੇਲਾ ਗਦਰੀ ਬਾਬਿਆਂ ਦਾ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ (ਕੈਲੀਫੋਰਨੀਆ), ਜਿਸ ਨੇ ਅਮਰੀਕਾ ਦੀ ਧਰਤੀ 'ਤੇ ਗਦਰੀ ਬਾਬਿਆਂ ਦੇ ਮੇਲੇ ਕਰਵਾਉਣ ਦੀ ਪਿਰਤ ਪਾਈ ਸੀ, ਵਲੋਂ ਪਹਿਲੀ ਸਤੰਬਰ ਨੂੰ ਸੈਕਰਾਮੈਂਟੋ ਵਿਚ ਜੱਲ੍ਹਿਆਂਵਾਲੇ ਬਾਗ ਦੀ ਸੌ ਸਾਲਾ ਵਰ੍ਹੇਗੰਢ ਮਨਾਉਣ ਅਤੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕਰਨ ਲਈ ਭਾਰੀ ਇਕੱਠ ਕੀਤਾ ਗਿਆ। ਜੱਲ੍ਹਿਆਂਵਾਲੇ ਬਾਗ ਦੇ ਖੂਨੀ ਕਾਂਡ ਨੂੰ ਅੱਜ ਸੌ ਵਰ੍ਹੇ ਤੋਂ ਉਪਰ ਹੋ ਗਿਆ ਹੈ। ਦੁਨੀਆਂ ਭਰ ਵਿਚ ਇਸ ਨਾ ਭੁੱਲਣ ਵਾਲੇ ਖੂਨੀ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾ ਰਹੀਆਂ ਹਨ।

ਜਥੇਬੰਦੀ ਵਲੋਂ ਆਪਣੀ ਰਵਾਇਤ ਅਨੁਸਾਰ ਇਥੋਂ ਦੇ ਕਬਰਿਸਤਾਨ ਵਿਚ ਗਦਰ ਪਾਰਟੀ ਦੇ ਮੀਤ ਪ੍ਰਧਾਨ ਪ੍ਰੋ. ਬਰਕਤ ਉਲਾ ਦੀ ਮਜ਼ਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਜਥੇਬੰਦੀ ਨੂੰ ਮਾਣ ਹੈ ਕਿ ਪ੍ਰੋ. ਮੌਲਵੀ ਮੁਹੰਮਦ ਬਰਕਤ ਉਲਾ ਦੀ ਕਬਰ ਵੀ ਇਸ ਨੇ ਹੀ ਲੱਭੀ ਸੀ। ਜਥੇਬੰਦੀ ਦੇ ਮੋਢੀਆਂ ਵਿਚੋਂ ਕਸ਼ਮੀਰ ਸਿੰਘ ਕਾਂਗਣਾ ਨੇ ਪ੍ਰੋ. ਬਰਕਤ ਉਲਾ ਅਤੇ ਭਾਈ ਭਗਵਾਨ ਸਿੰਘ ਵਲੋਂ ਸੈਕਰਾਮੈਂਟੋ ਵਿਚ ਕੀਤੇ ਗਏ ਕੰਮਾਂ ਦਾ ਜ਼ਿਕਰ ਕਰਦਿਆਂ ਜੰਗ-ਏ-ਆਜ਼ਾਦੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।





ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੇ ਟਰੱਸਟੀ ਅਤੇ ਗਦਰ ਇਤਿਹਾਸ ਦੇ ਪ੍ਰਸਿਧ ਖੋਜੀ ਚਰੰਜੀ ਲਾਲ ਕੰਗਣੀਵਾਲ ਅਤੇ ਮਹਾਨ ਦੇਸ਼ ਭਗਤ ਕਾਮਰੇਡ ਰਾਜਿੰਦਰ ਸਿੰਘ ਸਰੀਂਹ ਦੀ ਧੀ ਬੀਬੀ ਮਲਵਿੰਦਰ ਕੌਰ ਇਸ ਮੌਕੇ ਮੁੱਖ ਮਹਿਮਾਨ ਸਨ। ਉਨ੍ਹਾਂ ਮੌਲਵੀ ਬਰਕਤ ਉਲਾ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ ਅਤੇ ਮਜ਼ਾਰ 'ਤੇ ਗੁਲਦਸਤੇ ਚੜ੍ਹਾਏ। ਹਰਸ਼ਰਨ ਸਿੰਘ ਗਿੱਲ ਨੇ ਪ੍ਰੋ. ਬਰਕਤ ਉਲਾ ਤੇ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਇੰਡੋ-ਅਮਰੀਕਨ ਆਰਗੇਨਾਈਜੇਸ਼ਨ ਦੀ ਅਜਿਹੇ ਕੰਮਾਂ ਲਈ ਸ਼ਲਾਘਾ ਕੀਤੀ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿਘ ਬਿੰਦਰਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਜਿਥੇ ਮੌਲਵੀ ਬਰਕਤ ਉਲਾ ਦੇ ਆਜ਼ਾਦੀ ਸੰਗਰਾਮ ਵਿਚ ਪਾਏ ਯੋਗਦਾਨ ਦਾ ਵਰਣਨ ਕੀਤਾ, ਉਥੇ ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਜਥੇਬੰਦੀ ਵਲੋਂ ਸ਼ਰਧਾਂਜਲੀ ਭੇਟ ਕੀਤੀ।

## ਸਾਕਾ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਐਸ. ਈ. ਐਸ. ਹਾਲ ਦੇ ਖੁਲ੍ਹੇ ਵਿਹੜੇ ਵਿਚ ਗਦਰ ਪਾਰਟੀ ਦਾ ਤਿੰਨ ਰੰਗਾ ਝੰਡਾ, ਜਿਸ ਵਿਚ ਦੋ ਕਾਟਵੀਆਂ ਖੜ੍ਹੀਆਂ ਤਲਵਾਰਾਂ ਹਨ, ਇਤਿਹਾਸਕਾਰ ਚਰੰਜੀ ਲਾਲ ਕੰਗਣੀਵਾਲ ਅਤੇ ਬੀਬੀ ਮਲਵਿੰਦਰ ਕੌਰ ਨੇ ਝੁਲਾਇਆ ਗਿਆ।












ਇਸ ਮੌਕੇ ਕਸ਼ਮੀਰ ਸਿੰਘ ਕਾਂਗਣਾ ਨੇ ਗਦਰੀ ਗੂੰਜ ਦੀਆਂ ਸਤਰਾਂ, 'ਕੂਲੀ ਕੂਲੀ ਪੁਕਾਰਦਾ ਜੱਗ ਸਾਰਾ, ਸਾਡੇ ਝੂਲਦਾ ਕਿਤੇ ਨਿਸ਼ਾਨ ਕਿਉਂ ਨਹੀਂ" ਨਾਲ ਗਦਰ ਸੰਗਰਾਮ ਦੀ ਚਰਚਾ ਕੀਤੀ ਅਤੇ ਝੰਡੇ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਸਾਡੀ ਜਥੇਬੰਦੀ ਨੇ ਹਾਲੇ ਤਕ ਦੇਸ਼ ਭਗਤਾਂ ਦੇ ਪਰਿਵਾਰਾਂ ਅਤੇ ਗਦਰ ਸੰਗਰਾਮ ਦੇ



ਯੋਧਿਆਂ ਦੇ ਪੈਰੋਕਾਰਾਂ ਹੱਥੋਂ ਹੀ ਇਸ ਪਵਿਤਰ ਝੰਡੇ ਨੂੰ ਝੁਲਾਉਣ ਦੀ ਰਸਮ ਨਿਭਾਈ ਹੈ।

ਐਲਕ ਗਰੂਵ ਦੇ ਹਾਲ ਵਿਚ ਮੇਲੇ ਦੀ ਸ਼ੁਰੂਆਤ ਕਰਦਿਆਂ ਜਥੇਬੰਦੀ ਨੇ ਆਏ ਮਹਿਮਾਨਾਂ ਅਤੇ ਸਭ ਲੋਕਾਂ ਨੂੰ ਜੀ ਆਇਆਂ ਆਖਿਆ। ਜਥੇਬੰਦੀ ਨੇ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਕਿ ਭਾਰਤ ਸਰਕਾਰ ਨੂੰ ਬਰਤਾਨਵੀ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਜੱਲ੍ਹਿਆਂਵਾਲੇ ਬਾਗ ਦੇ ਘਿਨਾਉਣੇ ਪਾਪ ਦੀ ਉਸੇ ਤਰ੍ਹਾਂ ਮੁਆਫੀ ਮੰਗੇ, ਜਿਸ ਤਰ੍ਹਾਂ ਕੈਨੇਡਾ ਦੀ ਸਰਕਾਰ ਨੇ ਕਾਮਾਗਾਟਾ ਮਾਰੂ ਸਾਕੇ ਦੀ ਮੁਆਫੀ ਮੰਗੀ ਹੈ।

ਇਸ ਮੌਕੇ ਅਵਤਾਰ ਸਿੰਘ ਹੀਰਾ ਦੇ ਢਾਡੀ ਜਥੇ ਨੇ ਦੇਸ਼ ਭਗਤੀ ਦੀਆਂ ਵਾਰਾਂ ਗਾ ਕੇ ਚੰਗਾ ਰੰਗ ਬੰਨ੍ਹਿਆ। ਸ਼ਹੀਦ ਊਧਮ ਸਿੰਘ ਬਾਰੇ ਵਾਰਾਂ ਰਾਹੀਂ ਸਰੋਤਿਆਂ ਨਾਲ ਸਾਂਝ ਪੁਆਈ ਗਈ।

ਅਵਤਾਰ ਸਿੰਘ ਡੋਡ ਸੈਕਰਮੈਂਟੋ ਜਿਨ੍ਹਾਂ ਦੇ ਪਿਤਾ ਮਾਸਟਰ ਗੁਰਦਿੱਤ ਸਿੰਘ ਜਲਵੇੜਾ ਜੱਲ੍ਹਿਆਂਵਾਲੇ ਬਾਗ ਵਿਚ ਉਸ ਸਮੇਂ ਮੌਜੂਦ ਸਨ ਅਤੇ ਬਾਅਦ ਵਿਚ ਉਨ੍ਹਾਂ ਜੈਤੋ ਦੇ ਮੋਰਚੇ, ਗੁਰੂ ਦੇ ਬਾਗ ਦੇ ਮੋਰਚੇ ਅਤੇ ਨਨਕਾਣਾ ਸਹਿਬ ਦੇ ਸਾਕੇ ਦੇ ਸ਼ਹੀਦਾਂ ਦੀਆਂ ਲਾਸ਼ਾਂ ਦਾ ਸਸਕਾਰ ਕੀਤਾ, ਨੇ ਸਮੁੱਚੇ ਹਾਲਾਤ ਬਾਰੇ ਵਿਸਥਾਰ ਸਹਿਤ ਜ਼ਿਕਰ ਕੀਤਾ।



ਸਤਨਾਮ ਸਿੰਘ ਨੰਗਲ ਨੇ ਗਦਰ ਅਖਬਾਰ ਦੇ 1913 ਦੇ ਦਸੰਬਰ ਪਰਚੇ ਵਿਚ ਛਪੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕਵਿਤਾ ਤਰੰਨੁਮ ਵਿਚ ਗਾ ਕੇ ਸੁਣਾਈ, ਜੋ ਸਰੋਤਿਆਂ 'ਤੇ ਜਾਦੂ ਵਰਗਾ ਅਸਰ ਕਰ ਗਈ। ਯਾਦ ਰਹੇ, ਸਤਨਾਮ ਸਿੰਘ ਹਰ ਸਾਲ ਪਰਿਵਾਰ ਸਮੇਤ ਮੇਲੇ ਵਿਚ ਪਹੁੰਚ ਕੇ ਲੰਗਰ ਦਾ ਪ੍ਰਬੰਧ ਕਰਦੇ ਅਤੇ ਵਰਤਾਉਂਦੇ ਹਨ। ਕਮੇਟੀ ਨੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਵੀ ਦਿੱਤਾ।

ਜਥੇਬੰਦੀ ਦੇ ਆਗੂ ਕਿਰਪਾਲ ਸਿੰਘ ਸੰਧੂ ਵਡੇਰੀ ਉਮਰ ਦੇ ਬਾਵਜੂਦ ਮੇਲੇ ਵਿਚ ਪਹੁੰਚੇ। ਉਨ੍ਹਾਂ ਬਹੁਤ ਹੀ ਸੁਚੱਜੇ ਢੰਗ ਨਾਲ ਇਤਿਹਾਸਕ ਤੱਥ ਸਰੋਤਿਆਂ ਸਾਹਮਣੇ ਪੇਸ਼ ਕੀਤੇ। ਹਰਸ਼ਰਨ ਸਿੰਘ ਗਿੱਲ ਨੇ ਸੰਖੇਪ ਵਿਚ ਗਦਰੀ ਮੇਲਿਆਂ ਦੀ ਮਹੱਤਤਾ ਦੀ ਗੱਲ ਕਰਦਿਆਂ ਹੁਣ ਦੇ ਦੌਰ ਵਿਚ ਫਿਰਕਾਪ੍ਰਸਤੀ ਦੀਆਂ ਨਿੱਤ ਵਧ ਰਹੀਆਂ ਘਟਨਾਵਾਂ ਤੋਂ ਚੇਤੰਨ ਹੋਣ ਦਾ ਸੱਦਾ ਦਿੱਤਾ ਅਤੇ ਵਾਤਾਵਰਣ ਦੇ ਪ੍ਰਦੂਸ਼ਣ 'ਤੇ ਵੀ ਚਿੰਤਾ ਜਾਹਰ ਕੀਤੀ।

ਮੇਲੇ ਦੇ ਮੁੱਖ ਮਹਿਮਾਨ ਚਰੰਜੀ ਲਾਲ ਕੰਗਣੀਵਾਲ ਨੇ ਜਥੇਬੰਦੀ ਵਲੋਂ ਉਨ੍ਹਾਂ ਨੂੰ ਸੱਦਾ ਦੇਣ ਲਈ ਧੰਨਵਾਦ ਕਰਦਿਆਂ ਦੇਸ਼ ਦੀ ਆਜ਼ਾਦੀ ਦੇ ਸੰਗਰਾਮੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਤੱਥਾਂ ਸਾਹਿਤ ਪੇਸ਼ ਕੀਤਾ। ਉਨ੍ਹਾਂ ਆਲੂਆਂ ਦਾ ਬਾਦਸ਼ਾਹ ਅਖਵਾਉਂਦੇ ਬਾਬਾ ਜੁਆਲਾ ਸਿੰਘ ਠੱਠੀਆਂ, ਉਨ੍ਹਾਂ ਦੇ ਸਾਥੀ ਬਾਬਾ ਵਿਸਾਖਾ ਸਿੰਘ ਅਤੇ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਦਸਿਆ ਕਿ ਉਨ੍ਹਾਂ ਅੰਦਰ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਕਿੰਨਾ ਪ੍ਰਬਲ ਜਜ਼ਬਾ ਸੀ। ਇਸੇ ਜ਼ਜਬੇ ਤਹਿਤ ਉਨ੍ਹਾਂ ਸ਼ਹਾਦਤਾਂ ਦੀ ਝੜੀ ਲਾ ਦਿੱਤੀ ਅਤੇ ਲਹੂ ਦੇ ਮਹਿੰਗੇ ਭਾਅ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ। ਚਰੰਜੀ ਲਾਲ ਨੇ ਕਰਤਾਰ ਸਿੰਘ ਝੱਬਰ ਦੀ ਲਿਖੀ ਅਤੇ ਸੁਣਾਈ ਦਿਲ-ਕੰਬਾਊ ਘਟਨਾ ਦਾ ਜ਼ਿਕਰ ਕੀਤਾ, ਜੋ ਸ਼ੇਖੂਪੁਰਾ ਦੇ ਮਿਸਤਰੀ ਦੀਨ ਮੁਹੰਮਦ ਅਤੇ ਉਸ ਦੀ 18-19 ਸਾਲਾ ਦੀ ਸੱਜ ਵਿਆਹੀ ਬਾਰੇ ਸੀ। ਦੀਨ ਮੁਹੰਮਦ ਨੂੰ ਅੰਡੇਮਾਨ ਕਾਲੇ ਪਾਣੀ ਦੀ ਸਜ਼ਾ ਹੋਈ ਸੀ।

ਐਲਕ ਗਰੂਵ ਦੇ ਮੇਅਰ ਵਲੋਂ ਮਿਸ ਮੇਰੀ ਨੇ ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕਰਨ ਲਈ ਮੇਲੇ ਵਿਚ ਹਾਜ਼ਰੀ ਲਵਾਈ। ਕੰਵਲ ਬੰਗਾ ਨੇ ਛੋਟੀ ਕਵਿਤਾ ਸੁਣਾਈ। ਜੁਝਾਰ ਸਿੰਘ ਗਿੱਲ ਦੀ ਛੋਟੀ ਪੋਤਰੀ ਨੇ ਵਧੀਆ ਅੰਦਾਜ਼ ਵਿਚ ਕੋਰੀਓਗਰਾਫੀ ਨਾਲ ਰੰਗ ਬੰਨ੍ਹਿਆ। ਪੰਮੀ ਮਾਨ ਨੇ ਬੜੇ ਹੀ ਜਜ਼ਬਾਤੀ ਅੰਦਾਜ਼ ਵਿਚ ਕਵਿਤਾ ਸੁਣਾਈ ਅਤੇ ਦੇਸ਼ ਭਗਤੀ ਦਾ ਗੀਤ ਗਾ ਕੇ ਸਰੋਤੇ ਮੰਤਰ ਮੁਗਧ ਕਰ ਦਿੱਤੇ। ਹਰਜੀਤ ਸ਼ੇਰਗਿੱਲ ਨੇ ਵੀ ਦੇਸ਼ ਭਗਤੀ ਦਾ ਗੀਤ ਗਾਇਆ। ਯੂ. ਸੀ. ਡੇਵਿਸ ਦੀ ਭੰਗੜਾ ਟੀਮ ਨੇ ਭੰਗੜੇ ਦੇ ਜੌਹਰ ਦਿਖਾਏ। ਜਥੇਬੰਦੀ ਵਲੋਂ ਸਪਾਂਸਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਸੁਖਚੈਨ ਸਿੰਘ ਵੀ ਸਮੁੱਚੇ ਚੈਂਬਰ ਆਫ ਕਾਮਰਸ ਵੱਲੋਂ ਹਾਜ਼ਰ ਹੋਇਆ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਪਣੇ ਭਾਸ਼ਨ ਵਿਚ ਸ਼ਹੀਦ ਊਧਮ ਸਿੰਘ ਅਤੇ ਰੋਲਟ ਐਕਟ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਜਥੇਬੰਦੀ ਦੇ ਮੋਢੀ ਅਤੇ ਬਜ਼ੁਰਗ ਆਗੂ ਸੁਮਿੱਤਰ ਸਿੰਘ ਉਪਲ ਦਾ ਉਚੇਚਾ ਜ਼ਿਕਰ ਕੀਤਾ, ਜੋ ਬਿਮਾਰੀ ਕਰਕੇ ਹਾਜ਼ਰ ਨਹੀਂ ਹੋ ਸਕੇ। ਇਸ ਮੌਕੇ ਉਨ੍ਹਾਂ ਵਲੋਂ ਭੇਜਿਆ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ। ਗਿਆਨ ਸਿੰਘ ਬਿਲਗਾ ਵੀ ਸਿਹਤ ਠੀਕ ਨਾ ਹੋਣ ਕਰਕੇ ਸਮਾਗਮ ਵਿਚ ਪੁੱਜ ਨਾ ਸਕੇ। ਉਨ੍ਹਾਂ ਨੇ ਵੀ ਆਪਣੇ ਸੰਦੇਸ਼ ਰਾਹੀਂ ਸਮੁੱਚੀ ਕਮੇਟੀ ਨੂੰ ਕਾਰਜ ਸਿਰੇ ਚਾੜ੍ਹਨ ਦੀ

*(ਅਗਲੇ ਸਫੇ 'ਤੇ ਜਾਰੀ)*









*(ਪਿਛਲੇ ਸਫੇ ਦੀ ਬਾਕੀ)*

ਵਧਾਈ ਦਿੱਤੀ।

ਸਮੁੱਚੀ ਕਮੇਟੀ ਦੀ ਹਾਜ਼ਰੀਨ ਨਾਲ ਜਾਣ-ਪਛਾਣ ਕਰਵਾਈ ਗਈ। ਇਨ੍ਹਾਂ ਵਿਚ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ, ਜਗਜੀਤ ਸਿੰਘ ਗਿੱਲ, ਸੁਰਿੰਦਰ ਗਿੱਲ, ਮਲਕੀਤ ਬੈਂਸ, ਰਾਕੇਸ਼ ਬੈਂਸ, ਬਲਵੰਤ ਬਾਂਕਾ, ਜੁਝਾਰ ਸਿੰਘ ਗਿੱਲ, ਜਰਨੈਲ ਸਿੰਘ ਸਰਪੰਚ, ਪਰਮਪ੍ਰੀਤ ਬਿੰਦਰਾ, ਗਗਨ ਬਿੰਦਰਾ, ਕੇਵਲ ਬੋਲੀਨਾ, ਬਲਦੇਵ ਰਾਜ, ਕ੍ਰਿਪਾਲ ਸਿੰਘ ਸੰਧੂ ਆਦਿ ਕਮੇਟੀ ਮੈਂਬਰ ਸ਼ਾਮਿਲ ਸਨ।

ਚਰੰਜੀ ਲਾਲ ਕੰਗਣੀਵਾਲ ਅਤੇ ਬੀਬੀ ਮਲਵਿੰਦਰ ਕੌਰ ਦਾ ਜਥੇਬੰਦੀ ਵਲੋਂ ਸਨਮਾਨ ਕੀਤਾ ਗਿਆ। ਅੰਮ੍ਰਿਤਪਾਲ ਪਠਲਾਵਾ ਨੇ ਗਦਰੀ ਬਾਬਿਆਂ ਦੀ ਨੁਮਾਇਸ਼ ਅਖੀਰ ਤਕ ਲਾਈ ਰੱਖੀ। ਲੰਗਰ ਸ਼ਾਮ ਤਕ ਅਤੁੱਟ ਵਰਤਿਆ। 6 ਵਜੇ ਤੋਂ 8 ਵਜੇ ਤੱਕ ਗੀਤ-ਸੰਗੀਤ ਚੱਲਦਾ ਰਿਹਾ। ਕੈਨੇਡਾ ਤੋਂ ਪ੍ਰਸਿੱਧ ਗੀਤਕਾਰ ਮੱਖਣ ਬਰਾੜ ਨੇ ਸ਼ੇਅਰੋ-ਸ਼ਾਇਰੀ ਦੇ ਅੰਦਾਜ਼ ਨਾਲ ਲੋਕਾਂ ਨੂੰ ਬੰਨ੍ਹ ਕੇ ਬਿਠਾਈ ਰੱਖਿਆ। ਹਰਦੀਪ ਗਿੱਲ ਨੇ ਆਪਣੀ ਬੁਲੰਦ ਆਵਾਜ਼ ਵਿਚ ਦੇਸ਼ ਭਗਤੀ ਦੇ ਅਤੇ ਸਭਿਆਚਾਰਕ ਗੀਤਾਂ ਦੀ ਛਹਿਬਰ ਲਾ ਛੱਡੀ। ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਮਿਲਣ ਦਾ ਵਾਅਦਾ ਕੀਤਾ। ਫੋਟੋ ਅਤੇ ਵੀਡੀਓ ਦੀ ਸੇਵਾ ਓਮਨੀ ਵੀਡੀਓ ਨੇ ਨਿਭਾਈ।













# ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਕੰਗਣੀਵਾਲ ਦਾ ਸਨਮਾਨ

**ਫਰਿਜ਼ਨੋ (ਬਿਊਰੋ):** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਟਰੱਸਟੀ ਚਰੰਜੀ ਲਾਲ ਕੰਗਣੀਵਾਲ, ਜੋ ਇਨ੍ਹੀਂ ਦਿਨੀਂ ਕੈਲੀਫੋਰਨੀਆ ਆਏ ਹੋਏ ਹਨ, ਨੂੰ ਫਰਿਜ਼ਨੋ ਪਹੁੰਚਣ 'ਤੇ ਜੀ ਆਇਆਂ ਕਹਿਣ ਲਈ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸੱਦੇ 'ਤੇ ਪਿਛਲੇ ਦਿਨੀਂ ਇਕ ਇਕੱਤਰਤਾ ਬੁਲਾਈ ਗਈ।



ਸਭਾ ਦੇ ਸ਼ੁਰੂ ਵਿਚ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸਰਪ੍ਰਸਤ ਮੈਂਬਰ ਗੁਰਦੀਪ ਸਿੰਘ ਅਣਖੀ ਨੇ ਸ੍ਰੀ ਕੰਗਣੀਵਾਲ ਨੂੰ ਜੀ ਆਇਆਂ ਆਖਦਿਆਂ ਫੋਰਮ ਦੇ ਮੈਂਬਰਾਂ, ਹਮਦਰਦਾਂ ਅਤੇ ਹੋਰ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਗਦਰ ਪਾਰਟੀ ਅਤੇ ਹੋਰ ਲੋਕ ਲਹਿਰਾਂ ਦੇ ਇਤਿਹਾਸ ਨੂੰ ਖੋਜਣ, ਪਰਖਣ ਅਤੇ ਸਾਂਭਣ ਦੀ ਸ੍ਰੀ ਕੰਗਣੀਵਾਲ ਦੀ ਲਗਨ ਅਤੇ ਲਗਾਤਾਰ ਮਿਹਨਤ ਦੀ ਤਾਰੀਫ ਕੀਤੀ।

ਸ੍ਰੀ ਕੰਗਣੀਵਾਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਹ ਅਮਰੀਕਾ ਵਿਚ ਗਦਰ ਪਾਰਟੀ ਦੀ ਇਸ ਕਰਮ ਭੂਮੀ ਪਹੁੰਚ ਕੇ ਬਹੁਤ ਭਾਵੁਕ ਅਤੇ ਖੁਸ਼ ਹੋਏ ਹਨ। ਉਨ੍ਹਾਂ ਨੇ ਗਦਰੀ ਬਾਬਿਆਂ ਵਲੋਂ ਹੋਂਦ ਵਿਚ ਲਿਆਂਦੀ ਜਥੇਬੰਦੀ ਅਤੇ 'ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ' ਦੀਆਂ ਪ੍ਰਾਪਤੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸਥਾਪਤ ਰੀਸਰਚ ਲਾਇਬਰੇਰੀ ਪੰਜਾਬ ਦੀਆਂ ਤਿੰਨੇ ਯੂਨੀਵਰਸਿਟੀਆਂ ਤੋਂ ਮਾਨਤਾ ਪ੍ਰਾਪਤ ਹੈ ਅਤੇ ਇਥੋਂ ਸੈਂਕੜੇ ਵਿਦਿਆਰਥੀ ਪੀਐਚ. ਡੀ. ਅਤੇ ਐਮ. ਫਿਲ. ਦੀਆਂ ਡਿਗਰੀਆਂ ਕਰ ਚੁਕੇ ਹਨ।

ਉਨ੍ਹਾਂ ਨੇ ਹਰ ਸਾਲ ਨਵੰਬਰ ਮਹੀਨੇ ਵਿਚ ਹੋਣ ਵਾਲੇ ਮੇਲੇ ਬਾਰੇ ਮਾਣ ਨਾਲ ਕਿਹਾ ਕਿ ਅੱਜ ਇਹ ਮੇਲੇ ਪੂਰੇ ਪੰਜਾਬ ਅਤੇ ਭਾਰਤ ਦੀਆਂ ਅਗਾਂਹਵਧੂ ਲਹਿਰਾਂ ਲਈ ਚਾਨਣ ਮੁਨਾਰਾ ਬਣ ਚੁਕਾ ਹੈ, ਜਿਸ ਤੋਂ ਲੋਅ ਅਤੇ ਪ੍ਰੇਰਨਾ ਲੈ ਕੇ ਉਹ ਲੋਕ ਮਸਲਿਆਂ ਨੂੰ ਹਲ ਕਰਨ ਲਈ ਅੱਗੇ ਵੱਧ ਰਹੇ ਹਨ। ਉਨ੍ਹਾਂ ਇਸ ਮੌਕੇ ਕਿਤਾਬਾਂ ਦੀ ਰਿਕਾਰਡ ਵਿਕਰੀ ਬਾਰੇ ਵੀ ਦੱਸਿਆ।

ਉਨ੍ਹਾਂ ਕਿਹਾ ਕਿ ਭਾਵੇਂ ਉਹ ਕਦੀ ਕਾਲਜ ਵਿਦਿਆ ਪ੍ਰਾਪਤ ਨਹੀਂ ਕਰ ਸਕੇ, ਪਰ ਗਦਰੀ ਬਾਬਿਆਂ ਦੇ ਸਾਥ ਅਤੇ ਪ੍ਰੇਰਨਾ ਸਦਕਾ ਉਨ੍ਹਾਂ ਨੂੰ ਇਸ ਮਹਾਨ ਲਹਿਰ ਦੇ ਇਤਿਹਾਸ ਨੂੰ ਘੋਖਣ ਤੇ ਲਿਖਣ ਦੀ ਚਿਣਗ ਲੱਗੀ ਅਤੇ ਉਹ ਹੁਣ ਤੱਕ 18 ਕਿਤਾਬਾਂ ਲਿਖ ਚੁਕੇ ਹਨ, ਜਿਨ੍ਹਾਂ ਵਿਚ ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਕਿਰਪਾਲ ਸਿੰਘ ਕਸੇਲ ਅਤੇ ਪੰਡਿਤ ਕਿਸ਼ੋਰੀ ਲਾਲ ਬਾਰੇ ਕਿਤਾਬਾਂ ਸ਼ਾਮਲ ਹਨ। ਪੰਡਿਤ ਕਿਸ਼ੋਰੀ ਲਾਲ ਸ਼ਹੀਦ ਭਗਤ ਸਿੰਘ ਦੇ ਸਾਥੀ ਸਨ, ਜਿਨ੍ਹਾਂ ਨੂੰ ਘੱਟ ਉਮਰ ਦੇ ਹੋਣ ਕਾਰਨ ਉਮਰ ਕੈਦ ਦੀ ਸਜ਼ਾ ਹੋਈ ਸੀ। ਉਨ੍ਹਾਂ ਬਾਬਾ ਜਵਾਲਾ ਸਿੰਘ ਠੱਠੀਆਂ ਬਾਰੇ ਕਿਤਾਬ ਲਿਖਣ ਵੇਲੇ ਦੇ ਆਪਣੇ ਤਜਰਬੇ ਸਾਂਝੇ ਕੀਤੇ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਵੱਖ ਵੱਖ ਥਾਂਈਂ ਜਾ ਕੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਰਾਬਤਾ ਕਾਇਮ ਕੀਤਾ। ਉਨ੍ਹਾਂ ਨੇ ਬੱਬਰ ਅਕਾਲੀ ਲਹਿਰ ਬਾਰੇ ਖੋਜ ਕਰਦਿਆਂ ਵੱਖ ਵੱਖ ਪਿੰਡਾਂ ਵਿਚ ਜਾ ਕੇ ਆਮ ਲੋਕਾਂ ਨੂੰ ਮਿਲ ਕੇ ਜਾਣਕਾਰੀ ਇਕੱਤਰ ਕੀਤੀ। ਉਨ੍ਹਾਂ ਨੇ ਇਸ ਲਹਿਰ ਵੇਲੇ ਦੀਆਂ ਔਰਤਾਂ ਦੀ ਬਹਾਦਰੀ ਦੀਆਂ ਕਈ ਮਿਸਾਲਾਂ ਸਾਂਝੀਆਂ ਕੀਤੀਆਂ ਕਿ ਕਿਸ ਤਰ੍ਹਾਂ ਔਰਤਾਂ ਨੇ ਨਾ ਸਿਰਫ ਆਪਣੇ ਪਤੀਆਂ ਦੀ ਗੈਰਹਾਜ਼ਰੀ ਵਿਚ ਪਰਿਵਾਰ ਪਾਲਣ ਲਈ ਸਖਤ ਘਾਲਣਾ ਕੀਤੀ ਸਗੋਂ ਲੋੜ ਪੈਣ 'ਤੇ ਆਪਣੇ ਜਵਾਨ ਪੁੱਤਾਂ ਨੂੰ ਵੀ ਉਸੇ ਕੁਰਬਾਨੀ ਦੇ ਰਾਹ ਤੋਰ ਦਿਤਾ। ਉਨ੍ਹਾਂ ਖਾਹਸ਼ ਜਾਹਰ ਕੀਤੀ ਕਿ ਅਜਿਹਾ ਇਤਿਹਾਸ ਲੋਕਾਂ ਦੇ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ।

ਸ੍ਰੀ ਕੰਗਣੀਵਾਲ ਨੇ ਇਸ ਗੱਲ 'ਤੇ ਵੀ ਅਸੰਤੁਸ਼ਟੀ ਪ੍ਰਗਟਾਈ ਕਿ ਗਦਰ ਪਾਰਟੀ ਦੇ ਸੱਦੇ 'ਤੇ ਵਿਦੇਸ਼ਾਂ ਵਿਚੋਂ ਭਾਰਤ ਲਈ ਤੁਰੇ 8000 ਗਦਰੀ ਸੂਰਬੀਰਾਂ ਵਿਚੋਂ ਬਹੁਤਿਆਂ ਦੀ ਜ਼ਿੰਦਗੀ ਅਤੇ ਸੰਘਰਸ਼ ਬਾਰੇ ਅਸੀਂ ਅੱਜ ਵੀ ਅਣਜਾਣ ਹਾਂ। ਉਨ੍ਹਾਂ ਕਿਹਾ ਕਿ ਇਤਿਹਾਸ ਦੇ ਇਨ੍ਹਾਂ ਪੱਖਾਂ ਨੂੰ ਸਾਹਮਣੇ ਲਿਆਉਣ ਲਈ ਹੋਰ ਲੇਖਕਾਂ ਅਤੇ ਇਤਿਹਾਸ ਦੇ ਖੋਜੀਆਂ ਨੂੰ ਇਸ ਕਾਰਜ ਵੱਲ ਪ੍ਰੇਰਨਾ ਚਾਹੀਦਾ ਹੈ।

ਸ੍ਰੀ ਕੰਗਣੀਵਾਲ ਦੀ ਤਕਰੀਰ ਪਿਛੋਂ ਸਵਾਲ-ਜਵਾਬ ਦੇ ਰੂਪ ਵਿਚ ਗੱਲਬਾਤ ਨੂੰ ਅੱਗੇ ਵਧਾਉਂਦਿਆਂ ਡਾ. ਗੁਰੂਮੇਲ ਸਿੱਧੂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਗਦਰ ਲਹਿਰ ਦੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਅੰਗਰੇਜ਼ੀ, ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਛਪਵਾਉਣ ਦੀ ਮੰਗ ਕੀਤੀ। ਉਨ੍ਹਾਂ ਨੇ ਸ੍ਰੀ ਕੰਗਣੀਵਾਲ ਦੇ ਆਮ ਲੋਕਾਂ ਨਾਲ ਜੁੜਨ ਅਤੇ ਉਸ ਵਿਚੋਂ ਇਤਿਹਾਸਕ ਤੱਥ ਕਸ਼ੀਦ ਕਰਨ ਦੇ ਕੰਮ ਦੀ ਸ਼ਲਾਘਾ ਵੀ ਕੀਤੀ।

ਇਸ ਗੱਲਬਾਤ ਵਿਚ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਸਾਬਕਾ ਸੰਪਾਦਕ ਦਲਜੀਤ ਸਰਾਂ, ਪ੍ਰਸਿਧ ਸ਼ਾਇਰ ਹਰਜਿੰਦਰ ਕੰਗ ਅਤੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵੀ ਉਸਾਰੂ ਯੋਗਦਾਨ ਪਾਇਆ। ਅਖਬਾਰ 'ਦੇਸ਼ ਦੁਆਬਾ' ਦੇ ਐਡੀਟਰ ਪ੍ਰੇਮ ਚੁੰਬਰ ਨੇ ਸ੍ਰੀ ਕੰਗਣੀਵਾਲ ਨੂੰ ਇਥੇ ਬੁਲਾਉਣ ਲਈ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਗਦਰ ਪਾਰਟੀ ਨਾਲ ਸਬੰਧਤ ਸਾਹਿਤ ਲੋਕਾਂ ਤੱਕ ਪਹੁੰਚਾਉਣ ਦੀ ਆਪਣੀ ਅਖਬਾਰ ਦੀ ਵਚਨਬੱਧਤਾ ਦੁਹਰਾਈ।

ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸੈਕਟਰੀ ਸੁਰਿੰਦਰ ਮੰਡਾਲੀ ਨੇ ਸ੍ਰੀ ਕੰਗਣੀਵਾਲ ਨੂੰ ਅਪੀਲ ਕੀਤੀ ਕਿ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਦੇਸ਼ ਭਗਤਾਂ ਦੀ ਜ਼ਿੰਦਗੀ ਦੇ ਛੋਟੇ ਲੇਖ ਲਿਖਵਾਏ ਜਾਣ, ਜੋ ਬੱਚਿਆਂ ਨੂੰ ਭਾਸ਼ਣ ਮੁਕਾਬਲਿਆਂ ਲਈ ਮੁਹੱਈਆ ਕੀਤੇ ਜਾ ਸਕਣ। ਅਖੀਰ ਵਿਚ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ ਸ੍ਰੀ ਕੰਗਣੀਵਾਲ ਦਾ ਪਲੇਕ ਅਤੇ ਸ਼ਾਲ ਭੇਟ ਕਰਕੇ ਸਨਮਾਨ ਕੀਤਾ ਗਿਆ। ਸੁਰਿੰਦਰ ਮੰਢਾਲੀ ਨੇ ਇਸ ਮੌਕੇ ਪਹੁੰਚੇ ਸਾਰੇ ਸੱਜਣਾਂ-ਮਿੱਤਰਾਂ ਦਾ ਧੰਨਵਾਦ ਕੀਤਾ।



*ਚਰੰਜੀ ਲਾਲ ਕੰਗਣੀਵਾਲ*

## ਪੁਸਤਕ ਪੜਚੋਲ

**Book: An Uncommon Road (How Canadian Sikhs struggled out of the fringes and into the main stream)**
**Author Gian Singh Sandhu**
**Printed in Canada, 2018**

## ਸਿੱਖਾਂ ਦੇ ਕੈਨੇਡਾ ਵਿਚ ਸੰਘਰਸ਼ ਦੀ ਦਾਸਤਾਨ ਪੁਸਤਕ

# ਐਨ ਅਨਕਾਮਨ ਰੋਡ

ਇਸ ਪੁਸਤਕ ਦਾ ਰੀਵੀਊ ਕਰਨ ਲੱਗਿਆਂ ਇਸ ਦਾ ਕੇਂਦਰੀ ਸਰੋਕਾਰ ਮੈਨੂੰ ਸਿੱਖ ਸੰਘਰਸ਼ ਦੇ ਕੈਨੇਡੀਅਨ ਚੈਪਟਰ ਵਾਂਗ ਲੱਗਾ ਹੈ ਕਿ ਇਸ ਵਿਚ ਪਰਵਾਸ ਕਰ ਗਏ ਕੈਨੇਡੀਅਨ ਸਿੱਖਾਂ ਦੀ ਸਮਾਜਕਤਾ ਅਤੇ ਉਨ੍ਹਾਂ ਦੇ ਇਤਿਹਾਸ ਤੇ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਆਧਾਰ ਬਣਾ ਲਿਆ ਗਿਆ ਹੈ। 237 ਸਫਿਆਂ ਵਿਚ ਸਜਾਏ ਹੋਏ ਦਸਾਂ ਚੈਪਟਰਾਂ ਵਿਚ ਫੈਲੀ ਸ. ਗਿਆਨ ਸਿੰਘ ਸੰਧੂ ਦੀ ਇਹ ਪੁਸਤਕ ਉਨ੍ਹਾਂ ਦੀ ਜ਼ਿੰਦਗੀ ਦੇ ਹਵਾਲੇ ਨਾਲ ਅਜਿਹੇ ਸੰਘਰਸ਼ ਦੀ ਦਾਸਤਾਨ ਹੋ ਗਈ ਹੈ, ਜੋ ਸਿੱਖਾਂ ਨੂੰ ਕੈਨੇਡਾ ਵਿਚ ਰੋਜ਼ੀ ਰੋਟੀ ਨਾਲ ਜੁੜੀ ਹੋਈ ਬੇਗਾਨੀ-ਧਰਤੀ ਨੂੰ ਆਪਣੀ-ਧਰਤੀ ਬਣਾਉਣ ਲਈ ਲਗਾਤਾਰ ਸਿਦਕ ਤੇ ਸਿਰੜ ਨਾਲ ਲੜਨਾ ਪਿਆ ਹੈ। ਇਸ ਨੂੰ ਲੇਖਕ ਨੇ ਕੈਨੇਡੀਅਨ ਪ੍ਰਸੰਗ ਵਿਚ ਹਾਸ਼ੀਆ-ਭਾਈਚਾਰੇ



**ਡਾ. ਬਲਕਾਰ ਸਿੰਘ ਪਟਿਆਲਾ**
**ਡਾਇਰੈਕਟਰ ਵਿਸ਼ਵ ਪੰਜਾਬੀ ਸੈਂਟਰ, ਪਟਿਆਲਾ।**
**ਫੋਨ: +91-93163-01328**

ਤੋਂ ਮੁੱਖ ਧਾਰਾ ਵਾਲਾ ਭਾਈਚਾਰਾ ਹੋ ਸਕਣ ਦੀ ਲੜਾਈ ਵਾਂਗ ਲਿਆ ਹੈ।

ਕਿਸੇ ਵੀ ਦੇਸ਼ ਨਾਲ ਜੁੜੇ ਵਾਸੀਆਂ ਤੇ ਪਰਵਾਸੀਆਂ ਦੀ ਲੜਾਈ ਦੀਆਂ ਜਿੰਨੀਆਂ ਪਰਤਾਂ ਸਾਹਮਣੇ ਆ ਚੁਕੀਆਂ ਹਨ, ਉਨ੍ਹਾਂ ਵਿਚ ਸੁਜੱਗ ਵਿਉਂਤ (visionary planning) ਨਾਲ ਵਿੱਢੇ ਗਏ ਸਿੱਖ ਸੰਘਰਸ਼ ਨਾਲ ਜੁੜੇ ਬਹੁਤ ਸਾਰੇ ਰੰਗ ਇਸ ਕਰਕੇ ਨੁਮਾਇਆ ਹੋ ਗਏ ਹਨ ਕਿ ਦਰਪੇਸ਼ ਦੁਸ਼ਵਾਰੀਆਂ ਵਿਚ ਗੁਰੂ ਨੂੰ ਅੰਗ ਸੰਗ ਰੱਖ ਕੇ ਕੈਨੇਡੀਅਨ ਸਿੱਖ ਸੰਘਰਸ਼ ਕਰਦੇ ਰਹੇ ਹਨ। ਮਾਨਵ ਨੂੰ ਨਾਬਰੀ ਦਾ ਕੁਦਰਤੀ ਜਜ਼ਬਾ ਇਲਾਹੀ ਦਾਤ ਵਾਂਗ ਮਿਲਿਆ ਹੋਇਆ ਤਾਂ ਹੈ, ਪਰ ਸਿੱਖ ਧਰਮ ਦੀ ਆਮਦ ਤੋਂ ਪਹਿਲਾਂ ਕਿਸੇ ਵੀ ਧਰਮ ਨੇ ਇਸ ਵਜੂਦ ਸਮੋਈ ਮਾਨਵ ਨਾਬਰੀ ਦੀ ਸੰਭਾਵਨਾ ਨੂੰ ਸਿੱਖ ਧਰਮ ਵਾਂਗ ਨਹੀਂ ਸੀ ਵਰਤਿਆ। ਇਸ 'ਤੇ ਪਹਿਰਾ ਦੇ ਸਕਣ ਦੀ ਮਾਨਸਿਕਤਾ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੇ ਲਹੂ ਵਿਚ ਉਤਾਰੀ ਗਈ ਸੀ, ਉਸੇ ਦੇ ਇਰਦ-ਗਿਰਦ ਉਸਰੀ ਹੋਈ ਇਹ ਪੁਸਤਕ ਆਪਣੇ ਆਪ ਵਰਗੀ ਆਪ ਹੋ ਗਈ ਹੈ।

ਇਹ ਤਾਂ ਸਭ ਨੂੰ ਪਤਾ ਲੱਗ ਗਿਆ ਹੈ ਕਿ ਸਿੱਖੀ ਅਤੇ ਸੰਘਰਸ਼ ਸਦਾ ਕਰਿੰਘੜੀ ਪਾ ਕੇ ਤੁਰਦੇ ਰਹੇ ਹਨ ਅਤੇ ਸਿੱਖਾਂ ਬਾਰੇ ਇਹ ਮੁਹਾਵਰਾ ਆਮ ਹੀ ਵਰਤਿਆ ਜਾਂਦਾ ਰਿਹਾ ਹੈ, "ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ।" ਅਸਲ ਵਿਚ ਸਿੱਖਾਂ ਨੂੰ ਮੁੱਢ ਤੋਂ ਹੀ ਅੰਦਰੋਂ ਬਹੁਗਿਣਤੀ ਦੇ ਧਰਮ ਨਾਲ ਲੜਨਾ ਪਿਆ ਹੈ ਅਤੇ ਬਾਹਰੋਂ ਹਾਕਮ ਦੇ ਧਰਮ ਨਾਲ ਸੰਘਰਸ਼ ਕਰਨਾ ਪਿਆ ਹੈ।

ਕੈਨੇਡਾ ਵਿਚ ਇਸ ਦੀ ਸ਼ੁਰੂਆਤ ਗਦਰ ਲਹਿਰ ਨਾਲ ਹੋ ਗਈ ਸੀ ਅਤੇ ਇਸੇ ਦੀ ਨਿਰੰਤਰਤਾ ਵਿਚ ਜਦੋਂ ਵਰਲਡ ਸਿੱਖ ਆਰਗੇਨਾਈਜੇਸ਼ਨ (ਇਸ ਤੋਂ ਪਿਛੋਂ ਵਸਿਕ) ਦੀ ਅਗਵਾਈ ਵਿਚ ਸਿੱਖ ਸੰਘਰਸ਼ ਨੂੰ ਚਲਾਇਆ ਗਿਆ ਤਾਂ ਉਸ ਵਿਚ ਲੇਖਕ ਵੱਲੋਂ ਨਿਭਾਈ ਗਈ ਭੂਮਿਕਾ ਦੇ ਇਰਦ ਗਿਰਦ ਉਸਰੀ ਇਸ ਪੁਸਤਕ ਦੀਆਂ ਚੂਲਾਂ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਕਿਸੇ ਵੀ ਲਹਿਰ ਵਿਚ ਵਿਅਕਤੀ ਦੀ ਭੂਮਿਕਾ ਇਸ ਤਰ੍ਹਾਂ ਲਹਿਰ ਵਰਗੀ ਨਹੀਂ ਲੱਗਦੀ, ਜਿਸ ਤਰ੍ਹਾਂ ਲੇਖਕ ਦੀ ਭੂਮਿਕਾ ਇਸ ਪੁਸਤਕ ਦੇ ਹਵਾਲੇ ਨਾਲ ਚੱਲਦੀ ਫਿਰਦੀ 'ਵਸਿਕ' ਵਰਗੀ ਲੱਗਦੀ ਲੱਗ ਸਕਦੀ ਹੈ। ਵਾਧਾ ਇਹ ਕਿ ਅਜਿਹਾ ਕਿਸੇ ਮੰਤਵ ਨਾਲ ਜਾਂ ਮਿਥ ਕੇ ਕੀਤਾ ਗਿਆ ਨਜ਼ਰ ਨਹੀਂ ਆਉਂਦਾ। ਕਾਰਨ ਇਹ ਕਿ ਸੁਣਾਈ ਜਾ ਰਹੀ ਦਾਸਤਾਨ ਵਿਚ ਲੇਖਕ ਸੂਤਰਧਾਰ ਜਾਂ ਨਾਇਕ ਵਜੋਂ ਸ਼ਾਮਲ ਹੋਣ ਦੀ ਥਾਂ ਸੰਸਥਾਈ ਸੇਵਕ ਵਾਂਗ ਟੈਕਸਟ ਵਿਚ ਰਮ ਗਿਆ ਕਿਹਾ ਜਾ ਸਕਦਾ ਹੈ।


ਸਿਆਣਿਆਂ ਦਾ ਇਹ ਸੱਚ ਸਾਂਝਾ ਹੋ ਚੁਕਾ ਹੈ ਕਿ ਕਹਿਣ ਨੂੰ ਹਰ ਬੰਦੇ ਕੋਲ ਇਕ ਸੁਪਨਾ ਅਤੇ ਉਸ ਸੁਪਨੇ ਨਾਲ ਜੁੜੀ ਕੋਈ ਨਾ ਕੋਈ ਕਹਾਣੀ ਜ਼ਰੂਰ ਹੁੰਦੀ ਹੈ। ਜਿਨ੍ਹਾਂ ਬੰਦਿਆਂ 'ਚ ਇਹ ਕੁਦਰਤੀ ਜਜ਼ਬਾ ਕਿਸੇ ਵੀ ਕਾਰਨ ਦਫਨ ਹੋ ਜਾਂਦਾ ਹੈ, ਉਨ੍ਹਾਂ ਨੂੰ ਜ਼ਿੰਦਗੀ ਕਬਰਾਂ ਦੇ ਮਜੌਰ ਵਾਂਗ ਜਿਉਣੀ ਪੈ ਜਾਂਦੀ ਹੈ। ਇਸ ਮਜੌਰੀਕਰਨ ਦੀਆਂ ਪਰਤਾਂ ਆਮ ਤੌਰ 'ਤੇ ਲਾਲਚ, ਈਰਖਾ ਅਤੇ ਝੋਰੇ ਵਿਚ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ। ਲੇਖਕ ਨੂੰ ਵਧਾਈ ਦੇਣੀ ਬਣਦੀ ਹੈ ਕਿ ਉਸ ਨੇ ਜਿਵੇਂ ਜੀਵਿਆ, ਉਸ ਨੂੰ ਦਿਆਨਤਦਾਰੀ ਨਾਲ ਉਵੇਂ ਹੀ ਰਿਕਾਰਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਕਰਦਿਆਂ ਇਕ ਗੁਰਸਿੱਖ ਵਾਂਗ ਜੋ ਲੈਣਯੋਗ ਸੀ, ਉਹ ਲੈ ਲਿਆ ਅਤੇ ਜੋ ਛੱਡਣਯੋਗ ਸੀ, ਉਹ ਛੱਡ ਦਿਤਾ। ਗੁਰੂ ਭਰੋਸੇ ਵਾਲਿਆਂ ਨਾਲ ਜੁੜੇ ਸਿੱਖ ਵਰਤਾਰੇ ਇਸੇ ਤਰ੍ਹਾਂ ਪ੍ਰਚੰਡਿਤ ਹੁੰਦੇ ਵੀ ਰਹੇ ਹਨ ਅਤੇ ਹੁੰਦੇ ਵੀ ਰਹਿਣੇ ਹਨ।

1970 ਤੋਂ 2018 ਤੱਕ ਪੰਜ ਦਹਾਕਿਆਂ ਦੇ ਬਿਖੜੇ ਪੈਂਡਿਆਂ ਦੇ ਸਿੱਖ ਸਫਰ ਨਾਲ ਜੁੜੇ ਹੋਏ ਬਹੁਤ ਸਾਰੇ ਸੁਖਾਵੇਂ ਤੇ ਅਣਸੁਖਾਵੇਂ ਪਾਸਾਰਾਂ ਨੂੰ ਖੋਲ੍ਹਣ ਵਾਸਤੇ ਇਹ ਪੁਸਤਕ ਚਾਬੀ ਵਾਂਗ ਕੰਮ ਆ ਸਕਦੀ ਹੈ। ਇਨ੍ਹਾਂ ਪਾਸਾਰਾਂ ਦੇ ਹਵਾਲੇ ਨਾਲ ਵਿਸ਼ਵ ਵਿਚ ਪਰਵੇਸ਼ ਕਰ ਰਹੇ ਸਿੱਖ ਪਰਵਾਸ ਨੂੰ ਬਹੁ-ਸਭਿਆਚਾਰਕ ਪ੍ਰਸੰਗ ਵਿਚ ਸਮਝਣਾ ਅਤੇ ਸਮਝਾਉਣਾ ਨਿਰਸੰਦੇਹ ਸੌਖਾ ਹੋ ਸਕਦਾ ਹੈ। ਹੱਡਬੀਤੀਆਂ ਦੇ ਹਵਾਲੇ ਨਾਲ ਪੁਸਤਕ ਦਾ ਹਿੱਸਾ ਹੋ ਗਏ ਸਿਆਸਤਦਾਨ, ਅਫਸਰਸ਼ਾਹੀ ਅਤੇ ਡੇਰੇਦਾਰੀ ਵੱਲੋਂ ਪੈਦਾ ਕੀਤੀਆਂ ਗਈਆਂ ਦੁਸ਼ਵਾਰੀਆਂ, ਇਸ ਪੁਸਤਕ ਰਾਹੀਂ ਸਿੱਖ ਸੰਘਰਸ਼ ਦੇ ਕੈਨੇਡੀਅਨ ਚੈਪਟਰ ਦਾ ਹਿੱਸਾ ਹੋ ਗਈਆਂ ਹਨ। ਭਾਵ ਉਹ ਸਾਰੇ ਕਾਰਨ ਕਿਸੇ ਨਾ ਕਿਸੇ ਰੂਪ ਵਿਚ ਪੁਸਤਕ ਦਾ ਹਿੱਸਾ ਹੋ ਗਏ ਹਨ, ਜੋ ਬਹੁ-ਸਭਿਆਚਾਰਕ ਪ੍ਰਸੰਗ ਵਿਚ ਸਿੱਖ ਦ੍ਰਿਸ਼ਟੀ ਤੋਂ ਸਿਹਤਮੰਦ ਸਮਾਜ ਦੀ ਉਸਾਰੀ ਲਈ ਲੋੜੀਂਦੇ ਸੰਤੁਲਨ, ਪਾਰਦਰਸ਼ਤਾ ਅਤੇ ਇਮਾਨਦਾਰੀ ਦਾ ਬਿਰਦ ਪਾਲਣ ਨਾਲ ਜੁੜੇ ਰਹੇ ਹਨ।

ਲੇਖਕ ਵਾਲੀ ਸਿੱਖ ਚੇਤਨਾ ਦਾ ਮਾਲਕ ਸਾਰਾ ਸਿੱਖ ਭਾਈਚਾਰਾ ਬੇਸ਼ੱਕ ਨਹੀਂ ਹੈ ਅਤੇ ਇਸ ਕਮਜ਼ੋਰੀ ਨੂੰ ਢਕਣ ਦੀ ਸਿਆਸਤ ਹੀ ਸਿੱਖੀ ਸਮਝੀ ਜਾਣ ਲੱਗ ਪਈ ਹੈ। ਇਸੇ ਕਰਕੇ ਸਿੱਖਾਂ ਵਿਚ ਵਾਹਦ ਸਿੱਖ ਹੋਣ ਦਾ ਭਰਮ ਪਾਲਣ ਤੋਂ ਕਿਸੇ ਵੀ ਸਿੱਖ ਨੂੰ ਨਹੀਂ ਰੋਕਿਆ ਜਾ ਸਕਦਾ। ਇਸੇ ਵਿਚੋਂ ਪਹਿਲਾਂ ਇਤਿਹਾਸ ਨੂੰ ਬਾਣੀ ਦੀ ਰੋਸ਼ਨੀ ਵਿਚ ਸਮਝਣ ਦੀ ਥਾਂ, ਬਾਣੀ ਨੂੰ ਇਤਿਹਾਸ ਦੀ ਰੋਸ਼ਨੀ ਵਿਚ ਸਮਝਣ ਦੇ ਲੋਰ ਵਿਚ ਸਿੱਖ ਸਿਆਸਤ ਤੱਕ ਪਹੁੰਚ ਗਏ ਹਾਂ। ਇਸ ਕਿਸਮ ਦੀ ਸਿਆਸਤ ਦੀ ਖਹਿ ਵਿਚੋਂ ਜਿਹੋ ਜਿਹਾ ਸਿੱਖ-ਨੈਰੇਟਿਵ ਅੰਗੜਾਈਆਂ ਲੈਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ, ਉਸ ਵੱਲ ਵੀ ਹੱਡਬੀਤੀ ਸ਼ੈਲੀ ਵਿਚ ਇਸ ਪੁਸਤਕ ਰਾਹੀਂ ਇਸ਼ਾਰੇ ਹੋ ਗਏ ਹਨ। ਇਸੇ ਲਈ ਇਹ ਪੁਸਤਕ ਮੇਰੇ ਨਜ਼ਦੀਕ ਸਿੱਖ ਸੰਘਰਸ਼ ਦੇ ਕੈਨੇਡੀਅਨ ਚੈਪਟਰ ਨੂੰ ਸਮਝਣ ਵਾਸਤੇ ਅਹਿਮ ਦਸਤਾਵੇਜ਼ ਹੋ ਗਈ ਹੈ। ਵਾਧਾ ਇਹ ਕਿ ਇਹ ਪੁਸਤਕ ਵਿਅਕਤੀ ਕੇਂਦਰਤ ਹੋਣ ਦੇ ਬਾਵਜੂਦ ਖੁਲ੍ਹੀ ਪਹੁੰਚ (Open ended) ਵਾਲੀ ਹੋ ਗਈ ਹੈ। ਇਸ ਦੀ ਪ੍ਰੋੜ੍ਹਤਾ ਲੇਖਕ ਦੇ ਆਪਣੇ ਸ਼ਬਦਾਂ ਵਿਚ ਹੋ ਜਾਂਦੀ ਹੈ, ਜਦੋਂ ਉਹ ਵਾਪਸ ਪੰਜਾਬ ਜਾ ਕੇ ਆਪਣੇ ਹੀ ਘਰ ਆਪਣੀ ਹੀ ਅਲਮਾਰੀ ਨੂੰ ਖੋਲ੍ਹਦਾ ਹੈ ਤਾਂ ਸ਼ਰਾਬੀ ਗਿਆਨ, ਪੰਥਕ ਗਿਆਨ, ਵਪਾਰੀ ਗਿਆਨ, ਸਮਾਜ ਸੇਵੀ ਗਿਆਨ ਅਤੇ ਲੇਖਕ ਗਿਆਨ-ਇਨ੍ਹਾਂ ਸਭ ਪਰਤਾਂ ਵਿਚੋਂ ਨਿਕਲ ਕੇ ਇਕਹਿਰੇ ਸਿੱਖ ਨੈਰੇਟਿਵ ਵਾਂਗ ਸਾਹਮਣੇ ਆ ਜਾਂਦਾ ਹੈ। ਨਿੱਜ ਦੇ ਹਵਾਲਿਆਂ ਨਾਲ ਸਮਕਾਲ ਦੀ ਸੁਰ ਫੜਨ ਦੀਆਂ ਅਜਿਹੀਆਂ ਕੋਸ਼ਿਸ਼ਾਂ ਇਸ ਪੁਸਤਕ ਦਾ ਹਾਸਲ ਹੋ ਗਈਆਂ ਹਨ।

ਸਿੱਖ ਪਰਵਾਸ ਬੇਸ਼ੱਕ ਮਜ਼ਦੂਰੀ ਕਰਨ ਵਾਲਿਆਂ ਤੋਂ ਸ਼ੁਰੂ ਹੋਇਆ ਸੀ, ਪਰ ਲੇਖਕ ਉਨ੍ਹਾਂ ਸਿੱਖ ਪਰਵਾਸੀਆਂ ਵਿਚੋਂ ਹੈ, ਜੋ ਮਜ਼ਦੂਰੀ ਨਹੀਂ, ਨੌਕਰੀ ਕਰਨ ਦੇ ਇਰਾਦੇ ਨਾਲ ਪਰਵਾਸ ਦਾ ਹਿਸਾ ਹੋਏ ਸਨ ਅਤੇ ਇਸ ਤੋਂ ਅੱਗੇ ਵਧ ਕੇ ਸਬੰਧਤ ਦੇਸ਼ ਦੀ ਮੁੱਖ ਧਾਰਾ ਦਾ ਹਿੱਸਾ ਹੋ ਸਕਣ ਦੀ ਰੀਝ ਵੀ ਸੁਤੰਤਰ ਸਿੱਖ ਸੋਚ ਵਾਂਗ ਪਾਲ ਰਹੇ ਸਨ।

ਸਿੱਖ ਪਗੜੀ ਦੁਆਲੇ ਉਸਰਦੀ ਕੈਨੇਡੀਅਨ ਸਿਆਸਤ ਦਾ ਜ਼ਿਕਰ ਕਰਦਿਆਂ ਅਤੇ ਦਰਪੇਸ਼ ਨਫਰਤੀ ਵਰਤਾਰਿਆਂ ਨਾਲ ਪੈਦਾ ਹੋ ਰਹੇ ਗੁੱਸੇ ਅਤੇ ਉਦਾਸੀ ਨਾਲ ਜੂਝਦਿਆਂ ਸਿੱਖ ਚੇਤਨਾ ਦੇ ਪ੍ਰਤੀਨਿਧੀਆਂ ਨੇ ਕੈਨੇਡੀਅਨ ਕਾਨੂੰਨ ਨੂੰ ਨਾਲ ਲੈ ਕੇ ਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਸਤੇ 'ਵਸਿਕ' ਬਣਾਈ ਸੀ। ਉਸ ਵੇਲੇ ਗੁਰਦੁਆਰੇ ਭਾਈਚਾਰਕ ਕੇਂਦਰ ਹੋਣ ਦੇ ਬਾਵਜੂਦ ਹਰ ਕਿਸਮ ਦੇ ਸਿਆਸੀ ਦਖਲ ਦਾ ਸ਼ਿਕਾਰ ਹੋ ਰਹੇ ਸਨ। ਇਸੇ ਵਿਚਕਾਰ 'ਵਸਿਕ' ਨੂੰ ਸਿੱਖ ਭਾਈਚਾਰੇ ਦੀ ਮਾਨਸਿਕਤਾ ਵਿਚ ਟਿਕਾਉਣ ਲਈ ਲੜੇ ਗਏ ਸੰਘਰਸ਼ ਨਾਲ ਜੁੜੀ ਹੋਈ ਹੈ, ਇਹ ਪੁਸਤਕ। 'ਵਸਿਕ' ਸਿੱਖ ਸਮੱਸਿਆਵਾਂ ਨਾਲ ਜੁੜੀ ਹੋਈ ਹੋਣ ਕਰਕੇ ਇਸ ਨੂੰ ਸਿਆਸੀ ਦਖਲ ਤੋਂ ਨਹੀਂ ਸੀ ਬਚਾਇਆ ਜਾ ਸਕਦਾ ਕਿਉਂਕਿ ਸਮੱਸਿਆਵਾਂ ਕੈਨੇਡੀਅਨ ਸਿਆਸਤ ਨਾਲ ਖਾਸ




*(ਖੱਬੇ) ਪੁਸਤਕ ਦਾ ਮੁਖੜਾ ਅਤੇ (ਸੱਜੇ) ਲੇਖਕ ਗਿਆਨ ਸਿੰਘ ਸੰਧੂ*

ਕਰਕੇ ਅਤੇ ਭਾਰਤੀ ਸਿਆਸਤ ਨਾਲ ਆਮ ਕਰਕੇ ਸਿੱਧੀਆਂ ਜੁੜੀਆਂ ਹੋਈਆਂ ਸਨ। ਇਸ ਹਾਲਤ ਵਿਚ ਸਿੱਖ ਪਰਵਾਸੀਆਂ ਨੂੰ ਕੈਨੇਡੀਅਨ ਸਮਝ ਕੇ ਦੇਸ਼ ਦੇ ਕਾਨੂੰਨ ਮੁਤਾਬਿਕ ਮਸਲੇ ਹੱਲ ਕੀਤੇ ਜਾਣ ਵੱਲ ਸੇਧਿਤ ਹੋਣ ਕਰਕੇ 'ਵਸਿਕ' ਨੂੰ ਪਹਿਲਾਂ ਗੁਰਦੁਆਰਿਆਂ ਵਿਚੋਂ ਬਾਹਰ ਨਿਕਲਣਾ ਪਿਆ ਅਤੇ ਫਿਰ ਹੌਲੀ ਹੌਲੀ ਮੁੱਖ ਧਾਰਾ ਦੀ ਸਿਆਸਤ ਵੱਲੋਂ ਧੱਕੀਦੀ ਧਕਾਉਂਦੀ ਸਿਆਸੀ ਵਿਧੀਆਂ ਨੂੰ ਅਪਨਾਉਂਦੀ ਰਹੀ। ਲੇਖਕ, ਇਸ ਵਹਿਣ ਵਿਚ ਵਹਿਣ ਤੋਂ ਬਚਦਾ ਬਚਾਉਂਦਾ ਜਿਹੋ ਜਿਹਾ ਹੋ ਗਿਆ ਸੀ, ਉਸੇ ਨੂੰ ਇਸ ਪੁਸਤਕ ਦੀ ਹੱਡ-ਬੀਤੀ ਪਰਤ ਕਿਹਾ ਜਾ ਰਿਹਾ ਹੈ। ਇਸ ਦਾ ਅਰੰਭ ਗੁਰਦੁਆਰੇ ਵਿਚ ਜਾਸੂਸ (130) ਤੋਂ ਹੁੰਦਾ ਹੈ ਅਤੇ ਇਹੀ ਬਰਾਸਤਾ ਏਜੰਸੀਆਂ ਭਾਰਤ ਸਰਕਾਰ ਤੱਕ ਪਹੁੰਚ ਜਾਂਦਾ ਹੈ। ਸਰਕਾਰਾਂ ਦੀ ਨੌਕਰੀ ਕਰਨ ਵਾਲਿਆਂ ਨੂੰ ਜਿਹੋ ਜਿਹੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਹੀ ਪੈਂਦੀਆਂ ਹਨ, ਉਸ ਨੂੰ ਇਸ ਪੁਸਤਕ ਵਿਚ ਦਸ ਨੁਕਤਿਆਂ ਰਾਹੀਂ ਦਿਤਾ ਹੋਇਆ ਹੈ (131)। ਇਹੀ ਸੰਘਰਸ਼ ਲੇਖਕ ਮੁਤਾਬਿਕ 'ਵਸਿਕ' ਨੂੰ ਲੜਨਾ ਪੈ ਰਿਹਾ ਸੀ।

'ਵਸਿਕ' ਬੇਸ਼ੱਕ ਲੜੇ ਜਾ ਰਹੇ ਸੰਘਰਸ਼ ਦੀ ਇਕੱਲੀ ਪ੍ਰਤੀਨਿਧ ਨਹੀਂ ਸੀ ਅਤੇ ਹੋਰ ਵੀ ਸਿੱਖ ਜਥੇਬੰਦੀਆਂ ਸਾਹਮਣੇ ਆਉਂਦੀਆਂ ਰਹੀਆਂ ਸਨ। ਅਜਿਹੇ ਹਾਲਾਤ ਪੰਜਾਬ ਵਿਚ ਵੀ ਸਨ ਅਤੇ ਇਸ ਦੀ ਕੀਮਤ ਵੀ ਬਹੁਤੀ ਉਥੇ ਹੀ ਦੇਣੀ ਪਈ ਸੀ। ਅਜਿਹੇ ਹਾਲਾਤ ਵਿਚ ਕੁਹਾੜੀ ਅਤੇ ਕੁਹਾੜੀ ਦੇ ਦਸਤੇ ਦੀ ਸਿਆਸਤ ਵਾਂਗ ਸਬੰਧ ਬਣਿਆ ਰਹਿੰਦਾ ਹੈ। ਅਜਿਹੀਆਂ ਘੜੀਆਂ ਘੜਾਈਆਂ ਬੇੜੀਆਂ ਸੰਘਰਸ਼ ਨਾਲ ਜੁੜੇ ਸਿੱਖਾਂ ਦੇ ਪੈਰਾਂ ਵਿਚ ਲੋੜ ਅਤੇ ਹਾਲਾਤ ਮੁਤਾਬਿਕ ਫਿਟ ਕਰ ਲਈਆਂ ਜਾਂਦੀਆ ਸਨ। ਇਸ ਦੇ ਪਰਤ ਦਰ ਪਰਤ ਵੇਰਵੇ ਇਸ ਪੁਸਤਕ ਦਾ ਹਿੱਸਾ ਹੋ ਗਏ ਹਨ।

ਬਿਖੜੇ ਹਾਲਾਤ ਵਿਚ ਕੈਨੇਡੀਅਨ ਸਿੱਖ, ਆਰਥਕ ਖੁਸ਼ਹਾਲੀ (ਖਾਲਸਾ ਕਰੈਡਿਟ ਯੂਨੀਅਨ-134) ਵੱਲ ਵਧਦੇ ਵੀ ਰਹੇ ਸਨ ਅਤੇ ਸਿਆਸਤ (ਜਹਾਜ ਹਾਦਸਾ-137) ਦਾ ਸ਼ਿਕਾਰ ਵੀ ਹੁੰਦੇ ਰਹੇ ਸਨ। ਇਸ ਨਾਲ ਸਿੱਖਾਂ ਦੇ ਗਲ ਪਾਈ ਗਈ ਹਿੰਸਾ ਦੀ ਖਾਲਿਸਤਾਨੀ ਸਿਆਸਤ ਕਿਸੇ ਨਾ ਕਿਸੇ ਬਹਾਨੇ ਉਸ ਵੇਲੇ ਜਿਵੇਂ ਮਘ ਰਹੀ ਸੀ, ਉਵੇਂ ਹੀ ਇਸ ਵੇਲੇ ਧੁਖ ਰਹੀ ਹੈ (138)। ਇਸ ਵਿਚ ਲੇਖਕ ਦੀ ਭੂਮਿਕਾ ਨੂੰ ਪੁਸਤਕ ਦੇ ਪੰਨਾ 140-41 'ਤੇ ਦਰਜ ਕਮਿਸ਼ਨ ਸਾਹਮਣੇ ਦਿੱਤੇ ਬਿਆਨ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ।

ਪ੍ਰਾਪਤ ਹਵਾਲਿਆਂ ਦੇ ਆਸਰੇ ਨਾਲ ਕਿਹਾ ਜਾ ਸਕਦਾ ਹੈ ਕਿ ਲੇਖਕ ਨੂੰ ਸਪਸ਼ਟਤਾ ਹੈ ਕਿ ਸਿੱਖੀ ਦਾ ਅਤਿਵਾਦ ਨਾਲ ਕੋਈ ਸਬੰਧ ਨਹੀਂ ਹੈ (Sikh religion and cultural traditions fere antithetical to violence-140). ਇਸ ਨਾਲ ਅਸਹਿਮਤੀ ਵਾਲਿਆਂ ਦੀ ਅਸਲ ਵਿਚ ਪੁਸਤਕ ਨੂੰ ਸਿੱਧਿਆਂ ਪੜ੍ਹੇ ਬਿਨਾ ਪੁਸਤਕ ਵਿਚ ਉਣੀਆਂ ਹੋਈਆਂ ਬਾਰੀਕੀਆਂ ਨੂੰ ਸੰਖੇਪ ਕਰਨਾ ਸੌਖਾ ਨਹੀਂ ਹੁੰਦਾ। ਸਿੱਖਾਂ ਦੇ ਆਲੇ-ਦੁਆਲੇ ਪਸਰੀ ਸਿਆਸਤ ਨੇ ਹਾਲਾਤ ਅਜਿਹੇ ਕਰ ਦਿੱਤੇ ਸਨ ਕਿ ਕਿਸੇ ਵੀ ਬਹਾਨੇ, ਕਿਸੇ ਵੀ ਸਿੱਖ ਨੂੰ ਖਬਰੀ ਗਰਦਾਨਿਆ ਜਾ ਸਕਦਾ ਸੀ (148)। ਇਸ ਨਾਲ ਪੱਗ ਅਤੇ ਦਾਹੜੀ ਵਾਲਿਆਂ ਨੂੰ ਬੇਲੋੜੀ ਪੁੱਛ ਗਿੱਛ ਨਾਲ ਜੂਝਣਾ ਪੈ ਰਿਹਾ ਸੀ। ਇਸ ਨਾਲ ਵੱਡਾ ਨੁਕਸਾਨ ਇਹ ਹੋਇਆ ਕਿ ਇਸਲਾਮੀ ਅਤਿਵਾਦ ਨਾਲ ਸਿੱਖਾਂ ਨੂੰ ਨੱਥੀ ਕਰ ਦਿੱਤਾ ਗਿਆ ਅਤੇ ਹੋਰਨਾਂ ਦੀਆਂ ਕੀਤੀਆਂ ਸਿੱਖਾਂ ਨੂੰ ਭੁਗਤਣੀਆਂ ਪੈ ਗਈਆਂ (149)। ਇਸ ਨਾਲ ਸਿੱਖਾਂ ਦੀ ਦਿਆਨਤਦਾਰੀ ਅਤੇ ਮਿਹਨਤ ਖੂਹ ਖਾਤੇ ਪੈਂਦੀ ਰਹੀ।

ਸਾਕਾ ਨੀਲਾ ਤਾਰਾ ਨਾਲ ਜ਼ਖਮੀ ਹੋਈ ਸਿੱਖ ਮਾਨਸਿਕਤਾ ਵਿਚ ਖਾਲਿਸਤਾਨ ਕਿਵੇਂ ਟਿਕ ਗਿਆ, ਇਸ ਨੂੰ ਪੁਸਤਕ ਵਿਚ ਜਿਸ ਤਰ੍ਹਾਂ ਦੱਸਿਆ ਗਿਆ ਹੈ, ਉਸ ਨਾਲ ਸਹਿਮਤ ਨਾ ਹੋ ਕੇ ਵੀ ਅਜਿਹੀਆਂ ਪਰਤਾਂ ਬਾਰੇ ਜਾਣ ਸਕਦੇ ਹਾਂ, ਜੋ ਸਿਆਸਤਦਾਨਾਂ ਨੇ ਬੁਰੀ ਤਰ੍ਹਾਂ ਉਲਝਾ ਦਿੱਤੀਆਂ ਹੋਈਆਂ ਸਨ (152-54, 158)। ਇਸ ਨਾਲ ਜੁੜੀਆਂ ਹੋਈਆਂ ਭਾਰਤ ਸਰਕਾਰ ਦੀਆਂ ਕਾਲੀਆਂ ਸੂਚੀਆਂ (157) ਦਾ ਪ੍ਰਸੰਗ ਉਸਾਰ ਵੀ ਕੀਤਾ ਹੋਇਆ ਹੈ। ਅਜਿਹੀ ਸਥਿਤੀ ਵਿਚ ਲੇਖਕ ਵੱਲੋਂ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਕੈਨੇਡੀਅਨ ਕਾਨੂੰਨ ਮੁਤਾਬਿਕ ਲੜਨ ਦੀ ਜਿਸ ਤਰ੍ਹਾਂ ਪੈਰਵਾਈ ਕੀਤੀ ਗਈ ਸੀ, ਉਹ ਆਪਣੇ ਆਪ ਵਿਚ ਨਵੀਂ ਸ਼ੁਰੂਆਤ ਕਹੀ ਜਾ ਸਕਦੀ ਹੈ (159)। ਇਹ ਸ਼ੁਰੂਆਤ ਲੇਖਕ ਨੇ ਸੋਚ ਸਮਝ ਕੇ ਪ੍ਰਾਪਤ ਨਾਲ ਨਿਭਦਿਆਂ ਕੀਤੀ ਸੀ (165)। ਆਪ ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਲੇਖਕ ਉਨ੍ਹਾਂ ਸਭ ਨੂੰ ਨਾਲ ਲੈ ਕੇ ਤੁਰਦਾ ਹੈ, ਜੋ ਸਿੱਖ ਕਹਾਉਣਾ ਚਾਹੁੰਦੇ ਹਨ ਜਾਂ ਸਿੱਖ ਰਹਿਣਾ ਚਾਹੁੰਦੇ ਹਨ (195)। ਪਰਵਾਸ ਵਿਚ ਇਸ ਪਹੁੰਚ ਦੀ ਬਹੁਤ ਲੋੜ ਹੈ।

ਕੈਨੇਡੀਅਨ ਚਾਰਟਰ ਦੇ ਹਵਾਲੇ ਨਾਲ ਜਿਸ ਤਰ੍ਹਾਂ ਲੇਖਕ ਨੇ ਸਿੱਖ ਸੰਘਰਸ਼ ਦੀ ਗੱਲ ਕੀਤੀ ਹੈ, ਉਸ 'ਤੇ ਅੱਜ ਵੀ ਪਹਿਰਾ ਦਿੱਤੇ ਜਾਣ ਦੀ ਲੋੜ ਹੈ, ਕਿਉਂਕਿ ਕੈਨੇਡੀਅਨ ਚਾਰਟਰ ਅਤੇ ਸਿੱਖੀ ਦੀ ਵੱਡੀ ਸਾਂਝ ਨੂੰ ਲੇਖਕ ਨੇ ਸਾਹਮਣੇ ਲੈ ਆਂਦਾ ਹੈ (197-99)। ਅਜਿਹੀ ਜਾਗੀ ਹੋਈ ਸੋਚ ਨਾਲ ਕਿਸੇ ਵੀ ਕਿਸਮ ਦੀ ਸਿਆਸਤ ਦਾ ਸਹਿਮਤ ਹੋਣਾ ਬੇਸ਼ੱਕ ਮੁਸ਼ਕਿਲ ਹੈ। ਸਿੱਖ ਸਿਆਸਤ ਤਾਂ ਪੁਸਤਕ ਸਭਿਆਚਾਰ ਤੋਂ ਕੋਰੀ ਹੋਣ ਕਰਕੇ ਜਿਹੋ ਜਿਹੇ ਸ਼ਿਕੰਜਿਆਂ ਵਿਚ ਕਸੀਂਦੀ ਤੁਰੀ ਜਾ ਰਹੀ ਹੈ, ਉਸ ਹਾਲਤ ਵਿਚ ਕੌਣ ਕਿਸ ਨੂੰ ਸਮਝਾਵੇ ਕਿ ਇਸ ਪੁਸਤਕ ਨੂੰ ਲੈ ਕੇ ਸੰਵਾਦ ਛੇੜੇ ਜਾਣ ਦੀ ਲੋੜ ਹੈ। ਪੁਸਤਕ ਰਾਹੀਂ ਸਾਹਮਣੇ ਆ ਰਹੀਆਂ ਚੇਤਨਾ ਪਰਤਾਂ ਨਾਲ ਪੈਰ ਮੇਚ ਕੇ ਨਹੀਂ ਤੁਰਾਂਗੇ ਤਾਂ ਅੰਦਰੋਂ ਤੇ ਬਾਹਰੋਂ ਹੋਣ ਵਾਲੇ ਨੁਕਸਾਨ ਤੋਂ ਆਪਣੇ ਆਪ ਨੂੰ ਵੀ ਨਹੀਂ ਬਚਾ ਸਕਾਂਗੇ। ਅਜਿਹੇ ਸਵਾਲਾਂ ਬਾਰੇ ਸਾਂਝੀ ਸਮਝ ਬਣਾਉਣ ਦੀ ਲੋੜ ਵੱਲ ਇਸ ਪੁਸਤਕ ਰਾਹੀਂ ਜੋ ਕਦਮ ਪੁੱਟਿਆ ਗਿਆ ਹੈ, ਉਸ ਵਾਸਤੇ ਲੇਖਕ ਵਧਾਈ ਦਾ ਪਾਤਰ ਹੈ।

## ਕਾਵਿ-ਜਗਤ

### ਬਾਬਾ ਗਯਾ ਪਹੁੰਚਿਆ

ਤੁਰ ਪਏ ਫਿਰ ਬਨਾਰਸੋਂ ਪਾਏ ਗਯਾ ਨੂੰ ਚਾਲੇ।
ਨਾਮੁ ਜਪਦੇ ਤੇ ਜਪਾਂਦੇ, ਮਰਦਾਨਾ ਸੀ ਨਾਲੇ।

ਗਯਾ ਸ਼ਹਿਰ ਵਸਿਆ, ਫਲਗੂ ਨਦੀ ਦੇ ਕੰਢੇ।
ਵਹਿਮਾਂ ਭਰਮਾਂ ਵਾਲੇ ਖੂਬ ਚੱਲਦੇ ਸਨ ਫੰਦੇ।

ਰਲ ਕੇ ਚਤੁਰ ਪੰਡਿਤਾਂ ਪਾਏ ਪੁੱਠੇ ਰਾਹ ਸਾਰੇ।
ਬੈਸਾਖੀ ਨੂੰ ਦਾਨ ਕਰੀਏ ਤਰਦੇ ਪਿੱਤਰ ਸਾਰੇ।

ਸੱਤ ਜਨਮਾਂ ਦਾ ਉਧਾਰ ਜੇ ਇੱਥੇ ਚੌਲ ਚੜ੍ਹਾਓ।
ਜਗਾ ਕੇ ਦੀਵੇ ਤੇਲ ਦੇ ਇੰਜ ਰਾਹ ਰੁਸ਼ਨਾਓ।

ਦੇਖ ਨਜ਼ਾਰਾ ਬਾਬੇ ਤਾਂ ਇਹਦੇ ਮਖੌਲ ਉਡਾਏ।
ਹੋਸ਼ ਉਡੇ ਪੁਜਾਰੀਆਂ ਚੱਲ ਬਹਿਸ ਨੂੰ ਆਏ।

ਪੁਜਾਰੀ ਕਹਿੰਦੇ,
ਉਧਾਰ ਕਰੀਏ ਦੋਜ਼ਖੀਂ ਸਵਰਗ ਸਿਧਾਈਏ।
ਪਾਰ ਉਤਾਰਾ ਕਰੀਏ ਨਾ ਐਵੇਂ ਰੌਲਾ ਪਾਈਏ।

ਬਾਬੇ ਕਰੇ ਸਵਾਲ,
ਪਿੰਡਾ ਮਰ ਗਏ ਦਾ ਰਹਿੰਦਾ ਧਰਤੀ 'ਤੇ ਭੁੰਜੇ।
ਫਿਰ ਨਾ ਲੋੜੇ ਕੁੱਝ ਕਿਉਂ ਪਖੰਡ ਤੁਹਾਨੂੰ ਸੁੱਝੇ?

ਨਾ ਉਹਨੂੰ ਭੁੱਖ ਤ੍ਰੇਹ, ਨਾ ਦੁੱਖ ਸੁੱਖ ਹੀ ਭੁੰਚੇ।
ਖਾਣਾ ਜੋ ਪਰਸ ਰਹੇ ਕਿੰਜ ਪਿੱਤਰਾਂ ਨੂੰ ਪਹੁੰਚੇ?

ਨਾ ਕੋਈ ਸੀ ਜਵਾਬ ਪੁਜਾਰੀ ਪੈ ਗਏ ਛਿੱਥੇ।
ਤਰਕ ਨਾਲ ਸਮਝਾਏ ਪਰ ਰੰਗ ਹੋ ਗਏ ਫਿੱਕੇ।
ਵੰਡ ਕੇ ਚਾਨਣ ਇੱਥੇ ਗੁਰੂ ਜੀ ਤੁਰ ਪਏ ਅੱਗੇ।
ਤਾਰ ਕੇ ਮਾਲਦਾ ਸੰਗ ਆਪ ਕਾਮਰੂਪ ਜਾ ਸਜੇ।

*-ਸੇਵਾ ਸਿੰਘ ਨੂਰਪੁਰੀ*

### ਸੂਲਾਂ ਫੁੱਲਾਂ ਦੀਆਂ ਰੱਖਿਅਕ

ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ
ਫੁੱਲ ਕੁਮਲਾ ਜਰਦ ਹੋਇਆ
ਟਹਿਕਦਾ ਸੀ ਜੋ ਹੁਣੇ-ਹੁਣੇ
ਖੁਸ਼ਬੂਆਂ ਸੀ ਬਿਖੇਰ ਰਿਹਾ
ਹਰ ਰਾਹ ਜਾਂਦਾ ਰਾਹੀ
ਮੁਗਧ ਹੋ ਹਸ਼-ਹਸ਼ ਸੀ ਹੋ ਰਿਹਾ।

ਜਿਸ ਨਹੀਂ ਸੀ ਲਾਇਆ ਬੂਟਾ
ਉਸ ਨੂੰ ਕਿਉਂ ਦੁੱਖ ਸੀ ਹੋ ਰਿਹਾ
ਜਿਸ ਵੱਢ ਦਿਤੀਆਂ ਜੜ੍ਹਾਂ ਥੱਲਿਓਂ
ਰਹਿਣ ਦਿਤਾ ਹਵਾ 'ਚ ਉਡਦਾ
ਫੁੱਲ ਖਿੜਿਆ ਕੁਮਲਾ ਗਿਆ
ਹੋ ਗਈਆਂ ਜਰਦ ਪੱਤੀਆਂ।

ਸੂਲਾਂ ਵੀ ਜੋ ਸੀ ਰਾਖੀ ਕਰਦੀਆਂ
ਖੂੰਡੀਆਂ ਖੁਸ਼ਕ ਨਜ਼ਰ ਆਈਆਂ
ਗੋਡੇ ਟੇਕ ਜੋ ਵਿਕ ਗਏ ਸੰਤਰੀ
ਦਿਖਾ ਦਿਤੀ ਅਕ੍ਰਿਤਘਣਤਾ
ਵਧਣਾ ਫੁਲਣਾ ਜੜ੍ਹ ਵੱਢੀ
ਬੁੱਕਲ ਦੇ ਚੋਰਾਂ ਵਾਂਗ
ਫੁੱਲ ਸਿਰ ਲੁੜਕ ਗਿਆ
ਪੱਤੀਆਂ ਭੁਰ ਗਈਆਂ
ਸੂਲਾਂ ਜੋ ਸੀ ਸੁਰੱਖਿਆ ਲਈ
ਬਣ ਤੀਲਾ ਤੀਲਾ ਖਿੰਡ ਗਈਆਂ।

*-ਦਰਸ਼ਨਪਾਲ ਦੋਸਾਂਝ*

**550ਵੇਂ ਪ੍ਰਕਾਸ਼ ਦਿਹਾੜੇ 'ਤੇ**

# ਮਿਟੀ ਧੁੰਧੁ ਜਗਿ ਚਾਨਣੁ ਹੋਆ

*ਧੁੰਦ ਅਗਿਆਨ ਦਾ ਪਸਾਰਾ ਹੈ। ਬਾਬੇ ਨਾਨਕ ਨੇ ਦੁਨੀਆਂ ਵਿਚ ਇਸੇ ਧੁੰਦ ਨੂੰ ਮਿਟਾਉਣ ਦਾ ਹੰਭਲਾ ਮਾਰਿਆ ਸੀ। ਤਾਂ ਹੀ ਤਾਂ ਭਾਈ ਗੁਰਦਾਸ ਨੇ ਕਿਹਾ ਸੀ, "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।" ਅਫਸੋਸ ਇਸ ਗੱਲ ਦਾ ਹੈ ਕਿ ਅਸੀਂ ਬਾਬੇ ਨਾਨਕ ਦੇ ਦਿੱਤੇ ਗਿਆਨ ਨੂੰ ਵਿਸਾਰ ਚੁਕੇ ਹਾਂ ਅਤੇ ਸਾਡੇ ਧਾਰਮਿਕ ਤੇ ਸਿਆਸੀ ਰਹਿਬਰ ਸਿਰਫ ਅਗਿਆਨ ਦੀ ਧੁੰਦ ਦਾ ਪਸਾਰਾ ਕਰ ਰਹੇ ਹਨ। ਆਪਣੇ ਵੱਖਰੇ ਅੰਦਾਜ਼ ਵਿਚ ਲਿਖਣ ਵਾਲੇ ਮਝੈਲ ਸਿੰਘ ਸਰਾਂ ਨੇ ਇਸ ਲੇਖ ਵਿਚ ਅਗਿਆਨ ਦੀ ਇਸੇ ਧੁੰਦ ਤੋਂ ਬਚਣ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ*

**ਮਝੈਲ ਸਿੰਘ ਸਰਾਂ**

ਧੁੰਦ ਕੁਦਰਤ ਦਾ ਅਜਿਹਾ ਵਰਤਾਰਾ ਹੈ ਕਿ ਇਹ ਹਰ ਦਿਸਦੀ ਚੀਜ਼ 'ਤੇ ਪਰਦਾ ਪਾ ਕੇ ਢਕਣ ਦੇ ਸਮਰਥ ਹੈ। ਧੁੰਦ ਕੋਈ ਵੀ ਸਥੂਲ ਚੀਜ਼ ਨਹੀਂ, ਜੋ ਪਕੜ 'ਚ ਆ ਸਕੇ; ਨਾ ਹੀ ਧੁੰਦ ਨੂੰ ਦਿਨ-ਰਾਤ ਦਾ ਕੋਈ ਫਰਕ ਪੈਂਦਾ, ਪਰ ਇਹਦੇ ਵਿਚ ਇੰਨੀ ਤਾਕਤ ਹੈ ਕਿ ਚਲਦੀ ਜ਼ਿੰਦਗੀ ਵਿਚ ਖੜ੍ਹੋਤ ਲਿਆ ਦਿੰਦੀ ਹੈ। ਚੰਗੀ ਭਲੀ ਚਲਦੀ ਸੜਕ ਸੁੰਨ ਮਸਾਣ ਕਰ ਦਿੰਦੀ, ਅਸਮਾਨੀਂ ਚੜ੍ਹੇ ਜਹਾਜਾਂ ਨੂੰ ਥੱਲੇ ਲੁਹਾ ਦਿੰਦੀ ਤੇ ਸਮੁੰਦਰ 'ਚ ਜਾਂਦੇ ਪਿੰਡਾਂ ਜਿੱਡੇ ਸਮੁੰਦਰੀ ਜਹਾਜਾਂ ਨੂੰ ਰੋਕ ਲੈਂਦੀ ਇਹ ਧੁੰਦ।

ਕਈ ਇਤਿਹਾਸਕ ਲੜਾਈਆਂ ਦਾ ਰੁਖ ਬਦਲ ਦਿੱਤਾ ਇਸ ਧੁੰਦ ਨੇ, ਜਿੱਤ ਨੂੰ ਹਾਰ ਤੇ ਹਾਰ ਨੂੰ ਜਿੱਤ ਵਿਚ ਬਦਲ ਦਿੱਤਾ! 27 ਅਗਸਤ 1776 ਨੂੰ ਬਰੁਕਲਿਨ ਦੀ ਲੜਾਈ ਵਿਚ ਜੇ ਰਾਤ ਨੂੰ ਧੁੰਦ ਨਾ ਪੈਂਦੀ ਤਾਂ ਸ਼ਾਇਦ ਅਮਰੀਕਾ ਦਾ ਨਕਸ਼ਾ ਵੀ ਕੁਝ ਹੋਰ ਹੁੰਦਾ ਤੇ ਜਾਰਜ ਵਾਸ਼ਿੰਗਟਨ ਦਾ ਨਸੀਬ ਵੀ ਵੱਖਰਾ ਹੁੰਦਾ। ਦੂਰ ਕਿਵੇਂ ਕੀਤੀ ਜਾਏ ਇਹ ਧੁੰਦ, ਇਨਸਾਨ ਦੇ ਵੱਸ 'ਚ ਨਹੀਂ। ਹਨੇਰੇ ਦਾ ਹੱਲ ਹੈ ਰੋਸ਼ਨੀ, ਜੋ ਇਨਸਾਨ ਦੇ ਵੱਸ ਹੈ, ਪਰ ਧੁੰਦ ਦਾ ਹੱਲ ਸਿਰਫ ਤੇ ਸਿਰਫ ਕੁਦਰਤ ਜਾਂ ਸਿਰਜਣਹਾਰੇ ਦੇ ਹੱਥ!

ਧੁੰਦ! ਇੱਕਲੀ ਕੁਦਰਤੀ ਵਰਤਾਰਾ ਹੀ ਨਹੀਂ, ਸਗੋਂ ਇਹ ਤਾਂ ਆਦਮੀ ਦੇ ਦਿਮਾਗ ਵਿਚ ਵੀ ਪੈ ਜਾਂਦੀ ਆ। ਇਸੇ ਸਾਲ ਮਈ ਮਹੀਨੇ ਹੋਈਆਂ ਚੋਣਾਂ ਵੇਲੇ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਗਾਉਣ ਵਾਲਿਆਂ 'ਤੇ ਐਸੀ ਧੁੰਦ ਪਈ ਕਿ ਉਹ ਆਪਣੇ ਹੀ ਪੁੱਤਾਂ ਦੀਆਂ ਲਾਵਾਰਿਸ ਲਾਸ਼ਾਂ ਦੀ ਨਿਸ਼ਾਨਦੇਹੀ ਕਰਨ ਦੇ ਉਲਟ ਲਾਸ਼ਾਂ ਦੇ ਵਪਾਰੀਆਂ ਨਾਲ ਜਾ ਖੜ੍ਹੇ ਹੋਏ। ਧੁੰਦ ਸਮਾਜ ਨੂੰ ਵੀ ਆਪਣੀ ਗਲਵੱਕੜੀ ਵਿਚ ਜਕੜ ਲੈਂਦੀ, ਕਾਨੂੰਨ ਦੀ ਐਨਕ ਨੂੰ ਧੁੰਦਲਾ ਕਰ ਜਾਂਦੀ। ਰਾਜ ਸੱਤਾ 'ਤੇ ਵੀ ਕਾਬਜ਼ ਹੋ ਜਾਂਦੀ ਆ ਤੇ ਅਕਸਰ ਜ਼ੁਲਮ ਨੂੰ ਇਨਸਾਫ ਬਣਾ ਕੇ ਪਰੋਸ ਦਿੰਦੀ ਧੁੰਦ।

ਸਭ ਤੋਂ ਖਤਰਨਾਕ ਹੁੰਦੀ ਧਾਰਮਿਕ ਧੁੰਦ, ਜੋ ਪੁਜਾਰੀ ਧਰਮ ਦਾ ਲਿਬਾਸ ਪਾ ਕੇ ਅਧਰਮ ਫੈਲਾਉਂਦੇ। ਭਰਮ ਨੂੰ ਸੱਚ ਬਣਾ ਕੇ ਲੋਕਾਂ ਦੀ ਸਹਿਮਤੀ ਨਾਲ ਉਨ੍ਹਾਂ ਦੀ ਹੀ ਹਰ ਤਰ੍ਹਾਂ ਦੀ ਲੁੱਟ ਖਸੁੱਟ ਕੀਤੀ ਜਾਂਦੀ। ਪੁਜਾਰੀ ਦੀ ਧੁੰਦ ਬੜੇ ਖੌਫਨਾਕ ਨਤੀਜੇ ਕੱਢਦੀ, ਅਸੀਂ ਆਹ ਪਿਛੇ ਜਿਹੇ ਦੇਖਿਆ ਈ ਆ ਕਿ ਇੱਕ ਪੁਜਾਰੀ ਨੇ ਇੱਕ ਧਾਰਮਿਕ ਥਾਂ ਤੋਂ ਇਹ ਕਹਿ ਦਿੱਤਾ ਕਿ ਫਲਾਣੇ ਮੁਸਲਮਾਨ ਦੇ ਘਰ ਗਾਂ ਦਾ ਮਾਸ ਪਿਆ, ਬੱਸ ਕਿਸੇ ਨੇ ਜਾਣਨ ਦੀ ਕੋਸ਼ਿਸ਼ ਨਾ ਕੀਤੀ! ਜਾ ਕਤਲ ਕੀਤਾ ਉਹ ਮੁਸਲਮਾਨ, ਉਹਦੇ ਆਪਣੇ ਹੀ ਘਰ ਵਿਚ ਤੇ ਸਾਰੇ ਮੁਲਕ ਵਿਚ ਫੈਲ ਗਈ ਮੁਤੱਸਬੀ ਅੱਗ।

ਪੁਜਾਰੀ ਜਦੋਂ ਰਾਜ ਸਿੰਘਾਸਨ ਵਾਲਿਆਂ ਨਾਲ ਰਲ ਕੇ ਧੁੰਦ ਦਾ ਜ਼ਰੀਆ ਬਣਦਾ, ਉਦੋਂ ਉਹਦਾ ਕਹਿਰ ਸਿਖਰ 'ਤੇ ਹੁੰਦਾ। 1947 'ਚ ਪੰਜਾਬ ਦੀ ਵੰਡ ਵੇਲੇ ਹੋਇਆ ਕਤਲੇਆਮ ਇੱਕ ਮਿਸਾਲ ਆ। ਇਨ੍ਹਾਂ ਧਾਰਮਿਕ ਲੋਕਾਂ ਬਾਰੇ ਲਿਬਨਾਨ ਦੇ ਸੰਸਾਰ ਪ੍ਰਸਿੱਧ ਲੇਖਕ ਖਲੀਲ ਜ਼ਿਬਰਾਨ ਨੇ ਕਿਹਾ ਹੈ, "ਪੂਰਬ ਦੇ ਧਾਰਮਿਕ ਮੁਖੀ ਈਸਾਈ ਪਾਦਰੀ, ਮੁਸਲਿਮ ਇਮਾਮ ਤੇ ਬ੍ਰਾਹਮਣ ਪੁਜਾਰੀ ਸਮੁੰਦਰੀ ਖੂੰਖਾਰ ਜੀਵਾਂ ਵਾਂਗ ਹੁੰਦੇ ਹਨ, ਜੋ ਆਪਣੇ ਸ਼ਿਕਾਰ ਨੂੰ ਸ਼ਿਕੰਜਿਆਂ ਵਿਚ ਜਕੜ ਕੇ ਅਨੇਕਾਂ ਮੂੰਹਾਂ ਨਾਲ ਉਨ੍ਹਾਂ ਦਾ ਖੂਨ ਚੂਸਦੇ ਹਨ।"

ਬਾਈਬਲ ਅਨੁਸਾਰ ਧੁੰਦ ਰੂਹਾਨੀਅਤ ਦੇ ਰਾਹ ਦਾ ਰੋੜਾ ਹੈ, ਇਹ ਅਸਲੀਅਤ ਤੇ ਨਕਲ ਦੇ ਵਿਚਾਲੇ ਪਰਛਾਵਾਂ ਹੈ, ਜੋ ਅਸਲੀਅਤ ਨੂੰ ਸਦਾ ਲੁਕੋਈ ਰੱਖਦਾ। ਉਨੀਵੀਂ ਸਦੀ ਦੇ ਅੰਗਰੇਜ਼ੀ ਕਵੀ ਬ੍ਰਾਊਨਿੰਗ ਮੁਤਾਬਕ ਧੁੰਦ ਮੌਤ ਦੀ ਨਿਸ਼ਾਨੀ ਹੁੰਦੀ। ਇਸਲਾਮ ਵਿਚ ਧੁੰਦ ਨੂੰ ਕਿਆਮਤ ਨਾਲ ਵੀ ਜੋੜਿਆ ਗਿਆ, ਜਿਸ ਵਿਚ ਸਾਰੇ ਕਾਫਿਰ ਬੇਹੋਸ਼ ਹੋ ਜਾਣਗੇ ਤੇ ਮੁਸਲਮਾਨ ਬਚਣਗੇ। ਸਾਹਿਤ ਵਿਚ ਜਦੋਂ ਕਿਸੇ ਚੀਜ਼ ਨੂੰ ਅਸਪਸ਼ਟ, ਅਗਿਆਨ, ਭੇਤ, ਉਲਝਣ, ਨਕਲੀ, ਭੁਲੇਖਾ, ਭਰਮ ਵਗੈਰਾ ਦੱਸਣਾ ਹੋਵੇ ਤਾਂ ਲਫਜ਼ ਧੁੰਦ ਜਾਂ ਧੁੰਦਲਾ ਵਰਤਿਆ ਜਾਂਦਾ। ਧੁੰਦ ਨੂੰ ਕਰੀਬ ਸਾਰੇ ਵੱਡੇ ਧਰਮਾਂ ਨੇ ਇੱਕ ਵਿਨਾਸ਼ਕਾਰੀ ਵਜੋਂ ਲਿਆ ਸਿਵਾਏ ਇੱਕ ਧਰਮ ਦੇ, ਜਿਸ ਵਿਚ ਇਹ ਵੀ ਇੱਕ ਦੇਵਤਾ ਹੈ। ਧੁੰਦ ਬਾਰੇ ਇਹ ਥੋੜ੍ਹਾ ਜਿਹਾ ਜ਼ਿਕਰ ਤਾਂ ਕੀਤਾ ਕਿ ਜਦੋਂ ਆਪਾਂ ਭਾਈ ਗੁਰਦਾਸ ਜੀ ਦਾ ਸ਼ਬਦ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਪੜ੍ਹੀਏ ਤਾਂ ਇਹ ਜ਼ਿਹਨ ਵਿਚ ਰਹੇ ਕਿ ਇਹ ਸ਼ਬਦ ਸਿਰਫ ਪ੍ਰਭਾਤ ਫੇਰੀਆਂ 'ਤੇ ਗਾਉਣ, ਸੁਣਨ ਤੇ ਬਦਾਨਾ-ਬੂੰਦੀ ਖਾਣ ਤੱਕ ਹੀ ਸੀਮਿਤ ਨਾ ਰਹੇ, ਧੁੰਦ ਨੂੰ ਬਾਬੇ ਨਾਨਕ ਨੇ ਆਪਣੀ ਜ਼ਿੰਦਗੀ ਦਾ ਹਰ ਦਿਨ, ਹਰ ਪਲ, ਹਰ ਦੁਨਿਆਵੀ ਦੁੱਖ-ਤਕਲੀਫ, ਮੁਸੀਬਤ ਨੂੰ ਆਪਣੇ ਪਿੰਡੇ 'ਤੇ ਹੰਢਾ ਕੇ ਮਿਟਾਇਆ ਤਾਂ ਜਗਤ ਵਿਚ ਚਾਨਣ ਹੋਇਆ। ਜ਼ਿੰਦਗੀ ਦਾ ਕਿਹੜਾ ਦਿਨ ਸੀ, ਜਿੱਦਣ ਇਸ ਧੁੰਦ ਨੇ ਬਾਬੇ ਦਾ ਰਾਹ ਰੋਕਣ ਦਾ ਯਤਨ ਨਾ ਕੀਤਾ ਹੋਵੇ।

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਵਕਤ ਜੋ ਹਾਲਾਤ ਸਨ, ਉਹ ਆਪਾਂ ਇਤਿਹਾਸ ਵਿਚ ਪੜ੍ਹੇ ਹੋਏ ਹਨ, ਇੱਕੋ ਲਫਜ਼ ਵਿਚ ਜੇ ਕਹਿਣਾ ਹੋਵੇ ਤਾਂ ਸਭ ਪਾਸੇ 'ਗੂੜ੍ਹੀ ਧੁੰਦ' ਸੀ ਤੇ ਬਾਬੇ ਨਾਨਕ ਦੀ ਪੈਗੰਬਰੀ ਆਮਦ ਇਸ ਧੁੰਦ ਨੂੰ ਮਿਟਾਉਣ ਖਾਤਿਰ ਹੀ ਹੋਈ। ਜਨਮ ਤੋਂ ਲੈ ਕੇ ਪਰਲੋਕ ਗਮਨ ਤੱਕ ਬਾਬਾ ਨਾਨਕ ਇਸ ਧੁੰਦ ਨਾਲ ਦੋ ਦੋ ਹੱਥ ਕਰਦਾ ਰਿਹਾ। ਜਿਥੇ ਬਾਬਾ ਰੱਬੀ ਬਾਣੀ ਦੇ ਛੱਟੇ ਮਾਰ ਕੇ ਲੋਕਾਈ ਨੂੰ ਇਸ ਧੁੰਦ ਤੋਂ ਛੁਟਕਾਰਾ ਦਿਵਾਉਂਦਾ ਰਿਹਾ, ਉਥੇ ਖੁਦ ਧੁੰਦ ਨਾਲ ਟੱਕਰ ਕੇ ਚਾਨਣ ਵੰਡਦਾ ਰਿਹਾ।

ਇਥੇ ਆਪਾਂ ਸਿਰਫ ਬਾਬੇ ਨਾਨਕ ਨਾਲ ਜੁੜੀਆਂ ਕੁਝ ਪ੍ਰਚਲਿਤ ਕਥਾਵਾਂ ਸਾਂਝੀਆਂ ਕਰਾਂਗੇ, ਜਿਨ੍ਹਾਂ ਤੋਂ ਪਤਾ ਲੱਗੂ ਕਿ ਉਨ੍ਹਾਂ ਦੀ ਪੈਗੰਬਰੀ ਸੁਰਤ ਦੀ ਪਹੁੰਚ ਕਿਥੋਂ ਤੱਕ ਸੀ ਤਾਂ ਕਿ ਜੋ ਉਹਦਾ ਕਰਾਮਾਤੀ ਅਕਸ ਸਾਡੇ ਮਨਾਂ ਵਿਚ ਬੈਠਾਇਆ ਗਿਆ ਹੈ, ਉਹ ਵੀ ਨਿਕਲ ਜਾਵੇ। ਸੱਤ ਸਾਲ ਦੀ ਉਮਰ ਵਿਚ ਬਾਲ ਨਾਨਕ ਨੂੰ ਪਹਿਲਾਂ ਪੰਡਿਤ ਗੋਪਾਲ ਤੇ ਫਿਰ ਪੰਡਿਤ ਬ੍ਰਿਜ ਨਾਥ ਕੋਲ ਪੜ੍ਹਨ ਪਾ ਦਿੱਤਾ, ਜੋ ਸੰਸਕ੍ਰਿਤ ਦੇ ਨਾਲ ਨਾਲ ਹਿੰਦੂ ਸ਼ਾਸਤਰਾਂ ਦਾ ਵੀ ਵਿਦਵਾਨ ਸੀ। ਬਾਬਾ ਨਾਨਕ ਦੋ ਸਾਲ ਤੱਕ ਉਥੇ ਪੜ੍ਹਿਆ ਤੇ ਸੰਸਕ੍ਰਿਤ ਸਿੱਖੀ। ਜਦੋਂ ਸ਼ਾਸਤਰਾਂ ਦੀ ਗੱਲ ਹੋਈ ਤਾਂ ਬਾਲ ਨਾਨਕ ਪੰਡਿਤ ਨੂੰ ਉਹ ਸੁਆਲ ਪੁੱਛਣ ਲੱਗਾ, ਜਿਨ੍ਹਾਂ ਦਾ ਉਸ ਕੋਲ ਕੋਈ ਜੁਆਬ ਨਹੀਂ ਸੀ। ਨਾਨਕ ਰੂਹਾਨੀਅਤ ਦੀਆਂ ਉਹ ਗੱਲਾਂ ਕਰਨ ਲੱਗ ਪਿਆ, ਜੋ ਪੰਡਿਤ ਦੇ ਸ਼ਾਸਤਰਾਂ ਵਿਚੋਂ ਨਹੀਂ ਸਨ ਮਿਲਦੀਆਂ। ਬਾਲ ਨਾਨਕ ਨੇ ਉਸ ਛੋਟੀ ਉਮਰ ਵਿਚ ਹੀ ਸਮਝ ਲਿਆ ਕਿ ਜੋ ਵਿਦਿਆ ਪੰਡਿਤ ਸੰਸਕ੍ਰਿਤ ਵਿਚ ਦਿੰਦਾ, ਉਹ ਤਾਂ ਤਲਵੰਡੀ ਦਾ ਕੋਈ ਵੀ ਬਾਸ਼ਿੰਦਾ ਨਹੀਂ ਸਮਝਦਾ ਤੇ ਉਸ ਵਿੱਦਿਆ ਦਾ ਕੀ ਫਾਇਦਾ ਜੋ ਆਪਣੀ ਬੋਲੀ ਵਿਚ ਨਾ ਹੋਵੇ, ਜਿਸ ਦੀ ਸਮਝ ਨਾ ਪਵੇ?

ਬਾਲ ਨਾਨਕ ਦੀ ਪੈਗੰਬਰੀ ਸੁਰਤ ਨੇ ਜਾਣ ਲਿਆ ਕਿ ਲੋਕਾਂ ਦੇ ਮਨਾਂ ਅੰਦਰ ਜੋ ਧੁੰਦ ਪਈ ਹੋਈ ਹੈ, ਉਹਦਾ ਇੱਕ ਕਾਰਨ ਅਗਿਆਨ ਹੈ ਤੇ ਦੂਜਾ, ਜੋ ਗਿਆਨ ਦਿੱਤਾ ਜਾ ਰਿਹਾ ਹੈ, ਉਹ ਪਰਾਈ ਬੋਲੀ ਵਿਚ ਹੋਣ ਕਰਕੇ ਉਸ ਧੁੰਦ ਨੂੰ ਹੋਰ ਗਹਿਰਾ ਕਰੀ ਜਾਂਦਾ। ਇਥੇ ਬਾਬੇ ਨਾਨਕ ਨੇ ਸਭ ਤੋਂ ਪਹਿਲਾ ਇਨਕਲਾਬੀ ਕਦਮ ਚੁੱਕਿਆ ਤੇ ਗੁਰਮੁਖੀ ਵਿਚ ਪੱਟੀ ਲਿਖ ਕੇ ਪੰਡਿਤ ਨੂੰ ਕਿਹਾ ਕਿ ਐਸ ਬੋਲੀ ਵਿਚ ਗਿਆਨ ਚਾਹੀਦਾ। ਸਦੀਆਂ ਤੋਂ ਚਲੀ ਆ ਰਹੀ ਦੇਵ ਬੋਲੀ ਸੰਸਕ੍ਰਿਤ ਨੂੰ ਸਿੱਧਾ ਚੈਲੰਜ ਸੀ ਇਹ, ਬਾਬੇ ਨਾਨਕ ਦਾ। ਸਾਰੀ ਉਮਰ ਇਸੇ ਬੋਲੀ ਵਿਚ ਰੱਬੀ ਬਾਣੀ ਉਚਾਰ ਕੇ ਇਹ ਦੱਸ ਦਿੱਤਾ ਕਿ ਪੁਜਾਰੀ ਦੀ ਅਖੌਤੀ ਦੇਵ ਬੋਲੀ ਨਾਲੋਂ ਵੀ ਬਿਹਤਰ ਰੱਬੀ ਗਿਆਨ ਲੋਕ ਬੋਲੀ ਗੁਰਮੁਖੀ ਵਿਚ ਹੁੰਦਾ, ਜੋ ਮਨਾਂ ਅੰਦਰ ਪਈ ਧੁੰਦ ਨੂੰ ਦੂਰ ਕਰ ਸਕਦਾ। ਇਹ ਨਾਬਰੀ ਸ਼ਾਇਦ ਪੁਜਾਰੀ ਤੋਂ ਸਹਾਰੀ ਨਾ ਗਈ ਤੇ ਉਦੋਂ ਦਾ ਹੀ ਉਹ ਗੁਰਮੁਖੀ ਨਾਲ ਖੁੰਦਕ ਖਾ ਗਿਆ ਲਗਦਾ, ਜੋ ਅੱਜ ਤੱਕ ਵੀ ਸਿਰੇ ਦੀ ਨਫਰਤ ਪਾਲੀ ਬੈਠਾ ਇਸ ਨਾਲ।

ਬਾਬੇ ਨਾਨਕ ਦੀ ਸੁਰਤ ਇਹ ਵੀ ਜਾਣ ਗਈ ਕਿ ਜੇ ਭੋਲੇ ਭਾਲੇ ਲੋਕਾਂ ਨੂੰ ਅਗਿਆਨ ਦੀ ਧੁੰਦ ਵਿਚੋਂ ਕੱਢਣਾ ਹੈ ਤਾਂ ਸਹੀ ਗਿਆਨ ਜਾਂ ਸਹੀ ਪੜ੍ਹਾਈ ਬਹੁਤ ਜ਼ਰੂਰੀ ਹੈ। ਬਾਬਾ ਕੱਤਈ ਨਹੀਂ ਚਾਹੁੰਦਾ ਹੋਣਾ ਕਿ ਜੋ ਉਹਦੇ ਨਿਰਮਲ ਪੰਥ ਦੇ ਪਾਂਧੀ ਬਣਨ, ਉਹ ਜਾਹਲ, ਅਨਪੜ੍ਹ, ਅਗਿਆਨੀ ਤੇ ਪਿਛਲੱਗ ਹੋਣ। ਨਿਰਮਲ ਪੰਥ ਵਾਲੇ ਐਨੇ ਕੁ ਜ਼ਰੂਰ ਰੌਸ਼ਨ ਦਿਮਾਗ ਹੋਣ ਕਿ ਉਹ ਚੰਗੇ-ਬੁਰੇ ਦੀ ਪਛਾਣ ਕਰ ਸਕਣ, ਉਹਨੂੰ ਇੰਨਾ ਕੁ ਗਿਆਨ ਜ਼ਰੂਰ ਹੋਣਾ ਚਾਹੀਦਾ ਕਿ ਅੱਜ ਪੁਜਾਰੀ ਦੀ ਹਾਕਮ ਜਮਾਤ ਬੜੇ ਸ਼ਾਤਰ ਤਰੀਕੇ ਨਾਲ ਉਹਦੇ ਪੁਰਖਿਆਂ ਦੇ ਇਤਿਹਾਸ ਵਿਚ ਰੌਲ ਘਚੋਲਾ ਪਾ ਰਹੀ ਹੈ।

ਡਰ ਤਾਂ ਇਹ ਵੀ ਹੈ ਕਿ ਸਰਕਾਰੀ ਤੰਤਰ 550 ਸਾਲਾ ਗੁਰਪੁਰਬ ਮਨਾਉਣ ਦੀ ਆੜ ਥੱਲੇ ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਭਗਵੇਂ ਰੰਗ ਵਿਚ ਹੀ ਨਾ ਪੇਸ਼ ਕਰ ਦੇਵੇ ਤੇ ਸਿੱਖ ਨਗਰ ਕੀਰਤਨਾਂ ਅੱਗੇ ਬੱਸ ਗਤਕੇ ਖੇਡੀ ਜਾਣ ਤੇ ਅਗਲੇ ਸਾਡੇ ਅਵੇਸਲੇਪਨ ਵਿਚ ਹੀ ਐਸੀ ਧੁੰਦ ਪਾ ਜਾਣ ਕਿ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਇਹਦੀ ਚੀਸ ਸਹਿੰਦੀਆਂ ਫਿਰਨ।

ਗੁਰਦੁਆਰਾ ਪੱਟੀ ਸਾਹਿਬ (ਪਾਕਿਸਤਾਨ) ਕੇਵਲ ਸ਼ਰਧਾ ਵੱਸ ਮੱਥਾ ਟੇਕਣ ਵਾਲੇ ਧਾਰਮਿਕ ਸਥਾਨ ਨਾਲੋਂ ਵੱਧ ਸਾਨੂੰ ਬਾਬੇ ਨਾਨਕ ਦਾ ਇਹ ਸੁਨੇਹਾ ਵੀ ਦਿੰਦਾ ਕਿ ਮਨਾਂ ਅੰਦਰ ਪਈ ਅਗਿਆਨ ਦੀ ਧੁੰਦ ਗਿਆਨ ਨਾਲ ਹਟਣੀ ਆ।

> ***ਅੱਜ ਸਾਨੂੰ ਪੰਜਾਬੀਆਂ ਨੂੰ ਇਹ ਸਬਕ ਹੈ ਬਾਬੇ ਨਾਨਕ ਦਾ ਕਿ ਆਹ ਜੋ ਖੁਦਕੁਸ਼ੀਆਂ ਕਰ ਰਹੇ ਹੋ ਕਿ ਖੇਤੀ 'ਚ ਕੁਝ ਬਣਦਾ ਨ੍ਹੀਂ; ਹਟ ਜਾਓ ਇਸ ਪਾਸਿਓਂ। ਕਿਰਤੀ ਬਣੋ, ਸਾਦਗੀ ਲਿਆਓ ਜ਼ਿੰਦਗੀ ਵਿਚ, ਛੱਡੋ ਅਡੰਬਰਪੁਣਾ, ਨਾ ਖੁਆਓ ਆਪਣੀ ਕਿਰਤ ਕਮਾਈ ਵਿਹਲੜ ਤੇ ਅੱਯਾਸ਼ ਸਾਧਾਂ ਨੂੰ। ਫਿਰ ਆਪੇ ਰੱਸਾ ਗਲ 'ਚ ਪੈਣੋਂ ਹਟ ਜਾਊ। ਕਿਸੇ ਕੈਪਟਨ-ਬਾਦਲ ਨੇ ਨ੍ਹੀਂ ਤੁਹਾਡੇ ਹੱਥੋਂ ਫੜਨਾ ਇਹ ਰੱਸਾ। ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਇਹ ਵਾਅਦਾ ਕਰਿਓ ਬਾਬੇ ਨਾਨਕ ਨਾਲ। ਧਾਰਮਿਕ ਦੁਨੀਆਂ ਵਿਚ ਕਿਰਤ ਨੂੰ ਕਰਤਾਰ ਨਾਲ ਜੋੜਨ ਵਾਲਾ ਸਿਰਫ ਤੇ ਸਿਰਫ ਗੁਰੂ ਨਾਨਕ ਹੈ, ਜਿਸ ਨੇ ਉਨ੍ਹਾਂ ਕਿਰਤੀ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਦਾ ਰੂਪ ਦੇ ਦਿੱਤਾ, ਜਿਨ੍ਹਾਂ ਨੂੰ ਪੁਜਾਰੀ ਅਛੂਤ ਕਹਿ ਕੇ ਦੁਰਕਾਰਦਾ ਰਿਹਾ। ਇਹ ਸਦੀਆਂ ਤੋਂ ਪੈ ਰਹੀ ਧੁੰਦ ਨੂੰ ਮਿਟਾਉਣ ਵਾਲਾ ਬਾਬਾ ਨਾਨਕ ਹੀ ਹੋਇਆ।***

ਗਿਆਰਾਂ ਸਾਲ ਦੀ ਉਮਰ ਵਿਚ ਬਾਬੇ ਨਾਨਕ ਨੂੰ ਜਦੋਂ ਪੰਡਿਤ ਜਨੇਊ ਦੀਆਂ ਰਸਮਾਂ ਦੇ ਮੰਤਰ ਪੜ੍ਹ ਕੇ ਜਨੇਊ ਪਾਉਣ ਲੱਗਾ ਤਾਂ ਬਾਬੇ ਨੇ ਇਹੋ ਹੀ ਪੁੱਛਿਆ ਕਿ ਆਹ ਜੋ ਸੂਤ ਦੇ ਧਾਗੇ ਨੂੰ ਵੱਟ ਦੇ ਕੇ ਗੰਢਾਂ ਦਿੰਨਾਂ, ਇਨ੍ਹਾਂ ਦਾ ਮਤਲਬ ਕੀ ਹੈ? ਪੰਡਿਤ ਕਹੇ ਕਿ ਇਹ ਸ਼ਾਸਤਰਾਂ ਦੀ ਵਿਦਿਆ ਮੁਤਾਬਕ ਹੈ, ਬਾਬਾ ਇਹੋ ਕਹਿੰਦਾ ਹੋਣਾ ਕਿ ਕਿਹੜੇ ਸ਼ਾਸਤਰਾਂ ਦੀ ਗੱਲ ਕਰਦਾ? ਉਨ੍ਹਾਂ ਦੀ, ਜੋ ਸਮਾਜ ਵਿਚ ਵੰਡੀਆਂ ਪਾਉਂਦੇ ਆ? ਰੱਬ ਦੇ ਇਨਸਾਨਾਂ ਨੂੰ ਅਛੂਤ ਗਰਦਾਨ ਕੇ ਪਸੂਆਂ ਤੋਂ ਵੀ ਬਦਤਰ ਜ਼ਿੰਦਗੀ ਬਸਰ ਕਰਨ 'ਤੇ ਮਜ਼ਬੂਰ ਕੀਤਾ ਹੋਇਆ, ਉਹ ਸ਼ਾਸਤਰ ਜੋ ਜਗਤ ਜਣਨੀ ਨੂੰ ਪੈਰ ਦੀ ਜੁੱਤੀ ਕਹਿ ਕੇ ਦੁਰਕਾਰਦੇ ਆ? ਉਨ੍ਹਾਂ ਸ਼ਾਸਤਰਾਂ ਦੀ ਗੱਲ ਕਰਦੈਂ, ਜੋ ਜ਼ਾਲਮ ਹੁਕਮਰਾਨ ਨੂੰ ਨੇਹ-ਕਲੰਕ ਕਹਿ ਕੇ ਵਡਿਆਉਂਦਾ ਅਤੇ ਪੁਜਾਰੀ ਰਿਸ਼ਵਤਖੋਰ ਬਣ ਕੇ ਉਹਦੀ ਪਿੱਠ 'ਤੇ ਹੱਥ ਰੱਖਦਾ, ਤੇ ਧਰਮ ਵਲੋਂ ਮੂੰਹ ਫੇਰ ਲੈਂਦਾ?

ਸਨਾਤਨ ਮਤ ਵਿਚ ਜਨੇਊ ਦੀ ਰਸਮ ਇੱਕ ਤਰ੍ਹਾਂ ਵਿਆਹ ਜਿਹੀ ਹੁੰਦੀ ਆ। ਸਭ ਰਿਸ਼ਤੇਦਾਰ ਤੇ ਹੋਰ ਸ਼ਰੀਕੇ ਭਾਈਚਾਰੇ ਦੇ ਪਤਵੰਤੇ ਸੱਦੇ ਜਾਂਦੇ ਹਨ ਤੇ ਮਹਿਤਾ ਕਾਲੂ ਜੀ ਤਾਂ ਇਲਾਕੇ ਦੇ ਪਟਵਾਰੀ ਤੇ ਵੱਡੇ ਅਸਰ ਰਸੂਖ ਵਾਲੇ ਹੋਣ ਕਰਕੇ ਨਾਨਕ ਦੀ ਇਸ ਜਨੇਊ ਰਸਮ ਵਿਚ ਦੋਹਾਂ ਧਰਮਾਂ ਦੇ ਲੋਕਾਂ ਦਾ ਬੜਾ ਵੱਡਾ ਇੱਕਠ ਹੋਇਆ ਸੀ। ਨਾਨਕ ਆਪਣੇ ਬਾਪ ਨੂੰ ਪਹਿਲਾਂ ਵੀ ਕਹਿ ਸਕਦਾ ਸੀ ਕਿ ਮੈਂ ਜਨੇਊ ਨਹੀਂ ਪਾਉਣਾ ਤੇ ਐਵੇਂ ਨਾ ਐਨਾ ਵੱਡਾ ਇੱਕਠ ਕਰ, ਪਰ ਬਾਬੇ ਨੇ ਤਾਂ ਸਦੀਆਂ ਤੋਂ ਪੈ ਰਹੀ ਧੁੰਦ ਨੂੰ ਲੋਕਾਂ ਦੇ ਸਾਹਮਣੇ ਨਸ਼ਰ ਕਰਨਾ ਸੀ, ਭਾਵੇਂ ਉਹਨੂੰ ਬਾਪ ਦੇ ਨਾਲ ਰਿਸ਼ਤੇਦਾਰਾਂ ਦੀ ਵੀ ਤਲਖੀ ਕਿਉਂ ਨਾ ਝੱਲਣੀ ਪਈ ਹੋਵੇ! ਪੁਜਾਰੀ ਨੂੰ ਨਾਨਕ ਦਾ ਇਹ ਕਦਮ ਭੈਭੀਤ ਕਰ ਗਿਆ, ਜੋ ਉਹਦੀ ਸਰਦਾਰੀ ਨੂੰ ਸਿੱਧੀ ਚੁਣੌਤੀ ਦਿੰਦਾ ਹੋਵੇ, ਪਰ ਲੋਕਾਂ ਦੇ ਮਨਾਂ ਨੂੰ ਬਾਬੇ ਨਾਨਕ ਦਾ ਤਰਕ ਭਾਅ ਗਿਆ ਤੇ ਉਹ ਵੀ ਜ਼ੁਰਅਤ ਕਰਨ ਲੱਗ ਪਏ ਪੁਜਾਰੀ ਨੂੰ ਸੁਆਲ ਪੁੱਛਣ ਦੀ।

ਪਿਤਾ ਮਹਿਤਾ ਕਾਲੂ ਨੇ ਸੋਚਿਆ ਕਿ ਪੁੱਤ ਦੇ ਕੰਮ ਕੁਝ ਅਵੱਲੇ ਜਿਹੇ ਹਨ ਤਾਂ ਉਨ੍ਹਾਂ ਨੇ ਨਾਨਕ ਨੂੰ ਦੁਨੀਆਂਦਾਰੀ ਵਿਚ ਪਾਉਣ ਖਾਤਿਰ ਉਹਦਾ ਵਿਆਹ ਕਰਨਾ ਠੀਕ ਸਮਝਿਆ। ਅਕਸਰ ਇਹੋ ਪ੍ਰਚਾਰਿਆ ਜਾਂਦਾ ਕਿ ਨਾਨਕ ਦੀ ਬਰਾਤ ਵਿਚ ਸਾਰੇ ਸਾਧੂ ਸੰਤ ਹੀ ਗਏ, ਇਹ ਸਾਧਾਂ ਦੇ ਵੱਧ ਫਿੱਟ ਵੀ ਬੈਠਦਾ ਕਿ ਉਨ੍ਹਾਂ ਦੀ ਇਸ ਨਾਲ ਮਾਨਤਾ ਬਰਕਰਾਰ ਰਹਿੰਦੀ; ਪਰ ਇਸ ਤੋਂ ਉਲਟ ਨਾਨਕ ਦੀ ਬਰਾਤ ਵਿਚ ਤਲਵੰਡੀ ਦੇ ਸਾਰੇ ਸਰਦੇ-ਪੁੱਜਦੇ ਵੱਡੇ ਲੋਕ ਗਏ, ਕਿਉਂਕਿ ਮਹਿਤਾ ਕਾਲੂ ਦੀ ਆਪਣੀ ਹੈਸੀਅਤ ਬਹੁਤ ਵੱਡੀ ਸੀ ਤੇ ਅੱਗੋਂ ਨਾਨਕ ਦਾ ਸਹੁਰਾ ਪਰਿਵਾਰ ਵੀ ਇਲਾਕੇ ਦਾ ਮੰਨਿਆ ਦੰਨਿਆ ਸੀ। ਬਾਬਾ ਨਾਨਕ ਕੋਈ ਵੀ ਅਜਿਹਾ ਮੌਕਾ ਨਹੀਂ ਸੀ ਖੁੰਝਾਉਂਦਾ, ਜਦੋਂ ਉਹਨੂੰ ਪੁਜਾਰੀ ਦੀ ਪਾਈ ਧੁੰਦ ਨਾਲ ਖੁਦ ਨਾ ਨਜਿਠਿਆ ਹੋਵੇ! ਇਥੇ ਵੀ ਬਾਬਾ ਨਾਨਕ ਅੜ੍ਹ ਗਿਆ ਕਿ ਮੈਂ ਅਗਨੀ ਦੁਆਲੇ ਫੇਰੇ ਕਿਉਂ ਲਵਾਂ? ਪੁਰੋਹਿਤਾਂ ਨੇ ਬਥੇਰਾ ਦੱਸਿਆ ਕਿ ਇਹ ਅਗਨੀ ਸ਼ਾਸਤਰਾਂ ਦੇ ਮੰਤਰਾਂ ਨਾਲ ਪਵਿੱਤਰ ਹੈ ਤੇ ਦੇਵੀ-ਦੇਵਤਿਆਂ ਨੇ ਇਹਨੂੰ ਪਵਿੱਤਰ ਕਿਹਾ ਹੋਇਆ ਤੇ ਸਦੀਆਂ ਤੋਂ ਸਭ ਇਹਨੂੰ ਚਸ਼ਮਦੀਦ ਗਵਾਹ ਮੰਨ ਕੇ ਵਿਆਹ ਦੀਆਂ ਰਸਮਾਂ ਪੂਰੀਆਂ ਕਰਦੇ ਆ ਰਹੇ ਹਨ ਤੇ ਤੈਨੂੰ ਵੀ ਕਰਨੀਆਂ ਹੀ ਪੈਣੀਆਂ। ਬਾਬੇ ਨੇ ਤਰਕ ਦਿੱਤਾ ਹੋਣਾ ਕਿ ਫਿਰ ਤਾਂ ਚੁੱਲ੍ਹੇ ਵਿਚ ਬਲਦੀ ਅੱਗ ਇਸ ਨਾਲੋਂ ਵੀ ਪਵਿੱਤਰ ਹੋਈ, ਜੋ ਭੁੱਖੇ ਢਿੱਡ ਨੂੰ ਜੀਵਨ ਦਾਨ ਦਿੰਦੀ ਹੈ, ਫਿਰ ਦੱਸੋ ਇਹ ਉਹਦੇ ਤੋਂ ਬਿਹਤਰ ਕਿੱਦਾਂ ਹੋਈ?

ਇਹ ਬਹਿਸ ਕੋਈ ਘੰਟੇ, ਅੱਧੇ ਘੰਟੇ ਦੀ ਥੋੜ੍ਹੋ ਹੋਈ ਹੋਣੀ, ਕਿਉਂਕਿ ਪੁਜਾਰੀ ਹਾਰ ਮੰਨਣ ਵਾਲਾ ਛੇਤੀ ਕਿਤੇ! ਕਮਾਲ ਤਾਂ ਇਹ ਵੀ ਹੋਣਾ ਕਿ ਇਕੱਲਾ ਵਿਆਹੁੰਦੜ ਨਾਨਕ ਇੱਕ ਪਾਸੇ ਤੇ ਦੋ ਪਰਿਵਾਰਾਂ ਦਾ ਸਾਰਾ ਕੁਨਬਾ, ਸਮੇਤ ਪੁਜਾਰੀ ਇੱਕ ਪਾਸੇ। ਉਤੋਂ ਸਿਤਮ ਇਹ ਕਿ ਮਹਿਤਾ ਕਾਲੂ ਪਹਿਲਾਂ ਹੀ ਆਪਣੇ ਪੁੱਤ ਤੋਂ ਖਫਾ ਸੀ ਤੇ ਆਹ ਉਹਦਾ ਨਵਾਂ ਪੁਆੜਾ ਉਹਨੂੰ ਹੋਰ ਵੀ ਨਮੋਸ਼ੀ ਭਰਿਆ ਲਗਦਾ ਹੋਣਾ ਇਸ ਖੁਸ਼ੀ ਦੇ ਮਾਹੌਲ ਵਿਚ। ਪਤਾ ਨਹੀਂ ਨਾਨਕ 'ਤੇ ਕਿੰਨਾ ਕੁ ਦਬਾਅ ਪਾਇਆ ਹੋਣਾ ਕਿ ਛੱਡ ਪਰੇ, ਲੈ ਫੇਰੇ ਜਿਵੇਂ ਪੁਜਾਰੀ ਕਹਿੰਦਾ, ਪਰ ਬਾਬੇ ਨਾਨਕ ਨੇ ਤਾਂ 'ਜਗਿ' ਭਾਵ ਸੰਸਾਰ ਵਿਚ ਚਾਨਣ ਕਰਨਾ ਸੀ, ਸਦੀਆਂ ਤੋਂ ਚਲੀ ਆ ਰਹੀ ਪੁਜਾਰੀ ਦੀ ਧੁੰਦ ਨੂੰ ਮਿਟਾ ਕੇ।

ਦਰਅਸਲ ਪੁਜਾਰੀ ਇਹਦੀ ਆੜ 'ਚ ਲੋਕਾਂ ਵਿਚ ਬੜੇ ਵਹਿਮ ਭਰਮ ਪਾ ਕੇ ਰੱਖਦਾ ਸੀ ਜਿਵੇਂ ਪੱਤਰੀ, ਮੰਗਲੀਕ, ਕੁੰਡਲੀ ਨਾ ਮਿਲਣਾ, ਗੰਧਮੂਲ, ਪੈਂਚਕਾਂ, ਤਾਰਾ ਡੁੱਬਿਆ, ਤਾਰਾ ਚੜ੍ਹਿਆ, ਰਾਹੂ-ਕੇਤੂ, ਸ਼ਨੀ, ਸਰਾਧ, ਨਰਾਤੇ-ਪਤਾ ਨਹੀਂ ਕੀ ਕੀ ਕੁਝ! ਤੇ ਫਿਰ ਉਹਦਾ ਉਪਾਅ ਵੀ ਆਪ ਹੀ ਦੱਸ ਕੇ ਮਣਾਂ ਮੂੰਹੀਂ ਦਾਨ ਲੈਂਦਾ ਸੀ। ਬਾਬੇ ਨਾਨਕ ਦੀਆਂ ਦਲੀਲਾਂ ਅੱਗੇ ਪੁਜਾਰੀ ਪਤਲਾ ਪੈਂਦਾ ਗਿਆ ਤੇ ਲੋਕ ਉਹਦੇ ਝੂਠ ਨੂੰ ਸਮਝਣ ਲੱਗ ਪਏ। ਸਮਾਜ ਦੀ ਸਭ ਤੋਂ ਵੱਡੀ ਰਸਮ ਆਪਣੇ ਹੱਥੋਂ ਜਾਂਦੀ ਦੇਖ ਉਹ ਬੌਖਲਾ ਗਿਆ ਤੇ ਨਾਨਕ ਦਾ ਵੈਰੀ ਬਣ ਕੇ ਉਹਦੇ 'ਤੇ ਕੰਧ ਡੇਗਣ ਦੀ ਵੀ ਕੋਸ਼ਿਸ਼ ਕੀਤੀ ਤਾਂ ਕਿ ਫਾਹਾ ਹੀ ਵੱਢਿਆ ਜਾਵੇ। ਨਾਨਕ ਜੋਤ ਨਾਲ ਅੱਜ ਤੱਕ ਇਹ ਵੈਰ ਬਰਕਰਾਰ ਹੈ, ਆਪਾਂ ਮੰਨੀਏ, ਭਾਵੇਂ ਨਾ ਮੰਨੀਏ। ਅਨੰਦ ਮੈਰਿਜ ਐਕਟ ਨੂੰ ਕਿਉਂ ਮਾਨਤਾ ਨਹੀਂ ਦਿੱਤੀ ਜਾਂਦੀ ਭਲਾ? ਸੋਚਿਆ ਕਦੀ!

ਸਾਡੇ ਗੁਰਦੁਆਰਿਆਂ ਵਿਚ ਸਭ ਤੋਂ ਵੱਧ ਬਾਬੇ ਨਾਨਕ ਦੀ ਸੱਚਾ ਸੌਦਾ ਵਾਲੀ ਸਾਖੀ ਬੜੇ ਮਸਾਲੇ ਲਾ ਲਾ ਕੇ ਸੁਣਾਈ ਜਾਂਦੀ ਤੇ ਇਹੋ ਕਿਹਾ ਜਾਂਦਾ ਕਿ ਉਨ੍ਹਾਂ ਵੀਹਾਂ ਰੁਪਿਆਂ ਨਾਲ ਹੀ ਅੱਜ ਤੱਕ ਸਾਰੇ ਲੰਗਰ ਚਲੀ ਜਾਂਦੇ ਹਨ, ਕਿਉਂਕਿ ਜਿਨ੍ਹਾਂ ਭੁੱਖੇ ਸਾਧੂਆਂ ਨੂੰ ਬਾਬੇ ਨੇ ਲੰਗਰ ਛਕਾਇਆ ਸੀ, ਉਨ੍ਹਾਂ ਨੇ ਇਹ ਹੀ ਵਰਦਾਨ ਦਿੱਤਾ ਹੋਇਆ। ਕਿਹਾ ਇਹ ਜਾਂਦਾ ਕਿ ਵਪਾਰ ਵਾਸਤੇ ਬਾਪ ਵਲੋਂ ਦਿੱਤੇ ਉਹ ਵੀਹ ਰੁਪਏ ਨਾਨਕ ਜਦੋਂ ਵਪਾਰ 'ਤੇ ਨਾ ਖਰਚ ਕੇ ਸਾਧਾਂ ਨੂੰ ਛਕਾ ਕੇ ਵਾਪਿਸ ਘਰ ਮੁੜਿਆ ਤਾਂ ਬਾਪ ਦਾ ਗੁੱਸੇ ਹੋਣਾ ਕੁਦਰਤੀ ਸੀ। ਪੁੱਛਣ 'ਤੇ ਬਾਬੇ ਨੇ ਕਿਹਾ ਕਿ ਮੈਂ 'ਖਰਾ ਸੌਦਾ' ਕਰ ਆਇਆਂ। ਇਹ ਖਰਾ ਸੌਦਾ ਸੱਚਾ ਸੌਦਾ ਕਿਸ ਨੇ ਤੇ ਕਦੋਂ ਬਣਾ ਦਿੱਤਾ, ਸਿੱਖਾਂ ਨੂੰ ਪਤਾ ਹੀ ਨਾ ਲੱਗਾ। ਖਰੇ ਦਾ ਮਤਲਬ ਸੀ ਖੋਟ ਤੋਂ ਰਹਿਤ, ਜਿਸ ਵਿਚ ਕਿਸੇ ਦੀ ਅਸਲੀਅਤ ਨੂੰ ਜਾਹਰ ਕਰਨਾ ਸੀ। ਉਹ ਸਾਧ ਇੱਕਲੇ ਭੁੱਖੇ ਹੀ ਨਹੀਂ ਸਨ, ਸਿਰੇ ਦੇ ਲਾਲਚੀ ਵੀ ਹੋਣੇ ਤੇ ਚੂਹੜਕਾਣੇ ਪੱਕਾ ਡੇਰਾ ਬਣਾ ਕੇ ਵਿਹਲੜ ਬੈਠੇ ਹੋਣੇ ਆ, ਤਾਂ ਹੀ ਐਡੀ ਵੱਡੀ ਰਕਮ ਨਾਨਕ ਤੋਂ ਲੈ ਗਏ, ਪਰ ਅਸੀਂ ਇਨ੍ਹਾਂ ਸਾਧਾਂ ਨੂੰ ਸੱਚਾ ਸਾਬਿਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਜਦੋਂ ਕਿ ਬਾਬਾ ਨਾਨਕ ਸ਼ਾਇਦ ਇਨ੍ਹਾਂ ਤੋਂ ਬਚਣ ਦੀ ਰਮਜ਼ ਸਮਝਾਉਣੀ ਚਾਹੁੰਦਾ ਹੋਣਾ ਕਿ ਜੇ ਪੈਸਾ ਧੇਲਾ ਕੋਲ ਲੈ ਕੇ ਕਿਤੇ ਕਾਰੋਬਾਰ 'ਤੇ ਜਾਣਾ ਤਾਂ ਭੁੱਲ ਕੇ ਵੀ ਐਦਾਂ ਦੇ ਸਾਧਾਂ ਦੇ ਡੇਰੇ 'ਤੇ ਨਾ ਚਲੇ ਜਾਇਓ! ਅਜਿਹੇ ਸਾਧਾਂ ਬਾਰੇ ਪਿਛੋਂ ਬਾਬੇ ਨਾਨਕ ਨੇ ਸਿੱਧ ਗੋਸ਼ਟਿ ਵਿਚ ਵਰਣਨ ਕੀਤਾ ਹੋਇਆ।

ਬਾਬਾ ਨਾਨਕ ਸੰਤਾਂ ਦੇ ਖਿਲਾਫ ਥੋੜਾ ਸੀ, ਉਹ ਤਾਂ ਹਜ਼ਾਰਾਂ ਮੀਲ ਪੈਦਲ ਤੁਰ ਕੇ ਉਨ੍ਹਾਂ ਕੋਲ ਪਹੁੰਚਿਆ ਤੇ ਉਨ੍ਹਾਂ ਦੀ ਰੱਬੀ ਬਾਣੀ ਇੱਕਠੀ ਕਰਕੇ ਲਿਆਇਆ ਤਾਂ ਕਿ ਵਿਹਲੜ ਸਾਧਾਂ ਵਲੋਂ ਜਗਤ ਵਿਚ ਪਾਈ ਧੁੰਦ ਦੂਰ ਕੀਤੀ ਜਾ ਸਕੇ। ਇਥੇ ਇੱਕ ਹੋਰ ਜ਼ਿਕਰ ਜ਼ਰੂਰ ਕਰਾਂਗਾ, ਜਿਹਦਾ ਨਾ ਕੋਈ ਪ੍ਰਚਾਰਕ ਤੇ ਨਾ ਕੋਈ ਸੰਤ ਕਦੇ ਕਰਦਾ; ਹੈ ਉਹ ਵੀ ਇੱਕ ਸਾਖੀ ਹੀ। ਕਰਤਾਰਪੁਰ ਵਸਾ ਕੇ ਜਦੋਂ ਗੁਰੂ ਜੀ ਨੇ ਖੁਦ ਖੇਤੀ ਕਰਨੀ ਸ਼ੁਰੂ ਕੀਤੀ ਤਾਂ ਉਹ ਨਾਲ ਦੀ ਨਾਲ ਸਵੇਰ-ਸ਼ਾਮ ਰੱਬ ਦੀ ਬੰਦਗੀ ਸੰਗਤੀ ਰੂਪ ਵਿਚ ਕਰਦੇ ਤੇ ਗੁਰਬਾਣੀ ਮੁਤਾਬਕ ਜੀਵਨ ਕਿਵੇਂ ਜਿਉਣਾ, ਇਹਦਾ ਪ੍ਰਚਾਰ ਵੀ ਕਰਦੇ। ਦੂਰੋਂ ਨੇੜਿਓਂ ਆਈ ਸੰਗਤ ਦਾ ਲੰਗਰ ਬਾਬੇ ਦੇ ਘਰੋਂ ਹੀ ਹੁੰਦਾ ਸੀ। ਕੁਝ ਸੰਤ ਕਹਾਉਣ ਵਾਲੇ ਵੀ ਆ ਜਾਂਦੇ, ਇਨ੍ਹਾਂ ਨੇ ਜਦੋਂ ਦੇਖਿਆ ਕਿ ਖਾਣ-ਪੀਣ ਦਾ ਲੰਗਰ ਖੁੱਲ੍ਹਾ ਚਲਦਾ, ਨਾਲੇ ਇਨ੍ਹਾਂ ਨੂੰ ਯਕੀਨ ਸੀ ਕਿ ਇਹ ਉਹੀ ਨਾਨਕ ਆ, ਜਿਹਨੇ ਬਿਨਾ ਕਿਸੇ ਹੀਲ ਹੁੱਜਤ ਦੇ ਚੂਹੜਕਾਣੇ ਇੱਕ ਵੱਡੀ ਰਕਮ ਸਾਨੂੰ ਦੇ ਦਿੱਤੀ ਸੀ। ਇਨ੍ਹਾਂ ਨੇ ਪੱਕਾ ਟਿਕਾਣਾ ਹੀ ਇਥੇ ਕਰਨਾ ਸ਼ੁਰੂ ਕਰ ਦਿੱਤਾ ਤੇ ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਨੂੰ ਅੱਪੜ ਗਈ। ਸਾਰਾ ਦਿਨ ਇਹ ਦਰਿਆ ਕੰਢੇ ਦਰਖਤਾਂ ਥੱਲੇ ਪਏ ਰਹਿੰਦੇ ਤੇ ਲੰਗਰ ਛਕਣ ਵਕਤ ਆ ਬਹਿੰਦੇ। ਬਾਬੇ ਨਾਨਕ ਨੂੰ ਤਾਂ ਇਨ੍ਹਾਂ ਦਾ ਪਤਾ ਸੀ ਕਿ ਨਾ ਤਾਂ ਇਨ੍ਹਾਂ ਵਿਚ ਰੂਹਾਨੀ ਗੁਣ ਦੀ ਕੋਈ ਕਣੀ ਆ ਤੇ ਨਾ ਹੀ ਇਹ ਕਿਰਤ ਬਿਰਤੀ ਵਾਲੇ ਆ, ਇਹ ਨਿਰੀਆਂ ਵਿਹਲੜ ਜੋਕਾਂ ਹਨ ਜੋ ਕਿਰਤੀ ਦੇ ਸਿਰੋਂ ਪਲਦੀਆਂ।

ਇੱਕ ਸ਼ਾਮ ਲੰਗਰ ਤੋਂ ਬਾਅਦ ਬਾਬੇ ਨਾਨਕ ਨੇ ਕਿਹਾ ਕਿ ਸਵੇਰੇ ਸਾਝਰੇ ਉਠ ਕੇ ਆਪਾਂ ਸਭ ਨੇ ਖੇਤਾਂ 'ਚ ਕਣਕ ਵੱਢਣ ਜਾਣਾ ਤੇ ਕੁਝ ਨੇ ਡੰਗਰਾਂ ਲਈ ਪੱਠੇ ਵੱਢ ਕੇ ਲਿਆਉਣੇ ਆ। ਸਾਧਾਂ ਦਾ ਵਗ ਰਾਤੋ ਰਾਤ ਆਪਣੀਆਂ ਕਮੰਡਲੀਆਂ ਚੁੱਕ ਕੇ ਫੁਰਰ ਹੋ ਗਿਆ, ਸਵੇਰ ਤੱਕ ਇੱਕ ਵੀ ਨਾ ਰਿਹਾ। ਬਾਬਾ ਤਾਂ ਸਾਨੂੰ ਕਿਰਤੀਆਂ ਨੂੰ ਬੜੀ ਵੱਡੀ ਜੁਗਤ ਦੱਸ ਗਿਆ ਹੋਇਆ ਕਿ ਆਪਣੀ ਦਸਾਂ ਨਹੁੰਆਂ ਦੀ ਕਿਰਤ ਇਨ੍ਹਾਂ ਵਿਹਲੜਾਂ ਨੂੰ ਐਵੇਂ ਨਾ ਇਨ੍ਹਾਂ ਦੇ ਚੋਲੇ ਦੇਖ ਕੇ ਖੁਆਈ ਜਾਓ; ਪਰ ਅਸੀਂ ਹਟੇ ਕਦੋਂ ਆਂ? ਜੇ ਬਾਬੇ ਨਾਨਕ ਦਾ ਕਿਹਾ ਮੰਨਿਆ ਹੁੰਦਾ ਤਾਂ ਅੱਜ ਲਿਸ਼ਕਦੇ ਲੀੜਿਆਂ ਵਾਲਿਆਂ ਦੇ ਐਨੇ ਡੇਰੇ ਨਾ ਬਣੇ ਹੁੰਦੇ, ਨਿਗਾਹ ਮਾਰ ਕੇ ਦੇਖੋ ਕਿਹੜਾ ਡੇਰੇਦਾਰ ਸੰਤ, ਬਾਬੇ ਨਾਨਕ ਵਾਂਗ ਖੁਦ

(ਬਾਕੀ ਅਗਲੇ ਸਫੇ 'ਤੇ)

ਹੱਥੀਂ ਕੰਮ ਕਰਦਾ ਖੇਤਾਂ ਵਿਚ?

ਅਗਲਾ ਜੋ ਬਾਬੇ ਨਾਨਕ ਨੂੰ ਮੋਦੀਖਾਨੇ ਵਿਚ ਤੇਰਾਂ ਤੇਰਾਂ ਤੋਲਣ ਬਾਰੇ ਹੈ, ਉਹਦਾ ਬੜਾ ਜ਼ਿਕਰ ਹੁੰਦਾ ਸਾਡੇ ਧਾਰਮਿਕ ਦੀਵਾਨਾਂ ਵਿਚ ਕਿ ਨਾਨਕ ਦੀ ਲਿਵ ਐਸੀ ਰੱਬ ਨਾਲ ਜੁੜ ਗਈ, ਉਹ ਤੋਲਦਾ ਤੋਲਦਾ ਤੇਰਾਂ ਹਿੰਦਸੇ 'ਤੇ ਐਸਾ ਅੜਿਆ ਕਿ ਸਾਰਾ ਦਿਨ ਲੋਕਾਂ ਨੂੰ ਪੰਡਾਂ ਬੰਨ੍ਹ ਕੇ ਚੁਕਾਈ ਗਿਆ, ਸਾਰਾ ਮੋਦੀਖਾਨਾ ਲੁਟਾ ਦਿੱਤਾ। ਜਦੋਂ ਪੜਤਾਲ ਹੋਈ ਤਾਂ ਬਾਬੇ ਨੇ ਆਪਣੀ ਗੈਬੀ ਸ਼ਕਤੀ ਨਾਲ ਸਾਰਾ ਘਾਟਾ ਪੂਰਾ ਕਰ ਦਿੱਤਾ ਤੇ ਇਸ ਕਰਾਮਾਤੀ ਕ੍ਰਿਸ਼ਮੇ ਨੂੰ ਸਹੀ ਸਾਬਿਤ ਕਰਨ ਲਈ ਅੱਜ ਵੀ ਸੁਲਤਾਨਪੁਰ ਲੋਧੀ ਵਿਚ ਉਹ ਵੱਟੇ ਰੱਖੇ ਹੋਏ ਹਨ, ਜਿਨ੍ਹਾਂ ਨਾਲ ਤੇਰਾਂ ਤੇਰਾਂ ਤੋਲਿਆ। ਹੁਣ ਇਸ ਦੀ ਹਕੀਕਤ ਕੀ ਹੈ? ਇਹ ਬਹੁਤ ਜ਼ਰੂਰੀ ਆ ਜਾਣਨਾ। ਮੋਦੀਖਾਨਾ ਸੁਲਤਾਨਪੁਰ ਪਰਗਨੇ ਦਾ ਸਰਕਾਰੀ ਸਟੋਰ ਸੀ, ਜਿਸ ਵਿਚ ਸਾਰਾ ਮਾਲੀਆ, ਜੋ ਫਸਲ ਦੇ ਰੂਪ ਵਿਚ ਹੀ ਇਥੇ ਜਮਾਂ ਹੁੰਦਾ ਸੀ ਤੇ ਅਗਾਂਹ ਸਰਕਾਰੀ ਨਿਯਮਾਂ ਮੁਤਾਬਕ ਵੰਡਿਆ ਜਾਂਦਾ ਸੀ। ਦੌਲਤ ਖਾਨ ਪਰਗਨੇ ਦਾ ਨਵਾਬ ਸੀ ਤੇ ਬਾਬੇ ਨਾਨਕ ਨੂੰ ਉਥੇ ਨੌਕਰੀ ਇਸ ਕਰਕੇ ਮਿਲੀ ਸੀ ਕਿ ਉਹ ਫਾਰਸੀ ਬੋਲੀ ਦੇ ਮਾਹਰ ਸਨ, ਜੋ ਉਨ੍ਹਾਂ ਨੇ ਕਾਜ਼ੀ ਰੁਕਨਦੀਨ ਤੋਂ ਸਿੱਖੀ ਸੀ। ਕਰੀਬ 8 ਸਾਲ ਇਥੇ ਉਨ੍ਹਾਂ ਨੇ ਕੰਮ ਕੀਤਾ। ਉਸ ਵਕਤ ਵੀ ਸਰਕਾਰੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਸਿਖਰ 'ਤੇ ਸੀ ਤੇ ਨਾਨਕ ਨੇ ਆਪਣਾ ਕੰਮ ਇਮਾਨਦਾਰੀ ਨਾਲ ਕਰਕੇ ਮੋਦੀਖਾਨਾ, ਜੋ ਘਾਟੇ ਵਿਚ ਜਾਂਦਾ ਸੀ, ਚੋਰ ਮੋਰੀਆਂ ਬੰਦ ਕਰਕੇ ਮੁਨਾਫੇ ਵਿਚ ਕਰ ਦਿੱਤਾ।

ਇੱਕ ਗੱਲ ਹੋਰ ਵੀ ਸਾਹਮਣੇ ਆਉਂਦੀ ਹੈ ਕਿ ਬਾਬਾ ਨਾਨਕ ਲੇਖੇ ਜੋਖੇ ਦੇ ਵੀ ਮਾਹਰ ਸਨ, ਆਹ ਜੋ ਅੱਖਾਂ ਬੰਦ ਕਰਕੇ ਤੇਰਾਂ ਤੇਰਾਂ ਕਹਿ ਕੇ ਤੋਲਣ ਵਾਲੀ ਗੱਲ ਆ, ਇਹ ਨਿਰੀ ਮਨਘੜਤ ਆ, ਸਿਰਫ ਬਾਬੇ ਨੂੰ ਇੱਕ ਸੰਤ ਸਾਬਿਤ ਕਰਨ ਖਾਤਿਰ ਪੁਜਾਰੀ ਨੇ ਸਾਡੇ ਮਨਾਂ ਵਿਚ ਪੱਕੀ ਕਰ ਦਿੱਤੀ ਆ ਤਾਂ ਕਿ ਹਕੀਕਤ ਤੋਂ ਪਰ੍ਹਾਂ ਰਹੀਏ। ਇਸਲਾਮ ਵਿਚ ਇੱਕ ਧਾਰਮਿਕ ਟੈਕਸ ਹੁੰਦਾ, ਜਿਸ ਦਾ ਨਾਂ 'ਜ਼ਕਾਤ' ਹੈ। ਇਹ ਇੱਕ ਤਰ੍ਹਾਂ ਸਾਡੇ ਦਸਵੰਧ ਜਿਹਾ ਹੈ, ਜੋ ਮੁਸਲਮਾਨ ਆਪਣੀ ਖੁਸ਼ੀ ਨਾਲ ਦਿੰਦੇ ਹਨ ਤੇ ਇਹ ਲੋੜਮੰਦਾਂ ਵਿਚ ਵੰਡਿਆ ਜਾਂਦਾ ਹੈ। ਮੋਦੀਖਾਨੇ ਵਿਚ ਵੀ ਜ਼ਕਾਤ ਦੇ ਨਾਂ 'ਤੇ ਕੁਝ ਮਾਇਆ/ਸਾਮਾਨ ਇੱਕਠਾ ਹੁੰਦਾ ਸੀ, ਜੋ ਲੋੜਮੰਦ ਗਰੀਬਾਂ ਵਿਚ ਵੰਡਿਆ ਜਾਣਾ ਹੁੰਦਾ ਸੀ। ਇਹਦਾ ਹਿਸਾਬ ਕਿਤਾਬ ਮੋਦੀਖਾਨੇ ਦੇ ਲੇਖੇ ਵਿਚ ਨਹੀਂ ਸੀ ਹੁੰਦਾ ਤੇ ਇਹਦੇ ਵਿਚ ਰੱਜ ਕੇ ਭ੍ਰਿਸ਼ਟਾਚਾਰ ਹੁੰਦਾ, ਐਨ ਉਵੇਂ ਹੀ ਜਿਵੇਂ ਅੱਜ ਸ਼੍ਰੋਮਣੀ ਕਮੇਟੀ ਕੁਝ ਟੱਬਰਾਂ ਦੇ ਢਿੱਡ ਭਰ ਕੇ ਕਰ ਰਹੀ ਆ। ਇੱਕਲੀ ਸ਼੍ਰੋਮਣੀ ਕਮੇਟੀ ਹੀ ਕਾਹਨੂੰ, ਇਥੇ ਤਾਂ ਬਾਹਰਲੇ ਮੁਲਕਾਂ ਦੇ ਗੁਰਦੁਆਰਿਆਂ ਵਾਲੇ ਵੀ ਦੋਹੀਂ ਹੱਥੀਂ ਲੁਟਾ ਰਹੇ ਗੁਰੂ ਦੀ ਗੋਲਕ ਨੂੰ ਕੋਰਟਾਂ ਕਚਹਿਰੀਆਂ ਵਿਚ ਇੱਕ ਦੂਜੇ 'ਤੇ ਕੇਸ ਕਰ ਕੇ, ਸਿਰਫ ਚੌਧਰ ਬਰਕਰਾਰ ਰੱਖਣ ਖਾਤਰ।

ਬਾਬੇ ਨਾਨਕ ਕੋਲ ਜਦੋਂ ਮੋਦੀਖਾਨੇ ਦਾ ਚਾਰਜ ਆਇਆ ਤਾਂ ਨਾਲ ਹੀ ਜ਼ਕਾਤ ਦਾ ਹਿਸਾਬ ਵੀ ਆ ਗਿਆ। ਹੁਣ ਬਾਬੇ ਨਾਨਕ ਨੇ ਜ਼ਕਾਤ ਦਾ ਮਾਲ, ਜੋ ਕੁਝ ਇੱਕ ਉਚ ਅਹੁਦੇਦਾਰਾਂ, ਕਾਜ਼ੀਆਂ ਤੇ ਪੁਰੋਹਿਤਾਂ ਦੇ ਘਰ ਜਾਂਦਾ ਸੀ, ਰੋਕ ਕੇ ਲੋੜਵੰਦਾਂ ਨੂੰ ਮੁਫਤ ਦੇਣਾ ਸ਼ੁਰੂ ਕਰ ਦਿੱਤਾ ਕਿ ਪਹਿਲਾਂ ਉਨ੍ਹਾਂ ਵਿਚਾਰਿਆਂ ਨੂੰ ਮੋਦੀਖਾਨੇ ਵਿਚੋਂ ਕਦੇ ਕੁਝ ਮੁਫਤ ਮਿਲਿਆ ਹੀ ਨਹੀਂ ਸੀ ਤੇ ਜਦੋਂ ਉਨ੍ਹਾਂ ਨੂੰ ਨਾਨਕ ਨੇ ਦੇਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਪੁੱਛਣਾ ਇਹ ਕਿਹਦਾ ਆ ਤਾਂ ਬਾਬੇ ਨੇ ਕਹਿਣਾ ਇਹ 'ਤੇਰਾ' ਹੈ। ਬਸ ਇਸ 'ਤੇਰਾ' ਤੋਂ ਤੇਰਾਂ (13) ਕਿਸ ਨੇ ਬਣਾ ਦਿੱਤਾ, ਸਾਨੂੰ ਸਿੱਖਾਂ ਨੂੰ ਪਤਾ ਹੀ ਨਹੀਂ ਲੱਗਣ ਦਿੱਤਾ! ਬੱਸ ਆਹੀ ਧੁੰਦ ਆ, ਜੋ ਬਾਬੇ ਨੇ ਦੂਰ ਕੀਤੀ ਸੀ।

ਗੱਲ ਸੀ ਰੱਬ ਦੇ ਨਾਂ 'ਤੇ ਇੱਕਠੀ ਕੀਤੀ ਮਾਇਆ ਨੂੰ ਰੱਬ ਦੇ ਲੋੜਵੰਦ ਬੰਦਿਆਂ ਵਿਚ ਵੰਡਣ ਦੀ ਤੇ ਸਾਨੂੰ ਲਾ ਦਿੱਤਾ ਨਾਨਕ ਦੇ ਨਾਂ 'ਤੇ ਵੱਟੇ ਪੂਜਣ, ਜਿਹਦੇ ਬਾਬਾ ਖੁਦ ਖਿਲਾਫ ਸੀ। ਜਨੇਊ ਬੋਦੀ ਵਾਲਾ ਪੁਜਾਰੀ ਕਦੋਂ ਗਾਤਰਾ ਦਸਤਾਰ ਸਜਾ ਕੇ ਸਾਡੇ ਵਿਚ ਆ ਵੜਿਆ, ਪਤਾ ਹੀ ਨਾ ਲੱਗਾ। ਮਾਰੀ ਜਾਓ ਜਿੰਨੀਆਂ ਮਰਜ਼ੀ ਟੱਕਰਾਂ ਹੁਣ! ਅਸੀਂ ਨ੍ਹੀਂ ਹਟਦੇ, ਆਪਾਂ ਤਾਂ ਠਾਕੁਰ ਪੂਜਾਂਗੇ ਹੀ, ਨਾਲੇ ਉਚੀ ਉਚੀ ਪੜ੍ਹਾਂਗੇ ਵੀ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।' ਨਾਲੇ ਫਿਰ ਵੋਟਾਂ ਪਾ ਕੇ ਖੁਦ ਗੁਰਦੁਆਰਿਆਂ ਵਿਚ ਗੁਰੂ ਦੀ ਗੋਲਕ ਨੂੰ ਲੁੱਟਣ ਵਾਲੇ ਮਾਡਰਨ ਮਸੰਦਾਂ ਨੂੰ ਬਿਠਾਲਾਂਗੇ, ਜੋ ਸਭ ਤੋਂ ਮੋਹਰੇ ਹੋ ਕੇ 550 ਸਾਲਾ ਬਾਬੇ ਨਾਨਕ ਦਾ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਉਣਗੇ ਤੇ ਸਭ ਤੋਂ ਵੱਡੇ ਬਾਬੇ ਨਾਨਕ ਦੇ ਸਿੱਖ ਹੋਣ ਦਾ ਦਾਅਵਾ ਕਰਨਗੇ; ਇੱਕ ਦੂਜੇ ਦੇ ਗਲਾਂ ਵਿਚ ਸਿਰੋਪਾਓ ਵੀ ਪਾਉਣਗੇ ਤੇ ਅਸੀਂ ਜੈਕਾਰੇ ਛੱਡਾਂਗੇ।

ਮੈਂ ਦੱਸਣਾ ਚਾਹੁਨਾਂ ਕਿ ਇੱਥੇ ਸਿਰਫ ਉਨ੍ਹਾਂ ਸਾਖੀਆਂ ਦੇ ਹਕੀਕੀ ਪੱਖ ਨੂੰ ਹੀ ਲੈ ਕੇ ਉਹ ਧੁੰਦ ਮਿਟਾਉਣ ਦੀ ਗੱਲ ਕੀਤੀ, ਜੋ ਬਾਬੇ ਨਾਨਕ ਨੂੰ ਇੱਕ ਕਰਾਮਾਤੀ ਸਾਧੂ ਸਾਬਿਤ ਕਰਕੇ ਬੱਸ ਪੂਜਣ ਵਾਲੀ ਹਸਤੀ ਪੇਸ਼ ਕਰਦੀਆਂ ਸਨ। ਉਨ੍ਹਾਂ ਦੀਆਂ ਉਦਾਸੀਆਂ ਬਾਰੇ ਤਾਂ ਇਤਿਹਾਸ ਵਿਚ ਬਹੁਤ ਲਿਖਿਆ ਮਿਲ ਜਾਂਦਾ, ਦੁਹਰਾਉਣ ਦੀ ਲੋੜ ਨਹੀਂ। ਬਾਬੇ ਨਾਨਕ ਦੀ ਸੂਰਬੀਰ ਯੋਧੇ ਵਰਗੀ ਬਾਬਰ ਨੂੰ ਦਹਾੜ, ਮਲਿਕ ਭਾਗੋ ਦੀ ਨਹੱਕੀ ਕਮਾਈ ਤੇ ਉਸ ਵਿਚੋਂ ਕੀਤੇ ਪੁੰਨ ਦਾਨ ਦੀ ਅਸਲੀਅਤ ਦਾ ਉਹਨੂੰ ਅਹਿਸਾਸ ਕਰਾਉਣਾ ਜਿਵੇਂ ਬਾਦਲਾਂ ਵਲੋਂ ਅਕਸਰ ਦਰਬਾਰ ਸਾਹਿਬ ਵਿਚ ਅਖੰਡ ਪਾਠ ਕਰਵਾ ਕੇ ਤੇ ਲੰਗਰ ਲਵਾ ਕੇ ਕੀਤਾ ਜਾਂਦਾ, ਇੱਕ ਕਿਰਤੀ ਭਾਈ ਲਾਲੋ ਨੂੰ ਵਡਿਆਈ ਬਖਸ਼ਣੀ, ਵਲੀ ਕੰਧਾਰੀ ਨੂੰ ਇਸਲਾਮ ਦਾ ਨਿਮਰਤਾ ਤੇ ਹਲੀਮੀ ਵਾਲਾ ਪੱਖ ਵੀ ਸਮਝਾਉਣਾ, ਸੱਜਣ ਵਰਗੇ ਦੋਗਲੇ ਕਿਰਦਾਰ ਵਾਲਿਆਂ ਨੂੰ ਸਹੀ ਰਸਤੇ ਲਿਆਉਣਾ, ਕੌਡੇ ਵਰਗੇ ਮਾਨਸ ਖਾਣੇ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣਾ, ਹਰਿਦੁਆਰ ਦੇ ਪੁਜਾਰੀਆਂ ਨੂੰ ਸੂਰਜ ਤੇ ਪਿੱਤਰਾਂ ਨੂੰ ਪਾਣੀ ਦੇਣ ਦਾ ਰਾਜ਼ ਖੋਲ੍ਹਣਾ ਅਤੇ ਉਨ੍ਹਾਂ ਨੂੰ ਉਹ ਗਿਆਨ ਦੇਣਾ ਜਿਸ ਤੋਂ ਸੱਖਣੇ ਸਨ। ਇਹ ਗੱਲ ਵੱਖਰੀ ਕਿ ਪੁਜਾਰੀ ਨੇ ਗਿਆਨ ਲੈ ਕੇ ਵੀ ਉਸ 'ਤੇ ਅਮਲ ਨਾ ਕੀਤਾ, ਉਲਟਾ ਵਿਰੁਧ ਹੋ ਗਏ, ਤਾਂਹੀਂ ਤਾਂ ਅਗਲਿਆਂ ਨੇ ਗੁਰਦੁਆਰਾ ਗਿਆਨ ਗੋਦੜੀ ਵੀ ਢਾਹ ਕੇ ਅਹੁ ਮਾਰਿਆ ਕਿ ਬਾਬੇ ਨਾਨਕ ਦਾ ਗਿਆਨ ਲੋਕਾਂ ਨੂੰ ਜਿਗਿਆਸੂ ਬਣਾਉਂਦਾ, ਜੋ ਪੁਜਾਰੀ ਦੀ ਹਸਤੀ ਨੂੰ ਖਤਰਾ ਪੈਦਾ ਕਰਦਾ। ਪੁਜਾਰੀ ਤੇ ਸ਼ਾਸਕ ਰਲ ਕੇ ਤਾਂ ਕਰਤਾਰਪੁਰ ਸਾਹਿਬ ਲਾਂਘੇ 'ਚ ਵੀ ਹਰ ਅੜਿੱਕਾ ਖੜ੍ਹਾ ਕਰਨ ਦੀ ਤਾਕ 'ਚ ਬੈਠੇ। ਰੱਬ ਕਰੇ ਇਹ ਖੁੱਲ੍ਹ ਜਾਵੇ!

ਬਾਬੇ ਨਾਨਕ ਦੀ ਮੱਕੇ ਦੀ ਯਾਤਰਾ ਇਹ ਦੱਸਦੀ ਆ ਕਿ ਉਹ ਕਿੰਨੇ ਬੁਲੰਦ ਹੌਸਲੇ ਦੇ ਮਾਲਕ ਸਨ। ਮੱਕੇ ਜਾ ਕੇ ਉਨ੍ਹਾਂ ਆਪਣੀ ਜਾਨ ਨੂੰ ਵੀ ਖਤਰੇ ਵਿਚ ਪਾ ਲਿਆ, ਕਿਉਂਕਿ ਉਥੇ ਸਿਵਾਏ ਮੁਸਲਮਾਨ ਦੇ ਕੋਈ ਜਾ ਹੀ ਨਹੀਂ ਸਕਦਾ, ਅੱਜ ਤੱਕ ਵੀ ਇਹੋ ਦਸਤੂਰ ਹੈ। ਜੇ ਦੇਖਿਆ ਜਾਵੇ, ਉਥੇ ਬਾਬਾ ਕਿਹੜਾ ਉਨ੍ਹਾਂ ਨੂੰ ਸਿੱਖ ਬਣਾਉਣ ਗਿਆ ਸੀ! ਉਥੇ ਤਾਂ ਇਸਲਾਮ ਦੇ ਉਹ ਪੈਗੰਬਰੀ ਰਹੱਸ ਸਮਝਾਉਣ ਗਿਆ ਸੀ, ਜਿਨ੍ਹਾਂ ਤੋਂ ਮੁਸਲਮਾਨ ਅਣਜਾਣ ਸਨ। ਬੜੀਆਂ ਲੰਮੀਆਂ ਗੋਸ਼ਟੀਆਂ ਹੋਈਆਂ ਪੀਰ ਦਸਤਗੀਰ ਤੇ ਹੋਰਨਾਂ ਨਾਲ, ਕਹਿੰਦੇ ਹਨ ਕਿ ਉਨ੍ਹਾਂ ਨੇ ਬਾਬੇ ਨਾਨਕ ਨੂੰ 360 ਸਵਾਲ ਪੁੱਛੇ ਤੇ ਸ਼ਰਤ ਇਹ ਸੀ ਕਿ ਜੇ ਇੱਕ ਦਾ ਵੀ ਜੁਆਬ ਗਲਤ ਹੋ ਗਿਆ ਤਾਂ ਸਜ਼ਾ ਸ਼ਰੀਅਤ ਮੁਤਾਬਕ ਮੌਤ ਹੋਵੇਗੀ। ਬਾਬੇ ਦੇ ਸਾਰੇ ਜੁਆਬ ਐਨੇ ਦਲੀਲ ਭਰਪੂਰ ਤੇ ਰੂਹਾਨੀਅਤ ਨਾਲ ਲਬਾ ਲਬਾ ਸਨ ਕਿ ਉਹ ਸਾਰੇ ਸੁੰਨ ਮੁਨ ਹੋ ਗਏ ਤਾਂ ਉਨ੍ਹਾਂ ਨੇ ਬਾਬੇ ਨਾਨਕ ਨੂੰ ਪੀਰ ਦੀ ਜਗ੍ਹਾ ਪੈਗੰਬਰ ਦਾ ਦਰਜਾ ਦਿੱਤਾ। ਐਵੇਂ ਤਾਂ ਨ੍ਹੀਂ 'ਮਿਟੀ ਧੁੰਦ ਜਗੁ ਚਾਨਣ ਹੋਇਆ', ਇਹ ਬਾਬੇ ਦੇ ਇਲਹਾਮੀ ਗਿਆਨ, ਵਿਦਵਤਾ, ਜ਼ਿੰਦਗੀ ਦੇ ਤਜ਼ਰਬੇ, ਇਨਸਾਨ ਦੇ ਮਨੋਵਿਗਿਆਨ ਦੀ ਜਾਣਕਾਰੀ ਸਦਕਾ ਹੋਇਆ, ਨਾ ਕਿ ਇੱਕ ਕਰਾਮਾਤੀ ਹੋਣ ਕਰਕੇ, ਜਿਹਦੇ ਸਿਰ 'ਤੇ ਸੱਪ ਛਾਂ ਕਰਕੇ ਬੈਠਾ ਦਿਖਾਇਆ ਜਾਂਦਾ।

ਰਾਵੀ ਦੇ ਕੰਢੇ ਜਮੀਨ ਲੈ ਕੇ ਖੁਦ ਖੇਤੀ ਕਰਨੀ ਇੱਕ ਸਬੱਬ ਹੀ ਨਹੀਂ ਸਮਝਣਾ ਚਾਹੀਦਾ, ਇਹ ਬਾਬੇ ਨਾਨਕ ਵਿਚਲਾ ਇੱਕ ਸਫਲ ਕਿਸਾਨ ਹੋਣਾ ਵੀ ਦੱਸਦਾ। ਦਰਿਆ ਕੰਢੇ ਮੰਡ ਦੀ ਮੈਰੀ ਜਮੀਨ ਖੇਤੀ ਲਈ ਸਭ ਤੋਂ ਵਧੀਆ ਤੇ ਸੇਂਜੂ ਸੀ, ਜਿਸ ਵਿਚ ਹਲਟ ਲੱਗਾ ਹੋਇਆ ਸੀ, ਤਾਂ ਹੀ ਬਾਬੇ ਨੇ ਇਹ ਖਰੀਦੀ ਹੋਣੀ। ਜੇ ਉਹਨੇ ਜਿਮੀਂਦਾਰ ਹੀ ਕਹਾਉਣਾ ਸੀ, ਫਿਰ ਤਾਂ ਤਲਵੰਡੀ ਵਿਚ 750 ਮੁਰੱਬਾ ਰਾਏ ਬੁਲਾਰ ਨੇ ਉਹਦੇ ਨਾਂ ਕੀਤਾ ਹੋਇਆ ਸੀ, ਜਿਥੇ ਬਾਬੇ ਨੇ ਕਦੇ ਪੈਰ ਪਾ ਕੇ ਵੀ ਨਹੀਂ ਸੀ ਦੇਖਿਆ। ਬਾਬੇ ਨੇ ਜਮੀਨ ਖਰੀਦੀ, ਜਿਸ ਵਿਚ ਆਪਣਾ ਰੈਣ ਬਸੇਰਾ ਵੀ ਕੀਤਾ ਤੇ ਨਾਂ ਰਖਿਆ ਕਰਤਾਰਪੁਰ, ਕਾਇਨਾਤ ਦੇ ਸਿਰਜਣਹਾਰੇ ਦੇ ਨਾਂ 'ਤੇ। ਬਾਬੇ ਨੇ ਤਾਂ ਖੁਦ ਕਿਰਤ ਦਾ ਪਾਠ ਪੜ੍ਹਾਉਣਾ ਸੀ ਆਪਣੇ ਨਿਰਮਲ ਪੰਥ ਦੇ ਪਾਂਧੀਆਂ ਨੂੰ, ਉਹ ਆਪ ਖੱਦਰ ਦਾ ਝੱਗਾ ਪਾ ਕੇ ਹਲ ਦੀ ਹੱਥੀ ਆਪਣੇ ਹੱਥ ਫੜ ਕੇ ਧੌੜੀ ਦੀ ਜੁੱਤੀ ਪੈਰੀਂ ਪਾ ਕੇ ਖੇਤ ਵਾਹੁਣ ਲੱਗ ਪਿਆ। ਇਹ ਸਿਰਫ ਦਿਖਾਵਾ ਹੀ ਨਹੀਂ ਸੀ ਜਿਵੇਂ ਅੱਜ ਸਾਡੇ ਬ੍ਰਹਮ ਗਿਆਨੀ 108 ਸੰਤ ਮਹਾਂਪੁਰਸ਼ ਝਿਲਮਿਲੇ ਲੀੜੇ ਤੇ ਖੜਾਵਾਂ ਪਾ ਕੇ ਫੋਟੋ ਖਿਚਾਉਣ ਲਈ ਕਰਦੇ ਆ। ਬਾਬੇ ਨੇ ਅਠਾਰਾਂ ਸਾਲ ਖੁਦ ਮੁੜ੍ਹਕੋ ਮੁੜ੍ਹਕੀ ਹੋ ਕੇ ਖੇਤੀ ਕੀਤੀ। ਆਪਣੇ ਟੱਬਰ ਦੇ ਨਾਲ ਲੋੜਵੰਦਾਂ ਨੂੰ ਵੀ ਆਪਣੀ ਕਿਰਤ ਵਿਚੋਂ ਪਾਲਣ ਦੀ ਜ਼ਿੰਮੇਵਾਰੀ ਨਿਭਾਈ। ਬਾਬੇ ਨਾਨਕ ਨੇ ਇਥੇ ਕਿਰਤ ਕਰ ਕੇ ਬੜੀ ਸਾਦੀ ਤੇ ਖੁਸ਼ਹਾਲ ਜ਼ਿੰਦਗੀ ਬਸਰ ਕੀਤੀ।

ਅੱਜ ਸਾਨੂੰ ਪੰਜਾਬੀਆਂ ਨੂੰ ਇਹ ਸਬਕ ਹੈ ਬਾਬੇ ਨਾਨਕ ਦਾ ਕਿ ਆਹ ਜੋ ਖੁਦਕੁਸ਼ੀਆਂ ਕਰ ਰਹੇ ਹੋ ਕਿ ਖੇਤੀ 'ਚ ਕੁਝ ਬਣਦਾ ਨ੍ਹੀਂ; ਹਟ ਜਾਓ ਇਸ ਪਾਸਿਓਂ। ਕਿਰਤੀ ਬਣੋ, ਸਾਦਗੀ ਲਿਆਓ ਜ਼ਿੰਦਗੀ ਵਿਚ, ਛੱਡੋ ਅਡੰਬਰਪੁਣਾ, ਨਾ ਖੁਆਓ ਆਪਣੀ ਕਿਰਤ ਕਮਾਈ ਵਿਹਲੜ ਤੇ ਅੱਯਾਸ਼ ਸਾਧਾਂ ਨੂੰ। ਫਿਰ ਆਪੇ ਰੱਸਾ ਗਲ 'ਚ ਪੈਣੋਂ ਹਟ ਜਾਊ। ਕਿਸੇ ਕੈਪਟਨ-ਬਾਦਲ ਨੇ ਨ੍ਹੀਂ ਤੁਹਾਡੇ ਹੱਥੋਂ ਫੜਨਾ ਇਹ ਰੱਸਾ। ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਇਹ ਵਾਅਦਾ ਕਰਿਓ ਬਾਬੇ ਨਾਨਕ ਨਾਲ। ਧਾਰਮਿਕ ਦੁਨੀਆਂ ਵਿਚ ਕਿਰਤ ਨੂੰ ਕਰਤਾਰ ਨਾਲ ਜੋੜਨ ਵਾਲਾ ਸਿਰਫ ਤੇ ਸਿਰਫ ਗੁਰੂ ਨਾਨਕ ਹੈ, ਜਿਸ ਨੇ ਉਨ੍ਹਾਂ ਕਿਰਤੀ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਦਾ ਰੂਪ ਦੇ ਦਿੱਤਾ, ਜਿਨ੍ਹਾਂ ਨੂੰ ਪੁਜਾਰੀ ਅਛੂਤ ਕਹਿ ਕੇ ਦੁਰਕਾਰਦਾ ਰਿਹਾ। ਇਹ ਸਦੀਆਂ ਤੋਂ ਪੈ ਰਹੀ ਧੁੰਦ ਨੂੰ ਮਿਟਾਉਣ ਵਾਲਾ ਬਾਬਾ ਨਾਨਕ ਹੀ ਹੋਇਆ।

ਸਾਡੇ ਲੋਕ-ਹਿਤੈਸ਼ੀ ਕਹਾਉਣ ਵਾਲੇ ਲੀਡਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨੂੰ ਆਪਣੀ ਜਿੱਤ ਤੇ ਨਿੱਜੀ ਹਉਮੈ ਤੱਕ ਹੀ ਸੀਮਿਤ ਨਾ ਰੱਖਣ, ਬਾਬੇ ਨਾਨਕ ਦੀ ਰਹਿਮਤ ਨੂੰ ਸਮਝਣ, ਜਿਸ ਸਦਕਾ ਦੋ ਦੁਸ਼ਮਣੀ ਪਾਲੀ ਬੈਠੇ ਮੁਲਕ ਫਿਰ ਨੇੜੇ ਹੋਣ ਲੱਗੇ ਆ। ਇਹ ਲਾਂਘਾ ਨਫਰਤ ਦੀ ਧੁੰਦ ਮਿਟਾਉਣ ਲਈ ਖੁੱਲ੍ਹਿਆ। ਕਰਤਾਰਪੁਰ ਸਾਹਿਬ ਪ੍ਰਤੀਕ ਹੈ, ਬਾਬੇ ਨਾਨਕ ਦੇ ਕਿਸਾਨੀ ਕਿਰਤੀ ਰੂਪ ਦਾ ਤੇ ਇਹ ਸਾਰੇ ਵੱਡੇ ਲੀਡਰ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਪ੍ਰਣ ਕਰਨ ਕਿ ਹਰ ਕਿਰਤੀ ਕਿਸਾਨ, ਜੋ ਕਰਜ਼ੇ ਦੀ ਮਾਰ 'ਚ ਬੁਰੀ ਤਰ੍ਹਾਂ ਫਸਿਆ ਪਿਆ, ਉਹਦੀ ਬਾਂਹ ਫੜਨੀ ਸਾਡਾ ਇਖਲਾਕੀ, ਧਾਰਮਿਕ ਤੇ ਇਨਸਾਨੀਅਤ ਫਰਜ਼ ਹੈ। ਨਿਰੇ ਸਿਰੋਪਾਓ ਪੁਆ ਕੇ ਤੇ ਨਗਰ ਕੀਰਤਨਾਂ ਮੋਹਰੇ ਫੁੱਲ ਸੁੱਟਣ ਨਾਲ ਬਾਬੇ ਨਾਨਕ ਦੇ ਦਰ ਦੀਆਂ ਬਖਸ਼ਿਸ਼ਾਂ ਦੀ ਆਸ ਨਾ ਰੱਖਣ। ਕਿਰਤੀ ਤੇ ਕਰਤਾਰ ਨੂੰ ਹਿਰਦੇ ਵਿਚ ਵਸਾਓ।

ਸਮੂਹ ਜਗਤ ਨੇ ਹੁਣ ਗੁਰੂ ਨਾਨਕ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਉਣਾ ਤਾਂ ਇਹ ਵੀ ਖਿਆਲ ਰੱਖਣਾ ਪੈਣਾ ਕਿ ਜੋ ਧੁੰਦ ਬਾਬੇ ਨਾਨਕ ਨੇ ਹਟਾਈ, ਉਹ ਕਿਤੇ ਮੁੜ ਤਾਂ ਨਹੀਂ ਪੈ ਰਹੀ? ਜੇ ਅੱਜ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਥਾਂ ਹੋਰ ਗ੍ਰੰਥਾਂ ਵਿਚੋਂ ਕਥਾਵਾਂ ਕੀਤੀਆਂ ਜਾਂਦੀਆਂ ਤਾਂ ਸਮਝ ਲਓ ਧੁੰਦ ਪੈਣੀ ਸ਼ੁਰੂ ਹੋ ਗਈ। ਜੇ ਕਿਸੇ ਹੋਰ ਮਨਮਤੀ ਗ੍ਰੰਥ ਨੂੰ ਪਾਲਕੀਆਂ ਵਿਚ ਸਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖ ਕੇ ਮੱਥੇ ਟਿਕਾਏ ਜਾਣ ਤਾਂ ਇਹ ਧੁੰਦ ਦੀ ਨਿਸ਼ਾਨੀ ਹੀ ਹੈ, ਆਹ ਜਿੰਨੇ ਵੀ ਗ੍ਰੰਥ ਮਸਲਨ ਦਸਮ ਗ੍ਰੰਥ, ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼, ਗੁਰ ਬਿਲਾਸ ਵਗੈਰਾ ਇਹ ਸਾਰੇ ਧੁੰਦ ਹੀ ਹਨ, ਲਿਸ਼ਕਦੇ ਚੋਲਿਆਂ ਵਾਲੇ, ਢੋਲਕੀਆਂ ਛੈਣਿਆਂ ਵਾਲੇ, ਅਖੰਡ ਪਾਠ ਕੋਤਰੀਆਂ ਦੀਆਂ ਲੜੀਆਂ ਵਾਲੇ, ਸੰਪਟ ਪਾਠਾਂ ਵਾਲੇ, ਮਿਸ਼ਰੀ ਲੈਚੀਆਂ ਦਾ ਪ੍ਰਸ਼ਾਦ ਦੇਣ ਵਾਲੇ, ਬ੍ਰਹਮ ਕਵਚ ਦਾ ਪਾਠ ਕਰਾਉਣ ਵਾਲੇ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਦਾ ਅੰਦਰੋਗਤੀ ਸਾਥ ਦੇਣ ਵਾਲੇ ਅਖੌਤੀ ਪੰਥਕ ਲੀਡਰ, ਗੁਰੂ ਦੀ ਗੋਲਕ ਨਾਲ ਭ੍ਰਿਸ਼ਟ ਹੋਏ ਸ਼੍ਰੋਮਣੀ ਕਮੇਟੀ ਦੇ ਮਸੰਦ, ਬਾਹਰਲੇ ਮੁਲਕਾਂ ਵਿਚਲੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਧੜੇਬੰਦੀਆਂ 'ਚ ਵੰਡਣ ਵਾਲੇ ਵੀ ਧੁੰਦ ਹੀ ਹਨ। ਇਨ੍ਹਾਂ ਧੁੰਦਾਂ ਤੋਂ ਛੁਟਕਾਰਾ ਇੱਕਲੇ ਨਗਰ ਕੀਰਤਨਾਂ ਤੇ ਪ੍ਰਭਾਤ ਫੇਰੀਆਂ ਅਤੇ ਨਿਰਾ 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਸ਼ਬਦ ਪੜ੍ਹ ਕੇ ਹੀ ਨਹੀਂ ਹੋਣਾ, ਸਗੋਂ ਇੱਕਠੇ ਹੋ ਕੇ ਤੇ ਹਉਮੈ ਤਿਆਗ ਕੇ ਨਾਨਕ ਜੋਤ ਦੀ ਲਹਿਰ ਬਣਿਆਂ ਇਹ ਅਜੋਕੀ ਧੁੰਦ ਮਿਟਣੀ ਆ!

# ਮਿਟੀ ਧੁੰਧੁ ਜਗਿ ਚਾਨਣੁ ਹੋਆ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਬਾਣੀ ਪੜ੍ਹਦੇ-ਸੁਣਦੇ ਅਕਸਰ ਸਾਡੇ ਕੰਨ ਵਿਚ ਪੈਂਦਾ ਕਿ ਇਸ ਸੰਸਾਰ ਵਿਚ ਚੁਫੇਰੇ ਘੋਰ ਅੰਧਕਾਰ ਪਸਰਿਆ ਹੋਇਆ ਹੈ। ਅਥਾਹ ਰੋਸ਼ਨੀ ਹੋਣ ਦੇ ਬਾਵਜੂਦ ਇਸ ਵਿਚ ਕਿਸੇ ਪਾਸੇ ਕੁਝ ਨਜ਼ਰ ਨਹੀਂ ਆਉਂਦਾ। ਅੱਜ ਤੀਕ ਜੋ ਵੀ ਧਰਮ ਹੋਂਦ ਵਿਚ ਆਏ, ਉਹ ਆਪਣੇ ਸ਼ਰਧਾਲੂਆਂ ਲਈ ਇਹੀ ਸੰਦੇਸ਼ ਦਿੰਦੇ ਆਏ ਕਿ ਉਨ੍ਹਾਂ ਲਈ ਇਹ ਜੀਵਨ ਨਰਕ ਹੈ। ਉਹ ਦੱਸਦੇ ਹਨ ਕਿ ਇਸ ਨਰਕ ਤੋਂ ਮੁਕਤੀ ਪ੍ਰਾਪਤ ਕਰਨਾ ਹੀ ਮਨੁੱਖ ਦਾ ਅੰਤਿਮ ਉਦੇਸ਼ ਹੈ। ਉਨ੍ਹਾਂ ਅਨੁਸਾਰ ਮਨੁੱਖ ਦਾ ਭਲਾ ਇਸੇ ਵਿਚ ਹੈ ਕਿ ਉਹ ਇਸ ਨਰਕ ਰੂਪੀ ਸੰਸਾਰ ਵਿਚ ਆਵਾਗਮਨ ਤੋਂ ਮੁਕਤੀ ਹਾਸਲ ਕਰੇ। ਇਸੇ ਲਈ ਸਭ ਧਰਮ ਆਪਣੇ ਆਪਣੇ ਨਿਯਮਾਂ ਅਨੁਸਾਰ ਪੂਜਾ ਪਾਠ ਸਮੇਤ ਮੁਕਤੀ ਦੇ ਕਈ ਉਪਾਅ ਦੱਸਦੇ ਹਨ।

ਪਰ ਕੀ ਇਹ ਜਗਤ ਸੱਚੀ ਮੁੱਚੀ ਇਕ ਨਰਕ ਹੈ? ਕੀ ਇਹ ਅਸਲ ਵਿਚ ਹੀ ਹਨੇਰੇ ਦਾ ਘਰ ਹੈ? ਚਾਨਣ ਤਾਂ ਇੱਥੇ ਬਹੁਤ ਹੈ, ਫਿਰ ਹਨੇਰਾ ਕਿਸ ਪ੍ਰਕਾਰ ਦਾ ਹੋਇਆ? ਇਹ ਚਾਨਣ ਤੇ ਮੁਕਤੀ ਦਾ ਕੀ ਸਬੰਧ ਹੋਇਆ? ਕੀ ਮੁਕਤ ਹੋਣ ਨਾਲ ਰੋਸ਼ਨੀ ਵਧ ਜਾਵੇਗੀ? ਆਖਰ ਇਹ ਹਨੇਰੇ ਤੇ ਚਾਨਣ ਦਾ ਇਸ਼ਾਰਾ ਕਿਸ ਪਾਸੇ ਹੈ? ਸਾਡੇ ਮਨ ਵਿਚ ਇਸ ਤਰ੍ਹਾਂ ਦੇ ਵੱਖ ਵੱਖ ਸਵਾਲ ਉਠਦੇ ਹਨ, ਪਰ ਇਨ੍ਹਾਂ ਦਾ ਹੱਲ ਕਦੇ ਕਿਸੇ ਨਹੀਂ ਦੱਸਿਆ।

ਇਹ ਪ੍ਰਸ਼ਨ ਗੁਰਬਾਣੀ ਵਿਚ ਵੀ ਕਈ ਵਾਰ ਆਇਆ ਹੈ, ਜਿੱਥੇ ਗੁਰੂ ਸਾਹਿਬਾਨ ਨੇ ਇਸ ਨੂੰ ਐਨਾ ਨਿਰਾਸ਼ਾਵਾਦੀ ਰੌਂ ਵਿਚ ਨਹੀਂ ਲਿਆ। ਆਸਾ ਦੀ ਵਾਰ ਵਿਚ ਗੁਰੂ ਅੰਗਦ ਫੁਰਮਾਉਂਦੇ ਹਨ, ਹਨੇਰਾ ਇੰਨਾ ਸੰਘਣਾ ਹੈ ਕਿ ਹਜ਼ਾਰਾਂ ਸੂਰਜ ਤੇ ਚੰਦਰਮਾ ਹੋਣ 'ਤੇ ਵੀ ਹਟਣ ਵਾਲਾ ਨਹੀਂ। ਉਨ੍ਹਾਂ ਅਨੁਸਾਰ ਸੰਸਾਰਕ ਹਨੇਰਾ ਤਾਂ 'ਗੁਰ' ਦੀ ਸਿੱਖਿਆ ਨਾਲ ਹੀ ਦੂਰ ਹੋ ਸਕਦਾ ਹੈ। ਇਸ ਤੁਕ ਤੋਂ ਇੰਨਾ ਪਤਾ ਲਗਦਾ ਹੈ ਕਿ ਸੰਸਾਰ ਵਿਚ ਸੂਰਜ ਤੇ ਚੰਦਰਮਾ ਦੀ ਅਥਾਹ ਰੋਸ਼ਨੀ ਪੈਂਦੀ ਹੈ, ਪਰ ਤਾਂ ਵੀ ਇੱਥੇ ਘੋਰ ਹਨੇਰਾ ਹੈ। ਪਰ ਇਹ ਗੱਲ ਫਿਰ ਵੀ ਸਪਸ਼ਟ ਨਹੀਂ ਹੁੰਦੀ ਕਿ ਇਸ ਵਿਚ ਐਸੀ ਕਿਹੜੀ ਚੀਜ਼ ਹੈ, ਜੋ ਸੂਰਜ ਦੇ ਚਾਨਣ ਵਿਚ ਵੀ ਨਹੀਂ ਦਿਸਦੀ ਤੇ 'ਗੁਰ' ਦੀ ਸਿਖਿਆ ਨਾਲ ਦਿੱਸਣ ਲਗਦੀ ਹੈ? ਪਤਾ ਇਹ ਵੀ ਨਹੀਂ ਲਗਦਾ ਕਿ ਇਹ ਹਨੇਰਾ ਦੂਰ ਕਰਨ ਵਾਲਾ 'ਗੁਰ' ਕੀ ਹੈ, ਜੋ ਸਭ ਕੁਝ ਸਾਫ ਦਿਸਣ ਦੀ ਆਸ ਬੰਨ੍ਹਾਉਂਦਾ ਹੈ!

ਭਾਈ ਗੁਰਦਾਸ ਨੇ ਲਿਖਿਆ ਹੈ, "ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧੁ ਜਗ ਚਾਨਣ ਹੋਆ।" ਉਨ੍ਹਾਂ ਦੀ ਇਸ ਤੁਕ ਤੋਂ ਜਾਪਦਾ ਹੈ ਕਿ ਗੁਰੂ ਨਾਨਕ ਦੇ ਆਉਣ ਨਾਲ ਇੰਨਾ ਚਾਨਣ ਹੋਇਆ ਕਿ ਜੱਗ ਦਾ ਹਨੇਰਾ ਦੂਰ ਹੋ ਗਿਆ। ਇਸ ਗੱਲ ਤੋਂ ਬਹੁਤ ਸਾਰੇ ਸ਼ਰਧਾਲੂਆਂ ਨੇ ਲੱਖਣ ਲਾਇਆ ਕਿ ਗੁਰੂ ਨਾਨਕ ਇੰਨੇ ਤੇਜੱਸਵੀ ਮਹਾਂਪੁਰਸ਼ ਸਨ, ਜਿਨ੍ਹਾਂ ਦੇ ਪੈਦਾ ਹੋਣ ਨਾਲ ਹੀ ਪ੍ਰਕਾਸ਼ ਹੋ ਗਿਆ। ਕਈ ਕਥਾਕਾਰ ਤਾਂ ਇੱਥੋਂ ਤੀਕ ਕਹਿ ਜਾਂਦੇ ਹਨ ਕਿ ਉਨ੍ਹਾਂ ਦੇ ਜਨਮ ਸਮੇਂ ਰਾਤ ਨੂੰ ਸੱਚ ਮੁੱਚ ਦਾ ਉਜਾਲਾ ਫੈਲ ਗਿਆ ਸੀ। ਖੈਰ, ਇਹ ਗੱਲ ਤਾਂ ਮੱਕਾ ਘੁਮਾਉਣ ਵਾਲੀ ਮਿੱਥ ਵਾਂਗ ਬਿਲਕੁਲ ਹੀ ਮਿਥਿਹਾਸ ਲਗਦੀ ਹੈ, ਪਰ ਬਹੁਤੇ ਸੰਜੀਦਾ ਸਿੱਖ ਵਿਦਵਾਨ ਤੇ ਗਿਆਨੀ ਵੀ ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਕਿ ਗੁਰੂ ਨਾਨਕ ਦੇ ਆਗਮਨ ਨਾਲ ਕਿਸ ਤਰ੍ਹਾਂ ਦੇ ਉਜਾਲੇ ਦਾ ਮੁੱਢ ਬੱਝਾ। ਜੇ ਪੁੱਛੋ ਤਾਂ ਕਹਿੰਦੇ ਹਨ, ਗੁਰੂ ਸਾਹਿਬ ਨੇ ਬਹੁਤ ਸਾਰੇ ਪਾਪੀਆਂ ਨੂੰ ਇਮਾਨਦਾਰੀ ਤੇ ਨੇਕ ਕਮਾਈ ਦੀ ਸਿੱਖਿਆ ਦੇ ਕੇ ਚੰਗੇ ਰਾਹ ਪਾਇਆ। ਜੇ ਉਨ੍ਹਾਂ ਨੂੰ ਹੋਰ ਜਾਣਕਾਰੀ ਦੇਣ ਲਈ ਆਖੋ ਤਾਂ ਕਹਿਣਗੇ ਕਿ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਪੁਰਾਣੇ ਨਿਰਾਰਥਕ ਰੀਤੀ ਰਿਵਾਜਾਂ ਨਾਲੋਂ ਤੋੜਿਆ ਤੇ ਇਮਾਨਦਾਰੀ ਵਾਲਾ ਜੀਵਨ ਬਤੀਤ ਕਰਨ ਦੀ ਮੱਤ ਦਿੱਤੀ। ਇੱਦਾਂ ਦੀਆਂ ਸਹੀ ਮੱਤਾਂ ਤਾਂ ਮਹਾਤਮਾ ਬੁੱਧ ਸਮੇਤ ਕਈ ਹੋਰ ਭਾਰਤੀ ਮਹਾਂਪੁਰਸ਼ਾਂ ਨੇ ਪਹਿਲਾਂ ਕਈ ਵਾਰ ਦਿੱਤੀਆਂ ਸਨ। ਫਿਰ ਗੁਰੂ ਨਾਨਕ ਨੇ ਅਜਿਹੀ ਕਿਹੜੀ ਨਿਵੇਕਲੀ ਮੱਤ ਦਿੱਤੀ, ਜਿਸ ਨਾਲ ਅੰਧਕਾਰਮਈ ਮੱਧਕਾਲੀ ਸਮਾਜ ਵਿਚ ਚਾਨਣ ਦਾ ਪ੍ਰਕਾਸ਼ ਹੋਇਆ?

ਇਹ ਪ੍ਰਸ਼ਨ ਸਿੱਖ ਮੱਤ ਦਾ ਬੁਨਿਆਦੀ ਨੁਕਤਾ ਹੈ। ਇਹ ਨੁਕਤਾ ਇਸ ਨੂੰ ਦੂਜੇ ਸਭ ਧਰਮਾਂ, ਮੱਤਾਂ ਤੇ ਵਿਚਾਰਧਾਰਾਵਾਂ ਤੋਂ ਵੱਖ ਕਰਦਾ ਹੈ। ਜੋ ਇਸ ਨੁਕਤੇ ਨੂੰ ਸਮਝ ਗਏ, ਉਹ ਸਿੱਖ ਹਨ ਤੇ ਜੋ ਨਹੀਂ ਸਮਝੇ ਉਹ ਸਿਧਾਂਤਕ ਤੌਰ 'ਤੇ ਸਿੱਖ ਨਹੀਂ ਹਨ, ਭਾਵੇਂ ਉਹ ਬਾਹਰੀ ਤੌਰ ਤੇ 'ਸਿੱਖ' ਅਖਵਾਉਂਦੇ ਹੋਣ ਜਾਂ 'ਸਿੱਖ ਧਰਮ' ਪ੍ਰਤੀ ਭਰਪੂਰ ਸ਼ਰਧਾ ਵੀ ਰੱਖਦੇ ਹੋਣ। ਗੱਲ ਇਕ ਖਾਸ ਕਿਸਮ ਦੇ ਬਾਣੇ ਤੇ ਇਕ ਦ੍ਰਿੜ ਵਿਸ਼ਵਾਸ ਦੀ ਨਹੀਂ ਹੈ, ਸਗੋਂ ਗੱਲ ਮਨੁੱਖੀ ਬੁੱਧੀ ਨੂੰ ਗੁਰੂ ਨਾਨਕ ਦੀ ਮੱਤ ਅਨੁਸਾਰ ਢਾਲਣ ਤੇ ਵਰਤਣ ਦੀ ਹੈ। ਗੁਰੂ ਸਾਹਿਬ ਨੇ ਆਪ ਲਿਖਿਆ ਹੈ ਕਿ ਜੇ ਹਿਰਦਾ ਕਸੁੱਧਾ ਹੋਵੇ ਭਾਵ ਮਨ ਹੀ ਲੀਹ 'ਤੇ ਨਾ ਹੋਵੇ ਤਾਂ ਬਾਹਰੀ ਭੇਖ ਤੇ ਵਿਹਾਰ ਕੋਈ ਅਰਥ ਨਹੀਂ ਰੱਖਦੇ।

ਪਰ ਤ੍ਰਾਸਦੀ ਇਹ ਹੈ ਕਿ ਕੋਈ ਸਿੱਖ ਵਿਦਵਾਨ ਜਾਂ ਪ੍ਰਚਾਰਕ ਨਹੀਂ ਦੱਸਦਾ ਕਿ ਸਿੱਖੀ ਦੀ ਇਹ ਚਾਨਣਮਈ ਲੀਹ ਕੀ ਹੈ, ਜੋ ਗੁਰੂ ਸਾਹਿਬ ਨੇ ਸਿੱਖਾਂ ਨੂੰ ਦੱਸੀ। ਜੇ ਵਿਦਵਾਨਾਂ ਨੂੰ ਪਤਾ ਹੁੰਦਾ ਤੇ ਉਨ੍ਹਾਂ ਨੇ ਸ਼ਰਧਾਲੂਆਂ ਨੂੰ ਦੱਸਿਆ ਹੁੰਦਾ ਤਾਂ ਅਜੋਕੇ ਸਿੱਖ ਸਿੱਖ-ਮੱਤ ਨੂੰ ਸਿੱਖ ਧਰਮ ਨਾ ਕਹਿੰਦੇ। ਧਰਮ ਕੋਈ ਵੀ ਹੋਵੇ, ਬੁੱਧੀ ਨੂੰ ਸੁੰਗੇੜ ਦਿੰਦਾ ਹੈ ਤੇ ਨਾਕਾਮ ਕਰ ਦਿੰਦਾ ਹੈ। ਧਰਮ ਨਾਲ ਪਰੰਪਰਾਵਾਂ, ਕਰਮ-ਕਾਂਡ ਤੇ ਕੁਰੀਤੀਆਂ ਜੁੜ ਜਾਂਦੀਆਂ ਹਨ। ਧਰਮ 'ਤੇ ਹਾਵੀ ਲੋਕਾਂ ਦਾ ਕਬਜ਼ਾ ਹੋ ਜਾਂਦਾ ਹੈ, ਜੋ ਇਸ ਨੂੰ ਆਪਣੇ ਅਨੁਸਾਰ ਚਲਾਉਂਦੇ ਹਨ। ਧਰਮ ਹੌਲੀ ਹੌਲੀ ਵਿਖਾਵੇ, ਪਖੰਡ ਤੇ ਸ਼ੋਸ਼ਣ ਦਾ ਕੇਂਦਰ ਬਣ ਜਾਂਦੇ ਹਨ। ਧਰਮ ਅਸਥਾਨ ਲੋਟੂ ਵਰਗ ਰਾਹੀਂ ਮਾਇਆ, ਵਸਤਰ, ਸੋਨਾ, ਚਾਂਦੀ ਤੇ ਹੀਰੇ ਜਵਾਹਰਾਤ ਇਕੱਤਰ ਕਰਨ ਦਾ ਜ਼ਰੀਆ ਬਣ ਜਾਂਦੇ ਹਨ। ਲੋਟੂ ਜਮਾਤਾਂ ਇਸ ਜਮਾਂ-ਪੂੰਜੀ ਨੂੰ ਹਜ਼ਮ ਕਰਨ ਲਈ ਸ਼ੋਸ਼ਤ ਵਰਗ ਨੂੰ ਅਗਿਆਨ ਵਿਚ ਪਾ ਕੇ ਸਹੀ ਸਿਧਾਂਤਾਂ ਤੋਂ ਦੂਰ ਰਖਦੇ ਹਨ। ਉਹ ਧਰਮ ਅਸਥਾਨਾਂ ਨੂੰ ਕਬਜ਼ੇ ਵਿਚ ਕਰਕੇ ਆਪਣੇ ਕੰਮ ਦੇ ਪ੍ਰਸਾਰ ਲਈ ਹੋਰ ਨਵੇਂ ਧਰਮ ਅਸਥਾਨ ਬਣਾਉਂਦੇ ਹਨ। ਪ੍ਰਚਾਰ ਦੇ ਨਾਂ 'ਤੇ ਦੁਕਾਨਦਾਰੀਆਂ ਕਾਇਮ ਕਰਦੇ ਹਨ ਤੇ ਸ਼ਰਧਾਲੂਆਂ ਨੂੰ ਗਿਆਨ ਤੋਂ ਦੂਰ ਰੱਖ ਕੇ ਮਾਇਆ ਬਟੋਰਦੇ ਹਨ। ਉਹ ਉਨ੍ਹਾਂ ਦੀ ਅੰਨ੍ਹੀ ਸ਼ਰਧਾ ਨੂੰ ਵੋਟ ਬੈਂਕਾਂ ਵਿਚ ਬਦਲ ਕੇ ਸਿਆਸੀ ਲਾਹਾ ਲੈਂਦੇ ਹਨ। ਧਰਮ ਨਾਲ ਜੁੜ ਕੇ ਸ਼ਰਧਾਲੂ ਤਰਕ ਤੇ ਵਿਵੇਕ ਤੋਂ ਟੁੱਟ ਜਾਂਦੇ ਹਨ, ਅੰਧਵਿਸ਼ਵਾਸ ਕਾਰਨ ਗਿਆਨ ਤੇ ਵਿਗਿਆਨ ਵਿਚ ਪੱਛੜ ਜਾਂਦੇ ਹਨ। ਉਹ ਕਿਸੇ ਵੀ ਸਵਾਲ ਦਾ ਕੋਈ ਤਰਕ-ਪੂਰਨ ਜਵਾਬ ਨਹੀਂ ਦੇ ਸਕਦੇ। ਉਨ੍ਹਾਂ ਦੇ ਹਰ ਜਵਾਬ ਦਾ ਤੋੜਾ ਰੱਬ ਦੀ ਮਰਜ਼ੀ ਤੋਂ ਸ਼ੁਰੂ ਹੋ ਕੇ ਰੱਬ ਦੀ ਮਰਜ਼ੀ 'ਤੇ ਹੀ ਟੁੱਟ ਜਾਂਦਾ ਹੈ। ਦੱਬੀ ਸੋਝੀ ਕਾਰਨ ਉਨ੍ਹਾਂ ਵਿਚ ਗੁਰੂ ਨਾਨਕ ਜਿਹੀ ਮੌਲਿਕ ਸੋਚ ਤੇ ਪ੍ਰਤਿਭਾ ਪੈਦਾ ਨਹੀਂ ਹੋ ਸਕਦੀ।

ਜੇ ਅਜੋਕੇ ਸਿੱਖਾਂ ਦੇ ਮਨਾਂ ਦੀ 'ਧੁੰਧ' ਨਾਨਕੀ ਗਿਆਨ ਨੇ ਮਿਟਾਈ ਹੁੰਦੀ ਤਾਂ ਉਹ ਗੁਰੂ ਦੀ ਦੇਹ ਨਾਲ ਨਾ ਜੁੜਦੇ, ਸਗੋਂ ਗੁਰੂ ਦੇ ਸ਼ਬਦ ਨਾਲ ਜੁੜਦੇ। ਫਿਰ ਕਿਸੇ ਨੂੰ 'ਗੁਰੂ ਮਾਨਿਓ ਗ੍ਰੰਥ' ਦਾ ਹੁਕਮ ਦੇਣ ਦੀ ਲੋੜ ਨਾ ਪੈਂਦੀ ਕਿ ਗਿਆਨਵਾਨ ਪੁਰਸ਼ ਲਈ ਤਾਂ ਇਸ ਤੋਂ ਅੱਗੇ ਮੰਨਣ ਲਈ ਕੁਝ ਰਹਿ ਹੀ ਨਹੀਂ ਜਾਂਦਾ। ਉਹ ਆਪਣੀ ਅਗਵਾਈ ਲਈ ਸੁਭਾਵਕ ਹੀ 'ਖੋਜ ਸ਼ਬਦ ਮਹਿ ਲੇਹ' ਉਤੇ ਅਮਲ ਕਰਦੇ। ਫਿਰ ਅਜੋਕੇ ਸਿੱਖ ਗੁਰਦੁਆਰਿਆਂ ਵਿਚ ਗ੍ਰੰਥ ਸਾਹਿਬ ਨੂੰ ਗੁਰਾਂ ਦੀ ਪਰਗਟ ਦੇਹ ਸਮਝ ਕੇ ਮੰਜੀਆਂ ਜਾਂ ਪੀੜ੍ਹੀਆਂ ਦੇ ਪਾਵੇ ਨਾ ਘੁੱਟਦੇ ਤੇ ਨਾ ਹੀ ਇਸ ਨੂੰ ਰੁਮਾਲੇ ਪਾ ਕੇ ਸਵਾਉਂਦੇ, ਵੱਖਰਾ ਕਮਰਾ ਦੇ ਕੇ ਗਰਮੀਆਂ ਵਿਚ ਪੱਖਾ ਤੇ ਸਰਦੀਆਂ ਵਿਚ ਹੀਟਰ ਵੀ ਨਾ ਲਾਉਂਦੇ। ਨਾ ਉਹ ਇਸ ਨੂੰ ਚੌਰ ਝੱਲ ਕੇ ਭੋਗ ਲਵਾਉਂਦੇ ਤੇ ਨਾ ਹੀ ਹੁਕਮਨਾਮਾ ਲੈ ਕੇ ਲੋਕਾਂ ਵਿਚ ਇਹ ਭਰਮ ਫੈਲਾਉਂਦੇ ਕਿ ਸਾਰੀ ਕਾਇਨਾਤ ਕੇਵਲ ਸਵੇਰ ਦੇ ਵਾਕ ਦੁਆਲੇ ਹੀ ਘੁੰਮਦੀ ਹੈ ਤੇ ਸਵੇਰ ਦਾ ਵਾਕ ਹੀ ਦਿਨ ਭਰ ਦਾ ਪੂਰਾ ਗ੍ਰੰਥ ਸਾਹਿਬ ਹੁੰਦਾ ਹੈ।

ਜੇ ਸਿੱਖ ਵਿਦਵਾਨਾਂ ਨੇ ਗੁਰੂ ਸਾਹਿਬ ਦੇ ਗਿਆਨ ਦੀ ਸਹੀ ਭਾਲ ਕੀਤੀ ਹੁੰਦੀ ਤਾਂ ਗੁਰਦੁਆਰੇ ਵੀ ਗਿਆਨ ਦੀ ਛਿੱਟ ਦਿੰਦੀਆਂ ਲਾਇਬ੍ਰੇਰੀਆਂ ਦਾ ਰੂਪ ਹੁੰਦੇ, ਜਿਥੇ ਗੁਰੂ ਗ੍ਰੰਥ ਸਾਹਿਬ ਸਮੇਤ ਕੁਦਰਤ ਤੇ ਕਰਤੇ ਸਬੰਧੀ ਸਾਰਾ ਸਾਹਿਤ ਸਭ ਨੂੰ ਖੁਲ੍ਹਾ ਉਪਲਭਦ ਹੁੰਦਾ। ਉਥੇ ਕਈ ਕਈ ਸੈਮੀਨਾਰ ਰੂਮ ਹੁੰਦੇ, ਜਿੱਥੇ ਸਾਧਾਂ ਦੇ ਦੀਵਾਨਾਂ ਦੀ ਥਾਂ ਕੁਦਰਤ ਦੇ ਵਿਖਮ ਵਿਸ਼ਿਆਂ 'ਤੇ ਵਿਦਵਾਨਾਂ ਦੇ ਵਿਚਾਰ ਵਟਾਂਦਰੇ ਹੁੰਦੇ। ਗਿਆਨ ਗੋਸ਼ਟੀਆਂ ਦੇ ਉਚੇ ਤੇ ਮਿਆਰੀ ਨਿਯਮ ਹੁੰਦੇ, ਜੋ ਹੁੱਲੜਬਾਜੀ ਨੂੰ ਠੱਲ੍ਹ ਪਾ ਕੇ ਹਰ ਗਿਆਨੀ ਨੂੰ ਵਿਚਾਰ ਸਾਂਝੇ ਕਰਨ ਦਾ ਪੂਰ ਪੂਰਾ ਮੌਕਾ ਦਿੰਦੇ। ਇਕੱਤਰ ਗਿਆਨੀਆਂ ਲਈ ਨਿਰੰਤਰ ਲੰਗਰ ਵੀ ਵਰਤਦਾ ਤਾਂ ਜੋ ਉਹ ਗਿਆਨ ਧਿਆਨ ਦੇ ਨਾਲ ਨਾਲ ਭੁੱਖ-ਨਿਵਾਰਨ ਵੀ ਕਰਦੇ ਰਹਿੰਦੇ। ਇਸ ਦੇ ਨਾਲ ਹੀ ਗੁਰਦੁਆਰਿਆਂ ਵਿਚ ਪ੍ਰਯੋਗਸ਼ਾਲਾਵਾਂ ਤੇ ਆਬਜ਼ਰਵੇਟਰੀਆਂ ਹੁੰਦੀਆਂ, ਜਿਥੇ ਉਘੇ ਭੂ-ਵਿਗਿਆਨੀ ਅਤੇ ਖਗੋਲ-ਸਾਸ਼ਤਰੀ ਪ੍ਰੀਖਣ ਕਰਦੇ ਤੇ ਆਪਣੇ ਸਿੱਟੇ ਸਾਂਝੇ ਕਰਦੇ। ਫਿਰ ਉਹ ਗੁਰੂ ਸਾਹਿਬ ਦੇ 'ਸੋ ਦਰ ਕੇਹਾ ਸੋ ਘਰ ਕੇਹਾ' ਵਾਲੇ ਪ੍ਰਸ਼ਨ ਦਾ ਉਤਰ ਖੋਜਦੇ, ਦੱਸਦੇ ਕਿ ਸ੍ਰਿਸ਼ਟੀ ਦੇ

*(ਬਾਕੀ ਸਫਾ 24 'ਤੇ)*

# ਨਾਨਕੁ ਸਾਇਰ ਏਵ ਕਹਤੁ ਹੈ

ਸ੍ਰੀ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਸਿੱਖ ਜਗਤ ਵਲੋਂ ਪਿਛਲੇ ਸਾਲ ਨਵੰਬਰ ਤੋਂ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਨਵੰਬਰ 2019 ਤਕ ਇਹ ਸਿਲਸਿਲਾ ਚੱਲਦਾ ਰਹਿਣਾ ਹੈ। ਹਰ ਮੁਲਕ 'ਚ ਵਸਦੀ ਨਾਨਕ ਨਾਮ ਲੇਵਾ ਸੰਗਤਾਂ ਲਈ ਇਹ ਸਾਲ ਗੁਰੂ ਨਾਨਕ ਸਾਹਿਬ ਦੇ ਜੀਵਨ ਨੂੰ ਸਮਰਪਿਤ ਹੈ। ਧਾਰਮਿਕ ਜਥੇਬੰਦੀਆਂ ਅਤੇ ਸਰਕਾਰਾਂ ਵੀ ਇਹ ਪੁਰਬ ਆਪਣੇ ਆਪਣੇ ਢੰਗ ਨਾਲ ਮਨਾ ਰਹੀਆਂ ਹਨ।

ਸ਼੍ਰੋਮਣੀ ਕਮੇਟੀ, ਜੋ ਸਿੱਖਾਂ ਦੀ ਮੁਖ ਧਾਰਮਿਕ ਜਮਾਤ ਕਹਾਉਂਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ, ਜੋ ਸਿਆਸੀ ਪਾਰਟੀ ਹੈ, ਇਨ੍ਹਾਂ ਸਮਾਗਮਾਂ ਨੂੰ ਆਪਣੇ ਮੁਫਾਦ ਲਈ ਵਰਤਣ ਤੋਂ ਗੁਰੇਜ ਨਹੀਂ ਕਰਨਗੀਆਂ ਤੇ ਆਪਣੀਆਂ ਹਿਲੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਪੂਰੀ ਤਾਕਤ ਵੀ ਲਾ ਦੇਣਗੀਆਂ। ਕੁਰਸੀਆਂ ਅਤੇ ਗੋਲਕਾਂ 'ਤੇ ਰਾਜ ਕਰਨ ਵਾਲੇ ਲੋਕ ਵੀ



ਪੱਬਾਂ ਭਾਰ ਹੋ ਕੇ ਧਰਮੀ ਹੋਣ ਦੇ ਦਾਅਵੇ ਕਰਨਗੇ ਪਰ ਅੰਦਰਲੀ ਸ਼ਰਧਾ ਅਤੇ ਚਾਓ ਤੋਂ ਇਹ ਲੋਕ ਕੋਹਾਂ ਦੂਰ ਹੋਣਗੇ। ਸ਼ਰਧਾ ਅਤੇ ਚਾਓ ਤਾਂ ਸਿਰਫ ਧੁਰ ਅੰਦਰੋਂ ਗੁਰੂ ਨਾਲ ਜੁੜੀਆਂ ਹੋਈਆਂ ਸੰਗਤਾਂ ਦੇ ਚਿਹਰਿਆਂ ਤੋਂ ਹੀ ਦੇਖਣ ਨੂੰ ਮਿਲੇਗਾ।

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਗੁਰੂ ਨਾਨਕ ਦੇਵ ਜੀ ਦਾ ਪਾਵਨ ਜਨਮ ਅਸਥਾਨ ਰਾਇ ਭੋਇੰ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ), ਪੰਜਾ ਸਾਹਿਬ ਅਤੇ ਸੰਸਾਰਕ ਜੀਵਨ ਯਾਤਰਾ ਤੋਂ ਰੁਖਸਤ ਹੋਣ ਵਾਲਾ ਅਸਥਾਨ ਕਰਤਾਰਪੁਰ ਹੁਣ ਪਾਕਿਸਤਾਨ ਵਿਚ ਹਨ। ਪਿਛਲੇ ਸੱਤ ਦਹਾਕੇ ਤੋਂ ਸਿੱਖ ਜਗਤ ਅਰਦਾਸ ਕਰ ਰਿਹਾ ਹੈ ਕਿ ਹੇ ਸਤਿਗੁਰੂ ਜੀ! ਵਿਛੜੇ ਹੋਏ ਧਾਰਮਿਕ ਅਸਥਾਨਾਂ ਦੇ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਤੇ ਦੀਦਾਰ ਬਖਸ਼ੋ। ਗੁਰਬਾਣੀ ਦਾ ਫਰਮਾਨ ਹੈ, "ਬਿਰਥੀ ਕਦੀ ਨ ਹੋਵਈ ਜਨ ਕੀ ਅਰਦਾਸਿ॥"

ਇਸ ਪਾਵਨ ਪੁਰਬ ਮੌਕੇ ਕਰਤਾਰਪੁਰ ਦੇ ਦਰਸ਼ਨਾਂ ਲਈ ਲਾਂਘਾ ਬਣਾਉਣ ਵਾਸਤੇ ਪਹਿਲ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਵੱਡੀ ਫਰਾਖਦਿਲੀ ਦਾ ਸਬੂਤ ਦਿਤਾ, ਪਰ ਪਿਛਲੇ ਸਮੇਂ 'ਚ ਦੋਹਾਂ ਦੇਸ਼ਾਂ ਵਿਚਾਲੇ ਪੈਦਾ ਹੋਏ ਤਣਾਅ ਨੇ ਕਈ ਖਦਸ਼ੇ ਖੜ੍ਹੇ ਕਰ ਦਿੱਤੇ ਹਨ। ਬੇਵਸੀ ਨਾਲ ਹੀ ਸਹੀ, ਭਾਰਤ ਸਰਕਾਰ ਵੀ ਇਸ ਕੰਮ 'ਚ ਸਹਿਯੋਗ ਦੇ ਰਹੀ ਹੈ।

ਗੁਰੂ ਨਾਨਕ ਦੇਵ ਜੀ ਦੀ ਆਪਣੀ ਉਚਾਰੀ ਬਾਣੀ ਜਿਸ ਤਰ੍ਹਾਂ ਦਾ ਜੀਵਨ ਜਿਉਣ ਲਈ ਸਾਨੂੰ ਸੰਦੇਸ਼ ਦਿੰਦੀ ਹੈ, ਕੀ ਅਸੀਂ ਉਸ ਉਤੇ ਅਮਲ ਕਰ ਰਹੇ ਹਾਂ ਜਾਂ ਕਰਦੇ ਹਾਂ? ਆਓ, ਕੁਝ ਵਿਚਾਰ ਕਰੀਏ, ਨਾਨਕੁ ਸਾਇਰੁ ਏਵ ਕਹਤੁ ਹੈ।

ਨਿਕੜੇ ਨਾਨਕ ਨੇ ਸੰਸਾਰ ਦੇ ਜੀਵਾਂ ਨੂੰ ਸਹੀ ਮਾਰਗ ਦੇ ਪਾਂਧੀ ਬਣਾਉਣਾ ਸੀ, ਇਸ ਲਈ ਉਸ ਦੀ ਰੂਪ ਰੇਖਾ ਵੀ ਘੜੀ ਜਾ ਰਹੀ ਸੀ, ਪਰ ਮਾਤਾ-ਪਿਤਾ ਨੇ ਸੋਚਿਆ, ਨਾਨਕ ਹਾਣੀ ਬੱਚਿਆਂ ਨਾਲ ਖੇਡਦਾ ਨਹੀਂ, ਨਾ ਹੀ ਚੱਜ ਨਾਲ ਖਾਂਦਾ ਪੀਂਦਾ ਹੈ। ਵੈਦ ਬੁਲਾ ਲਿਆ। ਵੈਦ ਨੇ ਬਾਂਹ ਫੜ ਬਿਮਾਰੀ ਦਾ ਪਤਾ ਲਾਉਣਾ ਚਾਹਿਆ ਤਾਂ ਨਾਨਕ ਆਖਿਆ,
"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥"

ਜਦ ਮੱਝਾਂ ਚਰਾਉਣ ਗਏ ਤਾਂ ਖੇਸੀ ਤਾਣ ਕੇ ਪੈ ਗਏ। ਮੱਝਾਂ ਨੇ ਜ਼ਿਮੀਂਦਾਰ ਦੀ ਖੇਤੀ ਉਜਾੜ ਛੱਡੀ। ਗੱਲ ਰਾਇ ਬੁਲਾਰ ਕੋਲ ਪਹੁੰਚੀ ਤਾਂ ਨਾਨਕ ਆਖਿਆ-ਖੇਤੀ ਤਾਂ ਹਰੀ ਭਰੀ ਹੈ, ਇਹ ਦੇਖ ਕੇ ਰਾਇ ਬੁਲਾਰ ਬਾਬੇ ਦਾ ਮੁਰੀਦ ਹੋਇਆ।

ਉਪਰੰਤ ਪਿਤਾ ਕਾਲੂ ਜੀ ਨੇ ਵੀਹ ਰੁਪਏ ਦੇ ਕੇ ਵਣਜ ਲਈ ਆਖਿਆ ਅਤੇ ਨਾਲ ਭਾਈ ਬਾਲੇ ਨੂੰ ਤੋਰਿਆ ਕਿ ਨਾਨਕ ਖਰਾ ਸੌਦਾ ਕਰਕੇ ਘਰ ਨੂੰ ਆਵੇ, ਕਿਤੇ ਕੋਈ ਗਲਤੀ ਨਾ ਕਰ ਬੈਠੇ। ਉਮਰ ਜੋ ਅਜੇ ਅੰਞਾਣੀ ਸੀ, ਪਰ ਗੁਰੂ ਬਾਬੇ ਨੇ ਉਹ ਖਰਾ ਸੌਦਾ ਕਰ ਦਿਖਾਇਆ, ਜੋ ਬਾ-ਕਮਾਲ ਸੀ। ਸੰਸਾਰ ਨੂੰ ਸੁਨੇਹਾ ਦਿੱਤਾ ਕਿ ਭੁੱਖੇ ਨੂੰ ਰੋਟੀ ਖੁਆਉਣ ਨਾਲੋਂ ਹੋਰ ਕੋਈ ਖਰਾ ਸੌਦਾ ਹੋ ਹੀ ਨਹੀਂ ਸਕਦਾ। ਸੋ ਬਾਬੇ ਨੇ ਵੀਹ ਰੁਪਈਆਂ ਦੀ ਰਸਦ ਦਾ ਲੰਗਰ ਜੋ ਉਸ ਵੇਲੇ ਸੰਤ ਮੰਡਲ ਨੂੰ ਛਕਾਇਆ, ਉਹ ਅਜੇ ਤਕ ਵੀ ਚੱਲ ਰਿਹਾ ਹੈ। ਜਦ ਤਕ ਇਹ ਸੰਸਾਰ ਰਹੇਗਾ, ਲੰਗਰ ਚੱਲਦਾ ਰਹੇਗਾ। ਇਹ ਖਰਾ ਸੌਦਾ ਹੋਇਆ ਦੇਖ ਪਿਤਾ ਕਾਲੂ ਜੀ ਨੇ ਧੀ ਨਾਨਕੀ ਨੂੰ ਆਖਿਆ ਕਿ ਨਾਨਕ ਦਾ ਚਿੱਤ ਕਿਸੇ ਕੰਮ ਵਿਚ ਨਹੀਂ ਲੱਗਦਾ ਤਾਂ ਭੈਣ ਨਾਨਕੀ ਤੇ ਭਾਈਆ ਜੈ ਰਾਮ ਨੇ ਆਖਿਆ, ਨਾਨਕ ਹੁਣ ਸਾਡੇ ਕੋਲ ਸੁਲਤਾਨਪੁਰ ਰਹੇਗਾ।

ਸੋ ਸੁਲਤਾਨਪੁਰ ਵਿਚ ਬਾਬੇ ਨਾਨਕ ਨੇ ਮੋਦੀਖਾਨੇ ਅੰਦਰ ਬੈਠ ਖੂਬ ਤੇਰਾ ਤੇਰਾ ਤੋਲਿਆ। ਜਿਥੇ ਉਨ੍ਹਾਂ ਢਿੱਡੋਂ ਭੁੱਖੇ ਗਰੀਬਾਂ ਨੂੰ ਰਸਦਾਂ ਵੰਡੀਆਂ, ਉਥੇ ਤੇਰਾ ਤੇਰਾ ਦਾ ਉਪਦੇਸ਼ ਕਰਕੇ ਮਾਲਕ ਦੀ ਮਹਿਮਾ ਵੀ ਕੀਤੀ। ਬਾਬੇ ਨਾਨਕ ਨੇ ਗ੍ਰਿਹਿਸਥ ਧਰਮ ਦਾ ਸਤਿਕਾਰ ਕੀਤਾ ਅਤੇ ਪਰਿਵਾਰਕ ਜੀਵਨ ਵਿਚ ਰਹਿੰਦਿਆਂ ਵੀ ਚਾਰ ਉਦਾਸੀਆਂ ਕਰਕੇ ਪਰਮਾਤਮਾ ਨਾਲੋਂ ਟੁੱਟੀ ਹੋਈ ਮਨੁੱਖਤਾ ਨੂੰ ਸਹੀ ਜੀਵਨ ਜਿਉਣ ਦਾ ਰਾਹ ਦਰਸਾਇਆ। ਉਨ੍ਹਾਂ ਨੇ ਪੰਡਿਤਾਂ, ਕਾਜ਼ੀਆਂ, ਮੁਲਾਣਿਆਂ ਤੇ ਸਿੱਧਾਂ ਨਾਲ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਨੂੰ ਵੀ ਸੱਚਾਈ ਦਾ ਮਾਰਗ ਦੱਸਿਆ,
"ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥"

ਉਦਾਸੀਆਂ ਪਿਛੋਂ ਬਾਬੇ ਨਾਨਕ ਨੇ ਆਣ ਕਰਤਾਰਪੁਰ ਵਸਾਇਆ ਅਤੇ ਪਤਨੀ ਬੀਬੀ ਸੁਲੱਖਣੀ ਤੇ ਦੋਵੇਂ ਪੁੱਤਰ ਵੀ ਕੋਲੇ ਬੁਲਾ ਲਏ। ਗੁਰੂ ਨਾਨਕ ਪਾਤਸ਼ਾਹ ਨੇ ਇਥੇ ਆਪ ਖੇਤੀ ਕਰਕੇ ਗ੍ਰਿਹਿਸਥ ਜੀਵਨ ਨੂੰ ਹੋਰ ਉਚਾਈਆਂ ਦਿਤੀਆਂ ਅਤੇ ਹੱਥੀਂ ਕਿਰਤ ਕਰਨ ਦਾ ਉਤਮ ਉਪਦੇਸ਼ ਵੀ ਦਿਤਾ। ਕਰਤਾਰਪੁਰ ਸਾਹਿਬ ਵਿਚ ਬਾਬਾ ਜੀ ਨੇ ਜੀਵਨ ਦੇ ਪਿਛਲੇਰੇ ਸਮੇਂ ਦੇ ਅਠਾਰਾਂ ਸਾਲ ਜਾਂ ਕੁਝ ਹੋਰ ਸਮਾਂ ਪਰਿਵਾਰ ਵਿਚ ਰਹਿ ਕੇ ਹੀ ਬਤੀਤ ਕੀਤਾ। ਇਥੇ ਹੀ ਉਨ੍ਹਾਂ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾਇਆ ਅਤੇ ਗੁਰਗੱਦੀ ਸੌਂਪੀ।

ਨਾਨਕੁ ਸਾਇਰੁ ਏਵ ਕਹਤੁ ਹੈ
ਸਚੇ ਪਰਵਦਗਾਰਾ॥

ਕਿਰਤ ਕਰਨ ਦੇ ਨਾਲ ਨਾਲ ਸਤਿਗੁਰਾਂ ਨੇ ਆਤਮਿਕ ਬੁਲੰਦੀਆਂ 'ਤੇ ਵਿਚਰਨ ਅਤੇ ਸਾਦਗੀ ਭਰੇ ਜੀਵਨ ਲਈ ਵੀ ਆਖਿਆ,
ਮਨੁ ਹਾਲੀ ਕਿਰਸਾਣੀ ਕਰਣੀ
ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥

ਵਿਰਲੇ ਰਹਿ ਕੇ ਜਾਂ ਮੰਗ ਕੇ ਖਾਣ ਵਾਲਿਆਂ ਨੂੰ ਵੀ ਸਮਝਾਇਆ,
ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਹੇ ਭਾਈ! ਕਿਰਤ ਕਰੋ ਅਤੇ ਵੰਡ ਕੇ ਛਕੋ,
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਧਰਮਾਂ ਦੇ ਕੱਟੜ ਆਗੂਆਂ ਅਤੇ ਠੇਕੇਦਾਰਾਂ ਨੂੰ ਲਲਕਾਰਿਆ,
ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥
ਇਥੇ ਹੀ ਬਸ ਨਹੀਂ, ਉਨ੍ਹਾਂ ਨਕਲੀ, ਦੰਭੀਆਂ ਅਤੇ ਪਖੰਡੀਆਂ ਦੇ ਪਾਜ ਖੋਲ੍ਹਦਿਆਂ ਕਿਹਾ,
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥
ਉਸ ਕਰਤਾ ਪੁਰਖ ਦੀ ਸਿਫਤਿ ਸਾਲਾਹ ਵਿਚ ਇਕਮਿਕ ਹੁੰਦਿਆਂ ਬਾਬੇ ਕਿਹਾ,
ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥
---
ਸੁਣਿ ਵਡਾ ਆਖੈ ਸਭ ਕੋਇ॥
ਕੇਵਡੁ ਵਡਾ ਡੀਠਾ ਹੋਇ॥

ਨਾਨਕੁ ਸਾਇਰੁ ਏਵ ਕਹਤੁ ਹੈ॥ ਬਾਬਾ ਨਾਨਕ ਸ਼ਾਇਰ ਹਨ ਤੇ ਇਸ ਸ਼ਾਇਰੀ ਲਈ ਉਹ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਆਖਦੇ ਹਨ,
ਧੰਨੁ ਸੁ ਕਾਗਦੁ ਕਲਮ ਧੰਨੁ
ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ॥

ਕਲਮ ਦੀ ਕੀਤੀ ਜਾ ਰਹੀ ਦੁਰਵਰਤੋਂ ਲਈ ਚਿਤਾਵਨੀ ਦਿੰਦਿਆਂ ਬਾਬੇ ਨੇ ਆਖਿਆ,
ਧ੍ਰਿਗੁ ਤਿਨਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੈ ਕਿਆ ਥਾਉ॥

ਗੁਰੂ ਨਾਨਕ ਦੇਵ ਜੀ ਨੇ ਔਰਤ ਜਾਤ 'ਤੇ ਹੋ ਰਹੇ ਜ਼ੁਲਮਾਂ ਖਿਲਾਫ ਵੀ ਆਵਾਜ਼ ਬੁਲੰਦ ਕੀਤੀ ਅਤੇ ਕਿਹਾ, ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਤਿਗੁਰੂ ਪਿਤਾ ਜੀ ਅਤੀ ਕੋਮਲ ਹਿਰਦੇ ਦੇ ਮਾਲਕ ਸਨ ਅਤੇ ਜਦ ਮਾਸੂਮਾਂ 'ਤੇ ਹੁੰਦੇ ਜ਼ੁਲਮ ਨੂੰ ਵੇਖ ਕੇ ਹਿਰਦਾ ਦ੍ਰਵਿਆ ਤਾਂ ਉਸ ਕਾਦਰ ਨੂੰ ਵੀ ਆਖ ਦਿਤਾ,
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਕਲਮ ਦੇ ਧਨੀ ਗੁਰੂ ਬਾਬਾ ਜਦੋਂ ਵਜਦ ਵਿਚ ਆਉਂਦੇ ਤਾਂ ਕਹਿ ਉਠਦੇ,
ਮੈ ਬਨਜਾਰਨਿ ਰਾਮ ਕੀ॥
ਤੇਰਾ ਨਾਮੁ ਵਖਰੁ ਵਾਪਾਰੁ ਜੀ॥
ਤੇ ਜਾਂ,
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਤੂੰ ਆਪੇ ਸਰਬ ਸਮਾਣਾ॥

ਕੁਝ ਗੱਲਾਂ ਧਿਆਨ ਗੋਚਰੇ। ਸਤਿਗੁਰਾਂ ਦੀ ਗੁਰਬਾਣੀ ਦਾ ਅਨਮੋਲ ਖਜਾਨਾ ਸਾਡੇ ਕੋਲ ਹੋਣ ਦੇ ਬਾਵਜੂਦ 550 ਸਾਲਾਂ ਮਗਰੋਂ ਵੀ ਅਸੀਂ ਉਥੇ ਦੇ ਉਥੇ ਹੀ ਖੜ੍ਹੇ ਹਾਂ, ਕਿਉਂਕਿ ਗੁਰਬਾਣੀ ਨੂੰ ਪੜ੍ਹਿਆ ਜਾਂ ਗਾਵਿਆ ਤਾਂ ਬਹੁਤ ਜਾ ਰਿਹਾ ਹੈ, ਪਰ ਇਸ 'ਤੇ ਵਿਚਾਰ ਨਹੀਂ ਕੀਤੀ ਗਈ। ਜੇ ਕੀਤੀ ਵੀ ਗਈ ਹੈ ਤਾਂ ਬਹੁਤ ਥੋੜ੍ਹੀ। ਅੱਜ ਸਿੱਖ ਕੌਮ ਵਿਚ ਸੁਚੱਜੀ ਲੀਡਰਸ਼ਿਪ ਦੀ ਘਾਟ ਹੈ। ਅਸੀਂ ਧਰਮੀ ਬਣ ਤਾਂ ਬੈਠੇ ਹਾਂ ਪਰ ਧਰਮ ਦੀ ਪਰਿਭਾਸ਼ਾ ਤੋਂ ਵਾਂਝੇ ਰਹਿ ਗਏ ਹਾਂ। ਅਸੀਂ ਗੁਰੂ ਦੇ ਸਿੱਖ ਜਾਂ ਸਿੰਘ ਤਾਂ ਨਹੀਂ ਬਣ ਸਕੇ, ਪਰ ਕੱਟੜਤਾ ਦੇ ਮੁਦੱਈ ਜ਼ਰੂਰ ਬਣ ਗਏ ਹਾਂ। ਦੇਸ਼-ਵਿਦੇਸ਼ ਵਿਚ ਆਲੀਸ਼ਾਨ ਗੁਰੂ ਘਰ ਵੀ ਬਣ ਚੁਕੇ ਹਨ ਅਤੇ ਧਰਮ ਦੇ ਝੰਡੇ ਵੀ ਲਹਿਰਾ ਰਹੇ ਹਨ, ਪਰ 'ਖਸਮਹੁ ਘੁਥੀਆ ਫਿਰਹਿ ਨਿਮਾਣੀਆ॥' ਵਾਂਗ ਹਰ ਥਾਂ ਗੋਲਕ ਅਤੇ ਚੌਧਰ ਦਾ ਮਸਲਾ ਪ੍ਰਧਾਨ ਹੈ,
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਅਸੀਂ ਸ਼ਬਦ ਗੁਰੂ ਨੂੰ ਸਮਰਪਤਿ ਹੋਣ ਦੀ ਥਾਂ ਆਪੋ-ਆਪਣੀ ਡਫਲੀ ਵਜਾ ਰਹੇ ਹਾਂ, ਸਗੋਂ ਸ਼ਬਦ ਗੁਰੂ ਦੀ ਆੜ ਵਿਚ ਆਪਣੇ ਰਾਜ ਭਾਗ ਸਥਾਪਤ ਕਰ ਰਹੇ ਹਾਂ। ਜਿਨ੍ਹਾਂ ਭਰਮ ਭੁਲੇਖਿਆਂ ਅਤੇ ਬੁਰਾਈਆਂ ਤੋਂ ਸਤਿਗੁਰਾਂ ਨੇ ਸਾਨੂੰ ਵਰਜਿਆ ਸੀ, ਉਹੀ ਸਭ ਕੁਝ ਹੁਣ ਡੇਰਿਆਂ ਵਿਚ ਬੈਠੇ ਵਿਹਲੜ ਸਾਧ ਸ਼ਰੇਆਮ ਕਰ ਰਹੇ ਹਨ।

ਆਓ, ਗੁਰੂ ਨੂੰ ਸਮਰਪਿਤ ਹੋ ਕੇ ਨਿਵੇਕਲੀ ਪਛਾਣ ਬਣਾ ਕੇ ਵਿਚਰੀਏ। ਜ਼ਰਾ ਕੁ ਹਉਂ ਅਤੇ ਹੰਕਾਰ ਤੋਂ ਪਰੇ ਹੋ ਕੇ ਤਾਂ ਦੇਖੀਏ, ਹਰ ਪਾਸੇ ਅਨੰਦ ਹੀ ਅਨੰਦ ਹੈ। ਫਿਰ ਦੇਖਣਾ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮਨਾਉਣ ਵਿਚ ਕਿਵੇਂ ਖੁਸ਼ੀਆਂ ਮਿਲਦੀਆਂ ਹਨ।
ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ॥

ਬੇਨਤੀ ਹੈ, ਗੁਰੂ ਬਾਣੀ ਨੂੰ ਸਿਰਫ ਮੱਥਾ ਹੀ ਨਾ ਟੇਕੀਏ, ਜੋ ਗੁਰੂ ਕਹਿੰਦਾ ਹੈ, ਉਸ ਨੂੰ ਮੰਨੀਏ ਅਤੇ ਮਨੁੱਖਤਾ ਦੇ ਭਲੇ ਲਈ ਕੰਮ ਕਰੀਏ।

# ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਦਾ ਸਫਰ

## ਗੁਰੂਤਾ-ਗੱਦੀ ਦਿਵਸ 'ਤੇ ਵਿਸ਼ੇਸ਼

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਅੱਗੇ ਤੋਰਨ ਲਈ ਗੁਰੂ ਅੰਗਦ ਦੇਵ ਨੇ ਅਹਿਮ ਭੂਮਿਕਾ ਨਿਭਾਈ। ਗੁਰੂ ਅੰਗਦ ਦੇਵ ਦਾ ਜਨਮ ਬਾਬਾ ਫੇਰੂਮਲ ਦੇ ਘਰ ਮੱਤੇ ਦੀ ਸਰਾਂ (ਜਿਲਾ ਮੁਕਤਸਰ) ਵਿਖੇ 31 ਮਾਰਚ 1504 ਈ: ਨੂੰ ਹੋਇਆ। ਉਨ੍ਹਾਂ ਦੇ ਬਚਪਨ ਦਾ ਨਾਂ 'ਲਹਿਣਾ' ਸੀ। ਸਿੱਖ ਧਰਮ ਦੀ

**ਡਾ. ਜਸਵਿੰਦਰ ਸਿੰਘ, ਸਿੰਘਾਪੁਰ**
**ਫੋਨ: +65-98951996**

ਸਦੀਵੀ ਹੋਂਦ ਬਰਕਰਾਰ ਰੱਖਣ ਲਈ ਬਾਬੇ ਨਾਨਕ ਨੇ ਆਪਣੀ ਦੂਰ-ਦ੍ਰਿਸ਼ਟੀ ਤੇ ਦਾਨਸ਼ਮੰਦੀ ਨਾਲ ਗੁਰੂ-ਚੇਲੇ ਦੀ ਰੀਤ ਚਲਾ ਕੇ ਭਾਈ ਲਹਿਣੇ ਨੂੰ ਦੂਜੇ ਗੁਰੂ ਅੰਗਦ ਦੇਵ ਦੇ ਰੂਪ ਵਿਚ ਸਥਾਪਤ ਕੀਤਾ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 62 ਸਲੋਕਾਂ ਦੇ ਰੂਪ ਵਿਚ ਮਿਲਦੀ ਹੈ।

ਅੰਗਦ ਦਾ ਸ਼ਾਬਦਿਕ ਅਰਥ ਹੈ: ਅੰਗ ਨੂੰ ਸ਼ੋਭਾ ਦੇਣ ਵਾਲਾ ਭੂਸ਼ਣ, ਭੁਜਬੰਦ, ਬਾਜੂਬੰਦ ਆਦਿ। ਟਰੰਪ ਦੇ ਸ਼ਬਦਾਂ ਵਿਚ ਸਭ ਕੁਝ ਖਿਲਰ-ਪੁਲਰ ਤੇ ਉਡ ਪੁਡ ਜਾਂਦਾ, ਜੇ ਗੁਰੂ ਨਾਨਕ ਆਪਣੀ ਥਾਂ ਗੁਰੂ ਅੰਗਦ ਨੂੰ ਨਾ ਬਿਠਾਲਦੇ। ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ ਜੇ ਗੁਰੂ ਨਾਨਕ, ਗੁਰੂ ਅੰਗਦ ਦੇਵ ਨੂੰ ਗੁਰੁਤਾ-ਗੱਦੀ ਦੀ ਬਖਸ਼ਿਸ਼ ਨਾ ਕਰਦੇ ਤਾਂ ਅੱਜ ਸਿੱਖ ਧਰਮ ਦਾ ਨਾਂ-ਨਿਸ਼ਾਨ ਨਾ ਹੁੰਦਾ।

ਗੁਰੂ ਨਾਨਕ ਨੇ ਭਾਈ ਲਹਿਣਾ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਨਾਂ ਦੇ ਕੇ ਸਤੰਬਰ 1539 ਵਿਚ ਪ੍ਰਮੁੱਖ ਸਿੱਖਾਂ ਦੀ ਮੌਜੂਦਗੀ 'ਚ ਆਪਣੀ ਥਾਂ 'ਤੇ ਪ੍ਰਚਾਰ ਕਰਨ ਲਈ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ। ਗੁਰਗੱਦੀ ਦਾ ਸ਼ਾਬਦਿਕ ਅਰਥ ਹੈ, ਗੁਰੂ ਦਾ ਤਖਤ। ਬਾਬੇ ਨਾਨਕ ਨੇ ਭਾਈ ਲਹਿਣਾ ਨੂੰ ਮੱਥਾ ਟੇਕਿਆ ਤੇ ਬਾਕੀ ਸੰਗਤਾਂ ਨੂੰ ਮੱਥਾ ਟੇਕਣ ਲਈ ਕਿਹਾ। ਉਨ੍ਹਾਂ ਭਾਈ ਲਹਿਣੇ ਨੂੰ ਤਖਤ 'ਤੇ ਬਿਠਾ ਕੇ ਸੰਗਤਾਂ ਸਾਹਮਣੇ ਬਾਣੀ ਦੀ ਪੋਥੀ ਸੌਂਪ ਕੇ ਐਲਾਨ ਕੀਤਾ, ਮੇਰੀ ਜਗ੍ਹਾ ਹੁਣ ਗੁਰੂ, ਗੁਰੂ ਅੰਗਦ ਦੇਵ ਨੂੰ ਸਮਝਣਾ। ਇਨ੍ਹਾਂ ਦਾ ਦਰਸ਼ਨ ਮੇਰਾ ਦਰਸ਼ਨ, ਇਨ੍ਹਾਂ ਦਾ ਬਚਨ ਹੀ ਮੇਰਾ ਬਚਨ ਹੋਵੇਗਾ। ਗੁਰੂ ਨਾਨਕ ਨੇ ਮਾਰੂ ਸੋਹਲੇ 'ਚ ਕਿਹਾ ਹੈ ਕਿ ਤਖਤ 'ਤੇ ਉਹੀ ਬੈਠਦਾ ਹੈ, ਜੋ ਉਸ ਦੇ ਲਾਇਕ ਹੁੰਦਾ ਹੈ। ਜਿਸ ਨੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਕਾਰਾਂ ਨੂੰ ਮੁਕਾ ਲਿਆ ਹੋਵੇ, ਉਹਨੂੰ ਹੀ ਤਖਤ ਹਾਸਲ ਹੁੰਦਾ ਹੈ।
ਤਖਤਿ ਬਹੈ ਤਖਤੈ ਕੀ ਲਾਇਕ॥
(ਗੁਰੂ ਗ੍ਰੰਥ ਸਾਹਿਬ, ਪੰਨਾ 1039)

ਇਸ ਤਰ੍ਹਾਂ ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਆਪਣੇ ਹੱਥੀਂ ਗੱਦੀ ਨਸ਼ੀਨ ਕੀਤਾ। ਪਰਚੀਆਂ ਭਾਈ ਸੇਵਾ ਦਾਸ ਅਨੁਸਾਰ 'ਆਪ ਹੋਤੇ ਗੁਰਾਈ ਕੈ ਤਖਤ ਉਪਰ ਬੈਠਾਇਆ।' ਭਾਈ ਗੁਰਦਾਸ ਆਪਣੀ ਪਹਿਲੀ ਵਾਰ (ਪਉੜੀ 45) ਵਿਚ ਗੁਰ-ਗੱਦੀ ਦੀ ਪਰੰਪਰਾ ਨੂੰ ਇਵੇਂ ਦਰਸਾਉਂਦੇ ਹਨ,
ਥਾਪਿਆ ਲਹਿਣਾ ਜੀਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ
ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ
ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ॥

ਗੁਰਗੱਦੀ ਪਿਛੋਂ ਗੁਰੂ ਅੰਗਦ ਦੇਵ ਦਾ ਜੱਸ ਸੱਤਾਂ ਦੀਪਾਂ 'ਚ ਫੈਲ ਗਿਆ। ਭਾਈ ਲਹਿਣਾ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਪਰਸ ਕੇ 'ਜਗਤ ਗੁਰੂ' ਬਣ ਗਏ। ਭੱਟ ਕਲਸਹਾਰ ਦਾ ਬਚਨ ਹੈ,
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ॥
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥
(ਗੁਰੂ ਗ੍ਰੰਥ ਸਾਹਿਬ, ਪੰਨਾ 1391)

ਜਨਮਸਾਖੀ ਮਿਹਰਬਾਨ ਵਿਚ ਅੰਕਿਤ ਹੈ, "ਤਬ ਗੁਰੂ ਅੰਗਦ ਕਉ ਸ਼ਬਦ ਦੀ ਥਾਪਨਾ ਦੇ ਕੇ ਸੰਮਤ 1596, ਅੱਸੂ ਵਦੀ ਦਸਮੀ ਕਉ ਆਪ ਸਚਖੰਡ ਸਿਧਾਰੇ॥ ਸਭ ਸੰਗਤਾਂ ਅਤੇ ਗੁਰੂ ਅੰਗਦ ਦੇ ਕਰਤਾਰਪੁਰ ਵਿਖੇ ਗੁਰੂ ਪੁੱਤਰਾਂ ਦੇ ਸਖਤ ਵਿਰੋਧ ਕਾਰਨ ਖਡੂਰ ਸਾਹਿਬ ਨੂੰ ਆਪਣਾ ਟਿਕਾਣਾ ਬਣਾਇਆ।"
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 967)

ਗੁਰੂ ਅੰਗਦ ਦੇਵ ਨੇ ਸਿੱਖ ਮੱਤ ਨੂੰ ਸ੍ਰੀ ਚੰਦ ਵਲੋਂ ਚਲਾਏ ਉਦਾਸੀ ਮੱਤ ਦੇ ਪ੍ਰਭਾਵ ਤੋਂ ਬਚਾਇਆ। ਪਹਿਲੇ ਪਾਤਸ਼ਾਹ ਦੇ ਬਖਸ਼ੇ ਗੁਰਮਤਿ ਮਾਰਗ ਦਾ ਬਹੁਤ ਸੁਚੱਜੇ ਢੰਗ ਨਾਲ ਪਸਾਰ ਕੀਤਾ। ਗੁਰੂ ਅੰਗਦ ਦੇਵ ਨੇ ਦੀਨ-ਦੁਖੀਆਂ ਦੀ ਸੇਵਾ, ਲੰਗਰ ਦੀ ਮਰਿਆਦਾ ਅਤੇ ਗੁਰਮੁਖੀ ਲਿਪੀ ਦਾ ਪ੍ਰਚਾਰ ਅਤੇ ਬਾਲ-ਬੋਧ ਤਿਆਰ ਕਰ ਕੇ ਬੱਚਿਆਂ ਵਿਚ ਵੰਡਿਆ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮੁਖੀ ਲਿਪੀ ਤੋਂ ਭਾਵ ਜੋ ਵਾਕ ਗੁਰਮੁਖਾਂ ਨੇ ਲਿਖੇ, ਜਿਸ ਕਾਰਨ ਇਸ ਦਾ ਨਾਉਂ 'ਗੁਰਮੁਖੀ' ਪ੍ਰਸਿੱਧ ਹੋਇਆ। ਗੁਰੂ ਨਾਨਕ ਨਾਲ ਸਬੰਧਿਤ ਪ੍ਰਸੰਗ ਨੂੰ ਸਾਂਭਣ ਲਈ ਜਨਮਸਾਖੀ ਪਰੰਪਰਾ ਸ਼ੁਰੂ ਹੋਈ। ਗੁਰਬਾਣੀ ਕੀਰਤਨ, ਸੰਗਤ, ਲੰਗਰ-ਪੰਗਤ ਦੀ ਜੁਗਤ ਦਾ ਪ੍ਰਚਾਰ ਕਰਕੇ ਮਾਨਵਵਾਦੀ ਫਲਸਫੇ ਨੂੰ ਉਤਸ਼ਾਹਿਤ ਕੀਤਾ ਅਤੇ ਉਚ-ਨੀਚ ਦਾ ਭੇਦ-ਭਾਵ ਖਤਮ ਕਰਨ ਲਈ ਯਤਨਸ਼ੀਲ ਹੋਏ। ਗੁਰਬਾਣੀ ਗਵਾਹ ਹੈ ਕਿ ਗੁਰੂ ਅੰਗਦ ਦੇਵ ਆਪ ਗੁਰ ਸ਼ਬਦ ਦਾ ਲੰਗਰ ਵਰਤਾਇਆ ਕਰਦੇ ਸਨ। ਭਾਈ ਸੱਤਾ ਤੇ ਬਲਵੰਡ ਰਾਮਕਲੀ ਕੀ ਵਾਰ ਵਿਚ ਜ਼ਿਕਰ ਇਉਂ ਹੈ,
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥ (ਪੰਨਾ 967)

ਬਾਬੇ ਨਾਨਕ ਨੇ 20 ਰੁਪਏ ਦਾ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਲੰਗਰ ਦੀ ਪ੍ਰਥਾ ਅਰੰਭ ਕਰ ਦਿੱਤਾ ਸੀ। ਗੁਰੂ ਅੰਗਦ ਦੇਵ ਨੇ ਖਡੂਰ ਸਾਹਿਬ ਪਹੁੰਚ ਕੇ ਲੰਗਰ ਦੀ ਪ੍ਰਥਾ ਦਾ ਵਿਕਾਸ ਕੀਤਾ, ਜਿਸ ਵਿਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਨੇ ਵਡਮੁੱਲਾ ਯੋਗਦਾਨ ਪਾਇਆ। ਲੰਗਰ ਦੀ ਇਹ ਪ੍ਰਥਾ ਅੱਜ ਵੀ ਉਸੇ ਰੂਪ ਵਿਚ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।

ਸਮਾਜ ਨੂੰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਕਰਨ ਲਈ ਖੇਡਾਂ ਅਤੇ ਮੱਲਾਂ ਦੇ ਅਖਾੜਿਆਂ ਦਾ ਵਿਕਾਸ ਕੀਤਾ। ਗੁਰੂ ਜੀ ਵਲੋਂ ਪੈਦਾ ਕੀਤੀ ਗਈ ਨਰੋਈ ਦੇਹ ਵਿਚੋਂ ਹੀ ਇੱਕ ਵਿਲੱਖਣ ਸੱਭਿਆਚਾਰ ਪੈਦਾ ਹੋਇਆ, ਜੋ ਖਾਲਸਾ ਫੌਜ ਦੇ ਵਿਲੱਖਣ ਕਾਰਨਾਮਿਆਂ ਦਾ ਆਧਾਰ ਬਣਿਆ।
ਆਪੇ ਛਿੰਝ ਪਵਾਇ ਮਲਾਖਾੜਾ ਰਚਿਆ॥
(ਪੰਨਾ 1280)

ਗੁਰਿਆਈ ਦੀ ਜ਼ਿੰਮੇਵਾਰੀ ਦਾ ਮੰਤਵ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਨਿਖਾਰਨਾ, ਪ੍ਰਚਾਰਨਾ, ਮਨੁੱਖੀ ਭਾਈਚਾਰੇ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਕਰਨਾ, ਇਸੇ ਹੀ ਵਿਚਾਰਧਾਰਾ ਨੂੰ ਮਿਲਗੋਭਾ ਹੋਣ ਤੋਂ ਬਚਾਉਣਾ ਆਦਿ ਸੀ। ਗੁਰੂ ਅੰਗਦ ਦੇਵ ਨੇ ਆਪਣੇ ਜੀਵਨ ਦੇ ਲਗਭਗ ਤੇਰਾਂ ਸਾਲ (ਸਤੰਬਰ 1539-1552) ਦੇ ਗੁਰਿਆਈ ਕਾਲ ਸਮੇਂ ਹਰੇਕ ਉਪਦੇਸ਼ ਅਤੇ ਹਰੇਕ ਕਾਰਜ ਵਿਚ ਇਨ੍ਹਾਂ ਗੱਲਾਂ ਨੂੰ ਸਾਹਮਣੇ ਰੱਖਿਆ।

# ਮਿਟੀ ਧੁੰਧੁ ਜਗਿ ਚਾਨਣੁ ਹੋਆ


**(ਪਿਛਲੇ ਸਫੇ ਦੀ ਬਾਕੀ)**

ਕਰਤਾਰ ਦਾ ਕਾਰਖਾਨਾ ਕਿਸੇ ਸਾਫ ਸੁਥਰੀ ਸੁੱਚਮ ਵਾਲੀ ਥਾਂ 'ਤੇ ਨਹੀਂ ਹੁੰਦਾ, ਜਿੱਥੇ ਬੈਠ ਕੇ ਸ਼ਰਧਾਲੂ ਉਸ ਨੂੰ ਪੂਜਦੇ ਹਨ। ਇਹ ਕਿਸੇ ਅੰਮ੍ਰਿਤ ਕੁੰਡ ਵਿਚ ਨਹੀਂ ਹੁੰਦਾ, ਜਿੱਥੇ ਟੁੱਭੀ ਲਾ ਕੇ ਭਗਤ-ਜਨ ਉਸ ਨੂੰ ਮਿਲਣ ਦੀ ਆਸ ਰੱਖਦੇ ਹਨ ਕਿਉਂਕਿ ਸਾਫ ਸਫਾਈ ਵਾਲੀ ਥਾਂ ਤਾਂ ਜੀਵ ਪੈਦਾ ਹੀ ਨਹੀਂ ਹੁੰਦਾ। ਉਸ ਦੀ ਵਰਕਸ਼ਾਪ ਤਾਂ ਹਮੇਸ਼ਾ 'ਗੰਦੀ' ਕਹੀ ਜਾਣ ਵਾਲੀ ਐਸੀ ਥਾਂ 'ਤੇ ਹੁੰਦੀ ਹੈ, ਜਿਸ ਨੂੰ ਵੇਖਦਿਆਂ ਹੀ ਅਜੋਕਾ ਸਫਾਈ ਪਸੰਦ ਸ਼ਰਧਾਲੂ ਡਿਕੋਲੇ ਦੇ ਘੋਲ ਵਿਚ ਇਸ਼ਨਾਨ ਕਰਨਾ ਚਾਹੇ। ਇਹ ਥਾਂ ਗੰਦੇ ਪਾਣੀ ਦਾ ਛੱਪੜ, ਰੂੜੀ ਦਾ ਢੇਰ, ਅੰਤੜੀਆਂ ਦਾ ਮਲ, ਜਾਨਵਰਾਂ ਦੇ ਕੀੜੇ ਪਏ ਜ਼ਖਮ, ਗਲ੍ਹੇ-ਸੜੇ ਫਲ ਤੇ ਜੀਵ ਜੰਤੂਆਂ ਦੇ ਗਰਭਆਸਿਆਂ ਜਿਹੀ ਕੋਈ ਵੀ ਬਦਬੂਦਾਰ ਸੜਿਹਾਂਦ ਵਾਲੀ ਥਾਂ ਹੋ ਸਕਦੀ ਹੈ, ਜਿੱਥੇ ਜੀਵਨ ਦੀ ਸਿਰਜਣਾ ਹੁੰਦੀ ਹੈ। ਅਜਿਹੇ ਗਿਆਨ ਨਾਲ ਅਜੋਕੇ ਸਿੱਖਾਂ ਨੂੰ ਇਹ ਵੀ ਪਤਾ ਲੱਗ ਜਾਂਦਾ ਕਿ 'ਜਤ ਪਹਾਰਾ ਧੀਰਜ ਸੁਨਿਆਰ' ਵਾਲੀ ਪਉੜੀ ਦਾ ਕੀ ਅਰਥ ਹੈ ਤੇ 'ਸਚ ਖੰਡ' ਕਿਸ ਦਿਸ਼ਾ ਵਿਚ ਹੈ?

ਇਹ ਸਭ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਸਿੱਖ ਵਿਦਵਾਨ ਧਿਆਨ ਦੇਣ ਕਿ 'ਸਿੱਖੀ' ਕੀ ਹੈ ਤੇ ਇਸ ਦਾ ਗਿਆਨ ਨਾਲ ਕੀ ਸਬੰਧ ਹੈ? ਉਹ ਇਹ ਵੀ ਦੱਸਣ ਕਿ ਸਿੱਖੀ ਸਿਧਾਂਤ ਮੁੱਖ ਤੌਰ 'ਤੇ ਕਿਹੜੀ ਬਾਣੀ ਵਿਚ ਦਰਜ ਹੈ ਤਾਂ ਜੋ ਹਰ ਜਿਗਿਆਸੂ ਇਸ ਤੱਕ ਪਹੁੰਚ ਕਰ ਸਕੇ। ਇਨ੍ਹਾਂ ਮੁਢਲੇ ਕਾਰਜਾਂ ਨੂੰ ਭੁਲਾ ਕੇ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਦਾ ਹੋਕਾ ਦੇਣ ਦਾ ਕੋਈ ਲਾਭ ਨਹੀਂ।

# ਇੱਕ ਸੀ ਪ੍ਰਿਥੁ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਹਫਤੇ ਅਸੀਂ ਅਫਲਾਤੂਨ ਉਰਫ ਫਲਾਤੂ ਉਰਫ ਪਲੈਟੋ ਦੀਆਂ ਅੰਗਲੀਆਂ-ਸੰਗਲੀਆਂ ਫਰੋਲਣ ਦਾ ਇਕਰਾਰ ਕੀਤਾ ਸੀ। ਦੱਸਿਆ ਸੀ ਕਿ ਇਸ ਬਹੁਰੂਪੀ ਸ਼ਬਦ ਦੀਆਂ ਜੜ੍ਹਾਂ ਗਰੀਕ ਭਾਸ਼ਾ ਵਿਚ ਹਨ। ਇਹ ਚੌੜਾ ਦੇ ਅਰਥਾਂ ਵਾਲੇ ਇਸ ਭਾਸ਼ਾ ਦੇ ਸ਼ਬਦ Platys ਤੋਂ ਬਣਿਆ ਹੈ। ਇਹ ਭਾਰੋਪੀ ਅਸਲੇ ਦਾ ਹੈ ਅਤੇ ਇਸ ਦਾ ਭਾਰੋਪੀ ਮੂਲ 'Plat' ਮੰਨਿਆ ਗਿਆ ਹੈ, ਜਿਸ ਵਿਚ ਫੈਲਣ ਦੇ ਭਾਵ ਹਨ। ਇਹ ਮੂਲ ਇਕ ਹੋਰ ਮੂਲ 'Pele' ਦੇ ਪਿਛੇ 'T' ਪਿਛੇਤਰ ਲਾ ਕੇ ਬਣਾਇਆ ਗਿਆ ਹੈ। ਅੰਗਰੇਜ਼ੀ ਸਮੇਤ ਅਨੇਕਾਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਨ੍ਹਾਂ ਮੂਲਾਂ ਤੋਂ ਬਣੇ ਸ਼ਬਦ ਮਿਲਦੇ ਹਨ। ਫੈਲਾਉ, ਚੌੜਾਪਨ ਦੇ ਭਾਵ ਵਾਲੇ ਕੁਝ ਸ਼ਬਦਾਂ ਵਿਚ ਇਸ ਧਾਤੂ ਨੂੰ ਪ੍ਰਤੀਤ ਕਰਦੇ ਹਾਂ। ਅੰਗਰੇਜ਼ੀ ਫਲੈਟ (Flat) ਵਿਸ਼ੇਸ਼ਣ ਦਾ ਅਰਥ ਹੈ-ਚੌਫਾਲ ਲੇਟਿਆ, ਸਮਤਲ, ਪੱਧਰਾ ਆਦਿ। ਇਸ ਵਿਚ ਫੈਲਣ ਦੇ ਭਾਵ ਸਪਸ਼ਟ ਉਜਾਗਰ ਹੁੰਦੇ ਹਨ। ਸਮਤਲ ਜਾਂ ਪੱਧਰੀ ਚੀਜ਼ ਵਿਚ ਵਕਰ ਜਾਂ ਗੁਲਾਈ ਨਹੀਂ ਹੁੰਦੀ, ਇਸ ਲਈ ਫਲੈਟ ਵਿਚ ਵਲ-ਛਲ ਰਹਿਤ, ਕੋਰਾ, ਸਿੱਧਾ ਦੇ ਅਰਥ ਵੀ ਆ ਗਏ ਹਨ। 'ਫਲੈਟ ਟਾਇਰ' ਮਤਲਬ ਗੁਲਾਈ ਖਤਮ ਹੋ ਗਈ। ਨਾਂਵ ਵਜੋਂ ਫਲੈਟ ਮੰਜ਼ਿਲ ਨੂੰ ਵੀ ਆਖਦੇ ਹਨ, ਜੋ ਇਸ ਦੇ ਪੱਧਰ ਦੇ ਅਰਥਾਂ ਤੋਂ ਵਿਕਸਿਤ ਹੋਏ ਹਨ। ਸੋ, ਫਲੈਟ ਸਤਹ/ਪੱਧਰ ਤੇ ਉਸਰੀ ਇਮਾਰਤ ਹੈ। ਇਥੇ ਇਹ ਦੱਸਣਾ ਬਣਦਾ ਹੈ ਕਿ ਗੈਰ-ਜਰਮੈਨਿਕ ਭਾਸ਼ਾਵਾਂ ਦੀ 'ਪ' ਧੁਨੀ ਦੇ ਟਾਕਰੇ ਜਰਮੈਨਿਕ ਭਾਸ਼ਾਵਾਂ ਵਿਚ 'ਫ' ਧੁਨੀ ਆਉਂਦੀ ਹੈ, ਜਿਵੇਂ ਪਿਦਰ ਜਾਂ ਸਾਡੇ ਪਿਤਾ ਦੀ ਥਾਂ ਅੰਗਰੇਜ਼ੀ ਵਿਚ ਫਾਦਰ।

ਫਲੈਟ ਜਿਹੇ ਹੀ ਅਰਥਾਂ ਵਿਚ ਲਾਤੀਨੀ ਵਲੋਂ ਆਇਆ ਸ਼ਬਦ Plane ਹੈ, ਜੋ Pele ਤੋਂ ਬਣਿਆ ਹੈ। ਲਾਤੀਨੀ Plata ਘੁੰਮਦਾ ਘੁੰਮਾਉਂਦਾ ਅੰਗਰੇਜ਼ੀ ਵਿਚ ਆ ਕੇ Plate ਦਾ ਰੂਪ ਧਾਰ ਗਿਆ। ਪਲੇਟ ਮੁਢਲੇ ਤੌਰ 'ਤੇ ਕੁੱਟ ਕੇ ਚੌੜੀ ਕੀਤੀ ਜਾਂ ਫੈਲਾਈ ਧਾਤ ਨੂੰ ਆਖਦੇ ਹਨ। ਮੱਧਕਾਲੀ ਅੰਗਰੇਜ਼ੀ ਵਿਚ ਇਸ ਦਾ ਅਰਥ ਸਿੱਕਾ ਵੀ ਸੀ। ਸਿੱਕਾ ਚਾਂਦੀ ਦਾ ਹੁੰਦਾ ਸੀ, ਇਸ ਲਈ ਸਪੈਨਿਸ਼ ਵਿਚ ਇਸ ਦੇ ਸਜਾਤੀ Plata ਅਤੇ ਪੁਰਤਗੇਜ਼ੀ Prata ਦਾ ਅਰਥ ਚਾਂਦੀ ਵੀ ਹੋ ਗਿਆ। ਯਾਦ ਰਹੇ, ਸਿੱਕੇ ਵਜੋਂ ਅਤੇ ਸ਼ਬਦ ਵਜੋਂ ਵੀ ਭਾਰਤੀ ਰੁਪਿਆ ਮੁਢਲੇ ਤੌਰ 'ਤੇ ਰੂਪਾ (ਚਾਂਦੀ) ਤੋਂ ਬਣੇ ਹਨ। ਥਾਲੀ ਜਿਹੇ ਅਰਥਾਂ ਵਾਲਾ Platter ਵੀ ਇਥੇ ਢੁਕਦਾ ਹੈ।

ਸਪੇਨੀਆਂ ਨੇ ਜਦ 16ਵੀਂ ਸਦੀ ਦੌਰਾਨ ਦੱਖਣੀ ਅਮਰੀਕਾ ਵਿਚ ਪਲਾਟੀਨਮ ਲੱਭਿਆ ਤਾਂ ਉਨ੍ਹਾਂ ਇਸ ਦਾ ਚਿੱਟਾ ਰੰਗ ਹੋਣ ਕਰਕੇ ਇਸ ਨੂੰ ਘਟੀਆ ਚਾਂਦੀ ਹੀ ਸਮਝਿਆ, ਇਸ ਲਈ ਮਿਲਦਾ-ਜੁਲਦਾ ਸ਼ਬਦ ਪਲੈਟੀਨੋ (ਛੋਟੀ ਚਾਂਦੀ) ਰੱਖਿਆ। ਬਾਅਦ ਵਿਚ ਵਿਗਿਆਨੀਆਂ ਨੇ ਇਸ ਦਾ ਨਾਂ ਬਦਲ ਕੇ ਪਲੈਟੀਨਮ ਕਰ ਦਿੱਤਾ। ਕੇਲੇ ਦੇ ਅਰਥ ਵਾਲੇ Plantain ਦਾ ਨਾਂ ਇਸ ਦੇ ਫੈਲੇ ਹੋਏ ਚੌੜੇ ਪੱਤਿਆਂ ਕਾਰਨ ਪਿਆ। ਇਸ ਦਾ ਲਾਤੀਨੀ ਰੂਪ ਸੀ, Platanus. ਪਠਾਰ ਲਈ ਅੰਗਰੇਜ਼ੀ ਸ਼ਬਦ ਹੈ, Plateau, ਜੋ ਲਾਤੀਨੀ Plattus ਦਾ ਵਿਉਤਪਤ ਰੂਪ ਹੈ। ਪਠਾਰ ਮੇਜਨੁਮਾ ਉਚੀ-ਨੀਵੀਂ ਧਰਤੀ ਹੁੰਦੀ ਹੈ। ਪਲਾਜ਼ਾ ਦੇ ਲਾਤੀਨੀ ਮੂਲ ਵਿਚ ਚੌੜੀ ਗਲੀ, ਚੌਕ, ਚੌਪਾਲ ਦੇ ਭਾਵ ਸਨ। ਸਥਾਨ ਦੇ ਅਰਥਾਂ ਵਾਲੇ Place ਦੀ ਤਾਰ ਲਾਤੀਨੀ Platea ਨਾਲ ਜੁੜਦੀ ਹੈ, ਜਿਸ ਦਾ ਅਰਥ ਮੋਕਲੀ ਜਗ੍ਹਾ, ਚੌਕ, ਵਿਹੜਾ ਆਦਿ ਹੈ। ਜਰਮਨ Fladen ਹੁੰਦਾ ਹੈ, ਪਤਲਾ ਕੇਕ, ਜੋ ਘੱਟ ਉਚਾ ਹੋਣ ਕਾਰਨ ਚੌੜਾ ਜਾਪਦਾ ਹੈ। ਲਾਤੀਨੀ Planta ਹੁੰਦੀ ਹੈ, ਪੈਰ ਦੀ ਤਲੀ ਜਾਂ ਜੁੱਤੀ ਦਾ ਤਲਾ। ਧਿਆਨ ਦਿਓ, ਤਲੀ ਵਿਚ ਵੀ ਤਲ ਦੇ ਭਾਵ ਹਨ।

ਉਕਤ ਸ਼ਬਦਾਂ ਦੇ ਭਾਈਵੰਦ ਸਾਡੀਆਂ ਭਾਸ਼ਾਵਾਂ ਵਿਚ ਵੀ ਹਨ। ਸੰਸਕ੍ਰਿਤ ਦਾ ਧਾਤੂ ਹੈ, 'ਪ੍ਰਥ' ਜਿਸ ਵਿਚ, ਲੰਮਾ-ਚੌੜਾ, ਫੈਲਿਆ ਹੋਇਆ, ਵਿਆਪਕ, ਵਿਸਤ੍ਰਿਤ, ਖੁੱਲ੍ਹਾ-ਡੁੱਲਾ ਦੇ ਭਾਵ ਹਨ। ਸੰਸਕ੍ਰਿਤ ਅਤੇ ਹਿੰਦੀ ਦਾ ਸ਼ਬਦ ਪਰਿਥਕ ਇਸੇ ਤੋਂ ਬਣਿਆ, ਜਿਸ ਦਾ ਅਰਥ ਹੈ-ਵੱਖ, ਅਲੱਗ, ਦੂਰ। ਭੁੰਨ ਕੇ ਚੌੜੇ ਕੀਤੇ ਚੌਲਾਂ ਨੂੰ ਪੋਹਾ ਆਖਦੇ ਹਨ। ਇਸ ਦਾ ਪਹਿਲਾ ਰੂਪ ਵੀ ਪਰਿਥੁਕ ਸੀ, ਜੋ ਪ੍ਰਾਕ੍ਰਿਤ ਵਿਚ ਪਿਹੁਯ ਹੋਇਆ ਤੇ ਹੋਰ ਭਾਸ਼ਾਵਾਂ ਵਿਚ ਅੱਡ ਅੱਡ ਰੂਪ ਧਾਰੇ। ਨਾਂ ਵਜੋਂ ਪੋਹਲੂ ਜਿਹੇ ਸ਼ਬਦ ਦਾ ਅਰਥ ਹੈ-ਭਾਰੀ ਭਰਕਮ, ਚੌੜੇ ਚਕਲੇ ਜਿਸਮ ਵਾਲਾ। ਟਰਨਰ ਨੇ ਫੈਲਣਾ ਸ਼ਬਦ ਨੂੰ ਵੀ ਇਥੇ ਫਿਟ ਕੀਤਾ ਹੈ, ਪਰ ਮੇਰੇ ਲਈ ਇਹ ਸ਼ੱਕੀ ਹੈ।



ਪੰਜਾਬੀ ਵਿਚ ਸਭ ਤੋਂ ਵੱਧ ਜਾਣਿਆ ਜਾਂਦਾ ਸ਼ਬਦ ਹੈ, ਪ੍ਰਿਥਵੀ। ਪ੍ਰਾਚੀਨ ਲੋਕਾਂ ਨੇ ਇਸ ਨੂੰ ਇਕ ਲੰਮੀ-ਚੌੜੀ, ਦੂਰ-ਦੂਰ ਤੱਕ ਫੈਲੀ ਹੋਈ ਭੋਇੰ ਸਮਝਿਆ। ਗੁਰੂ ਅਰਜਨ ਸਾਹਿਬ ਦਾ ਕਥਨ ਹੈ, 'ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥' ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਪਿਰਥਮੀ ਰੂਪ ਵੀ ਆਇਆ ਹੈ, 'ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥' (ਭਗਤ ਕਬੀਰ)। ਇਥੇ ਪਿਰਥਮੀ ਤੋਂ ਜਗਤ ਦਾ ਵੀ ਭਾਵ ਹੈ। ਸਵੱਈਆਂ ਵਿਚ ਦੇਖੋ, 'ਛਤ੍ਰੁ ਸਿੰਘਾਸਨੁ ਪਿਰਥਮੀ ਗੁਰੁ ਅਰਜਨ ਕਉ ਦੇ ਆਇਓ॥' ਭਾਈ ਗੁਰਦਾਸ ਨੇ ਗੁਰੂ ਨਾਨਕ ਲਈ ਅਜਿਹੇ ਸ਼ਬਦ ਵਰਤੇ ਹਨ, 'ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ।' ਸੰਸਕ੍ਰਿਤ ਵਿਚ ਇਸ ਤੋਂ ਬਣੇ ਅਨੇਕਾਂ ਸਮਾਸੀ ਸ਼ਬਦ ਮਿਲਦੇ ਹਨ, ਪਰ ਉਹ ਪੰਜਾਬੀ ਤੱਕ ਨਹੀਂ ਪਹੁੰਚੇ। ਕੁਝ ਗਿਣ ਲੈਂਦੇ ਹਾਂ-ਪ੍ਰਿਥਵੀਤਵ, ਪ੍ਰਿਥਵੀਭਾਗ, ਪ੍ਰਿਥਵੀ ਲੋਕ, ਪ੍ਰਿਥਵੀਸ਼ਦ (ਧਰਤੀ 'ਤੇ ਬੈਠਾ), ਪ੍ਰਿਥਵੀਕੰਪ (ਭੁਚਾਲ), ਪ੍ਰਿਥਵੀਪਤੀ ਆਦਿ। ਪ੍ਰਥ ਤੋਂ ਬਣੇ ਪ੍ਰਿਥੁ ਸ਼ਬਦ ਵਿਚ ਚੁੜਿੱਤਣ, ਫੈਲਣ ਦੇ ਭਾਵ ਹਨ। ਪਲੈਟੋ ਦੇ ਨਾਂ ਵਿਚ ਚੌੜੇ ਮੋਢੇ ਵੱਲ ਸੰਕੇਤ ਹੈ ਤਾਂ 'ਨਾਨਕ ਪ੍ਰਕਾਸ਼' ਵਿਚ ਚੌੜੇ ਚਿੱਤੜ ਦੀ ਗੱਲ ਹੈ, "ਪ੍ਰਿਥੁ ਨਿਤੰਬ ਜਿਨ ਕੀ ਛਬਿ ਕੋ ਨਾ।"

ਇਤਿਹਾਸ-ਮਿਥਿਹਾਸ ਵਿਚ ਪ੍ਰਿਥੁ/ਪ੍ਰਿਥੀ/ਪ੍ਰਿਥੂਵੇਨ ਨਾਂ ਦੇ ਰਾਜੇ ਦਾ ਅਨੇਕਾਂ ਪ੍ਰਸੰਗਾਂ ਵਿਚ ਜ਼ਿਕਰ ਆਉਂਦਾ ਹੈ। ਦੇਵਨਾਗਰੀ ਅਨੁਸਾਰ ਇਸ ਨੂੰ 'ਪਰਿਥੁ' ਲਿਖਣਾ ਵਧੇਰੇ ਉਚਿਤ ਹੈ, ਪਰ ਅਸੀਂ ਪ੍ਰਿਥੁ ਹੀ ਲਿਖਾਂਗੇ, ਕਿਉਂਕਿ ਪੰਜਾਬੀ ਵਿਚ ਇਹੋ ਚਲਦਾ ਹੈ। ਰਿਗ ਵੇਦ ਵਿਚ ਵੇਣ ਦੇ ਪੁੱਤਰ ਨੂੰ ਪ੍ਰਿਥੁ ਕਿਹਾ ਗਿਆ ਹੈ, ਜੋ ਇਕ ਮੰਤਰ ਦਾ ਕਰਤਾ ਵੀ ਹੈ। ਸ਼ਤਪਥ ਬ੍ਰਾਹਮਣ ਅਨੁਸਾਰ ਧਰਤੀ ਦਾ ਸਭ ਤੋਂ ਪਹਿਲਾ ਸਮਰਾਟ ਪ੍ਰਿਥੁ ਹੋਇਆ, ਜੋ ਬਿਨਾ ਮਾਂ ਤੋਂ ਜਨਮਿਆ। ਪੁਰਾਣਾਂ ਅਨੁਸਾਰ ਇਸ ਦੇ ਨਾਂ ਤੋਂ ਪ੍ਰਿਥਵੀ ਦਾ ਨਾਂ ਪਿਆ। ਇਸ ਪ੍ਰਸੰਗ ਦਾ ਥੋੜਾ ਬਿਆਨ ਜ਼ਰੂਰੀ ਜਾਪਦਾ ਹੈ।

ਆਦਿ ਕਾਲ ਵਿਚ ਇੱਕ ਅਧਰਮੀ ਰਾਜਾ ਵੇਣ ਹੋਇਆ, ਜੋ ਆਪਣੇ ਆਪ ਨੂੰ ਵਿਸ਼ਨੂੰ ਤੋਂ ਵੀ ਉਪਰ ਸਮਝਦਾ ਸੀ। ਧਰਮ ਕਰਮ ਤੋਂ ਅਣਗਹਿਲੀ ਕਾਰਨ ਧਰਤੀ ਵਿਚ ਕਾਲ ਜਿਹੀ ਸਥਿਤੀ ਪੈਦਾ ਹੋ ਗਈ। ਰਿਸ਼ੀਆਂ ਨੇ ਤੰਗ ਆ ਕੇ ਮੰਤਰ ਪੜ੍ਹਦਿਆਂ ਉਸ ਨੂੰ ਕੁਸ਼ਾ ਨਾਲ ਮਾਰ ਦਿੱਤਾ। ਧਰਤੀ 'ਤੇ ਕੋਈ ਰਾਜਾ ਨਾ ਰਿਹਾ ਤਾਂ ਰਿਸ਼ੀਆਂ ਨੇ ਮਰੇ ਵੇਣ ਦੇ ਪੱਟਾਂ ਨੂੰ ਮਲਣਾ ਸ਼ੁਰੂ ਕੀਤਾ। ਸਿੱਟੇ ਵਜੋਂ ਉਸ ਦੇ ਖੱਬੇ ਪੱਟ ਵਿਚੋਂ ਇਕ ਕਾਲਾ ਬੌਣਾ ਪ੍ਰਗਟ ਹੋਇਆ। ਅਜਿਹਾ ਪੁਰਸ਼ ਰਾਜ-ਭਾਗ ਦੇ ਯੋਗ ਨਹੀਂ ਸੀ, ਇਸ ਲਈ ਉਹ ਵਿੰਧਿਆਚਲ ਦੇ ਜੰਗਲਾਂ ਵਿਚ ਧੱਕ ਦਿੱਤਾ ਗਿਆ। ਉਸ ਤੋਂ ਨਿਸ਼ਾਦ ਜਾਤੀ ਪ੍ਰਗਟ ਹੋਈ।

ਰਿਸ਼ੀਆਂ ਨੇ ਫਿਰ ਵੇਣ ਦਾ ਸੱਜਾ ਹੱਥ ਮਲਿਆ ਤਾਂ ਇਕ ਚਮਕਦਾਰ ਮਨੁੱਖ ਪ੍ਰਗਟ ਹੋਇਆ। ਉਸ ਦੇ ਪੈਰਾਂ ਵਿਚ ਅਰਸ਼ਾਂ ਤੋਂ ਤੀਰ ਕਮਾਨ ਅਤੇ ਕਵਚ ਵਰ੍ਹਾਏ ਗਏ। ਇਹ ਪੁਰਸ਼ ਹੀ ਪ੍ਰਿਥੁ ਰਾਜਾ ਬਣਿਆ। ਉਸ ਦੀ ਤਾਜਪੋਸ਼ੀ 'ਤੇ ਪਹੁੰਚੇ ਬ੍ਰਹਮਾ ਨੇ ਦੇਖਿਆ ਕਿ ਪ੍ਰਿਥੁ ਦੇ ਸੱਜੇ ਹੱਥ 'ਤੇ ਵਿਸ਼ਨੂੰ ਦੇ ਹਥਿਆਰ ਚੱਕਰ ਦਾ ਨਿਸ਼ਾਨ ਹੈ, ਜਿਸ ਦਾ ਮਤਲਬ ਉਹ ਵਿਸ਼ਨੂੰ ਦਾ ਹੀ ਅਵਤਾਰ ਸੀ। ਰਾਜਾ ਬਣਦਿਆਂ ਹੀ ਪ੍ਰਿਥੁ ਨੇ ਆਪਣਾ ਤੀਰ ਕਮਾਨ ਲੈ ਕੇ ਬੰਜਰ ਬਣ ਗਈ ਧਰਤੀ ਦਾ ਪਿਛਾ ਕਰਨਾ ਸ਼ੁਰੂ ਕੀਤਾ। ਧਰਤੀ ਗਾਂ ਦਾ ਰੂਪ ਧਾਰ ਕੇ ਅੱਗੇ ਹੀ ਅੱਗੇ ਜਾਈ ਜਾਵੇ, ਪਰ ਪ੍ਰਿਥੁ ਨੇ ਪਿਛਾ ਨਾ ਛੱਡਿਆ। ਆਖਰ ਗਾਂ ਰੂਪੀ ਧਰਤੀ ਨੇ ਡਾਹ ਦੇ ਦਿੱਤੀ। ਪ੍ਰਿਥੁ ਨੇ ਮਨੂ ਨੂੰ ਵੱਛੇ ਵਜੋਂ ਵਰਤਦਿਆਂ ਉਸ ਵਿਚੋਂ ਸਭ ਨਿਆਮਤਾਂ ਚੋਅ ਲਈਆਂ। ਧਰਤੀ ਫਿਰ ਹਰੀ-ਭਰੀ ਅਤੇ ਦੁਧ-ਦਹੀਂ, ਸ਼ਹਿਦ ਨਾਲ ਭਰਪੂਰ ਹੋ ਗਈ। ਪ੍ਰਿਥੁ ਨੇ ਆਪਣੇ ਤੀਰਾਂ ਨਾਲ ਪਹਾੜਾਂ ਨੂੰ ਵੀ ਪੱਧਰਾ ਕਰ ਦਿੱਤਾ। ਪਿੰਡ, ਸ਼ਹਿਰ ਵਸ ਗਏ, ਵਪਾਰ ਤੇ ਖੇਤੀ ਵੀ ਹੋਣ ਲੱਗ ਗਈ।

ਪੁਰਾਣਾਂ ਅਨੁਸਾਰ ਇਸੇ ਪ੍ਰਿਥੁ ਤੋਂ ਧਰਤੀ ਦਾ ਨਾਂ ਪ੍ਰਿਥਵੀ/ਪਰਿਥਵੀ ਪਿਆ। 'ਦਸਮ ਗ੍ਰੰਥ' ਵਿਚ ਇਕ ਪ੍ਰਿਥੁ ਦੀ ਕਥਾ ਹੈ, ਜੋ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ, 'ਅਥ ਪ੍ਰਿਥੁ ਰਾਜਾ ਕੋ ਰਾਜ ਕਥਨੰ।' ਇਸ ਵਿਚ ਸਾਰੀ ਸ਼ਕੁੰਤਲਾ ਵਾਲੀ ਕਹਾਣੀ ਹੈ। ਪੁਰਾਣਾਂ ਆਦਿ ਵਿਚ ਆਈ ਇਸ ਮਿਥ ਵਿਚ ਬੜਾ ਕੁਝ ਛੁਪਿਆ ਪਿਆ ਹੈ। ਧਰਤੀ ਮਨੁੱਖ ਦੀ ਹਰ ਤਰ੍ਹਾਂ ਦੀ ਪੂਰਤੀ ਕਰਦੀ ਹੈ। ਧਰਤੀ ਤੇ ਗਾਂ ਨੂੰ ਇੱਕ-ਮਿੱਕ ਕਰ ਦਿੱਤਾ ਗਿਆ ਹੈ, ਜੋ ਇੱਕ ਤਰ੍ਹਾਂ ਖੇਤੀ ਦੇ ਧੁਰੇ ਦੀ ਪ੍ਰਤੀਕ ਹੈ। ਰਾਜੇ ਵਿਚ ਆਪਣੇ ਰਾਜ ਖੇਤਰ ਵਿਚ ਵਿਸਥਾਰ ਦੀ ਰੁਚੀ ਹੁੰਦੀ ਹੈ। ਰਾਜੇ ਨੂੰ ਪ੍ਰਿਥੀਸੁਰ/ਪ੍ਰਿਥੀਸ ਕਿਹਾ ਗਿਆ ਹੈ, ਅਰਥਾਤ ਪ੍ਰਿਥਵੀ ਦਾ ਈਸ਼ਵਰੀ ਰਾਜਾ, 'ਪੁਨਿ ਸ੍ਰੀ ਪ੍ਰਿਥਰਾਜ ਪ੍ਰਿਥੀਸ ਭਯੋ ਜਿਨਿ ਬਿਪਨ ਦਾਨ ਦੁਰੰਤ ਦਯੋ।' (ਦਸਮ ਗ੍ਰੰਥ)। ਇਸ ਲਈ ਪ੍ਰਿਥੀਨਾਥ, ਪ੍ਰਿਥੀਪਾਲਕ, ਪ੍ਰਿਥੀਪਤੀ ਜਿਹੇ ਸ਼ਬਦ ਵੀ ਹਨ। ਹਿੰਦੂ ਧਰਮ ਵਿਚ ਗਊ ਨੂੰ ਮਾਤਾ ਸਮਝਣ ਦੇ ਵੀ ਕੁਝ ਸੰਕੇਤ ਮਿਲਦੇ ਹਨ।

ਧਰਮ ਗ੍ਰੰਥਾਂ ਅਨੁਸਾਰ ਕੁਰੂਕਸ਼ੇਤਰ ਕੋਲ ਪਿਹੋਵਾ ਨਾਂ ਦਾ ਨਗਰ ਹੈ ਜਿਸ ਦੇ ਨਾਂ ਦਾ ਸਬੰਧ ਪ੍ਰਿਥੁ ਨਾਲ ਜੁੜਦਾ ਹੈ। ਰਾਜਾ ਪ੍ਰਿਥੁ ਨੇ ਆਪਣੇ ਪਿਤਾ ਦੀ ਮੌਤ ਪਿਛੋਂ ਸਰਸਵਤੀ ਕਿਨਾਰੇ ਵਸੇ ਇਸ ਸਥਾਨ 'ਤੇ ਉਸ ਦੇ ਸ਼ਰਾਧ ਦੀ ਰਸਮ ਨਿਭਾਈ ਸੀ। ਇਸ ਨੂੰ ਪਰਿਥੁਦਕ ਕਿਹਾ ਜਾਂਦਾ ਸੀ, ਜਿਸ ਦਾ ਸ਼ਾਬਦਿਕ ਅਰਥ ਬਣਦਾ ਹੈ, ਪ੍ਰਿਥੂ ਜਲ (ਉਦਕ=ਜਲ), ਅਰਥਾਤ ਇਥੇ ਪਿਰਥੁ ਨੇ ਆਪਣੇ ਪਿਤਾ ਨੂੰ ਜਲ ਦਿੱਤਾ। ਇਹ ਪਰਿਥੁਦਕ ਸ਼ਬਦ ਸਮੇਂ ਨਾਲ ਪਿਹੋਵਾ/ਪੇਹਵਾ ਬਣ ਗਿਆ। ਪਿਰਥੁ ਅਤੇ ਫਿਰ ਪ੍ਰਿਥਵੀ ਸ਼ਬਦਾਂ ਪਿਛੇ ਕਈ ਵਿਅਕਤੀ ਨਾਂ ਰੱਖੇ ਗਏ।

ਚੌਹਾਨ ਵੰਸ਼ ਦਾ ਅੰਤਿਮ ਰਾਜਾ ਸੀ, ਪ੍ਰਿਥਵੀ ਰਾਜ ਚੌਹਾਨ। ਗੁਰੂ ਰਾਮ ਦਾਸ ਦੇ ਵੱਡੇ ਪੁੱਤਰ ਦਾ ਨਾਂ ਪ੍ਰਿਥੀਚੰਦ ਸੀ। ਗੁਰੂ ਨਾਨਕ ਦੇਵ ਦੇ ਇਕ ਸਿੱਖ ਦਾ ਨਾਂ ਪ੍ਰਿਥੀਮੱਲ ਸੀ। ਕੁੰਤੀ ਪੁੱਤਰਾਂ ਨੂੰ ਪਾਰਥ ਕਿਹਾ ਜਾਂਦਾ ਸੀ, ਕਿਉਂਕਿ ਉਸ ਦਾ ਆਪਣਾ ਪਹਿਲਾ ਨਾਂ ਪ੍ਰਿਥ ਸੀ, ਪਾਰਥ=ਪ੍ਰਿਥੁ-ਪੁੱਤਰ। ਪਰ ਇਹ ਨਾਂ ਅਰਜਨ ਲਈ ਰੂੜ੍ਹ ਹੋ ਗਿਆ। 'ਗੁਰੂ ਅਰਜਨ ਪੁਰਖ ਪ੍ਰਮਾਣ ਪਾਰਥਉ ਚਾਲੈ ਨਹੀਂ॥' ਕ੍ਰਿਸ਼ਨ ਨੂੰ ਪਾਰਥਾਸਾਰਥੀ ਕਿਹਾ ਗਿਆ ਹੈ, ਭਾਵ ਅਰਜਨ ਦਾ ਸਾਥੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਕੋ ਮੂਲ ਤੋਂ ਦੋ ਵਿਅਕਤੀਆਂ ਦੇ ਨਾਂ ਰੱਖੇ ਗਏ। ਯੂਨਾਨ ਦਾ ਪਲੈਟੋ ਇਤਿਹਾਸਕ ਪੁਰਖ ਹੈ, ਜਦ ਕਿ ਭਾਰਤ ਦਾ ਪ੍ਰਿਥੁ ਮਿਥਿਹਾਸਕ!

# ਆਸਤਕਤਾ-ਨਾਸਤਕਤਾ

***ਜੋ ਵਿਅਕਤੀ ਜੀਵਨ ਵਿਚ ਵੱਧ ਸ਼ਾਂਤੀ ਅਤੇ ਅਨੰਦ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਰੱਬੀ ਗੁਣਾਂ ਵਾਲਾ ਖਾਤਾ ਵਧਾਉਣਾ ਹੋਵੇਗਾ, ਭਾਵ ਉਸ ਨੂੰ ਵੱਧ ਆਸਤਕ ਬਣਨਾ ਪਵੇਗਾ। ਜਿਉਂ ਜਿਉਂ ਆਸਤਕਤਾ ਵਧਦੀ ਜਾਵੇਗੀ, ਤਿਉਂ ਤਿਉਂ ਜ਼ਿੰਦਗੀ ਦਾ ਅਨੰਦ ਵਧਦਾ ਜਾਵੇਗਾ। ਜੋ ਸੰਪੂਰਨ ਆਸਤਿਕਤਾ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਬਾਰੇ ਹੀ ਕਿਹਾ ਜਾਂਦਾ ਹੈ ਕਿ ਜਿਉਂਦੇ ਜੀਅ ਪਰਮਾਤਮਾ ਵਿਚ ਲੀਨ ਹੋ ਗਏ।***



ਸੁਖਦੇਵ ਸਿੰਘ
ਫੋਨ: 91-94171-91916

ਸਮਾਜ ਦੇ ਲੋਕਾਂ ਨੇ ਆਪਣੇ ਆਪ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ-ਆਸਤਕ ਤੇ ਨਾਸਤਕ। ਵੰਡ ਕਰਨ ਵੇਲੇ ਵਿਅਕਤੀ ਦਾ ਬਾਹਰ ਦਾ ਵਰਤਾਰਾ ਦੇਖਿਆ ਜਾਂਦਾ ਹੈ ਕਿ ਉਹ ਧਰਮ ਅਸਥਾਨਾਂ ਜਿਵੇਂ ਮੰਦਿਰ ਮਸਜਿਦ, ਗੁਰਦੁਆਰੇ ਆਦਿ ਜਾਂਦਾ ਹੈ ਜਾਂ ਨਹੀਂ। ਕੀ ਉਹ ਪੂਜਾ ਪਾਠ ਕਰਦਾ ਹੈ, ਸਿਮਰਨ ਕਰਦਾ ਹੈ, ਮਾਲਾ ਫੇਰਦਾ ਹੈ ਜਾਂ ਨਹੀਂ। ਜਿਸ ਦਾ ਵਰਤਾਰਾ ਹਾਂ ਪੱਖੀ ਹੁੰਦਾ ਹੈ, ਉਸ ਨੂੰ ਆਸਤਕ ਤੇ ਨਾਂਹ ਪੱਖੀ ਵਾਲੇ ਨੂੰ ਸਮਾਜ ਨਾਸਤਕ ਕਹਿਣ ਲੱਗ ਜਾਂਦਾ ਹੈ।

ਹੁਣ ਦੇਖਣਾ ਇਹ ਹੈ ਕਿ ਕੀ ਇਹ ਪੈਮਾਨਾ ਠੀਕ ਹੈ? ਕੀ ਆਸਤਿਕਤਾ ਜਾਂ ਨਾਸਤਿਕਤਾ ਸਿਰਫ ਸਾਡੇ ਬਾਹਰੀ ਵਰਤਾਰੇ ਨਾਲ ਹੀ ਸਬੰਧਤ ਹੈ ਜਾਂ ਇਸ ਵਿਚ ਸਾਡੇ ਅੰਦਰ ਦੀ ਹਾਲਤ ਦਾ ਵੀ ਕੋਈ ਯੋਗਦਾਨ ਹੈ। ਜਦ ਤੱਕ ਅਸੀਂ ਵਿਅਕਤੀ ਦੇ ਅੰਦਰ ਨੂੰ ਨਹੀਂ ਪੜ੍ਹ ਸਕਦੇ ਜਾਂ ਅੰਦਰ ਨੂੰ ਨਹੀਂ ਦੇਖ ਸਕਦੇ ਤਾਂ ਹੋ ਸਕਦਾ ਹੈ ਕਿ ਸਾਡਾ ਫੈਸਲਾ ਗਲਤ ਹੋ ਜਾਵੇ। ਜਰੂਰੀ ਨਹੀਂ ਕਿ ਧਰਮ ਸਥਾਨਾਂ 'ਤੇ ਜਾਣ ਵਾਲਾ ਹਰ ਕੋਈ ਆਸਤਕ ਹੀ ਹੈ ਤੇ ਨਾ ਜਾਣ ਵਾਲਾ ਨਾਸਤਕ। ਬਹੁਤ ਵਾਰ ਧਰਮ ਕ੍ਰਿਆ (ਕਰਮਕਾਂਡ) ਕਰਦੇ ਰਹਿਣ ਵਾਲਾ ਵੀ ਨਾਸਤਕ ਹੋ ਸਕਦਾ ਹੈ ਤੇ ਅਜਿਹਾ ਦਿਖਾਵਾ ਨਾ ਕਰਨ ਵਾਲਾ ਵੀ ਆਸਤਕ ਹੋ ਸਕਦਾ ਹੈ।

'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਕਹਿੰਦੇ ਹਨ, "ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥" ਭਾਵ ਸਰੀਰਕ ਕ੍ਰਿਆ ਨਾਲ ਹੀ ਨਹੀਂ ਸਰਨਾ, ਮਨ ਅਤੇ ਆਤਮਾ ਨੂੰ ਵੀ ਪਵਿੱਤਰ ਰੂਪ ਵਿਚ ਉਸ ਕ੍ਰਿਆ ਵਿਚ ਸ਼ਾਮਲ ਕਰਨਾ ਹੋਵੇਗਾ ਤਾਂ ਹੀ ਸਾਡੀ ਕੋਸ਼ਿਸ਼ ਸਫਲ ਹੋ ਸਕੇਗੀ। ਅਸਲ ਵਿਚ ਆਸਤਕ ਤੇ ਨਾਸਤਕ ਦੀ ਚੋਣ ਦਾ ਇਹੋ ਪੈਮਾਨਾ ਹੀ ਸਹੀ ਹੈ।

ਇਸ ਮਾਮਲੇ ਵਿਚ ਨਾ ਤਾਂ ਸਾਰੇ ਦਾ ਸਾਰਾ ਕੋਈ ਆਸਤਕ ਹੈ ਤੇ ਨਾ ਹੀ ਸਾਰੇ ਦਾ ਸਾਰਾ ਕੋਈ ਨਾਸਤਕ ਹੈ। ਰੱਬੀ ਗੁਣ ਧਾਰਨ ਕਰਨ ਵਾਲਾ ਤੇ ਉਸ 'ਤੇ ਪਹਿਰਾ ਦੇਣ ਵਾਲਾ ਆਸਤਕ ਹੁੰਦਾ ਹੈ ਅਤੇ ਇਹ ਗੁਣ ਅੱਖੋਂ ਪਰੋਖੇ ਕਰਕੇ ਜੀਵਨ ਜਿਉਣ ਵਾਲਾ ਨਾਸਤਕ ਕਹਾਉਂਦਾ ਹੈ। ਇਨ੍ਹਾਂ ਦੋਹਾਂ ਰਸਤਿਆਂ ਵਿਚੋਂ ਇੱਕ ਨੂੰ ਪਕੜਨਾ ਤੇ ਦੂਜੇ ਨੂੰ ਛੱਡ ਦੇਣਾ ਅਸੰਭਵ ਹੈ, ਇਸੇ ਲਈ ਸਮਾਜ ਵਿਚ ਆਮ ਜੀਵਨ ਜਿਉਣ ਵਾਲਾ ਨਾ ਹੀ ਪੂਰਾ ਆਸਤਕ ਹੈ ਤੇ ਨਾ ਹੀ ਪੂਰਾ ਨਾਸਤਕ। ਸਾਡੇ ਵਿਚੋਂ ਬਹੁਤੇ ਇਸੇ ਹੀ ਵਰਗ ਵਿਚ ਆਉਂਦੇ ਹਨ। ਜੇ ਅਸੀਂ ਅੱਧੇ ਆਸਤਕ ਤੇ ਅੱਧੇ ਨਾਸਤਕ ਹਾਂ ਤਾਂ ਸਾਡਾ ਜੀਵਨ ਚਲੇਗਾ।

ਜੋ ਵਿਅਕਤੀ ਜੀਵਨ ਵਿਚ ਵੱਧ ਸ਼ਾਂਤੀ ਅਤੇ ਅਨੰਦ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਰੱਬੀ ਗੁਣਾਂ ਵਾਲਾ ਖਾਤਾ ਵਧਾਉਣਾ ਹੋਵੇਗਾ, ਭਾਵ ਉਸ ਨੂੰ ਵੱਧ ਆਸਤਕ ਬਣਨਾ ਪਵੇਗਾ। ਜਿਉਂ ਜਿਉਂ ਆਸਤਕਤਾ ਵਧਦੀ ਜਾਵੇਗੀ, ਤਿਉਂ ਤਿਉਂ ਜ਼ਿੰਦਗੀ ਦਾ ਅਨੰਦ ਵਧਦਾ ਜਾਵੇਗਾ। ਜੋ ਸੰਪੂਰਨ ਆਸਤਿਕਤਾ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਬਾਰੇ ਹੀ ਕਿਹਾ ਜਾਂਦਾ ਹੈ ਕਿ ਜਿਉਂਦੇ ਜੀਅ ਪਰਮਾਤਮਾ ਵਿਚ ਲੀਨ ਹੋ ਗਏ। ਲੀਨ ਹੋਣ ਦਾ ਭਾਵ ਇਹ ਨਹੀਂ ਕਿ ਉਸ ਦੀ ਆਪਣੀ ਹੋਂਦ ਹੀ ਨਹੀਂ ਰਹੀ। ਉਸ ਵਿਚ ਪਰਮਾਤਮਾ ਵਾਲੇ ਗੁਣ ਆ ਜਾਂਦੇ ਹਨ। ਉਹ ਹੁਣ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ, ਬੇਇਨਸਾਫੀ, ਧੋਖਾ ਨਹੀਂ ਕਰਦਾ, ਸਗੋਂ ਸਭ ਨਾਲ ਪਿਆਰ ਤੇ ਹਮਦਰਦੀ ਕਰਦਾ ਹੈ। ਨਿਮਰਤਾ ਨਾਲ ਪੇਸ਼ ਆਉਂਦਾ ਹੈ। ਹਰ ਲੋੜਵੰਦ ਦੀ ਮਦਦ ਕਰਨ ਦੀ ਉਸ ਦੀ ਇੱਛਾ ਰਹਿੰਦੀ ਹੈ।

ਹੁਣ ਆਸਤਕ ਤੇ ਨਾਸਤਕ ਦੀ ਅੰਦਰੂਨੀ ਪਰਖ ਕਰਨ ਲਈ ਵਿਚਾਰ ਕਰਾਂਗੇ। ਸਾਡੇ ਅੰਦਰ ਜੋ ਵਿਚਾਰ ਉਠਦੇ ਹਨ, ਉਨ੍ਹਾਂ ਅਨੁਸਾਰ ਜੋ ਵੀ ਸਰੀਰਕ ਕ੍ਰਿਆ ਕਰਦੇ ਹਾਂ, ਉਨ੍ਹਾਂ ਅਨੁਸਾਰ ਹੀ ਸਾਡਾ ਸਰੀਰ ਕੈਮੀਕਲ ਹਾਰਮੋਨ ਬਣਾਉਂਦਾ ਹੈ। ਜਿਸ ਸੋਚ ਜਾਂ ਕ੍ਰਿਆ ਨਾਲ ਸਾਡੇ ਹਾਰਮੋਨ ਨਹੀਂ ਬਦਲਦੇ, ਉਸ ਨੂੰ ਹੀ ਕਰਮਕਾਂਡ ਕਿਹਾ ਗਿਆ ਹੈ। ਜੇ ਸਾਡੇ ਹਾਰਮੋਨ ਸਾਕਾਰਾਤਮਕ ਹਨ ਤਾਂ ਸਾਡਾ ਲੋਕਾਂ ਪ੍ਰਤੀ ਵਰਤਾਓ 'ਹਾਂ ਪੱਖੀ' ਹੋ ਜਾਵੇਗਾ। ਉਨ੍ਹਾਂ ਨਾਲ ਪਿਆਰ ਜਾਗ ਪਵੇਗਾ। ਸਾਨੂੰ ਲੋਕ ਚੰਗੇ ਲੱਗਣਗੇ ਅਤੇ ਅਸੀਂ ਲੋਕਾਂ ਨੂੰ ਚੰਗੇ ਲੱਗਣ ਲੱਗ ਜਾਵਾਂਗੇ, ਜਿਸ ਨਾਲ ਜੀਵਨ ਖੁਸ਼ੀ ਅਤੇ ਅਨੰਦ ਨਾਲ ਭਰਪੂਰ ਮਹਿਸੂਸ ਹੋਵੇਗਾ, ਜੋ ਸਾਡੇ ਸਭ ਦੀ ਦਿਲੀ ਇੱਛਾ ਹੈ ਤੇ ਲੋਕ ਸਾਨੂੰ ਆਸਤਕ ਸਮਝਣ ਲੱਗ ਜਾਣਗੇ।


ਇਸ ਦੇ ਉਲਟ ਜੇ ਸਾਡੇ ਹਾਰਮੋਨ ਨਾਕਾਰਾਤਮਕ ਬਣਨਗੇ ਤਾਂ ਸਾਡਾ ਜੀਵਨ ਬੇਚੈਨ ਤੇ ਅਸ਼ਾਂਤ ਹੋਵੇਗਾ ਅਤੇ ਅਸੀਂ ਹਰ ਇੱਕ ਨਾਲ ਮੰਦਾ ਜਾਂ ਭੈੜਾ ਵਰਤਾਓ ਕਰਾਂਗੇ। ਲੋਕਾਂ ਦੀ ਹਮਦਰਦੀ ਤੇ ਪਿਆਰ ਗੁਆ ਬੈਠਾਂਗੇ। ਹਰ ਕੋਈ ਸਾਥੋਂ ਦੂਰ ਰਹਿਣਾ ਪਸੰਦ ਕਰੇਗਾ। ਲੋਕ ਸਾਨੂੰ ਨਾਸਤਕ ਕਹਿਣ ਲੱਗ ਜਾਣਗੇ।

ਜੀਵਨ ਸ਼ਾਂਤੀ ਨਾਲ ਅਤੇ ਖੁਸ਼ ਖੁਸ਼ ਬਿਤਾਉਣਾ ਹੈ ਜਾਂ ਜੀਵਨ ਵਿਚ ਲੋਕਾਂ ਨਾਲ ਝਗੜੇ ਛੇੜਦੇ ਹੋਏ ਜੀਣਾ ਹੈ, ਇਹ ਸਾਡੇ ਆਪਣੇ ਹੱਥ ਹੈ। ਲੋਕਾਂ ਦੀ ਨਿਗ੍ਹਾ ਵਿਚ ਆਸਤਕ ਬਣਨਾ ਹੈ ਜਾਂ ਨਾਸਤਕ, ਚੋਣ ਸਾਡੇ ਆਪਣੇ ਹੱਥ ਹੈ। ਇਹ ਸਿਰਫ ਫੈਸਲਾ ਲੈ ਲੈਣ ਨਾਲ ਹੀ ਨਹੀਂ ਹੋ ਜਾਣਾ, ਇਸ ਲਈ ਲੋੜੀਂਦੀ ਸੋਚ ਅਤੇ ਨਿਰਮਲ ਵਰਤਾਰੇ ਦੀ ਵੀ ਲੋੜ ਹੈ। ਇਸ ਸੋਚ 'ਤੇ ਪਹਿਰਾ ਦੇਣਾ ਹੋਵੇਗਾ। ਸਾਕਾਰਾਤਮਕ ਵਿਚਾਰਾਂ ਨਾਲ ਸਾਨੂੰ ਸਭ ਨੂੰ ਹਰ ਵਕਤ ਪ੍ਰਗਤੀਸ਼ੀਲ ਰਹਿਣਾ ਹੋਵੇਗਾ। ਇੱਕ ਵਾਰ ਜਦ ਇਸ ਰਾਸਤੇ 'ਤੇ ਚਲਣਾ ਸ਼ੁਰੂ ਹੋ ਗਿਆ ਤਾਂ ਅਸੀਂ ਹਰ ਵਕਤ ਭਰੇ ਭਰੇ ਅਤੇ ਤ੍ਰਿਪਤ ਮਹਿਸੂਸ ਕਰਾਂਗੇ।

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-5

# ਬਜਰੰਗ ਦਲ ਦੀ ਬੁਰਛਾਗਰਦੀ

**ਹਿੰਦੂਤਵੀ ਲਸ਼ਕਰ**



**ਧੀਰੇਂਦਰ ਕੁਮਾਰ ਝਾਅ**

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਜ਼ਿੰਮੇਵਾਰ ਸੰਗਠਨਾਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਬਜਰੰਗ ਦਲ ਦੇ ਕਾਰਿਆਂ ਬਾਰੇ ਕੁਝ ਹੋਰ ਖੁਲਾਸੇ ਕੀਤੇ ਗਏ ਹਨ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਵਿਸ਼ਵ ਹਿੰਦੂ ਪ੍ਰੀਸ਼ਦ ਦੀ ਵੈਬਸਾਈਟ ਬਜਰੰਗ ਦਲ ਨੂੰ ਹਿੰਦੂ ਸਮਾਜ ਦਾ 'ਸੁਰੱਖਿਆ ਘੇਰਾ' ਆਖਦੀ ਹੈ; ਹਾਲਾਂਕਿ ਇਸ ਜਥੇਬੰਦੀ ਦੀਆਂ ਸਰਗਰਮੀਆਂ ਨਾਲ ਤਾਂ ਇਸ ਤੋਂ ਉਲਟ ਸਾਬਤ ਹੁੰਦਾ ਹੈ। ਅਰਾਜਕ ਬਣਤਰ ਅਤੇ ਅਨੁਸ਼ਾਸਨਹੀਣ ਬਿਰਤੀ ਵਾਲੀ ਇਹ ਜਥੇਬੰਦੀ ਸੰਘ ਪਰਿਵਾਰ ਦਾ ਇੱਲਤੀ ਬੱਚਾ ਹੈ।

ਬਜਰੰਗ ਦਲ ਦੀ ਸਥਾਪਨਾ ਤੋਂ 15 ਸਾਲ ਬਾਅਦ 1999 ਵਿਚ ਇਸ ਦੇ ਕਾਰਕੁਨਾਂ ਦੀ ਟੋਲੀ, ਜਿਸ ਦੀ ਅਗਵਾਈ ਰਵਿੰਦਰ ਕੁਮਾਰ ਪਾਲ ਉਰਫ ਦਾਰਾ ਸਿੰਘ ਕਰ ਰਿਹਾ ਸੀ, ਨੇ ਆਸਟਰੇਲੀਆ ਦੇ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਬੱਚਿਆਂ ਨੂੰ ਜਿਉਂਦੇ ਸਾੜ ਦਿੱਤਾ। ਸਟੇਨਜ਼ 30 ਸਾਲਾਂ ਤੋਂ ਉੜੀਸਾ ਦੇ ਕੋਹੜੀ ਮਰੀਜ਼ਾਂ ਵਿਚ ਕੰਮ ਕਰ ਰਿਹਾ ਸੀ। ਜਦੋਂ ਸਿਆਲ ਵਿਚ ਜਨਵਰੀ ਦੀ ਉਸ ਰਾਤ ਉਨ੍ਹਾਂ ਦੀ ਹੱਤਿਆ ਕੀਤੀ ਗਈ, ਉਹ ਅਤੇ ਉਸ ਦੇ ਦੋ ਨਿੱਕੇ-ਨਿੱਕੇ ਪੁੱਤਰ ਕਿਓਨਝਾਰ ਜਿਲੇ ਦੇ ਪਿੰਡ ਮਨੋਹਰਪੁਰ ਵਿਚ ਆਪਣੀ ਕਾਰ ਵਿਚ ਸੌਂ ਰਹੇ ਸਨ। ਇਕ ਹਜੂਮ ਨੇ ਕਾਰ ਉਪਰ ਪੈਟਰੋਲ ਛਿੜਕਿਆ ਅਤੇ ਅੱਗ ਲਾ ਦਿੱਤੀ। ਸਟੇਨਜ਼ ਨੇ ਭੱਜਣ ਦੀ ਕੋਸ਼ਿਸ ਕੀਤੀ, ਪਰ ਭੀੜ ਨੇ ਉਸ ਨੂੰ ਕਾਰ 'ਚੋਂ ਨਿਕਲਣ ਨਾ ਦਿੱਤਾ ਅਤੇ ਤਿੰਨੇ ਪਿਉ-ਪੁੱਤਰ ਅੱਗ ਵਿਚ ਸੜ ਕੇ ਸੁਆਹ ਹੋ ਗਏ।

ਛੇਤੀ ਹੀ ਪਤਾ ਲੱਗ ਗਿਆ ਕਿ ਇਹ ਕਾਂਡ ਬਜਰੰਗ ਦਲ ਵਾਲਿਆਂ ਦਾ ਕਾਰਾ ਹੈ। ਉੜੀਸਾ ਦੇ ਡੀ.ਜੀ.ਪੀ. ਬੀ. ਬੀ. ਪਾਂਡਾ ਦੀ ਜਾਂਚ ਨੇ ਇਸ ਉਪਰ ਸਰਕਾਰੀ ਮੋਹਰ ਲਾ ਦਿੱਤੀ। ਉਸ ਨੇ ਕਿਹਾ, 'ਇਸ ਹਮਲੇ ਵਿਚ ਬਜਰੰਗ ਦਲ ਦਾ ਹੱਥ ਹੈ।' (ਮਈ 2019 ਵਿਚ ਲੋਕ ਸਭਾ ਚੋਣਾਂ ਵਿਚ ਜਿੱਤ ਕੇ ਪਾਰਲੀਮੈਂਟ ਵਿਚ ਪਹੁੰਚਿਆ ਅਖੌਤੀ ਫਕੀਰ ਪ੍ਰਤਾਪ ਚੰਦਰ ਸਾਰੰਗੀ ਉਦੋਂ ਬਜਰੰਗ ਦਲ ਦੀ ਉੜੀਸਾ ਇਕਾਈ ਦਾ ਮੁਖੀ ਸੀ, ਉਸ ਦੇ ਹੱਥ ਇਨ੍ਹਾਂ ਕਤਲਾਂ ਦੇ ਲਹੂ ਨਾਲ ਰੰਗੇ ਹੋਏ ਹਨ। -ਅਨੁਵਾਦਕ)। ਪੜਤਾਲ ਕਰਨ 'ਤੇ ਖੁਲਾਸਾ ਹੋਇਆ ਕਿ 2 ਜਨਵਰੀ 1999 ਦੀ ਰਾਤ ਸਥਾਨਕ ਆਗੂ ਦਾਰਾ ਸਿੰਘ ਨੇ ਭੀੜ ਦੀ ਅਗਵਾਈ ਕੀਤੀ। 2003 ਵਿਚ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ, ਜੋ 2005 ਵਿਚ ਉੜੀਸਾ ਹਾਈਕੋਰਟ ਨੇ ਉਮਰ ਕੈਦ ਵਿਚ ਬਦਲ ਦਿੱਤੀ। 2011 ਵਿਚ ਸੁਪਰੀਮ ਕੋਰਟ ਨੇ ਹਾਈਕੋਰਟ ਦਾ ਫੈਸਲਾ ਬਰਕਰਾਰ ਰੱਖਿਆ।

ਇਹ ਸੋਚ ਕੇ ਕਿ ਹੁਣ ਤਾਂ ਕੇਂਦਰ ਵਿਚ ਸੰਘ ਦਾ ਹੀ ਸਿਆਸੀ ਵਿੰਗ ਭਾਜਪਾ ਸੱਤਾ ਵਿਚ ਹੈ, ਬਜਰੰਗ ਦਲ ਨੇ ਆਪਣਾ ਤਾਂਡਵ ਨਾਚ ਹੋਰ ਵੀ ਹੌਸਲੇ ਨਾਲ ਜਾਰੀ ਰੱਖਿਆ। ਇਸ ਦੇ ਕਾਰਿੰਦਿਆਂ ਨੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਗਿਰਜਾ ਘਰਾਂ, ਪਾਦਰੀਆਂ ਅਤੇ ਇਸਾਈ ਸਾਧਵੀਆਂ 'ਤੇ ਹਮਲੇ ਕੀਤੇ। ਸਭ ਤੋਂ ਵੱਧ ਦਿਲ ਕੰਬਾਊ ਸਰਗਰਮੀਆਂ ਗੁਜਰਾਤ ਵਿਚ ਹੋਈਆਂ, ਜਿਥੇ ਇਹ ਸ਼ਾਇਦ ਸਭ ਤੋਂ ਵੱਧ ਮਜ਼ਬੂਤ ਹੈ। ਜਦੋਂ 2002 ਵਿਚ ਰਾਜ ਦੇ ਬਹੁਤ ਸਾਰੇ ਹਿੱਸਿਆਂ ਵਿਚ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ, ਇਸ ਫਿਰਕੂ ਹਿੰਸਾ ਵਿਚ ਇਸ ਦਾ ਵੱਡਾ ਹੱਥ ਸੀ। ਗੁਜਰਾਤ ਦੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਰਲ ਕੇ ਬਜਰੰਗ ਦਲ ਭੀੜਾਂ ਨੂੰ ਜਥੇਬੰਦ ਕਰਨ ਅਤੇ ਕਤਲੋ-ਗਾਰਤ ਲਈ ਉਕਸਾਉਣ ਵਿਚ ਸਭ ਤੋਂ ਵੱਧ ਸਰਗਰਮ ਦੇਖਿਆ ਗਿਆ।

ਬਜਰੰਗ ਦਲ ਦਾ ਕਾਰਿੰਦਾ ਬਾਬੂ ਬਜਰੰਗੀ ਆਪਣੇ ਘਿਨਾਉਣੇ ਕਾਰਿਆਂ ਬਾਰੇ ਕੈਮਰੇ ਅੱਗੇ ਸ਼ਰੇਆਮ ਸ਼ੇਖੀ ਮਾਰਦਾ ਹੈ ਕਿ ਉਸ ਨੇ 28 ਫਰਵਰੀ 2002 ਨੂੰ ਸਥਾਨਕ ਇਲਾਕੇ ਦੇ ਲੋਕਾਂ ਨੂੰ ਹਥਿਆਰ ਵੰਡੇ ਅਤੇ ਮੁਸਲਿਮ ਬਹੁਗਿਣਤੀ ਇਲਾਕੇ ਨਰੋਦਾ ਪਾਟੀਆ 'ਤੇ ਹਮਲਾ ਕੀਤਾ। ਉਨ੍ਹਾਂ ਨੂੰ ਜਿੰਨੇ ਵੀ ਮੁਸਲਮਾਨ ਮਿਲੇ, ਸਭ ਨੂੰ ਕੋਹ-ਕੋਹ ਕੇ ਮਾਰ ਦਿੱਤਾ। ਉਨ੍ਹਾਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਦਿੱਤੀ ਸੂਚੀ ਅਨੁਸਾਰ ਮੁਸਲਮਾਨਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ।

ਜੇ 2002 ਵਿਚ ਬਜਰੰਗ ਦਲ ਨੇ ਕਤਲੇਆਮ ਲਈ ਆਦਮੀ ਅਤੇ ਆਦਮਖੋਰ ਹਜੂਮ ਮੁਹੱਈਆ ਕੀਤੇ ਤਾਂ ਬਾਅਦ ਵਾਲੇ ਸਾਲਾਂ ਵਿਚ ਉਹ ਸਮਾਜ ਦੇ ਵੱਖ-ਵੱਖ ਫਿਰਕਿਆਂ ਵਿਚ ਵੰਡੀਆਂ ਪੈਦਾ ਕਰਨ ਦੇ ਸੰਘ ਪਰਿਵਾਰ ਦੇ ਏਜੰਡੇ ਨੂੰ ਨੇਪਰੇ ਚਾੜ੍ਹਨ ਦੇ ਕਾਰਜ ਵਿਚ ਵੀ ਪੂਰੀ ਤਨਦੇਹੀ ਤੇ ਸਰਗਰਮੀ ਨਾਲ ਜੁਟਿਆ ਹੋਇਆ ਹੈ। ਗੁਜਰਾਤ ਵਿਚ ਇਸ ਨੇ ਮੁਸਲਮਾਨਾਂ ਜਾਂ ਕਿਸੇ ਹੋਰ ਜਾਤ ਦੇ ਲੜਕਿਆਂ ਨਾਲ ਵਿਆਹ ਕਰਾਉਣ ਵਾਲੀਆਂ ਹਿੰਦੂ ਲੜਕੀਆਂ ਨੂੰ ਇਸ 'ਫੰਦੇ' ਵਿਚੋਂ ਕੱਢਣ ਲਈ ਧਰਮ ਯੁੱਧ ਛੇੜ ਦਿੱਤਾ। 2007 ਵਿਚ ਬਜਰੰਗ ਦਲ ਦੇ ਛਾਪੇ ਗਏ ਕਿਤਾਬਚੇ ਵਿਚ ਕਿਹਾ ਗਿਆ ਕਿ ਪ੍ਰੇਮ ਵਿਆਹ ਹਿੰਦੂ ਰਵਾਇਤਾਂ ਦੇ ਖਿਲਾਫ ਹਨ, ਇਸ ਕਰਕੇ ਹਿੰਦੂ ਲੜਕੀ ਨੂੰ ਇਸ ਸਾਜ਼ਿਸ਼ ਦੇ ਜਾਲ ਵਿਚੋਂ ਮੁਕਤ ਕਰਾਉਣਾ 100 ਗਊਆਂ ਬਚਾਉਣ ਦੇ ਬਰਾਬਰ ਹੈ।

ਬਜਰੰਗ ਦਲ ਅਤੇ ਸੰਘ ਦੇ ਹੋਰ ਲਸ਼ਕਰਾਂ ਦੀਆਂ ਕਾਰਵਾਈਆਂ ਨੇ ਮਾਹੌਲ ਇਸ ਕਦਰ ਜ਼ਹਿਰੀਲਾ ਬਣਾ ਦਿੱਤਾ ਕਿ ਬਹੁਤ ਸਾਰੇ ਸ਼ਹਿਰਾਂ ਵਿਚ ਮੁਸਲਮਾਨਾਂ ਨੇ ਆਪਣੀ ਸੁਰੱਖਿਆ ਲਈ ਇਕੱਠੇ ਹੋ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਨਾਲ ਰਾਜ ਵਿਚ ਵੱਡੇ ਪੱਧਰ 'ਤੇ ਵੱਖਰੀਆਂ ਬਸਤੀਆਂ ਹੋਂਦ ਵਿਚ ਆ ਗਈਆਂ। ਦਰਅਸਲ, ਹੁਣ ਤਾਂ ਗੁਜਰਾਤ ਦੇ ਬਹੁਤ ਸਾਰੇ ਵੱਡੇ ਸ਼ਹਿਰਾਂ ਵਿਚ ਵੱਡੀ ਮੁਸਲਿਮ ਆਬਾਦੀ ਵਾਲੇ ਅਲੱਗ-ਥਲੱਗ ਖੇਤਰ ਬਣੇ ਹੋਏ ਹਨ, ਜਿਨ੍ਹਾਂ ਨੂੰ ਸਥਾਨਕ ਲੋਕ ਮਿਨੀ ਪਾਕਿਸਤਾਨ ਕਹਿੰਦੇ ਹਨ। ਇਸ ਸ਼ਬਦ ਦਾ ਜਨਤਕ ਇਸਤੇਮਾਲ ਦਰਸਾਉਂਦਾ ਹੈ ਕਿ ਉਥੇ ਰਹਿਣ ਵਾਲੇ ਸਾਰੇ ਉਨ੍ਹਾਂ ਲਈ ਦੁਸ਼ਮਣ ਹਨ। ਇਨ੍ਹਾਂ ਦੁਆਲੇ ਉਸਾਰੀਆਂ ਕੰਧਾਂ ਇਨ੍ਹਾਂ ਨੂੰ ਬਾਕੀ ਅਬਾਦੀ ਤੋਂ ਅਲਹਿਦਾ ਕਰਦੀਆਂ ਹਨ, ਜੋ ਹਰ ਫਿਰਕੂ ਫਸਾਦ ਪਿਛੋਂ ਹੋਰ ਉਚੀਆਂ ਹੋ ਜਾਂਦੀਆਂ ਹਨ। ਅਮੀਰ ਖੇਤਰਾਂ ਵਿਚ ਵੀ ਮੁਸਲਮਾਨਾਂ ਨੂੰ ਜਾਇਦਾਦ ਖਰੀਦਣ ਦੀ ਆਗਿਆ ਨਹੀਂ।



***ਆਸਟਰੇਲੀਆ ਦੇ ਮਿਸ਼ਨਰੀ ਗ੍ਰਾਹਮ ਸਟੇਨਜ਼ ਦੀ ਆਪਣੀ ਪਤਨੀ ਅਤੇ ਬੱਚਿਆਂ ਨਾਲ ਤਸਵੀਰ। ਬਜਰੰਗ ਦਲ ਦੇ ਹਮਲਾਵਰਾਂ ਨੇ ਉਸ ਅਤੇ ਉਸ ਦੇ ਦੋਹਾਂ ਪੁੱਤਰਾਂ ਨੂੰ ਜਿਉਂਦਿਆਂ ਸਾੜ ਦਿੱਤਾ ਸੀ।***

2004 ਵਿਚ 'ਫਰੰਟ ਲਾਈਨ' ਰਸਾਲੇ ਵਿਚ ਛਪੀ ਰਿਪੋਰਟ ਦੱਸਦੀ ਹੈ, "ਜਦੋਂ ਮੁਸਲਮਾਨਾਂ ਨੇ ਪਾਲਦੀ ਵਿਚ ਫਲੈਟ ਖਰੀਦੇ, ਜੋ ਅਹਿਮਦਾਬਾਦ ਦਾ ਕਾਰੋਬਾਰੀ ਖੇਤਰ ਹੈ ਤਾਂ ਬਜਰੰਗ ਦਲ ਦੇ ਕਾਰਕੁਨਾਂ ਨੇ ਇਮਾਰਤ ਢਾਹ ਦਿੱਤੀ ਅਤੇ ਬੰਬ ਸੁੱਟ ਕੇ ਲਿਫਟ ਉਡਾ ਦਿੱਤੀ, ਅਤੇ ਉਨ੍ਹਾਂ ਮੁਸਲਮਾਨ ਮਾਲਕਾਂ ਨੂੰ ਉਹ ਫਲੈਟ ਕੌਡੀਆਂ ਦੇ ਭਾਅ ਵੇਚਣ ਲਈ ਮਜਬੂਰ ਕਰ ਦਿੱਤਾ। ਅਹਿਮਦਾਬਾਦ ਸ਼ਹਿਰ ਦੇ ਗੇਟਬੰਦ ਇਲਾਕਿਆਂ ਵਿਚ ਬਜਰੰਗ ਦਲ ਨੇ ਉਨ੍ਹਾਂ ਵਪਾਰੀਆਂ 'ਤੇ ਹਮਲੇ ਕੀਤੇ, ਜਿਨ੍ਹਾਂ ਨੇ ਮੁਸਲਮਾਨਾਂ ਨੂੰ ਜਾਇਦਾਦ ਵੇਚੀ ਸੀ।"

2002 ਦੀ ਫਿਰਕੂ ਹਿੰਸਾ ਪਿਛੋਂ ਸਹਿਮੇ ਹੋਏ ਮੁਸਲਮਾਨਾਂ ਵਲੋਂ ਆਪਣੀਆਂ ਅਲਹਿਦਾ ਬਸਤੀਆਂ ਬਣਾਉਣ ਦਾ ਸਿਲਸਿਲਾ ਪੇਂਡੂ ਖੇਤਰਾਂ ਵਿਚ ਵੀ ਸ਼ੁਰੂ ਹੋ ਗਿਆ। ਰਿਪੋਰਟ ਦੱਸਦੀ ਹੈ, 'ਬਹੁਤ ਸਾਰੇ ਸ਼ਰਨਾਰਥੀਆਂ ਲਈ ਆਪਣੇ ਘਰਾਂ ਨੂੰ ਪਰਤ ਕੇ ਉਥੇ ਮੁੜ ਵਸਣਾ ਸੰਭਵ ਨਹੀਂ। ਉਹ ਨਾਲ ਲੱਗਦੇ ਕਸਬਿਆਂ ਅਤੇ ਪਿੰਡਾਂ, ਜਿਥੇ ਮੁਸਲਿਮ ਆਬਾਦੀ ਵਧੇਰੇ ਹੈ, ਵਿਚ ਜਾ ਕੇ ਵਸੇਬਾ ਕਰਨ ਨੂੰ ਤਰਜੀਹ ਦੇ ਰਹੇ ਹਨ। ਉਹ ਮਹਿਸੂਸ ਕਰਦੇ ਹਨ ਕਿ ਅਲਹਿਦਾ ਰਹਿਣ ਕਾਰਨ ਉਹ ਸੌਖਾ ਨਿਸ਼ਾਨਾ ਬਣ ਸਕਦੇ ਹਨ। ਪਿੰਡਾਂ ਵਿਚ ਵਸਦੇ ਮੁਸਲਮਾਨਾਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਉਥੋਂ ਕੱਢਣ ਤੋਂ ਬਾਅਦ ਬਜਰੰਗ ਦਲ ਦੀਆਂ ਸਥਾਨਕ ਇਕਾਈਆਂ ਨੇ ਹੰਕਾਰ ਨਾਲ ਉਥੇ 'ਮੁਸਲਿਮ ਮੁਕਤ' ਇਲਾਕੇ ਦੇ ਬੈਨਰ ਲਾ ਦਿੱਤੇ।

ਫਿਰ ਬਜਰੰਗ ਦਲ ਬਾਬਤ ਜੋ ਸਭ ਤੋਂ ਖਤਰਨਾਕ ਸਬੂਤ ਸਾਹਮਣੇ ਆਉਣੇ ਸ਼ੁਰੂ ਹੋਏ, ਉਹ ਸਨ ਇਸ ਦਾ ਕੌਮਾਂਤਰੀ ਦਹਿਸ਼ਤਵਾਦੀ ਗੁੱਟਾਂ ਦੀ ਤਰਜ਼ 'ਤੇ ਹਜੂਮੀ ਹਿੰਸਾ ਤੋਂ ਗੁਪਤ ਦਹਿਸ਼ਤਵਾਦੀ ਮੁਹਿੰਮ ਵੱਲ ਕੱਟਿਆ ਮੋੜਾ। ਇਹ ਸਭ ਤੋਂ ਪਹਿਲਾਂ ਅਪਰੈਲ 2006 ਵਿਚ ਮਹਾਰਾਸ਼ਟਰ ਵਿਚ ਨਾਂਦੇੜ ਵਿਚ ਸਾਹਮਣੇ ਆਇਆ, ਜਿਥੇ ਇਸ ਦੇ ਦੋ ਕਾਰਿੰਦੇ ਆਰ. ਐਸ. ਐਸ. ਦੇ ਕਾਰਿੰਦੇ ਲਕਸ਼ਮਣ ਰਾਜ ਕੋਂਡਵਾਰ ਦੇ ਘਰ ਵਿਸਫੋਟਕ ਸਮਾਨ ਬਣਾਉਂਦੇ ਮਾਰੇ ਗਏ। ਇਸੇ ਤਰ੍ਹਾਂ ਮਹਾਰਾਸ਼ਟਰ ਦੇ ਹੋਰ ਕਸਬਿਆਂ ਪਰਭਾਨੀ, ਜਾਲਨਾ ਅਤੇ ਪੂਰਨਾ ਤੋਂ ਵੀ ਬੰਬ ਕਾਂਡਾਂ ਦੀਆਂ ਰਿਪੋਰਟਾਂ ਆਈਆਂ। ਜਾਂਚ ਤੋਂ ਪਤਾ ਲੱਗਾ ਕਿ ਇਹ ਆਮ ਜੁਰਮ ਨਹੀਂ ਸਨ। ਇਹ ਬਜਰੰਗ ਦਲ ਦੀ ਵੱਡੀ ਸਾਜ਼ਿਸ਼ ਵੱਲ ਸੰਕੇਤ ਕਰਦੇ ਸਨ, ਜਿਥੇ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੇ ਭੇਸ ਵਿਚ ਬੰਬ ਤਿਆਰ ਕੀਤੇ ਜਾਂਦੇ ਸਨ ਤਾਂ ਜੋ ਮਸਜਿਦਾਂ 'ਤੇ ਹਮਲੇ ਕੀਤੇ ਜਾਣ ਅਤੇ ਇਸ ਦਹਿਸ਼ਤਗਰਦੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਵੇ ਕਿ ਇਹ ਮੁਸਲਮਾਨਾਂ ਵਲੋਂ ਅੰਜਾਮ ਦਿੱਤੇ ਗਏ ਹਨ। ਅਗਲੀ ਛਾਣਬੀਣ ਤੋਂ ਪਤਾ ਲੱਗਾ ਕਿ ਮਹਾਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਤੋਂ ਬਜਰੰਗ ਦਲ ਦੇ ਤਿੰਨ ਦਰਜਨ ਕਾਰਿੰਦਿਆਂ ਨੂੰ ਪੂਨੇ ਵਿਚ ਸਿਖਲਾਈ ਦਿੱਤੀ ਗਈ ਸੀ, ਜਦਕਿ ਸੌ ਦੇ ਕਰੀਬ ਹੋਰ ਮੈਂਬਰਾਂ ਨੂੰ ਨਾਗਪੁਰ ਵਿਚ ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੀ ਸਿਖਲਾਈ ਦਿੱਤੀ ਗਈ। ਇਹ ਭੇਤ ਵੀ ਖੁੱਲ੍ਹਿਆ ਕਿ ਬਜਰੰਗ ਦਲ ਦੇ ਇਨ੍ਹਾਂ ਕਾਰਕੁਨਾਂ ਨੂੰ ਸਿਖਲਾਈ ਦੇਣ ਵਾਲੇ ਲੋਕਾਂ ਵਿਚ ਫੌਜ ਅਤੇ ਖੁਫੀਆ ਏਜੰਸੀਆਂ ਦੇ ਰਿਟਾਇਰ ਹੋਏ ਅਧਿਕਾਰੀ ਵੀ ਸ਼ਾਮਲ ਸਨ।

ਦੋ ਸਾਲ ਬਾਅਦ 24 ਅਗਸਤ 2008 ਨੂੰ ਇਕ ਹੋਰ ਅਜਿਹੀ ਘਟਨਾ ਕਾਨਪੁਰ ਵਿਖੇ ਵਾਪਰੀ ਜਿਥੇ ਬਜਰੰਗ ਦਲ ਦੇ ਦੋ ਕਾਰਿੰਦੇ ਰਾਜੀਵ ਮਿਸ਼ਰਾ ਅਤੇ ਭੁਪਿੰਦਰ ਸਿੰਘ ਵਿਸਫੋਟਕ ਸਮੱਗਰੀ ਨਾਲ ਬੰਬ ਬਣਾਉਂਦੇ ਮਾਰੇ ਗਏ। ਕਾਨਪੁਰ ਰੇਂਜ ਦੇ ਪੁਲਿਸ ਦੇ ਆਈ. ਜੀ. ਨੇ ਜਾਂਚ ਪਿਛੋਂ ਪੱਤਰਕਾਰਾਂ ਨੂੰ ਦੱਸਿਆ ਕਿ ਉਤਰ ਪ੍ਰਦੇਸ਼ ਦੀ ਸਪੈਸ਼ਲ ਟਾਸਕ ਫੋਰਸ ਨੇ 'ਬੰਬ ਕਾਂਡਾਂ ਨੂੰ ਅੰਜਾਮ ਦੇਣ ਦੀ ਵਿਆਪਕ ਯੋਜਨਾ' ਨਾਕਾਮ ਬਣਾ ਦਿੱਤੀ ਹੈ। ਪੁਲਿਸ ਨੇ 3 ਕਿਲੋ ਲੈੱਡ ਆਕਸਾਈਡ, 500 ਗਰਾਮ ਲਾਲ ਲੈੱਡ, ਇਕ ਕਿੱਲੋਗ੍ਰਾਮ ਪੋਟਾਸ਼ੀਅਮ ਨਾਈਟਰੇਟ, 11 ਦੇਸੀ ਗਰਨੇਡ, ਬਹੁਤ ਸਾਰੇ ਬੰਬਾਂ ਦੇ ਪਿੰਨ, ਟਾਈਮਰ ਅਤੇ ਬਹੁਤ ਸਾਰੀਆਂ ਬੈਟਰੀਆਂ ਧਮਾਕੇ ਵਾਲੀ ਥਾਂ ਤੋਂ ਬਰਾਮਦ ਕੀਤੀਆਂ। ਦੇਸੀ ਹੈਂਡ ਗਰਨੇਡ ਆਕਾਰ ਅਤੇ ਸ਼ਕਲ ਪੱਖੋਂ ਫੌਜ ਵਲੋਂ ਵਰਤੇ ਜਾਣ ਵਾਲੇ ਗਰਨੇਡਾਂ ਨਾਲ ਮਿਲਦੇ ਜੁਲਦੇ ਸਨ। ਇਸ ਵਾਰਦਾਤ ਸਬੰਧੀ ਮਾਰੇ ਛਾਪਿਆਂ ਦੌਰਾਨ ਪੁਲਿਸ ਨੂੰ ਡਾਇਰੀ ਅਤੇ ਹੱਥ ਨਾਲ ਬਣਾਏ ਉਤਰ ਪ੍ਰਦੇਸ਼ ਦੇ ਮੁਸਲਿਮ ਆਬਾਦੀ ਵਾਲੇ ਫਿਰੋਜ਼ਾਬਾਦ ਦੇ ਨਕਸ਼ੇ ਮਿਲੇ। ਨਕਸ਼ਿਆਂ 'ਤੇ ਘੱਟੋ-ਘੱਟ ਪੰਜ ਥਾਂਵਾਂ ਦੀ ਨਿਸ਼ਾਨਦੇਹੀ ਕੀਤੀ ਹੋਈ ਸੀ ਕਿ ਇਹ ਖੇਤਰ ਉਨ੍ਹਾਂ ਦੇ ਨਿਸ਼ਾਨੇ 'ਤੇ ਹੋਣਗੇ।

2008 ਵਿਚ ਜਦ ਉੜੀਸਾ ਦੇ ਕੰਧਮਾਲ ਵਿਚ ਇਸਾਈਆਂ ਵਿਰੁਧ ਦੰਗੇ ਹੋਏ ਤਾਂ ਬਜਰੰਗ ਦਲ ਇਕ ਵਾਰ ਫੇਰ ਚਰਚਾ ਵਿਚ ਆਇਆ। ਇਸ 'ਤੇ ਇਸ ਫਿਰਕੂ ਹਿੰਸਾ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗੇ, ਇਸ ਤੋਂ ਥੋੜ੍ਹੇ ਚਿਰ ਬਾਅਦ ਕਥਿਤ ਤੌਰ 'ਤੇ ਮਾਓਵਾਦੀਆਂ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਵਾਮੀ ਲਕਸ਼ਮਨੰਦਾ ਸਰਸਵਤੀ ਅਤੇ ਉਸ ਦੇ ਚਾਰ ਹਮਾਇਤੀਆਂ ਦਾ ਕਤਲ ਕਰ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਦੀ ਮੌਤ ਦੇ ਤੁਰੰਤ ਪਿਛੋਂ ਹਿੰਸਾ ਵਿੱਢ ਦਿੱਤੀ ਗਈ। ਸਰਕਾਰੀ ਅੰਕੜਿਆਂ ਅਨੁਸਾਰ 38 ਮੌਤਾਂ ਹੋਈਆਂ ਪਰ ਗੈਰਸਰਕਾਰੀ ਅੰਦਾਜ਼ਿਆਂ ਮੁਤਾਬਿਕ ਮੌਤਾਂ ਦੀ ਗਿਣਤੀ 93 ਸੀ। ਇਸ ਤੋਂ ਇਲਾਵਾ ਇਸਾਈ ਕਬੀਲਿਆਂ ਅਤੇ ਚਰਚਾਂ 'ਤੇ ਵੀ ਹਮਲੇ ਕੀਤੇ ਗਏ। ਨਤੀਜੇ ਵਜੋਂ 50,000 ਤੋਂ ਵੱਧ ਲੋਕ ਉਥੋਂ ਉਜੜ ਕੇ ਕਿਤੇ ਹੋਰ ਥਾਂ ਜਾਣ ਲਈ ਮਜਬੂਰ ਹੋ ਗਏ।



***ਹੁਣ ਕੇਂਦਰ ਸਰਕਾਰ ਦਾ ਮੰਤਰੀ ਪ੍ਰਤਾਪ ਚੰਦਰ ਸਾਰੰਗੀ ਜੋ ਗ੍ਰਾਹਮ ਸਟੇਨਜ਼ ਕਾਂਡ ਵੇਲੇ ਬਜਰੰਗ ਦਲ ਦੀ ਉੜੀਸਾ ਇਕਾਈ ਦਾ ਮੁਖੀ ਸੀ।***

ਬੰਬ ਕਾਂਡਾਂ ਅਤੇ ਕੰਧਮਾਲ ਦੰਗਿਆਂ ਵਿਚ ਬਜਰੰਗ ਦਲ ਦੀ ਭੂਮਿਕਾ ਜਾਹਰ ਹੋਣ ਕਾਰਨ ਵੱਖ-ਵੱਖ ਹਿੱਸਿਆਂ ਵਿਚ ਇਸ ਜਥੇਬੰਦੀ 'ਤੇ ਪਾਬੰਦੀ ਦੀ ਮੰਗ ਉਠੀ। ਕੌਮੀ ਸੁਰੱਖਿਆ ਸਲਾਹਕਾਰ ਐਮ. ਕੇ. ਨਰਾਇਣਨ ਨੇ ਇਸ ਵਿਚਾਰ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਕਿ ਇਹ ਪਾਬੰਦੀ ਬਹੁਤੀ ਦੇਰ ਟਿਕਣ ਵਾਲੀ ਨਹੀਂ। ਉਸ ਨੇ ਸਲਾਹ ਦਿੱਤੀ, ਇਸ ਦੀ ਥਾਂ ਸਾਨੂੰ ਹਾਸਲ ਸੂਚਨਾ ਦੇ ਆਧਾਰ 'ਤੇ ਬਜਰੰਗ ਦਲ ਦੇ ਕਾਰਿੰਦਿਆਂ ਨੂੰ ਵੱਡੀ ਤਾਦਾਦ ਵਿਚ ਗ੍ਰਿਫਤਾਰ ਕਰ ਲੈਣਾ ਚਾਹੀਦਾ ਹੈ। ਤੁਸੀਂ ਇਸ 'ਤੇ ਪਾਬੰਦੀ ਤਾਂ ਲਾ ਦਿਓਗੇ, ਪਰ ਉਸ ਨੇ ਦਲੀਲ ਦਿੱਤੀ ਕਿ ਪੂਰੀ ਤਿਆਰੀ ਬਿਨਾ ਕਿਸੇ ਜਥੇਬੰਦੀ 'ਤੇ ਪਾਬੰਦੀ ਨਹੀਂ ਲਾਈ ਜਾ ਸਕਦੀ। ਇਸ ਦੀ ਥਾਂ ਇਸ ਨਾਲ ਸਖਤੀ ਨਾਲ ਨਜਿੱਠਿਆ ਜਾਵੇ, ਕਿਉਂਕਿ ਪਾਬੰਦੀ ਲਾਉਣ 'ਤੇ ਬਹੁਤੇ ਨਵੇਂ ਨਾਂਵਾਂ ਹੇਠ ਉਸੇ ਮਨੋਰਥ ਵਾਲੀਆਂ ਕਈ ਹੋਰ ਜਥੇਬੰਦੀਆਂ ਬਣਾ ਲਈਆਂ ਜਾਂਦੀਆਂ ਹਨ।

---

ਨਰਾਇਣਨ ਦੀ ਗੱਲ ਠੀਕ ਸੀ। ਬਜਰੰਗ ਦਲ ਜ਼ਿਆਦਾਤਰ ਗਲੀਆਂ ਵਿਚ ਧੌਂਸ ਜਮਾਉਣ ਵਾਲੇ ਕੱਚਘਰੜ ਗੁੰਡਿਆਂ ਦਾ ਜਮਘਟਾ ਹੋਣ ਕਾਰਨ ਇਸ 'ਤੇ ਪਾਬੰਦੀ ਲਾ ਕੇ ਇਸ ਨੂੰ ਨਕੇਲ ਨਹੀਂ ਸੀ ਪਾਈ ਜਾ ਸਕਦੀ। ਇਸ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਪੱਕੇ ਇਰਾਦੇ ਵਾਲੀ ਯੋਜਨਾ ਦਰਕਾਰ ਹੈ, ਪਰ ਹੁਣ ਤਕ ਕਿਸੇ ਵੀ ਸਰਕਾਰ ਨੇ ਅਜਿਹੀ ਦ੍ਰਿੜ ਇੱਛਾ ਸ਼ਕਤੀ ਨਹੀਂ ਦਿਖਾਈ।

ਦੰਗੇ-ਫਸਾਦ ਅਤੇ ਦਹਿਸ਼ਤੀ ਸਰਗਰਮੀਆਂ ਹੀ ਬਜਰੰਗ ਦਲ ਦੀ ਇਕੋ-ਇਕ ਮੁਹਾਰਤ ਨਹੀਂ। ਇਹ ਲੋਕ ਵੱਖ-ਵੱਖ ਕਲਾਕਾਰਾਂ, ਲਿਖਾਰੀਆਂ ਅਤੇ ਉਨ੍ਹਾਂ ਹੋਰ ਹਿੱਸਿਆਂ ਖਿਲਾਫ, ਸਭਿਆਚਾਰ ਦੇ ਨਾਂ 'ਤੇ ਆਪਣੀ ਗੁੰਡਾਗਰਦੀ ਚਲਾਉਂਦੇ ਰਹੇ ਹਨ, ਜਿਨ੍ਹਾਂ ਨੂੰ ਉਹ ਹਿੰਦੂ ਰਵਾਇਤਾਂ ਅਤੇ ਸਭਿਆਚਾਰ ਛੱਡ ਕੇ ਕੁਰਾਹੇ ਪਏ ਸਮਝਦੇ ਹਨ।

ਮੁੱਢ ਵਿਚ ਉਨ੍ਹਾਂ ਦੇ ਨਿਸ਼ਾਨੇ 'ਤੇ ਕਲਾਕਾਰ ਸਨ, ਜੋ ਉਨ੍ਹਾਂ ਦੀ ਪਰਿਭਾਸ਼ਾ ਦੇ ਫਿੱਟ ਨਹੀਂ ਆਉਂਦੇ ਸਨ। 1996 ਵਿਚ ਚਿਤਰਕਾਰ ਐਮ. ਐਫ. ਹੁਸੈਨ 'ਤੇ ਉਸ ਦੀ 1976 ਵਿਚ ਬਣਾਈ ਸਰਸਵਤੀ ਦੀ ਪੇਂਟਿੰਗ ਕਾਰਨ ਹਮਲਾ ਕੀਤਾ ਗਿਆ, ਜੋ ਅਰਧ ਨਗਨ ਹਾਲਤ ਵਿਚ ਚਿਤਰੀ ਗਈ ਸੀ। ਇਸ ਪਿਛੋਂ ਅਜਿਹੇ ਹਮਲੇ ਆਮ ਹੋ ਗਏ। ਕਈ ਸਾਲ ਹੁਸੈਨ ਕਾਨੂੰਨੀ ਹਿਫਾਜ਼ਤ ਦੀ ਇੰਤਜ਼ਾਰ ਕਰਦਾ ਰਿਹਾ, ਜਦੋਂ ਇਹ ਨਾ ਮਿਲੀ ਤਾਂ ਉਹ ਆਪਣੇ ਵਤਨ ਭਾਰਤ ਨੂੰ ਅਲਵਿਦਾ ਕਹਿ ਕੇ ਪਰਦੇਸ ਚਲਿਆ ਗਿਆ।

ਬਜਰੰਗ ਦਲ ਨੇ ਉਨ੍ਹਾਂ ਹਿੰਦੂ ਕਲਾਕਾਰਾਂ ਨੂੰ ਵੀ ਨਿਸ਼ਾਨਾ ਬਣਾਇਆ, ਜਿਨ੍ਹਾਂ ਨੇ ਬਜਰੰਗ ਦਲੀਆਂ ਅਨੁਸਾਰ ਹਿੰਦੂ ਦੇਵੀ ਦੇਵਤਿਆਂ ਨੂੰ 'ਅਨੈਤਿਕ' ਰੂਪ ਵਿਚ ਪੇਸ਼ ਕੀਤਾ ਸੀ। ਜਨਵਰੀ 2004 ਵਿਚ ਇਸੇ ਗਰੁਪ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਰਤ ਵਿਚ 'ਗਾਰਡਨ ਆਰਟ ਗੈਲਰੀ' 'ਤੇ ਧਾਵਾ ਬੋਲ ਕੇ ਪੇਟਿੰਗਾਂ ਦੀ ਭੰਨ-ਤੋੜ ਕੀਤੀ ਗਈ, ਜਿਨ੍ਹਾਂ ਵਿਚ 'ਹੁਸੈਨ' ਦੀਆਂ ਬਣਾਈਆਂ ਬਹੁਤ ਸਾਰੀਆਂ ਕੈਨਵਸ ਪੇਂਟਿੰਗ ਤੋਂ ਇਲਾਵਾ ਕੇ. ਐਚ. ਆਰਾ, ਐਨ. ਐਸ. ਬੇਂਦਰੇ ਅਤੇ ਚਿਤਰੋਵਾਨੂ ਮਜੂਮਦਾਰ ਦੇ ਚਿੱਤਰ ਸ਼ਾਮਲ ਸਨ। 2007 ਵਿਚ ਇਸ ਨੇ ਆਪਣੇ ਹਮਲੇ ਦਾ ਨਿਸ਼ਾਨਾ ਐਮ. ਐਸ. ਯੂਨੀਵਰਸਿਟੀ ਵਡੋਦਰਾ ਦੇ ਕਲਾ ਵਿਭਾਗ ਨੂੰ ਬਣਾਇਆ, ਦੋਸ਼ ਇਹ ਲਾਇਆ ਕਿ ਇਕ ਵਿਦਿਆਰਥੀ ਨੇ ਧਾਰਮਿਕ ਥੀਮ ਦੀ ਵਰਤੋਂ ਕਰਕੇ ਅਸ਼ਲੀਲ ਤਸਵੀਰਾਂ ਬਣਾਈਆਂ ਸਨ।

ਬਜਰੰਗ ਦਲ ਨੇ ਉਨ੍ਹਾਂ ਨਾਟਕਾਂ ਅਤੇ ਫਿਲਮਾਂ ਖਿਲਾਫ ਵੀ ਮੁਹਿੰਮ ਵਿੱਢੀ ਹੋਈ ਹੈ, ਜੋ ਉਨ੍ਹਾਂ ਦੀ ਹਿੰਦੂ ਸਭਿਆਚਾਰ ਦੀ ਧਾਰਨਾ ਮੁਤਾਬਿਕ ਨਹੀਂ। 2004 ਵਿਚ ਨਾਟਕ 'ਪੋਂਗਾ ਪੰਡਿਤ' ਨੂੰ ਬਜਰੰਗ ਦਲ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ, ਕਿਉਂਕਿ ਉਸ ਵਿਚ ਦਲਿਤਾਂ ਦੀ ਦੁਰਦਸ਼ਾ ਨੂੰ ਭੰਡਿਆ ਗਿਆ ਸੀ। ਉਨ੍ਹਾਂ ਨੇ ਦੀਪਾ ਮਹਿਤਾ ਦੀ ਫਿਲਮ 'ਵਾਟਰ' ਦੇ ਸੈਟ ਦੀ ਵੀ ਭੰਨ ਤੋੜ ਕੀਤੀ, ਜਿਸ ਵਿਚ ਵਿਧਵਾਵਾਂ ਦੀ ਦੁਰਦਸ਼ਾ ਪੇਸ਼ ਕੀਤੀ ਗਈ ਸੀ। ਇਸ ਤੋਂ ਪਹਿਲਾਂ ਉਸ ਦੀ ਇਕ ਹੋਰ ਮਸ਼ਹੂਰ ਫਿਲਮ 'ਫਾਇਰ' ਤੋਂ ਵੀ ਬਜਰੰਗ ਦਲ ਵਾਲੇ ਲੋਹੇ ਲਾਖੇ ਸਨ, ਜਿਸ ਦਾ ਵਿਸ਼ਾ ਸਮਲਿੰਗੀ ਔਰਤਾਂ ਦੇ ਪ੍ਰੇਮ-ਸਬੰਧਾਂ ਦੀ ਕਹਾਣੀ ਸੀ।

ਵੈਲਨਟਾਈਨ ਡੇਅ ਜਸ਼ਨ ਬਜਰੰਗ ਦਲ ਜਿਹੀਆਂ ਜਥੇਬੰਦੀਆਂ ਲਈ ਸੌਖਾ ਨਿਸ਼ਾਨਾ ਹਨ। ਪਾਰਕਾਂ ਵਿਚ ਟਹਿਲਦੇ, ਇਕ ਦੂਜੇ ਨੂੰ ਗੁਲਾਬ ਦੇ ਫੁੱਲ ਭੇਟ ਕਰਦੇ ਅਤੇ ਚਾਕਲੇਟ ਜਾਂ ਹੋਰ ਤੋਹਫੇ ਦਿੰਦੇ ਔਰਤਾਂ ਤੇ ਮਰਦਾਂ ਨੂੰ ਦੇਖ ਕੇ ਇਸ ਦੇ ਕਾਰਿੰਦੇ ਭੜਕ ਜਾਂਦੇ ਹਨ ਅਤੇ ਹਰ ਸਾਲ ਵੱਡੀ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਤਾਦਾਦ ਵਿਚ ਇਕੱਠੇ ਹੋ ਕੇ ਅਜਿਹੇ ਸਮਾਗਮਾਂ 'ਤੇ ਹਮਲੇ ਕਰਕੇ ਹੁੜਦੰਗ ਮਚਾਉਂਦੇ ਹਨ। ਉਹ ਨੌਜਵਾਨ ਜੋੜਿਆਂ ਨੂੰ ਤੰਗ ਪ੍ਰੇਸ਼ਾਨ ਕਰਦੇ, ਉਨ੍ਹਾਂ ਦੇ ਚਿਹਰਿਆਂ 'ਤੇ ਕਾਲਖ ਮਲ ਦਿੰਦੇ ਹਨ ਅਤੇ ਉਨ੍ਹਾਂ ਨੂੰ ਵਿਆਹ ਦੀਆਂ ਰਸਮਾਂ ਕਰਨ ਜਾਂ ਰੱਖੜੀ ਬੰਨ੍ਹਣ ਲਈ ਮਜਬੂਰ ਕਰਦੇ ਹਨ। ਕਈ ਵਾਰ ਤਾਂ ਉਨ੍ਹਾਂ ਦੀ ਕੁੱਟਮਾਰ ਵੀ ਕਰ ਦਿੰਦੇ ਹਨ।

2014 ਵਿਚ ਕੇਂਦਰ ਵਿਚ ਭਾਜਪਾ ਦੇ ਸੱਤਾ ਵਿਚ ਆਉਣ ਪਿਛੋਂ ਇਉਂ ਜਾਪਦਾ ਹੈ ਕਿ ਬਜਰੰਗ ਦਲ ਵਿਚ ਨਵੀਂ ਰੂਹ ਫੂਕੀ ਗਈ ਅਤੇ ਇਸ ਦੀ ਹਿੰਸਾ ਦਾ ਸਿਲਸਿਲਾ ਇਕ ਵਾਰ ਫਿਰ ਅਖਬਾਰਾਂ ਦੀਆਂ ਸੁਰਖੀਆਂ ਬਣਨਾ ਸ਼ੁਰੂ ਹੋ ਗਿਆ। ਇਸ ਨੇ ਆਪਣਾ ਧਿਆਨ ਧਰਮ ਬਦਲੀ ਅਤੇ ਗਊ ਮਾਸ ਖਾਣ 'ਤੇ ਪਾਬੰਦੀ ਲਾਗੂ ਕਰਵਾਉਣ 'ਤੇ ਕੇਂਦਰਤ ਕਰ ਲਿਆ।

ਦਸੰਬਰ 2014 ਵਿਚ ਨਰਿੰਦਰ ਮੋਦੀ ਦੇ ਸੱਤਾ ਵਿਚ ਆਉਣ ਦੇ ਥੋੜ੍ਹੇ ਮਹੀਨੇ ਬਾਅਦ ਹੀ ਬਜਰੰਗ ਦਲ ਨੇ ਯੂ. ਪੀ. ਦੇ ਸ਼ਹਿਰ ਆਗਰਾ ਵਿਚ ਸਮਾਗਮ ਕਰਕੇ 300 ਮੁਸਲਮਾਨਾਂ ਦੀ ਹਿੰਦੂ ਧਰਮ ਵਿਚ 'ਸਵੈ ਇੱਛਾ ਨਾਲ' ਮੁੜ ਵਾਪਸੀ ਕਰਵਾਈ, ਪਰ ਛੇਤੀ ਹੀ ਸੱਚਾਈ ਸਾਹਮਣੇ ਆ ਗਈ। ਜਿਨ੍ਹਾਂ ਜ਼ਿਆਦਾਤਰ ਮੁਸਲਮਾਨਾਂ ਨੇ ਇਨ੍ਹਾਂ ਦੇ ਫੁਰਮਾਨ ਦੀ ਪਾਲਣਾ ਕੀਤੀ, ਉਹ ਨਿਹਾਇਤ ਗਰੀਬ ਸਨ ਅਤੇ ਆਗਰਾ ਦੇ ਬਾਹਰ ਝੁੱਗੀਆਂ ਝੌਂਪੜੀਆਂ ਵਿਚ ਰਹਿੰਦੇ ਸਨ। ਉਹ ਬੰਗਲਾ ਦੇਸ਼ ਤੋਂ ਉਜੜ ਕੇ ਆਏ ਪਰਵਾਸੀ ਸਨ ਅਤੇ ਉਨ੍ਹਾਂ ਕੋਲ ਰਾਸ਼ਨ ਕਾਰਡ ਵੀ ਨਹੀਂ ਸਨ। ਉਨ੍ਹਾਂ ਵਿਚੋਂ ਕੁਝ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੂੰ ਗੁੰਮਰਾਹ ਕਰਕੇ ਬੀ. ਪੀ. ਐਲ. ਕਾਰਡਾਂ ਦੀ ਰਜਿਸਟਰੇਸ਼ਨ ਕਰਵਾਉਣ ਦੇ ਬਹਾਨੇ ਬਜਰੰਗ ਦਲ ਦੇ ਧਰਮ ਬਦਲੀ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਲਿਆਂਦਾ ਗਿਆ। ਬਾਕੀਆਂ ਨੇ ਕਿਹਾ ਕਿ ਉਨ੍ਹਾਂ ਨੇ ਹਿੰਦੂਤਵੀ ਗਰੋਹਾਂ ਦੀ ਹਿੰਸਾ ਦੇ ਡਰੋਂ ਧਰਮ ਬਦਲ ਲਿਆ ਹੈ।

ਅਜਿਹੀਆਂ ਜਬਰੀ ਧਰਮ ਬਦਲੀਆਂ, ਜਿਨ੍ਹਾਂ ਨੂੰ ਬਜਰੰਗ ਦਲ ਅਤੇ ਹੋਰ ਹਿੰਦੂਤਵੀ ਤਾਕਤਾਂ 'ਘਰ ਵਾਪਸੀ' ਕਹਿੰਦੇ ਹਨ, ਪ੍ਰਧਾਨ ਮੰਤਰੀ ਮੋਦੀ ਦੀ ਖਾਮੋਸ਼ੀ ਦੀ ਹੱਲਾਸ਼ੇਰੀ ਨਾਲ ਆਮ ਗੱਲ ਹੋ ਗਈ। 29 ਜਨਵਰੀ 2016 ਨੂੰ ਬਜਰੰਗ ਦਲ ਦੇ ਕਾਰਿੰਦਿਆਂ ਨੇ ਅਵਦੇਸ਼ ਕੁਮਾਰ ਨਾਂ ਦੇ ਇਕ ਬੰਦੇ ਨੂੰ ਉਤਰ ਪ੍ਰਦੇਸ਼ ਦੇ ਜਿਲਾ ਜਲਾਓਂ ਵਿਚ ਛਿੱਤਰਾਂ ਦਾ ਹਾਰ ਪਾ ਕੇ, ਮੂੰਹ ਕਾਲਾ ਕਰਕੇ ਅਤੇ ਗਧੇ 'ਤੇ ਬਿਠਾ ਕੇ ਗਲੀਆਂ ਵਿਚ ਉਸ ਦਾ ਜਲੂਸ ਕੱਢਿਆ। ਪੁਲਿਸ ਅਨੁਸਾਰ ਬਜਰੰਗ ਦਲ ਨੂੰ ਯਕੀਨ ਸੀ ਕਿ ਚਾਰ ਹਿੰਦੂਆਂ ਦਾ ਧਰਮ ਬਦਲ ਕੇ ਇਸਾਈ ਧਰਮ ਅਪਨਾਉਣ 'ਚ ਉਸ ਦਾ ਹੱਥ ਸੀ। ਪੁਲਿਸ ਨੇ ਬਾਅਦ ਵਿਚ ਬਜਰੰਗ ਦਲ ਦੇ 100-150 ਕਾਰਿੰਦਿਆਂ ਖਿਲਾਫ ਰਿਪੋਰਟ ਦਰਜ ਕੀਤੀ ਅਤੇ ਕੁਝ ਨੂੰ ਗ੍ਰਿਫਤਾਰ ਵੀ ਕੀਤਾ। ਉਂਜ ਅਜਿਹੇ ਕੇਸਾਂ ਦਾ ਇਥੇ ਹੀ ਭੋਗ ਪੈ ਜਾਂਦਾ ਹੈ।



*ਕੰਧਮਾਲ ਦੰਗਿਆਂ ਦੌਰਾਨ ਹੋਈ ਤਬਾਹੀ, ਜਿਸ ਵਿਚ ਬਜਰੰਗ ਦਲ ਦਾ ਵੱਡਾ ਹੱਥ ਸੀ*

'ਗਊ ਮਾਸ ਖਾਣ 'ਤੇ ਮੁਕੰਮਲ ਪਾਬੰਦੀ' ਆਰ. ਐਸ. ਐਸ. ਦਾ ਪੁਰਾਣਾ ਏਜੰਡਾ ਹੈ। ਮੋਦੀ ਦੇ ਪ੍ਰਧਾਨ ਮੰਤਰੀ ਬਣਨ ਪਿਛੋਂ ਬਜਰੰਗ ਦਲ ਨੇ ਹਿੰਸਾ ਦਾ ਕਹਿਰ ਢਾਹੁਣ ਦਾ ਇਸ ਨੂੰ ਇਕ ਹੋਰ ਬਹਾਨਾ ਬਣਾ ਲਿਆ। ਇਸ ਨੇ 2015 ਵਿਚ ਜੰਮੂ ਵਿਚ ਮੁਜਾਹਰਾ ਕਰਕੇ ਮੰਗ ਕੀਤੀ ਕਿ ਜੰਮੂ ਕਸ਼ਮੀਰ ਵਿਚ ਗਊ ਜਾਤੀ ਦੇ ਪਸ਼ੂਆਂ ਨੂੰ ਮਾਰਨ ਅਤੇ ਖਰੀਦੋ-ਫਰੋਖਤ ਕਰਨ 'ਤੇ ਮੁਕੰਮਲ ਪਾਬੰਦੀ ਲਾਈ ਜਾਵੇ ਅਤੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ।

28 ਸਤੰਬਰ 2015 ਨੂੰ ਮੁਹੰਮਦ ਅਖਲਾਕ ਨੂੰ ਦਾਦਰੀ (ਉਤਰ ਪ੍ਰਦੇਸ਼) ਵਿਚ ਇਸ ਅਫਵਾਹ ਦੇ ਆਧਾਰ 'ਤੇ ਹਿੰਦੂ ਹਜੂਮ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਕਿ ਉਹ ਅਤੇ ਉਸ ਦਾ ਪਰਿਵਾਰ ਗਊ ਹੱਤਿਆ ਕਰਕੇ ਉਸ ਦਾ ਮਾਸ ਖਾ ਰਿਹਾ ਹੈ। ਬਜਰੰਗ ਦਲ ਨੇ ਕਾਤਲਾਂ ਦਾ ਸਾਥ ਦਿੱਤਾ, ਇਹ ਜੁਰਮ ਕਰਨ ਵਾਲਿਆਂ ਨੂੰ ਤੁਰੰਤ ਕਾਨੂੰਨੀ ਮਦਦ ਦਿੱਤੀ। ਬਜਰੰਗ ਦਲ ਦੇ ਬੁਲਾਰੇ ਬਲਰਾਜ ਡੂੰਗਰ ਨੇ ਤਾਂ ਇਹ ਚਿਤਾਵਨੀ ਵੀ ਦਿੱਤੀ ਕਿ ਜੇ ਗਊ ਮਾਸ ਖਾਣ 'ਤੇ ਮੁਕੰਮਲ ਪਾਬੰਦੀ ਨਾ ਲਾਈ ਤਾਂ ਉਤਰ ਪ੍ਰਦੇਸ਼ ਵਿਚ ਇਕ ਹੋਰ 1857 ਵਾਪਰ ਜਾਵੇਗਾ।

ਬਜਰੰਗ ਦਲ ਨੇ ਆਪਣੀ ਬੁਰਛਾਗਰਦ ਨੀਤੀ ਪੂਰੀ ਦ੍ਰਿੜਤਾ ਨਾਲ ਜਾਰੀ ਰੱਖੀ। 15 ਮਾਰਚ 2016 ਨੂੰ ਪੁਲਿਸ ਨੇ ਮੇਵਾੜ ਯੂਨੀਵਰਸਿਟੀ ਚਿਤੌੜਗੜ੍ਹ (ਰਾਜਸਥਾਨ) ਵਿਚ ਚਾਰ ਕਸ਼ਮੀਰੀ ਮੁਸਲਿਮ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ 'ਤੇ ਬਜਰੰਗ ਦਲ ਦੇ ਕਾਰਿੰਦਿਆਂ ਨੇ ਹੋਸਟਲ ਦੇ ਕਮਰੇ ਵਿਚ ਗਊ ਦਾ ਮਾਸ ਪਕਾਉਣ ਦੇ ਦੋਸ਼ ਲਾਏ ਸਨ। ਬਾਅਦ ਵਿਚ ਪਤਾ ਲੱਗਾ ਕਿ ਇਹ ਗਊ ਦਾ ਮਾਸ ਨਹੀਂ ਸੀ। ਜਦ ਉਨ੍ਹਾਂ ਦੀ ਗ੍ਰਿਫਤਾਰੀ ਦੀਆਂ ਖਬਰਾਂ ਕੌਮੀ ਪੱਧਰ ਦੀਆਂ ਸੁਰਖੀਆਂ ਬਣਨ ਲੱਗੀਆਂ ਤਾਂ ਪੁਲਿਸ ਨੇ ਇਹ ਸਫਾਈ ਦਿੱਤੀ: ਉਨ੍ਹਾਂ ਨੇ ਤਾਂ ਕਸ਼ਮੀਰੀ ਨੌਜਵਾਨਾਂ ਨੂੰ ਬਜਰੰਗ ਦਲੀਆਂ ਤੋਂ ਬਚਾਉਣ ਲਈ ਹਿਰਾਸਤ ਵਿਚ ਲਿਆ ਸੀ!

ਜਾਹਰ ਹੈ ਕਿ ਦੰਗੇ-ਫਸਾਦਾਂ, ਬੰਬ ਕਾਂਡਾਂ ਤੋਂ ਲੈ ਕੇ ਹਜੂਮੀ ਹਮਲਿਆਂ ਤਕ ਹਰ ਹਿੰਸਕ ਵਾਰਦਾਤ ਪਿੱਛੇ ਬਜਰੰਗ ਦਲ ਦੇ ਕਾਰਿੰਦਿਆਂ ਦਾ ਹੱਥ ਰਿਹਾ ਹੈ। ਇਨ੍ਹਾਂ ਨੂੰ ਤਾਂ ਜੱਗ ਦਿਖਾਵੇ ਲਈ ਵੀ ਆਪਣੀ ਚੰਗੀ ਦਿੱਖ ਬਣਾਈ ਰੱਖਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਮੰਗਲੌਰ ਵਿਚ ਤਾਂ ਇਹ ਇਸ ਸਭ ਕਾਸੇ ਨਾਲ ਅਭੇਦ ਹੋ ਕੇ 'ਕਾਰੋਬਾਰੀਆਂ' ਵਜੋਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੇ ਦੇਖੇ ਜਾ ਸਕਦੇ ਹਨ। ਇਸ ਦਾ ਸਿਹਰਾ ਸ਼ਰਨ ਪੰਪਵੈਲ ਦੀ ਮੁਸਲਿਮ ਕਾਰੋਬਾਰੀਆਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਕੇ ਅਤੇ ਪੁਲਿਸ ਦੀ ਡਿਗ ਰਹੀ ਸਾਖ ਦਾ ਲਾਹਾ ਲੈ ਕੇ ਬਜਰੰਗ ਦਲ ਦੇ ਲਸ਼ਕਰਾਂ ਰਾਹੀਂ ਸੁਰੱਖਿਆ ਮੁਹੱਈਆ ਕਰਾਉਣ ਦੀ ਮੁਹਾਰਤ ਨੂੰ ਜਾਂਦਾ ਹੈ। ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਹੈਰਾਨੀ ਦੀ ਗੱਲ ਨਹੀਂ, ਜੇ ਹਿੰਦੂਤਵ ਦੀ ਸਰਮਾਏਦਾਰੀ ਵੱਡੀ ਤਾਦਾਦ ਵਿਚ ਨੌਜਵਾਨਾਂ ਨੂੰ ਇਸ ਕਦਰ ਧੂਹ ਪਾਉਂਦੀ ਹੈ।

*(ਚਲਦਾ)*

## ਯਾਦਾਂ ਦੀ ਪਟਾਰੀ

# ਉਹ ਵੀ ਦਿਨ ਸਨ

ਗੁਰਭਜਨ ਗਿੱਲ

ਲਾਇਲਪੁਰ ਖਾਲਸਾ ਕਾਲਜ, ਜਲੰਧਰ ਮੇਰੇ ਸੁਪਨਿਆਂ 'ਚ ਬਹੁਤ ਆਉਂਦਾ ਹੈ। ਮੇਰੇ ਬਚਪਨ ਵੇਲੇ ਮੇਰੇ ਦੋਵੇਂ ਵੱਡੇ ਭਰਾ ਜਸਵੰਤ ਸਿੰਘ ਗਿੱਲ ਤੇ ਮਗਰੋਂ ਸੁਖਵੰਤ ਸਿੰਘ ਗਿੱਲ ਇਸੇ ਕਾਲਜ 'ਚ ਐਮ. ਏ. ਕਰਨ ਆਏ ਸਨ।

ਵੱਡੇ ਭਾ ਜੀ ਨਾਲ ਏਥੇ ਹੀ ਡਾ. ਐਸ. ਪੀ. ਸਿੰਘ, ਸੁਰਿੰਦਰ ਗਿੱਲ, ਭਾ ਜੀ ਬਰਜਿੰਦਰ ਸਿੰਘ, ਰਾਜਿੰਦਰ ਸਿੰਘ ਚੀਮਾ, ਅਮਰਜੀਤ ਚੰਦਨ ਅੱਗੜ ਪਿੱਛੜ ਪੜ੍ਹਦੇ ਸਨ। ਉਦੋਂ ਹੀ ਪ੍ਰੇਮ ਗੋਰਖੀ ਏਥੇ ਕਾਲਜ 'ਚ ਕਰਮਚਾਰੀ ਸੀ। ਨਵਾਂ ਨਵਾਂ ਲਿਖਣ ਦੇ ਰਾਹ ਤੁਰਿਆ। ਪ੍ਰੋ. ਨਿਰੰਜਨ ਸਿੰਘ ਢੇਸੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਸਨ। ਪੂਰੇ ਸੂਹੇ।

ਮੈਂ 1971 'ਚ ਲੁਧਿਆਣੇ ਪੜ੍ਹਨ ਆ ਗਿਆ ਭਾ ਜੀ ਕੋਲ, ਜੀ. ਜੀ. ਐਨ. ਖਾਲਸਾ ਕਾਲਜ ਵਿਚ। ਉਦੋਂ ਜਲੰਧਰ 'ਚ ਬਾਈਪਾਸ ਨਹੀਂ ਸੀ ਹੁੰਦਾ। ਬੱਸ ਅੱਡਾ ਵੱਡੇ ਡਾਕਖਾਨੇ ਦੇ ਗਵਾਂਢ 'ਚ ਸੀ। ਬਟਾਲਿਉਂ ਸਤਲੁਜ ਟਰਾਂਸਪੋਰਟ ਦੀ ਬੱਸ ਲੈਣੀ ਤੇ ਜਲੰਧਰ ਦਸ ਮਿੰਟ ਦੇ ਠਹਿਰਾਅ ਬਾਅਦ ਲੁਧਿਆਣੇ ਤੁਰ ਪੈਣਾ।

ਫਾਟਕ ਦੋ ਪੈਂਦੇ ਸਨ, ਇਕ ਡੀ. ਏ. ਵੀ. ਕਾਲਜ ਕੋਲ ਤੇ ਦੂਜਾ ਲਾਇਲਪੁਰ ਖਾਲਸਾ ਕਾਲਜ ਕੋਲ। ਲੋਹੀਆਂ ਵੱਲ ਜਾਂਦੀ ਗੱਡੀ ਵਾਲੇ ਮੁੰਡਿਆਂ ਤਾਂ ਲਾਇਲਪੁਰ ਖਾਲਸਾ ਕਾਲਜ ਨੇੜੇ ਰੋਕ ਠਹਿਰਾਅ (Halt) ਵੀ ਪ੍ਰਵਾਨ ਕਰਵਾ ਲਿਆ ਸੀ।

ਸਾਡੀ ਬੱਸ ਜਦੋਂ ਵੀ ਲਾਇਲਪੁਰ ਖਾਲਸਾ ਕਾਲਜ ਦੇ ਗੇਟ ਅਗਿਉਂ ਲੰਘਦੀ ਤਾਂ ਬੜੀ ਹਸਰਤ ਨਾਲ ਅੰਦਰ ਝਾਕਦਾ। ਗਰਾਊਂਡ 'ਚ ਹਾਕੀ ਖੇਡਦੇ ਮੁੰਡਿਆਂ 'ਚੋਂ ਕਿੰਨੇ ਅਜੀਤਪਾਲ, ਪਰਗਟ, ਗੁਰਮੇਲ ਤੇ ਦਰਜਨਾਂ ਉਲੰਪੀਅਨ ਇਸ ਮਿੱਟੀ ਨੇ ਘੜੇ। ਪ੍ਰੋ. ਇੰਦਰਜੀਤ ਨੇ ਕਿੰਨਿਆਂ ਦੇ ਪੱਬਾਂ 'ਚ ਭੰਗੜਾ ਉਗਾਇਆ। ਕਿੰਨੇ ਮਲਕੀਤ ਗੋਲਡਨ ਸਟਾਰ ਬਣੇ।



ਕਿੰਨੇ ਲਿਖਾਰੀ ਇਥੇ ਪੜ੍ਹ ਕੇ ਸੁਰਿੰਦਰ ਗਿੱਲ, ਅਮਰਜੀਤ ਚੰਦਨ, ਆਤਮਜੀਤ, ਕਸ਼ਮੀਰ ਕਾਦਰ ਤੇ ਰਵਿੰਦਰ ਸਹਿਰਾਅ ਬਣੇ। ਸੁੱਖੀ ਬਾਠ ਵਰਗੇ ਦਾਨਵੀਰ, ਡਾ. ਐਸ. ਪੀ. ਸਿੰਘ ਵਰਗੇ ਵਾਈਸ ਚਾਂਸਲਰ, ਬਰਜਿੰਦਰ ਸਿੰਘ ਹਮਦਰਦ ਵਰਗੇ ਸੰਪਾਦਕ, ਰਾਜਿੰਦਰ ਸਿੰਘ ਚੀਮਾ ਵਰਗੇ ਸਿਰਮੌਰ ਵਕੀਲ।

ਪਰ ਮੇਰਾ ਚਾਅ ਪੂਰਾ ਨਾ ਹੋ ਸਕਿਆ ਏਥੇ ਪੜ੍ਹਨ ਦਾ।

ਮੈਂ ਕਾਲਾ ਅਫਗਾਨਾ ਵਿਚ ਪੜ੍ਹਦਿਆਂ ਇੱਕ ਵਾਰ ਕਵਿਤਾ ਮੁਕਾਬਲੇ 'ਚ ਭਾਗ ਲੈਣ ਆਇਆ ਸਾਂ, 1970 'ਚ, ਪਰ ਮੁਕਾਬਲਾ ਮੁਲਤਵੀ ਹੋ ਗਿਆ, ਉਸੇ ਸਵੇਰ ਕਿਸੇ ਵਿਦਿਆਰਥੀ ਨਾਲ ਵਾਪਰੇ ਕਿਸੇ ਹਾਦਸੇ ਕਾਰਨ।

ਸਾਲ ਸ਼ਾਇਦ 1981 ਸੀ ਜਾਂ 82 ਇਹ ਤਾਂ ਪੱਕਾ ਪਤਾ ਨਹੀਂ, ਪਰ ਏਨਾ ਜ਼ਰੂਰ ਪਤਾ ਹੈ ਕਿ ਜਦ ਲਾਇਲਪੁਰ ਖਾਲਸਾ ਕਾਲਜ ਤੋਂ ਕਵੀ ਦਰਬਾਰ ਲਈ ਸੱਦਾ ਪੱਤਰ ਮਿਲਿਆ ਤਾਂ ਖੁਸ਼ੀ 'ਚ ਮੈਂ ਸਾਰੀ ਰਾਤ ਸੌਂ ਨਾ ਸਕਿਆ। ਪਲਸੇਟੇ ਮਾਰ ਕੇ ਰਾਤ ਲੰਘਾਈ। ਸਵੇਰੇ ਜਗਰਾਉਂ ਤੋਂ ਬੱਸ ਲੈ ਕੇ ਜਲੰਧਰ ਪੁੱਜਾ ਤਾਂ ਪ੍ਰਿੰਸੀਪਲ ਸਾਹਿਬ ਦੇ ਕਮਰੇ 'ਚ ਚਾਹ ਪੀਂਦਿਆਂ ਆਪਣੀ ਜ਼ਬਾਨ ਦੇ ਵੱਡੇ ਕਵੀਆਂ ਨੂੰ ਮਿਲਿਆ।

ਰਵਿੰਦਰ ਸਹਿਰਾਅ ਉਦੋਂ ਇਸ ਕਾਲਜ 'ਚ ਐਮ. ਏ. ਕਰਦਾ ਸੀ। ਉਸ ਨੇ ਪਿਛਲੇ ਦਿਨੀਂ ਉਸ ਕਵੀ ਦਰਬਾਰ ਦੀ ਤਸਵੀਰ ਸਾਂਝੀ ਕੀਤੀ ਤਾਂ ਬਹੁਤ ਚੰਗਾ ਚੰਗਾ ਲੱਗਿਆ। ਤਸਵੀਰ 'ਚ ਸਿਰਮੌਰ ਪੰਜਾਬੀ ਕਵੀ ਸੰਤ ਰਾਮ ਉਦਾਸੀ, ਪਾਸ਼, ਵਰਿਆਮ ਸਿੰਘ ਸੰਧੂ, ਸੁਰਿੰਦਰ ਗਿੱਲ, ਫਤਹਿਜੀਤ, ਸੁਰਜੀਤ ਪਾਤਰ, ਦਰਸ਼ਨ ਖਟਕੜ ਤੇ ਰਵਿੰਦਰ ਸਹਿਰਾਅ ਦੇ ਨਾਲ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਮੋਹਨ ਸਿੰਘ ਜੌਹਲ, ਪ੍ਰੋ. ਨਿਰੰਜਨ ਸਿੰਘ ਢੇਸੀ, ਪ੍ਰੋ. ਨਰਜੀਤ ਸਿੰਘ ਖਹਿਰਾ, ਪ੍ਰੋ. ਜਸਪਾਲ ਸਿੰਘ ਰੰਧਾਵਾ, ਹਰਜਿੰਦਰ ਸਿੰਘ ਅਟਵਾਲ, ਪ੍ਰੋ. ਨਿਰਮਲ ਸਿੰਘ ਤੇ ਪ੍ਰੋ. ਹਰਬੰਸ ਸਿੰਘ ਬੋਲੀਨਾ ਖੜ੍ਹੇ ਹਨ। ਇਹ ਤਸਵੀਰ ਵੇਖਦਿਆਂ ਹੁਣ ਵੀ ਰੂਹ ਨਸ਼ਿਆ ਜਾਂਦੀ ਹੈ।

ਕਿੰਨੇ ਸੱਜਣ ਕਾਫਲੇ 'ਚੋਂ ਨਿੱਖੜ ਗਏ ਨੇ, ਸੰਤ ਰਾਮ ਉਦਾਸੀ ਤੇ ਪਾਸ਼ ਵਰਗੇ। ਮੋਹਨ ਸਿੰਘ ਜੌਹਲ ਵਰਗੇ। ਕਿੰਨੇ ਸੱਜਣ ਐਸੇ ਨਿੱਖੜੇ ਕਿ ਮੁੜ ਕਦੇ ਨਹੀਂ ਮਿਲੇ।

ਇਹ ਤਸਵੀਰ ਜਦੋਂ ਵਰਿਆਮ ਸਿੰਘ ਸੰਧੂ ਨੇ ਆਪਣੇ ਫੇਸਬੁੱਕ ਖਾਤੇ 'ਚ ਵਰਤੀ ਤਾਂ ਮੁੜ ਚੇਤੇ ਆਈ। ਰਵਿੰਦਰ ਸਹਿਰਾਅ ਕੋਲ ਅਸਲੀ ਤਸਵੀਰ ਹੈ, ਜੋ ਜਲੰਧਰ ਵਾਲੇ ਪ੍ਰੈਸ ਫੋਟੋਗ੍ਰਾਫਰ ਪਿਆਰੇ ਲਾਲ ਨੇ ਖਿੱਚੀ ਸੀ।

ਯਾਦਾਂ ਕਿਵੇਂ ਸ਼ਕਤੀ ਬਣਦੀਆਂ ਨੇ, ਇਸ ਤਸਵੀਰ ਨੇ ਦੱਸਿਆ।

# ਬਰਾਬਰੀ

ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

ਹੜ੍ਹ ਦੇ ਪਾਣੀ ਨੇ ਵੇਖਦਿਆਂ-ਵੇਖਦਿਆਂ ਹੀ ਸਭ ਕੁਝ ਆਪਣੀ ਲਪੇਟ ਵਿਚ ਲੈ ਲਿਆ। ਫੱਤੂ ਨੇ ਸ਼ੂਕਦੇ ਆ ਰਹੇ ਪਾਣੀ ਦੀ ਅਵਾਜ਼ ਸੁਣ ਕੇ ਛੇਤੀ ਨਾਲ ਪਰਿਵਾਰ ਨੂੰ ਛੱਤ ਤੋਂ ਉਤਾਰ ਉਚੀ ਥਾਂ ਵੱਲ ਭੱਜਣ ਲਈ ਕਿਹਾ। ਆਪ ਉਹ ਚੁਬਾਰਿਆਂ ਵਿਚ ਸੁੱਤੇ ਸਰਦਾਰ ਦੇ ਪਰਿਵਾਰ ਨੂੰ ਜਗਾਉਣ ਲਈ ਭੱਜ ਉਠਿਆ। ਉਹ ਜਾਣਦਾ ਸੀ ਕਿ ਏ. ਸੀ. ਦੀ ਅਵਾਜ਼ ਵਿਚ ਬੰਦ ਦਰਵਾਜਿਆਂ ਵਿਚੋਂ ਕੁਝ ਵੀ ਪਤਾ ਨਹੀਂ ਲੱਗਣਾ। ਫੱਤੂ ਨੇ ਅਵਾਜ਼ਾਂ ਮਾਰ-ਮਾਰ ਅਤੇ ਗੇਟ ਖੜਕਾ ਕੇ ਸਰਦਾਰ ਨੂੰ ਮਸਾਂ ਉਠਾਇਆ। ਥੱਲੇ ਪਾਣੀ ਨਾਲ ਭਰਿਆ ਘਰ ਵੇਖ ਸਭ ਦੇ ਹੋਸ਼ ਉਡ ਗਏ। ਸਭ ਜਾਨ ਬਚਾਉਣ ਲਈ ਫੱਤੂ ਨਾਲ ਤੁਰ ਪਏ। ਸਰਦਾਰ ਦੀ ਕੁੜੀ ਨੇ ਛੋਟੀ-ਛੋਟੀ ਸਮਾਨ ਇਕੱਠਾ ਕਰ ਬਿਸਤਰੇ ਵਾਲੀ ਚਾਦਰ 'ਚ ਬੰਨ੍ਹ ਗਠੜੀ ਸਿਰ 'ਤੇ ਰੱਖ ਲਈ।

ਫੱਤੂ ਦੀ ਘਰਵਾਲੀ ਨੇ ਜੋ ਕੁਝ ਹੱਥ ਆਇਆ, ਇਕੱਠਾ ਕਰ ਗਠੜੀਆਂ ਬਣਾ ਬੱਚਿਆਂ ਦੇ ਸਿਰ 'ਤੇ ਚੁਕਾ ਦਿੱਤੀਆਂ। ਸਭ ਵਾਹੋ ਦਾਹੀ ਪਾਣੀ ਨਾਲ ਘੁਲਦੇ ਸੜਕ ਤੱਕ ਅੱਪੜੇ। ਸੇਮ ਨਾਲੇ ਦਾ ਪੁਲ ਹੋਣ ਕਰਕੇ ਸੜਕ ਦਾ ਇਹ ਹਿੱਸਾ ਉਚਾ ਸੀ। ਬਾਕੀ ਸੜਕ ਪਾਣੀ 'ਚ ਡੁੱਬ ਗਈ ਸੀ।

ਕੁਝ ਸਮੇਂ ਬਾਅਦ ਹੀ ਫੱਤੂ ਦਾ ਇੱਕ ਕਮਰੇ ਦਾ ਕੱਚਾ ਘਰ ਬਿਨਾ ਕੋਈ ਸ਼ੋਰ ਕੀਤਿਆਂ ਪਾਣੀ ਵਿਚ ਸਮਾ ਗਿਆ, ਉਸ ਵਾਂਗ ਹੀ ਫੱਤੂ ਸਬਰ ਕਰ ਬੈਠ ਗਿਆ। ਦੂਜੇ ਪਾਸੇ ਸਰਦਾਰ ਦੀ ਕੋਠੀ ਕੁਝ ਦੇਰ ਤਾਂ ਅੜੀ, ਫਿਰ ਦਹਾੜਦੀ ਹੋਈ ਧਰਤੀ 'ਤੇ ਵਿਛਣ ਲੱਗੀ। ਜਦੋਂ ਕੋਠੀ ਦਾ ਕੋਈ ਹਿੱਸਾ ਜਮੀਨ 'ਤੇ ਡਿੱਗਦਾ, ਉਸ ਦੀ ਦਹਾੜ ਵਾਂਗ ਹੀ ਸਰਦਾਰ ਦੀ ਧਾਹ ਨਿਕਲਦੀ, 'ਹਾਏ ਮੇਰੀ ਲੱਖਾਂ ਦੀ ਕੋਠੀ ਤੇ ਸਮਾਨ!'

ਖਾਣ ਪੀਣ ਲਈ ਕਿਸੇ ਕੋਲ ਕੁਝ ਵੀ ਨਹੀਂ ਸੀ। ਫੱਤੂ ਨੇ ਹਿੰਮਤ ਕਰ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰ ਲਿਆ, ਪਰ ਸਰਦਾਰ ਜੀ ਉਸੇ ਤਰ੍ਹਾਂ ਪਿਆਸੇ ਬੈਠੇ ਸਨ। ਇੱਕ ਤਾਂ ਆਮ ਪਾਣੀ, ਦੂਜਾ ਫੱਤੂ ਦੇ ਬਰਤਨ ਵਿਚ। ਉਹ ਕਿਵੇਂ ਪੀਂਦੇ! ਉਹ ਤਾਂ ਬੋਤਲਬੰਦ ਪਾਣੀ ਪੀਣ ਦੇ ਆਦੀ ਸਨ। ਫੱਤੂ ਇਸ ਪਰਿਵਾਰ ਨਾਲ ਕਾਫੀ ਸਮੇਂ ਤੋਂ ਠੇਕੇ 'ਤੇ ਰਲਦਾ ਆ ਰਿਹਾ ਸੀ। ਸਰਦਾਰ ਦਾ ਪਰਿਵਾਰ ਸੀ ਤਾਂ ਅਜ਼ਬ ਅਤੇ ਰੁੱਖੇ ਸੁਭਾਅ ਦਾ, ਪਰ ਪੈਸੇ ਟਕੇ ਵੇਲੇ ਸਿਰ ਮਿਲ ਜਾਂਦੇ ਸਨ। ਦੂਜਾ, ਫੱਤੂ ਆਜ਼ਾਦੀ ਨਾਲ ਕੰਮ ਕਰਦਾ ਰਹਿੰਦਾ। ਸਰਦਾਰ ਆਪ ਤਾਂ ਖੇਤ ਕਦੇ ਹੀ ਗੇੜਾ ਮਾਰਦਾ ਸੀ। ਮੁੰਡਾ ਚੰਡੀਗੜ੍ਹ ਪੜ੍ਹਦਾ ਸੀ ਅਤੇ ਕੁੜੀ ਨਾਲ ਦੇ ਸ਼ਹਿਰ। ਇਸ ਕਰਕੇ ਕੰਮ ਵੱਲੋਂ ਬਹੁਤੀ ਹੀਲ ਹੁਜਤ ਨਹੀਂ ਸੀ।

ਵੈਸੇ ਸਰਦਾਰ ਦਾ ਸੁਭਾਅ ਗਰੀਬਾਂ ਪ੍ਰਤੀ ਬਹੁਤ ਮਾੜਾ ਅਤੇ ਨਫਰਤ ਭਰਿਆ ਸੀ। ਇੱਕ ਦਿਨ ਫੱਤੂ ਦੀ ਕੁੜੀ ਦੇ ਗੇਟ ਤੋਂ ਅਵਾਜ਼ਾਂ ਮਾਰਨ 'ਤੇ ਜਦੋਂ ਕੋਈ ਬਾਹਰ ਨਾ ਆਇਆ ਤੇ ਅੰਦਰ ਰਸੋਈ ਤੱਕ ਚਲੀ ਗਈ ਤਾਂ ਸਰਦਾਰਨੀ ਨੇ ਫੱਤੂ ਅਤੇ ਕੁੜੀ ਦੀ ਉਹ ਲਾਹ ਪਾਹ ਕੀਤੀ ਕਿ ਰਹੇ ਰੱਬ ਦਾ ਨਾਂ! ਉਸ ਦਿਨ ਦੋਹਾਂ ਜੀਆਂ ਨੇ ਕੁੜੀ ਦੇ ਸਾਹਮਣੇ ਬਣੀ ਰੋਟੀ ਵੀ ਨਾ ਖਾਧੀ।

ਹੰਝੂ ਕੇਰਦਿਆਂ ਰਾਤ ਤੋਂ ਸਵੇਰ ਅਤੇ ਸ਼ਾਮ ਪੈ ਗਈ। ਕੁਝ ਵੀ ਖਾਣ ਨੂੰ ਨਾ ਮਿਲਣ ਕਰਕੇ ਸਭ ਦਾ ਬੁਰਾ ਹਾਲ ਸੀ। ਵੱਡੇ ਤਾਂ ਸਬਰ ਕਰ ਬੈਠੇ ਸਨ, ਪਰ ਬੱਚਿਆਂ ਦੀਆਂ ਅੱਖਾਂ ਵਿਚ ਪਾਣੀ ਭਰਿਆ ਹੋਇਆ ਸੀ। ਪਿੰਡ ਵੱਲੋਂ ਲੰਗਰ ਲੈ ਕੇ ਆਏ ਬੰਦਿਆਂ ਦੀਆਂ ਅਵਾਜ਼ਾਂ ਆਈਆਂ। ਫੱਤੂ ਛਾਤੀ ਤੱਕ ਪਾਣੀ ਦੀ ਮਾਰ ਝੱਲਦਾ ਉਧਰ ਤੁਰ ਪਿਆ ਅਤੇ ਸਿਰ 'ਤੇ ਲੰਗਰ ਵਾਲੀ ਪੋਟਲੀ ਚੁੱਕੀ ਆ ਗਿਆ। ਫੱਤੂ ਨੇ ਸਰਦਾਰ ਨੂੰ ਰੋਟੀ ਬਾਰੇ ਪੁਛਿਆ, ਪਰ ਸਭ ਜੀਆਂ ਨੇ ਮੂੰਹ ਦੂਜੇ ਪਾਸੇ ਕਰ ਲਿਆ। ਫੱਤੂ ਤੇ ਉਸ ਦੇ ਟੱਬਰ ਨੇ ਕੁਝ ਖਾ, ਬਾਕੀ ਸਾਂਭ ਕੇ ਰੱਖ ਲਿਆ। ਰਾਤ ਹੋ ਗਈ ਫੱਤੂ ਨੇ ਸਰਦਾਰ ਨੂੰ ਸਬਰ ਕਰ ਪੈ ਜਾਣ ਲਈ ਕਿਹਾ।

"ਫੱਤੂ ਤੂੰ ਤਾਂ ਕਮਲਾ, ਰੋੜਾਂ-ਬਜਰੀ 'ਤੇ ਕਿਵੇਂ ਪਿਆ ਜਾਊ!" ਸਰਦਾਰ ਨੇ ਖਿਝ ਕੇ ਕਿਹਾ। ਗਠੜੀ ਬਾਰੇ ਪੁੱਛਣ 'ਤੇ ਸਰਦਾਰਨੀ ਨੇ ਦੱਸਿਆ ਕਿ ਉਹ ਤਾਂ ਕੀਮਤੀ ਸਮਾਨ, ਲੈਪਟਾਪ ਅਤੇ ਮੋਬਾਈਲ ਵਗੈਰਾ ਸਨ। ਫੱਤੂ ਦੀ ਘਰਵਾਲੀ ਨੇ ਆਪਣੇ ਨਾਲ ਲਿਆਂਦੇ ਨਵੇਂ ਬਿਸਤਰੇ ਉਨ੍ਹਾਂ ਨੂੰ ਦਿੱਤੇ। ਮਨ ਮਾਰ ਉਹ ਧਰਤੀ 'ਤੇ ਵਿਛਾ ਕੇ ਪੈ ਗਏ, ਫੱਤੂ ਹੋਰੀਂ ਵੀ ਦਰੀਆਂ, ਚਾਦਰਾਂ ਵਿਛਾ ਸੜਕ 'ਤੇ ਟੇਢੇ ਹੋ ਗਏ।

ਅੱਧੀ ਰਾਤ ਨੂੰ ਸਰਦਾਰਨੀ ਦੀਆਂ ਅਵਾਜ਼ਾਂ ਨੇ ਫੱਤੂ ਨੂੰ ਜਗਾਇਆ। ਸਰਦਾਰ ਦੀ ਹਾਲਤ ਵਿਗੜ ਗਈ ਸੀ। ਮੂੰਹ ਸੁੱਕਣ ਕਾਰਨ ਜੀਭ ਤਾਲੂ ਨਾਲ ਚਿਪਕ ਰਹੀ ਸੀ ਅਤੇ ਸਾਹ ਲੈਣ ਵਿਚ ਤਕਲੀਫ ਹੋ ਰਹੀ ਸੀ। 'ਪਾਣੀ, ਪਾਣੀ।' ਸਰਦਾਰ ਦੇ ਮੂੰਹੋਂ ਮਸਾਂ ਨਿਕਲਿਆ।

"ਫੱਤੂ ਪਾਣੀ ਲੈ ਕੇ ਆ।" ਸਰਦਾਰਨੀ ਨੇ ਘਾਬਰ ਕੇ ਕਿਹਾ।

"ਪਰ ਸਰਦਾਰ ਜੀ...।" ਫੱਤੂ ਦੇ ਮੂੰਹੋਂ ਅਗਲੀ ਗੱਲ ਨਹੀਂ ਸੀ ਨਿਕਲ ਰਹੀ।

"ਜਾਨ ਨਾਲੋਂ ਕੁੱਝ ਚੰਗਾ ਨਹੀਂ।" ਸਰਦਾਰਨੀ ਨੇ ਛੇਤੀ ਕਰਨ ਲਈ ਕਿਹਾ।

ਸਰਦਾਰ ਦੇ ਮੂੰਹ ਵਿਚ ਪਾਣੀ ਪਾਇਆ ਤਾਂ ਸੌਖਾ ਸਾਹ ਆਇਆ, ਪਰ ਖਾਲੀ ਪੇਟ ਪਾਣੀ ਪੀਣ ਨਾਲ ਅੰਦਰ ਕੜਵੱਲ ਪੈਣ ਲੱਗੇ।

"ਫੱਤੂ ਜੇ ਕੁਝ ਬਚਿਆ ਖਾਣ ਨੂੰ ਤਾਂ ਜਲਦੀ ਲਿਆ।" ਸਰਦਾਰ ਨੇ ਨੀਂਵਾਂ ਹੁੰਦਿਆਂ ਕਿਹਾ। ਪਹਿਲਾਂ ਸਰਦਾਰ ਅਤੇ ਫਿਰ ਮਾਂ-ਧੀ ਨੇ ਰੋਟੀ ਖਾਧੀ ਤੇ ਪਾਣੀ ਪੀਤਾ। ਸਰਦਾਰ ਨੇ ਉਠ ਕੇ ਫੱਤੂ ਨੂੰ ਜੱਫੀ ਵਿਚ ਲੈ ਲਿਆ ਤੇ ਰੋਣ ਲੱਗ ਪਿਆ, "ਵੀਰ ਤੇਰੇ ਕਰਕੇ ਜਾਨ ਬਚ ਗਈ, ਨਹੀਂ ਤਾਂ ਸੁੱਕੀ ਆਕੜ ਨੇ ਅੱਜ...।"

ਅਗਲੇ ਦਿਨ ਕੁਝ ਗੁਰੂ ਪਿਆਰੇ ਪਾਣੀ ਨੂੰ ਚੀਰਦੇ ਲੰਗਰ ਲੈ ਕੇ ਉਨ੍ਹਾਂ ਕੋਲ ਆਏ। ਫੱਤੂ ਨੇ ਸਰਦਾਰ ਨੂੰ ਪਹਿਲਾਂ ਪਵਾਉਣ ਲਈ ਅਵਾਜ਼ ਮਾਰੀ। "ਨਹੀਂ ਵੀਰ ਮੇਰਿਆ! ਇਹ ਗੁਰੂ ਕਾ ਲੰਗਰ ਹੈ, ਇਸ ਵਿਚ ਉਚ-ਨੀਚ ਨਹੀਂ ਹੁੰਦੀ। ਆ, ਸਭ ਇੱਕ ਪੰਗਤ ਵਿਚ ਬੈਠ ਕੇ ਛਕੀਏ। ਕੁਦਰਤ ਨੇ ਮੈਨੂੰ ਕਿੰਨਾ ਵੱਡਾ ਸਬਕ ਦਿੱਤਾ। ਉਸ ਪਰਮਾਤਮਾ ਅੱਗੇ ਸਾਡੀ ਔਕਾਤ ਹੀ ਕੀ ਹੈ? ਕੁਦਰਤ ਨੇ ਅੱਜ ਕੱਚੇ ਕੋਠੇ ਤੇ ਪੱਕੀ ਕੋਠੀ ਵਿਚ ਬਰਾਬਰੀ ਲਿਆ ਦਿੱਤੀ ਸੀ।

ਕਹਾਣੀ

# ਭਾਰੀ ਗੰਨ

***ਕਿਸਾਨ ਦੀ ਜ਼ਿੰਦਗੀ ਚੰਗੀ ਭਲੀ ਚੱਲਦੀ ਸੀ ਕਿ ਹਰੇ ਇਨਕਲਾਬ ਨੇ ਉਸ ਦੀ ਗੱਡੀ ਲੀਹੋਂ ਲਾਹ ਦਿੱਤੀ। ਟਿਊਬਵੈਲ ਲੱਗ ਗਏ, ਟਰੈਕਟਰ ਆ ਗਏ, ਲੱਗਾ ਹੁਣ ਤਾਂ ਬੱਲੇ ਬੱਲੇ ਹੋ ਗਈ, ਪਰ ਇਹ ਟਰੈਕਟਰ ਹੀ ਉਸ ਦੀ ਜਾਨ ਦਾ ਖੌ ਬਣ ਗਏ। ਟਰੈਕਟਰ ਦੀਆਂ ਕਿਸ਼ਤਾਂ ਮੋੜ ਨਾ ਹੋਈਆਂ। ਜ਼ਮੀਨਾਂ ਗਹਿਣੇ ਪੈ ਗਈਆਂ ਤੇ ਫਿਰ ਵਿਕ ਗਈਆਂ। ਜੱਟ ਨੂੰ ਮਜ਼ਦੂਰੀ ਕਰਨੀ ਪਈ। ਸਭ ਕੁਝ ਰੁਲ-ਖੁਲ ਗਿਆ। ਇਹੋ ਵਾਰਤਾ ਹੈ, ਇਸ ਕਹਾਣੀ ਦੀ। -ਸੰਪਾਦਕ***

**ਕਰਮ ਸਿੰਘ ਮਾਨ**
ਫੋਨ: 559-261-5024

ਮਿਹਰ ਮੰਜੇ 'ਤੇ ਪਿਆ ਸਾਰੀ ਰਾਤ ਉਸਲਵੱਟੇ ਲੈਂਦਾ ਰਿਹਾ। ਕੰਮ ਕਰਦਿਆਂ ਪੈਂਦਾ ਰੌਲਾ-ਰੱਪਾ, ਹਥੌੜੀ ਦੀ ਠੱਕ ਠੱਕ ਤੇ ਟੁਟਦੀਆਂ ਇੱਟਾਂ ਦੀਆਂ ਕਿੰਕਰਾਂ ਉਸ ਦੇ ਮਨ ਦੇ ਵਿਹੜੇ ਵਿਚ ਦੂਰ ਦੂਰ ਤੱਕ ਡਿੱਗ ਰਹੀਆਂ ਸਨ, ਜ਼ਿਹਨ ਵਿਚ ਖੁਭੀਆਂ ਕਿੰਕਰਾਂ ਦੀ ਪੀੜ ਉਹ ਸਾਰੀ ਰਾਤ ਝਲਦਾ ਰਿਹਾ ਸੀ। ਸਾਰੀ ਝਾਕੀ ਅਰਧ ਸੁੱਤੇ ਦੀਆਂ ਅੱਖਾਂ ਸਾਹਮਣੇ ਜਗਦੀ-ਬੁਝਦੀ ਰਹੀ ਸੀ। ਉਹ ਖੇਸ ਵਿਚ ਮੂੰਹ-ਸਿਰ ਲਪੇਟੀ ਪਿਆ ਰਿਹਾ।

“ਗੋਡੇ ਜਿੱਡਾ ਦਿਨ ਚੜ੍ਹ ਗਿਐ, ਉਠ ਕੰਮ 'ਤੇ ਨੀਂ ਜਾਣਾ? ਉਡੀਕੀ ਜਾਂਦੇ ਹੋਣੇ ਦੁੱਧ ਨੂੰ ਉਹ।” ਚੰਦ ਕੌਰ ਮਿਹਰ ਦਾ ਮੋਢਾ ਝੰਜੋੜਦੀ ਬੋਲੀ।

“ਜਾਣਾ ਨੀਂ, ਸ਼ਰਮ ਆਉਂਦੀ ਆ।” ਮਿਹਰ ਨੇ ਪਾਸਾ ਵੱਟ ਕੇ ਮੂੰਹ ਦੂਜੇ ਪਾਸੇ ਨੂੰ ਕਰ ਲਿਆ।

“ਚਲਿਆ ਜਾਹ, ਪਿਉ ਆਲੇ ਮੁਰੱਬੇ 'ਚ ਟਰੈਕਟਰ ਲੈ ਕੇ ਫਿਰ। ਸ਼ਰਮ ਆਉਂਦੀ ਆ, ਇਹਨੂੰ! ਉਦੋਂ ਨੀਂ ਸ਼ਰਮ ਆਉਂਦੀ, ਜਦੋਂ ਨੰਬਰਦਾਰ ਸੁਰਮੁਖ ਸਿੰਘ ਦੀ ਨੂੰਹ ਰਾਤ ਬਰਾਤੇ ਲੋਕਾਂ ਦੇ ਪਸ਼ੂਆਂ ਦਾ ਗੋਹਾ ਚੁੱਕ ਕੇ ਪਾਥੀਆਂ ਪੱਥ ਕੇ ਟੱਬਰ ਦਾ ਢੱਬਰ ਭਰਦੀ ਆ।” ਚੰਦ ਕੁਰ ਰਿਰਖ ਨਾਲ ਬੋਲਦੀ ਸਿਰ 'ਤੇ ਲਈ ਘਸਮੈਲੀ ਚੁੰਨੀ ਨਾਲ ਹੰਝੂ ਪੂੰਝਣ ਲੱਗ ਪਈ।

ਅਜੇ ਤਾਂ ਤਿੰਨ ਦਿਨ ਵੀ ਨਹੀਂ ਸੀ ਹੋਏ ਇਸ ਗੱਲ ਨੂੰ, ਜਦੋਂ ਸ਼ਰੀਕਣੀ ਨਸੀਬੋ ਦੀ ਮਾਰੀ ਬੋਲੀ ਚੰਦ ਕੁਰ ਨੂੰ ਲਹੂ-ਲੁਹਾਨ ਕਰ ਗਈ ਸੀ, “ਪਤਾ ਨੀਂ ਲੋਕ ਕਿਮੇਂ ਲੋਕਾਂ ਦਾ ਗੋਹਾ ਚੁੱਕ ਕੇ ਪਾਥੀਆਂ ਪੱਥ ਲੈਂਦੇ ਆ। ਇੱਕ ਪੰਜ ਰੁਪਈਏ ਨੂੰ ਕੀ, ਭਾਵੇਂ ਸੌ ਨੂੰ ਕਿਉਂ ਨਾ ਵਿਕੇ। ਮੈਂ ਤਾਂ ਕਦੇ ਘਰ ਦਾ ਗੋਹਾ ਵੀ ਚੁੱਕ ਕੇ ਨੀਂ ਵੇਖਿਆ। ਭਈਆ ਰਾਣੀ, ਜਾਣੇ ਜਾਂ ਨਾ ਜਾਣੇ।”

ਚੰਦ ਕੁਰ ਸ਼ਰੀਕੇ ਵਿਆਹ ਵਿਚ ਗਈ ਸੀ, ਜਿੱਥੇ ਮਹਿੰਗਾਈ ਬਾਰੇ ਗੱਲ ਚਲਦੀ ਗੋਹੇ ਦੀਆਂ ਪਾਥੀਆਂ ਤੱਕ ਆ ਪੁੱਜੀ ਸੀ। ਚੰਦ ਕੁਰ ਚੁੱਪ ਕਰਕੇ ਉਥੋਂ ਤੁਰ ਆਈ, ਕਿੰਨਾ ਹੀ ਚਿਰ ਉਹ ਘਰ ਆ ਕੇ ਭੁੱਬਾਂ ਮਾਰ ਕੇ ਰੋਈ ਸੀ।

ਮਿਹਰ ਉਠਿਆ। ਹੱਥ-ਮੂੰਹ ਧੋਤਾ, ਕੁਰਲੀ ਕੀਤੀ। ਦੋ ਕਿੱਲੋ ਦੁੱਧ ਨਾਲ ਭਰਿਆ ਡੋਲੂ ਸਾਈਕਲ ਦੇ ਹੈਂਡਲ ਨਾਲ ਲਟਕਾਇਆ। ਉਹ ਚੰਦ ਕੁਰ ਦੇ ਹੰਝੂ ਅੱਖਾਂ 'ਚ ਲਟਕਾਈ ਅਣਚਾਹੇ ਮਨ ਨਾਲ ਕੰਮ ਲਈ ਤੁਰ ਪਿਆ।

“ਚਾਹ ਦੀ ਘੁੱਟ ਤਾਂ ਪੀ ਜਾਹ।” ਚੰਦ ਕੁਰ ਨੇ ਪਿੱਛੋਂ ਹਾਕ ਮਾਰੀ।

ਮਿਹਰ ਨੇ ਨਾ ਕੋਈ ਉਤਰ ਦਿੱਤਾ ਅਤੇ ਨਾ ਪਿੱਛੇ ਵੱਲ ਸਿਰ ਘੁੰਮਾਇਆ।

“ਮਿਰਚ!” ਇਹ ਕਹਿੰਦੀ ਚੰਦ ਕੁਰ ਅੰਦਰ ਚਲੀ ਗਈ।

ਰਾਜ ਚਰਨਜੀਤ ਠੇਕੇਦਾਰ ਕੁਲਵੰਤ ਸਿੰਘ ਦੀ ਕੋਠੀ ਠੇਕੇ 'ਤੇ ਪਾ ਰਿਹਾ ਸੀ। ਉਹ ਅਤੇ ਚਾਰ ਹੋਰ ਮਜ਼ਦੂਰ-ਸੁਰਜੂ, ਭੂਰਾ, ਸੈਦਾ ਅਤੇ ਗਿੰਦਰ ਪਹਿਲਾਂ ਹੀ ਆਏ ਬੈਠੇ ਸਨ। ਉਹ ਮਿਹਰ ਨੂੰ ਉਡੀਕ ਰਹੇ ਸਨ। ਮਿਹਰ ਨੇ ਦੁੱਧ ਲਿਆਉਣਾ ਸੀ ਤੇ ਉਸ ਦੇ ਆਏ ਤੋਂ ਹੀ ਚਾਹ ਬਣਨੀ ਸੀ।

ਮਿਹਰ ਨੇ ਸਾਈਕਲ ਕੰਧ ਨਾਲ ਖੜ੍ਹਾ ਕੀਤਾ, ਡੋਲੂ ਲਾਹ ਕੇ ਕਿੱਲੀ 'ਤੇ ਟੰਗਿਆ, ਕਿਸੇ ਨਾਲ ਕੋਈ ਗੱਲ ਨਾ ਕੀਤੀ, ਚੁੱਪ ਚਾਪ ਵਿਹੜੇ ਵਿਚ ਸੀਮੇਂਟ ਨਾਲ ਲਿਬੜਿਆ ਬੱਠਲ ਧੋਣ ਲੱਗਾ। ਭੂਰੇ ਨੇ ਪਹਿਲਾਂ ਹੀ ਉਬਲ ਕੇ ਕਮਲੀ ਹੋਈ ਚਾਹ ਵਿਚ ਦੁੱਧ ਪਾ ਕੇ ਸਭ ਨੂੰ ਹਾਕ ਮਾਰ ਦਿੱਤੀ। ਸਾਰੇ ਚੁੱਲੇ ਦੁਆਲੇ ਬੈਠ ਗਏ। ਮਿਹਰ ਗਲਾਸ ਲੈ ਕੇ ਇੱਟਾਂ ਦੀ ਥੜ੍ਹੀ 'ਤੇ ਜਾ ਬੈਠਾ।

“ਓਏ ਆ ਜਾ ਸਾਡੇ ਕੋਲ, ਅੱਡ ਈ ਰਹਿਨੈਂ?” ਗਿੰਦਰ ਨੇ ਹਾਕ ਮਾਰੀ। ਮਿਹਰ ਚੁੱਪ-ਚਾਪ ਉਥੇ ਹੀ ਬੈਠਾ ਰਿਹਾ।

“ਪੀਉ ਚਾਹ ਕੰਡੇਦਾਰ!” ਗਿੰਦਰ ਹੱਥ ਵਿਚ ਫੜੇ ਗਲਾਸ ਨੂੰ ਹਿਲਾਉਣ ਲੱਗਾ।

“ਸਾਥੀਆ, ਦੁੱਧ ਪੂਰਾ ਸੰਘਣਾ। ਚਾਹ ਬੁੱਲ੍ਹਾਂ ਨਾਲੋਂ ਨੀਂ ਲੈਂਦੀ?” ਭੂਰਾ ਬੋਲਿਆ।

“ਹੂੰਅ! ਠੁਣਠੁਣ! ਰਲਾ ਦਿੰਦਾ ਹੋਊ ਯੂਰੀਆ, ਗਰੀਸ ਜਾਂ ਕੋਈ ਹੋਰ ਨਿੱਕ ਸੁੱਕ ਦੁੱਧ ਵਿਚ।” ਸੁਰਜੂ ਨੇ ਮੋਢੇ ਛੰਡ ਕੇ ਨੱਕ ਚੜ੍ਹਾਇਆ। ਸੁਰਜੂ ਨੇ ਜੇ ਕਿਸੇ ਨੂੰ ਘਟੀਆ ਕਹਿਣਾ ਹੁੰਦਾ ਜਾਂ ਕਿਸੇ 'ਤੇ ਚੋਟ ਕਰਨੀ ਹੁੰਦੀ, ਉਹ ਇਹੋ ਸ਼ਬਦ ਵਰਤਦਾ। ਹੁਣ ਇਹ ਸ਼ਬਦ ਸੁਰਜੂ ਦੇ ਨਾਂ ਨਾਲ ਜੁੜ ਗਿਆ ਸੀ। “ਦੱਸ ਕੀ ਰਲਾਉਂਦਾ, ਤੇਰਾ ਭਣੋਈਆ? ਹੋਰ ਲੁਆ ਲੋ ਕਿਸੇ ਦੇ ਘਰੋਂ।” ਮਿਹਰ ਨੇ ਹੱਥ ਵਿਚ ਫੜਿਆ ਬੱਠਲ ਪਟਕਾ ਕੇ ਧਰਤੀ 'ਤੇ ਮਾਰਿਆ।

“ਕੀ ਕਹਿਨਾਂ ਤੂੰ?” ਸੁਰਜੂ ਵੀ ਸੁਣ ਕੇ ਖੜ੍ਹਾ ਹੋ ਗਿਆ।

“ਛੇੜ'ਤੀ ਸਿਂਗੜੀ! ਲਾ ਨੂੰਹੇ ਦੀ ਪੂਛ ਨੂੰ ਹੱਥ।” ਸੈਦੇ ਨੇ ਗੱਲ ਨੂੰ ਤੂਲ ਦੇਣੀ ਚਾਹੀ।

“ਸਾਥੀਓ, ਜੇ ਕਹੀਏ, ਸੁਣ ਵੀ ਲਈਏ। ਜਰ ਵੀ ਲਈਏ। ਸਾਥੀਉ ਹਾਸੇ ਦੀ ਗੱਲ ਦਾ ਗੁੱਸਾ ਨੀਂ ਕਰੀਦਾ।”

ਭੂਰੇ ਸਾਥੀ ਦੀ ਇਸ ਗੱਲ ਨਾਲ ਮਿਹਰ ਤੇ ਸੁਰਜੂ ਦੇ ਕੱਸੇ ਤੇਵਰ ਢਿੱਲੇ ਨਾ ਹੋਏ।

“ਲੈ ਮੇਰੀ ਗੱਲ ਸੁਣ ਲੌ। ਲੋਕ ਕਹਿੰਦੇ ਹੁੰਦੇ ਆ, ਟਰੈਕਟਰ ਆ'ਗੇ ਤਰਖਾਣ ਮਰਨਗੇ ਭੁੱਖੇ। ਵੇਖ'ਲਾ ਸ਼ਹਿਰ ਜਾ ਕੇ ਕਾਰਖਾਨੇ ਲਾ ਕੇ ਬਹਿ'ਗੇ। ਆਹ ਲੋਹਾ ਕੁੱਟਦੇ ਮੇਰੇ ਚਾਚੇ ਲੁਹਾਰਾਂ ਨੇ ਵਰਕਸ਼ਾਪਾਂ ਬਣਾ ਲਈਆਂ। ਆਹ ਤਾਏ ਹਰਨਾਮ ਕਿਆਂ ਦਰਜੀਆਂ ਨੇ ਸ਼ਹਿਰ ਜਾ ਕੇ, ਸੂਟ ਜੇ ਬਣਾ ਕੇ ਦਿੱਲੀ ਲੁੱਟ'ਲੀ। ਸਭ ਫੰਨੇ ਖਾਂ ਬਣ'ਗੇ। ਜੋ ਚੱਜ ਦਾ ਕੰਮ ਧੰਦੇ ਸਿੱਖ ਲੂ, ਉਹੀ ਚੱਜ ਦੀ ਰੋਟੀ ਖਾਊ। ਨਹੀਂ ਤਾਂ ਫਿਰੂ ਸਾਡੇ ਵਾਂਗੂੰ ਜਬਕਦਾ।” ਭੂਰੇ ਨੇ ਗੱਲ ਦਾ ਰੁੱਖ ਬਦਲ ਦਿੱਤਾ।

“ਉਏ ਸਾਥੀਆ, ਮੈਂ ਕੀ ਕਰੂੰ ਸ਼ਹਿਰ ਜਾ ਕੇ? ਸਾਡਾ ਜੁੱਤੀਆਂ ਦਾ ਧੰਦਾ ਤਾਂ ਪਹਿਲਾਂ ਹੀ ਮਾਰ'ਤਾ ਬਾਟਾ-ਸ਼ਾਟਾ ਮਾਰਕਾ ਦੇ ਮਾਲ ਨੇ। ਹੁਣ ਇਨ੍ਹਾਂ ਨੂੰ ਠੋਕੂ ਚੀਨ ਤੇ ਹੋਰ ਦੇਸ਼ਾਂ ਦਾ ਵਧੀਆ ਤੇ ਸਸਤਾ ਮਾਲ। ਸ਼ਹਿਰ ਦੇ ਸਟੋਰ ਤੋਂ ਪਿੰਡ ਉਗਰ ਬਾਣੀਏ ਦੀ ਹੱਟੀ ਤੱਕ ਮਿਲਦੀ ਚੱਪਲ, ਗੁਰਗਾਬੀ, ਤਿਲੇਦਾਰ ਜੁੱਤੀ। ਹੋਰ ਸਭ ਕੁਝ।” ਸੈਦੇ ਨੇ ਆਪਣਾ ਦੁੱਖ ਰੋਇਆ।

“ਸਾਥੀਓ, ਨਮੀਆਂ ਗੁੱਡੀਆਂ, ਨਮੇ ਪਟੋਲੇ। ਮਾਂਜ ਦੇਣਗੀਆਂ ਕੁਕੀਆਂ ਦੇ ਡੋਲ ਆਂਗੂੰ ਬਾਹਰਲੀਆਂ ਕੰਪਨੀਆਂ ਸਾਡੇ ਵਪਾਰ ਤੇ ਕੰਮ ਧੰਦਿਆਂ ਨੂੰ। ਹੱਟੀ-ਭੱਠੀ, ਛੋਟੇ-ਮੋਟੇ ਵਣਜ-ਵਪਾਰ ਕੰਮ ਧੰਦੇ ਸਭ ਬੰਦ। ਬਣ ਜਾਣਗੇ ਸਭ ਮਜਦੂਰ। ਫਿਰ ਭੁੱਲੂ ਲਾਲ ਫਲੇਰਾ।” ਭੂਰੇ ਨੇ ਸੈਦੇ ਦੀ ਗੱਲ ਪੂਰੀ ਕੀਤੀ।

“ਗੱਲ ਹੈ ਸੱਚੀ, ਝੂਠ ਨੀਂ ਰੱਤੀ। ਕੰਪਨੀ ਬਦੇਸ਼ੀ। ਸਰਮਾਇਆ ਬਦੇਸ਼ੀ। ਮਾਲ ਦੇਸੀ, ਮੋਹਰ ਬਦੇਸ਼ੀ। ਦੇਸੀ ਗਊ, ਬਦੇਸ਼ੀ ਵੱਛੇ। ਤੀਮੀ ਦੇਸੀ, ਜੰਮੂ ਪੁੱਤ ਬਦੇਸ਼ੀ। ਲੀਡਰ ਦੇਸੀ, ਸੋਚ ਬਦੇਸ਼ੀ। ਠੈਂਗਣ ਈ ਭੁੱਲੂ, ਲਾਲ ਫਲੇਰਾ, ਸਾਥੀਆ ਤੇਰਾ।” ਗਿੰਦਰ ਕਾਵਿਕ ਲਹਿਜੇ ਵਿਚ ਕਿੰਨਾ ਕੁਝ ਸਹਿਜ ਭਾਅ ਹੀ ਕਹਿ ਗਿਆ।

“ਸੁਰਜੂ ਤੋਂ ਪਿੰਡ ਬਾਰਾਂ ਫੁੱਟ ਬੋਰ ਟੱਟੀ ਤਾਂ ਪੁੱਟ ਨੀਂ ਹੁੰਦੀ। ਇੱਕ ਲੱਖ ਤੋਂ ਘੱਟ ਤਾਂ ਬੋਰ ਕਰਨ ਵਾਲੇ ਬੋਕੇ ਨੀਂ ਆਉਂਦੀ। ਸ਼ਹਿਰ ਜਾ ਕੇ ਕੀ ਕਰਲੂ ਇਹ?” ਸੈਦੇ ਨੇ ਵਾਰੀ ਲਈ।

“ਤੈ, ਤੂੰ ਰੰਗਰੇਟੇ ਗੁਰੂ ਕੇ ਬੇਟੇ?

“ਮੈਂ ਇੱਥੇ ਈ ਚੰਗਾ। ਡਿੱਗੀ-ਢਹੀ ਦਾ ਯਾਰ ਮੁਕੰਦਾ, ਆਪਾਂ ਨੂੰ ਚਰਨੀ ਈ ਚੰਗੀ। ਘਾਹੀ ਦੇ ਪੁੱਤ ਨੇ ਘਾਹ ਈ ਖੋਤਣਾ। ਮਿਲੀ ਜਾਂਦਾ ਖੋਤਣ ਨੂੰ।”

ਇਹ ਗੱਲਾਂ ਸ਼ਾਇਦ ਸਾਰੇ ਮਾਹੌਲ ਨੂੰ ਖੁਸ਼ਗਵਾਰ ਕਰਨ ਲਈ ਹੀ ਕਰ ਰਹੇ ਸਨ, ਪਰ ਮਿਹਰ ਦਾ ਦਿਲ ਬਹਿੰਦਾ ਜਾ ਰਿਹਾ ਸੀ।

“ਰਾਠ! ਠੁਣ ਠੁਣ! ਨਾ ਸ਼ਹਿਰ ਦਾ, ਨਾ ਪਿੰਡ ਦਾ। ਰਹਿ ਗਿਆ ਜ਼ਰਦੇ ਦੀ ਪੁੜੀ ਚੱਬਣ ਜੋਗਾ।” ਸੁਰਜੂ ਨੇ ਘ੍ਰਿਣਾ ਉਗਲੀ।

ਸੁਰਜੂ ਦੇ ਕਹੇ ਸ਼ਬਦ 'ਰਾਠ' ਅਤੇ 'ਠੁਣ ਠੁਣ' ਮਿਹਰ ਦੇ ਨਿਰਣੇ ਕਾਲਜੇ ਪਾਣੀ ਵਾਂਗ ਲੜ ਗਏ। ਉਸ ਨੇ ਕਹਿਣ ਲਈ ਅੰਦਰੋਂ ਉਠੇ ਸ਼ਬਦਾਂ ਨੂੰ ਆਪਣੇ ਬੁੱਲ੍ਹਾਂ ਤੋਂ ਬਾਹਰ ਨਾ ਆਉਣ ਦਿੱਤਾ।

“ਉਠੋ ਛੇਤੀ ਕਰੋ। ਗੱਲੀਂ ਡਹਿ'ਪੇ। ਉਠੋ ਬਈ ਵਿਹੜੇ ਆਲਿਓ। ਆਊ ਬਈ ਸਾਰੇ।” ਆਖ ਮਿਸਤਰੀ ਨੇ ਕਰੰਡੀ ਤੇ ਗਰਮਾਲਾ ਚੁੱਕ ਲਿਆ।

“ਸਾਥੀਆ, ਹੇਠਲੀ ਉਤੇ ਹੋਗੀ। ਹੁਣ ਤਾਂ 'ਢਹੇ ਕੋਲੇ ਜੱਟਾਂ ਸਰਦਾਰਾਂ ਦੇ', ਪੱਕੇ ਘਰ ਵਿਹੜੇ ਆਲਿਆਂ ਦੇ।' ਬਦਲ ਗਿਆ ਯੁੱਗ ਹੁਣ ਤਾਂ। ਉਹ ਵੇਲੇ ਗਏ ਜਦੋਂ ਵਿਹੜੇ ਆਲਿਆਂ ਦੇ ਖੁੱਲ੍ਹੇ ਵਿਹੜੇ 'ਚ ਕੁੱਤੇ ਮੂਤਦੇ ਸੀ। ਜਿਹੜਾ ਕੰਮ ਕਰੂ, ਉਨ੍ਹਾਂ ਦੇ ਈ ਪੈਣਗੇ ਪੱਕੇ। ਪੈਸੇ ਨਾਲ ਇੱਜਤ, ਸਰਦਾਰੀ ਅਤੇ ਸਾਕ ਸਕੀਰੀ। ਪੈਸੇ ਨਾਲ ਈ ਚੌਧਰ।”

'ਢਹੇ ਕੋਲੇ ਜੱਟਾਂ ਸਰਦਾਰਾਂ ਦੇ' ਸ਼ਬਦ ਸੁਣ ਕੇ ਮਿਹਰ ਨੇ ਫੱਟੜ ਸੱਪ ਵਾਂਗੂੰ ਜ਼ਹਿਰ ਘੋਲਣਾ ਹੀ ਸੀ। ਇਹ ਘਰ ਮਿਹਰ ਦੇ ਪਿਉ ਸੁਰਮੁਖ ਦਾ ਹੁੰਦਾ ਸੀ, ਜੋ ਢਾਹ ਕੇ ਠੇਕੇਦਾਰ ਕੁਲਵੰਤ ਸਿੰਘ ਕੋਠੀ ਪਾ ਰਿਹਾ ਸੀ। ਸੁਰਮੁਖ ਸਿੰਘ ਨੂੰ ਵੇਚਣਾ ਪਿਆ ਸੀ।

ਇੰਨੇ ਚਿਰ ਵਿਚ ਲੈਂਟਰ ਪਾਉਣ ਲਈ ਮਸ਼ੀਨ ਆ ਗਈ। ਸਾਰੇ ਉਠ ਕੇ ਮਸ਼ੀਨ ਨੂੰ ਧੱਕ ਕੇ ਥਾਂ ਸਿਰ ਲਾਉਣ ਲੱਗੇ।

“ਕਿੰਨਾ ਸੌਖਾ ਹੋ ਗਿਆ ਕੰਮ। ਬਜਰੀ, ਸੀਮੇਂਟ, ਪਾਣੀ ਪਾਉ। ਇਨ੍ਹੇ ਗੁੰਨ ਕੇ ਤਿੰਨ ਮੇਲ ਦੇ ਕੜਾਹ ਵਰਗਾ ਮਸਾਲਾ ਬਣਾ ਦੇਣਾ। ਬੱਸ ਲਿਫਟ ਨਾਲ ਭਰੇ ਟੱਬ ਮਿਸਤਰੀ ਕੋਲ ਜਾ ਡਿੱਗਣੇ ਨੇ। ਨਹੀਂ ਤਾਂ ਬੱਠਲਾਂ ਨਾਲ ਢੋਂਦੇ ਈ ਮਰ ਜਾਂਦੇ।” ਸਾਰੇ ਹੈਰਾਨ ਸਨ।

“ਕਹਿੰਦੇ ਪਾਥੀਆਂ ਪੱਥਣ ਵਾਲੀ ਮਸ਼ੀਨ



ਆ'ਗੀ। ਮਸ਼ੀਨ ਤਾਂ ਮਿਲਜੂ ਸਟੋਰਾਂ 'ਚੋਂ, ਗੋਹਾ ਕਿੱਥੋਂ ਮਿਲੂ? ਲੋਕ ਤਾਂ ਰਾਤ ਬਰਾਤੇ ਰਾਹਾਂ 'ਚ ਡਿੱਗੇ ਫੋਸ ਵੀ ਚੱਕ ਲਿਆਉਂਦੇ ਆ ਦੂਜਿਆਂ ਦੇ ਡੰਗਰਾਂ ਦੇ।” ਸੁਰਜੂ ਨੇ ਧੌਣ ਅਕੜਾ ਕੇ ਕਿਹਾ।

ਸੁਰਜੂ ਦੇ ਇਹ ਬੋਲ ਮਿਹਰ ਲਈ ਤਾਂ ਚੰਦ ਕੁਰ ਨੂੰ ਨਸੀਬ ਕੌਰ ਦੀ ਮਾਰੀ ਬੋਲੀ ਤੋਂ ਘੱਟ ਨਹੀਂ ਸਨ। ਸੁਣਨ ਸਾਰ ਹੀ ਚੰਦ ਕੁਰ ਉਸ ਦੀਆਂ ਅੱਖਾਂ ਸਾਹਮਣੇ ਆ ਖੜ੍ਹੀ।

“ਸੁੱਥਣ 'ਚੋਂ!” ਉਸ ਦੇ ਅੰਦਰੋਂ ਸ਼ਬਦਾਂ ਦੇ ਜਵਾਲਾਮੁਖੀ ਵਾਂਗ ਵਿਸਫੋਟ ਦੀ ਧਮਕ ਤੇ ਗਰਜ ਨਾਲ ਮਿਸਤਰੀ ਤੱਕ ਸਾਰੇ ਕੰਬ ਗਏ। ਅਜੇ ਵੀ ਸ਼ੁਕਰ ਸੀ ਸ਼ਬਦ 'ਤੇਰੀ' ਲਾਵੇ ਦੀ ਹੇਠਲੀ ਪਰਤ ਵਾਂਗ ਬੁੱਲ੍ਹਾਂ ਤੋਂ ਬਾਹਰ ਆਉਣ ਤੋਂ ਪਹਿਲਾਂ ਅੰਦਰੇ ਹੀ ਰਹਿ ਗਿਆ।

“ਕਿਮੇ ਚਾਂਮਲੀ ਆ, ਸਾਰੇ ਵੱਗ 'ਚੋਂ ਚਰ ਕੇ ਆਈ ਢਾਂਡੀ ਆਂਗੂੰ।” ਉਸ ਦੇ ਮੂੰਹੋਂ ਬਹੁਤ ਹੀ ਨੀਵੀਂ ਅਵਾਜ਼ 'ਚ ਸਹਿਜ ਸੁਭਾ ਨਿਕਲਿਆ ਵਾਕ ਸ਼ਾਇਦ ਹੀ ਕਿਸੇ ਦੇ ਕੰਨੀਂ ਪਿਆ ਹੋਵੇ।

“ਬਚਿਓ ਬਾਰੂਦ ਨੂੰ ਤੀਲੀ ਲਾਉਣ ਤੋਂ।” ਮਿਸਤਰੀ ਨੇ ਬਹੁਤ ਹੀ ਧੀਮੀ ਸੁਰ 'ਚ ਕਿਹਾ।

“ਸਾਥੀਆ! ਲਗਦਾ ਅੱਜ ਤਾਂ ਅੜ'ਗੀ ਗੁੱਸੇ ਦੀ ਸੂਈ ਡੇਂਜਰ ਜੋਨ 'ਚ। ਘਰੋਂ ਈ ਹੋਇਆ ਲਗਦੈ ਇਨ੍ਹੂੰ ਕੁਝ।” ਭੂਰਾ ਆਪਣੇ ਆਪ ਨੂੰ ਮੁਖਾਤਬ ਹੋਇਆ।

ਮਿਹਰ ਉਠਿਆ। ਬਜਰੀ ਛਾਣ ਕੇ ਵਿਚ ਸੀਮੇਂਟ ਰਲਾਉਣ ਲੱਗ ਪਿਆ। ਸੁਰਜੂ ਉਠਿਆ, ਪਾਣੀ ਦੇ ਭਰੇ ਕੜਾਹੇ ਵਿਚੋਂ ਬਾਲਟੀ ਨਾਲ ਪਾਣੀ ਪਾ ਕੇ ਚੰਗੀ ਤਰ੍ਹਾਂ ਵਾਢ ਦੇ ਕੇ ਮਤਰਾਲ ਵਰਗਾ ਮਸਾਲਾ ਬਣਾ ਦਿੱਤਾ। ਭੂਰਾ ਪਾਣੀ ਦੇ ਭਰੇ ਕੜਾਹੇ ਵਿਚ ਇੱਟਾਂ ਤਰ ਕਰਨ ਲੱਗਾ।

ਮਿਹਰ ਨੇ ਅੱਡੀਆਂ ਤੋਂ ਬੈਠੀ, ਤਲਿਆਂ ਤੋਂ ਘਸੀ ਪੈਰੀਂ ਫਿੜ-ਫਿੜ ਕਰਕੇ ਨਿਕਲਦੀ ਜੁੱਤੀ ਲਾਹ ਕੇ ਪਾਸੇ ਰੱਖ ਦਿੱਤੀ। ਬੋਰੀ ਦਾ ਪੱਲਾ ਪਾੜ ਕੇ ਸਲੀਪਰ ਜਿਹੇ ਬਣਾਏ ਪੈਰੀਂ ਪਾ ਕੇ ਉਤੋਂ ਸਣ ਦੀ ਰੱਸੀ ਨਾਲ ਬੰਨ ਲਏ।

ਸੁਰਜੂ ਨੇ ਮਸਾਲੇ ਦੀ ਮਤਰਾਲ ਨਾਲ ਪੂਰਾ ਨੱਪ ਕੇ ਬੱਠਲ ਭਰ ਦਿੱਤਾ ਅਤੇ ਆਪ ਪਾਸੇ ਨੂੰ ਟਲ ਗਿਆ। ਮਿਹਰ ਨੇ ਪੂਰੇ ਗੁੱਸੇ ਨਾਲ ਬੱਠਲ ਚੁੱਕਣ ਲਈ ਪੂਰਾ ਤਾਣ ਲਾਇਆ, ਪਰ ਮੁਸ਼ਕਿਲ ਨਾਲ ਹੀ ਬੱਠਲ ਹਿੱਕ ਤੱਕ ਆਇਆ। ਮਸਾਲੇ ਦੀ ਮਤਰਾਲ ਉਸ ਦੇ ਗਲਾਮੇ ਵਿਚ ਪੈ ਗਈ। ਭੂਰੇ ਨੇ ਭੱਜ ਕੇ ਬੱਠਲ ਚੁਕਾ ਦਿੱਤਾ।

“ਠੀਕ ਠੀਕ ਪਾਇਆ ਕਰ ਸੁਰਜੂ। ਬੱਠਲ ਭਾਰਾ। ਰਾਠ ਦੀ ਧੌਣ ਈ ਮੁੱਚ ਚੱਲੀ ਸੀ। ਮਸਾਲਾ ਡੁੱਲ੍ਹ ਕੇ ਗਲਾਮੇ 'ਚ ਪੈ ਗਿਆ। ਵੱਢ'ਦੂ ਸੀਮੇਂਟ।” ਭੂਰਾ ਬੋਲਿਆ।

“ਠੁਣਠੁਣ! ਇਹ ਮੁਫਤ ਕੰਮ ਨੀਂ ਕਰਦਾ। ਆਪਣੇ ਬਰਾਬਰ ਦੇ ਪੈਸੇ ਲੈਂਦਾ।” ਸੁਰਜੂ ਨੇ ਪੂਰੀ ਘ੍ਰਿਣਾ ਵਿਖਾਈ।

“ਤੂੰ ਤਾਂ ਦਾਰੇ ਭਲਵਾਨ ਨਾਲ ਘੁਲਦਾ ਰਿਹੈਂ? ਠੁਣਠੁਣ ਤੇ ਸਾਥੀਆ ਉਦੋਂ ਤੁਸੀਂ ਕਹਿੰਦੇ ਹੁੰਦੇ ਸੀ, ਅਸੀਂ ਸੋਡੇ ਅਰਗੇ ਨੀਂ। ਸਾਡੀ ਚੁੱਲ੍ਹੇ-ਚੌਕੇ ਤੇ ਭਾਂਡੇ ਦੀ ਸਾਂਝ ਆ ਮਿਹਰ ਹੋਰਾਂ ਨਾਲ। ਹੁਣ ਬੱਠਲ ਦੀ ਸਾਂਝ ਪਾਉਣ ਵੇਲੇ ਚਲੂਣੇ ਲੜਦੇ ਨੇ...।” ਇਹ ਗੱਲ ਗਿੰਦਰ ਹੀ ਕਹਿ ਸਕਦਾ ਸੀ।

ਮਿਸਤਰੀ ਨੇ ਸੁਰਜੂ ਨੂੰ ਇੱਥੋਂ ਹਟਾ ਕੇ ਸੈਦੇ ਨਾਲ ਇੱਟਾਂ ਢੋਣ ਲਾ ਦਿੱਤਾ। ਮਿਹਰ ਬਜਰੀ ਛਾਣ ਕੇ ਵਿਚ ਸੀਮੇਂਟ ਦੇ ਬੱਠਲ ਰਲਾਉਂਦਾ ਰਿਹਾ। ਗਿੰਦਰ ਤੇ ਭੂਰਾ ਬਾਕੀ ਸਾਰੇ ਕੰਮ ਕਰਦੇ ਰਹੇ।

ਠੇਕੇਦਾਰ ਕਿਰਪਾਲ ਸਿੰਘ ਕੋਠੇ ਤੋਂ ਪੌੜੀਆਂ ਉਤਰ ਕੇ ਸਿੱਧਾ ਮਿਸਤਰੀ ਕੋਲ ਆ ਗਿਆ। ਮੁੱਛਾਂ ਨੂੰ ਵਟ ਚਾੜ੍ਹਦਾ ਬੋਲਿਆ, “ਮਿਸਤਰੀ ਖਿਚ ਆਪਦੀ ਲੇਬਰ ਨੂੰ। ਕੱਲ ਨੂੰ ਹਰ ਹਾਲ 'ਚ ਲੈਂਟਰ ਪੈ ਜਾਣਾ ਚਾਹੀਦੈ। ਦੋ ਕਿਲੋ ਭੇਜ ਦਿਨਾਂ ਭੁੱਕੀ ਦੇ। ਕਰ'ਦੀਂ ਟੈਟ ਮੁੰਡਿਆਂ ਨੂੰ?”

“ਫਿਰ ਤਾਂ...! ਉੱਤਰ ਆਇਐ ਜਹਾਜ ਸਰਦਾਰ ਜੀ?” ਸੁਰਜੂ ਦੀ ਗੱਲ ਸੁਣ ਕੇ ਠੇਕੇਦਾਰ ਕਿਰਪਾਲ ਸਿੰਘ ਹੱਸ ਪਿਆ।

“ਜਹਾਜ ਦਾ ਕੀ ਹੈ, ਉਤਰਦਾ ਹੀ ਰਹਿੰਦੈ। ਭਰੀ ਟ੍ਰੇਨ ਦੀ ਗੱਲ ਕਰ। ਵਜੀਰ ਦੀ ਫੁੱਲ ਕਿਰਪਾ ਸਰਦਾਰ 'ਤੇ।” ਸਾਥੀ ਭੂਰੇ ਦੇ ਕਹੇ ਸ਼ਬਦ ਸੁਣ ਕੇ ਉਸ ਨੇ ਧੌਣ ਅਕੜਾ ਲਈ।

“ਦੇ ਦਿੰਦਾ ਚਾਰ ਬੁੱਕ ਮਿਸਤਰੀ ਨੂੰ ਸਾਰਿਆਂ ਨੂੰ ਅਮਲੀ ਬਣਾਉਣ ਲਈ ਲੁਟੇਰਾ। ਡਾਕੂ! ਚੱਬਾਂ ਪਿੰਜਣੀਆਂ ਰੂੰਗ ਭਰ ਕੇ, ਸਾਲੇ ਮੇਰੇ ਦੀਆਂ।” ਗਿੰਦਰ ਅੰਦਰੋ-ਅੰਦਰ ਰਿਝਿਆ। ਰਿਝਣ ਦਾ ਕਾਰਨ ਵੀ ਸੀ। ਇੱਕ ਤਾਂ ਉਹ ਨਜੂਲ ਦੀ ਜਮੀਨ ਦੱਬੀ ਬੈਠਾ ਸੀ। ਦੂਜਾ ਗਿੰਦਰ ਦੀ ਕਮਲੀ ਭਰਜਾਈ, ਜੋ ਟੋਭੇ 'ਚ ਡੁੱਬ ਕੇ ਮਰ ਗਈ ਸੀ, ਉਨ੍ਹਾਂ ਨੇ ਇਨ੍ਹਾਂ ਨੂੰ ਝੂਠੇ ਕਤਲ ਦੇ ਕੇਸ ਵਿਚ ਫਸਾਉਣ ਦੀ ਕਸਰ ਨਹੀਂ ਸੀ ਛੱਡੀ।

“ਸਰਦਾਰ ਜੀ। ਤੁਸੀਂ ਫਿਕਰ ਨਾ ਕਰੋ। ਤੁਹਾਡੇ ਨਾਲੋਂ ਮੈਨੂੰ ਵੱਧ ਫਿਕਰ ਆ।” ਮਿਸਤਰੀ ਨੇ ਬੜੀ ਹਲੀਮੀ ਨਾਲ ਕਿਹਾ।

ਠੇਕੇਦਾਰ ਕਿਰਪਾਲ ਉਥੇ ਖੜ੍ਹਾ ਹੀ ਵਿਸ਼ੇਸ਼ ਅੰਦਾਜ਼ ਵਿਚ ਸ਼ਬਦ ਪੀਹ ਕੇ ਮਿਹਰ ਨੂੰ ਬੋਲਿਆ, “ਰਾਠਾ! ਕੀ ਹਾਲ ਐ? ਕਿਮੇ ਉਂਦਾ ਜਾ ਫਿਰਦੈਂ? ਬਜਰੀ 'ਚ ਸੀਮੇਂਟ ਹਿਸਾਬ ਨਾਲ ਪਾਈਂ। ਖਿਆਲ ਰੱਖੀਂ। ਗਿਣਤੀ ਨਾ ਭੁੱਲ'ਜੀਂ ਕਿਤੇ। ਤੇਰਾ ਈ ਘਰ ਐ। ਆਪਣੀ ਈ ਕੋਠੀ ਸਮਝ।”

ਠੇਕੇਦਾਰ ਕਿਰਪਾਲ ਦੇ ਇਹ ਸ਼ਬਦ ਸੁਣ ਕੇ ਪਹਿਲਾਂ ਤਾਂ ਮਿਹਰ ਦੇ ਹੱਥ ਕੰਬ ਗਏ ਤੇ ਸਿਰ ਸ਼ਰਮ ਨਾਲ ਝੁਕ ਗਿਆ, ਪਰ ਅਗਲੇ ਪਲ ਇੱਕ ਦਮ ਉਸ ਦੇ ਮਨ ਅੰਦਰ ਤੂਫਾਨ ਮੱਚ ਗਿਆ।

'ਲੇਬਰ! ਆਬਦੀ ਕੋਠੀ! ਰਾਠ!' ਸ਼ਰੀਕ ਦੇ ਬੋਲੇ ਇਹ ਸ਼ਬਦ ਡੰਗ ਗਏ ਮਿਹਰ ਨੂੰ, ਸੀਨਾ ਚੀਰ ਗਏ। ਕਿਸੇ ਵੇਲੇ ਉਸ ਦੇ ਅਲਬੇਲੇ ਸੁਭਾ ਕਰਕੇ ਉਸ ਦੇ ਦੋਸਤ ਉਸ ਨੂੰ ਰਾਠ ਕਹਿ ਦਿੰਦੇ ਸਨ, ਪਿਆਰ ਵਜੋਂ। ਪਰ ਹੁਣ ਤਾਂ ਰਾਠ ਸ਼ਬਦ ਕਹਿ ਕੇ ਸਾਰੇ ਉਸ ਦੀ ਗਰੀਬੀ ਦਾ ਚੋਭ ਲਾਉਂਦੇ ਸਨ। ਕੁਲਵੰਤ ਦਾ ਕਿਹਾ 'ਰਾਠ' ਸ਼ਬਦ ਉਸ ਨੂੰ ਸਾੜ ਗਿਆ। ਉਹ ਰੇਤਾ ਰਲਾਉਂਦਾ ਉਠ ਕੇ ਖੜ੍ਹਾ ਹੋ ਗਿਆ। ਉਥੇ ਪਈ ਸੱਬਲ ਨੂੰ ਚੁੱਕ ਕੇ ਲੋਹਾ ਜਿਹਾ ਕੁੱਟਣ ਲੱਗ ਪਿਆ। ਉਸ ਦੇ ਮਨ 'ਚ ਆਇਆ ਕਿ ਉਹ ਕਿਰਪਾਲ ਦੀ ਕੰਗਰੋੜ ਭੰਨ ਦੇਵੇ ਤੇ ਕੁੱਟ ਕੁੱਟ ਕੇ ਲੱਤਾਂ ਚੂਰ ਕਰ ਦੇਵੇ। ਮਨ ਦੇ ਲਾਵੇ ਦਾ ਸੇਕ ਉਸ ਦੀਆਂ ਲਾਲ ਗੇਰੂ ਅੱਖਾਂ 'ਚ ਪਰਤੱਖ ਝਲਕਦਾ ਸੀ।

“ਮਿਹਰ ਸਿਆਂ, ਨਿਉਂ 'ਚ ਪਈਆਂ ਪੁਰਾਣੀਆਂ ਇੱਟਾਂ ਨੂੰ ਦੁਰਮਟ ਨਾਲ ਕੁੱਟ ਦੇਹ। ਬਾਕੀ ਕੰਮ ਗਿੰਦਰ ਤੇ ਭੂਰਾ ਕਰ ਲੈਣਗੇ।” ਮਿਸਤਰੀ ਨੇ ਮੌਕਾ ਤਾੜ ਕੇ ਕਿਹਾ।

ਮਿਹਰ ਦੁਰਮਟ ਚੁੱਕ ਨੀਂਹ 'ਚ ਵੜ ਗਿਆ।

“ਰਾਠਾ! ਦੱਬ ਕੇ ਮਾਰੀਂ ਦੁਰਮਟ। ਰਾਠ ਸਾਹਿਬ, ਪੋਲੀ ਕੁੱਟੀ ਨਿਉਂ ਦੱਬ ਜਾਂਦੀ ਐ। ਆਪਣੀ ਕੋਠੀ ਈ ਸਮਝ, ਇਹ।”

ਜਦ ਨੂੰ ਮਿਹਰ ਨੇ ਸਿਰ ਚੁੱਕ ਕੇ ਉਪਰ ਵੇਖਿਆ, ਕਿਰਪਾਲ ਸਿੰਘ ਪੌੜੀਆਂ ਚੜ੍ਹ ਕੇ ਚੁਬਾਰੇ ਵਿਚ ਚਲਾ ਗਿਆ ਸੀ। ਮਿਹਰ ਦਾ ਤਣਿਆ ਮੁੱਕਾ ਤਣਿਆ ਹੀ ਰਹਿ ਗਿਆ।

ਨੀਂਹ ਵਾਲੀ ਥਾਂ 'ਤੇ ਉਨ੍ਹਾਂ ਦੀ ਖੁਰਲੀ ਹੁੰਦੀ ਸੀ, ਜਿਸ ਵਿਚ ਕਿਲਿਆਂ ਨਾਲ ਸੱਜਰ ਸੂਈਆਂ ਹਥਣੀਆਂ ਵਰਗੀਆਂ ਦੋ ਮੱਝਾਂ ਬੱਝੀਆਂ ਰਹਿੰਦੀਆਂ। ਉਸ ਨੂੰ ਮਾਂ ਦੀ ਅਵਾਜ਼ ਆਈ, “ਮੇਰੂ, ਵੱਡਾ ਗਲਾਸ ਚੁੱਕ ਲਿਆ। ਕੱਚਾ ਦੁੱਧ ਪੀ ਜਾ ਆ ਕੇ। ਦੁੱਧ-ਘਿਉ ਨਾਲ ਈ ਸਰੀਰ 'ਚ ਜੋਰ ਭਰਦਾ। ਸਰੀਰ ਗੱਠੀਂਦਾ।”

“ਦੁੱਧ ਕਿੱਥੇ ਮਾਂ? ਤੇਰੀ ਨੂੰਹ ਤਾਂ ਸਾਰਾ ਦੁੱਧ ਡੇਰੀ 'ਚ ਪਾ ਕੇ ਘਰ ਤੋਰਦੀ ਆ। ਦੁੱਧ ਮੈਨੂੰ ਤਾਂ ਕੀ, ਤੇਰੇ ਪੋਤੇ ਨੂੰ ਵੀ ਘੁੱਟ ਨੀਂ ਮਿਲਦਾ।” ਉਸ ਨੇ ਸਿਰ ਉਪਰ ਚੁੱਕ ਕੇ ਹਉਕਾ ਭਰਿਆ।

ਮਿਹਰ ਨੇ ਮੁੜ ਮਰੇ ਜਿਹੇ ਹੱਥਾਂ ਨਾਲ ਦੁਰਮਟ ਚੁੱਕਿਆ ਅਤੇ ਰੁਕ ਗਿਆ। “ਮਾਰ ਪੁੱਤ। ਰੁਕ ਨਾ। ਕਿਉਂ ਦਿਲ ਛੋਟਾ ਕਰਦੈਂ।” ਉਸ ਨੂੰ ਨਿਉਂ ਵਿਚ ਪਏ ਬਾਪੂ ਦੀ ਅਵਾਜ਼ ਆਈ।

“ਕੁੱਟ ਨੀਂ ਹੁੰਦੀ ਬਾਪੂ ਤੇਰੀ ਹਿੱਕ। ਵਜਦਾ ਨੀਂ ਦੁਰਮਟ ਤੇਰੀ ਹਿੱਕ 'ਤੇ। ਕੰਧ ਨੀਂ ਚਿਣਾਈ ਜਾਣੀ ਬਾਪੂ, ਤੇਰੇ ਮਿਹਰ ਤੋਂ। ਬਾਪੂ ਤੇਰੀ ਹਿੱਕ 'ਤੇ ਭਰ ਭਰ ਪਾਏ ਨੀਂ ਜਾਣੇ ਬੱਠਲ।” ਉਹ ਇੱਕ ਦਮ ਨਿਉਂ 'ਚੋਂ ਬਾਹਰ ਨਿਕਲ ਕੇ ਵਿਹੜੇ ਵਿਚ ਪਈਆਂ ਪਿੱਲੀਆਂ ਇੱਟਾਂ ਦੀ ਰੋੜੀ ਬਣਾਉਣ ਲੱਗਾ। ਇੰਨੇ ਜ਼ੋਰ ਦੀ ਹਥੌੜੀ ਮਾਰਦਾ, ਇੱਟਾਂ ਦੀਆਂ ਕੰਕਰਾਂ ਦੂਰ ਦੂਰ ਤੱਕ ਵਿਹੜੇ ਵਿਚ ਖਿਲਰ ਜਾਂਦੀਆਂ। ਬਾਹਰ ਕੀ ਹੋ ਰਿਹਾ ਹੈ, ਉਸ ਨੂੰ ਕੁਝ ਵੀ ਦਿਸਦਾ-ਸੁਣਦਾ ਨਹੀਂ ਸੀ। ਸੁਣਦੀਆਂ ਸਨ, ਅੰਦਰ ਦੀਆਂ ਅਵਾਜ਼ਾਂ। ਪੀੜ ਉਸ ਦੇ ਜ਼ਿਹਨ 'ਚ ਖੁੱਭੀਆਂ ਕੰਕਰਾਂ ਦੀ।

ਪਹਿਲੀ ਕੰਕਰ ਜੋ ਜ਼ਿਹਨ 'ਚ ਖੁੱਭੀ ਪਈ ਸੀ, ਉਸ ਦੀ ਪੀੜ ਨਾਲ ਉਹ ਕਰਾਹ ਉਠਿਆ। ਉਸ ਨੇ ਹੱਥ ਵਿਚ ਫੜੀ ਇੱਟ ਕੁੱਟ ਕੁੱਟ ਕੇ ਲਾਲ ਮਿਰਚ ਵਾਂਗ ਪੀਹ ਦਿੱਤੀ।

ਮਿਹਰ ਸੱਤਵੀਂ ਜਮਾਤ 'ਚੋਂ ਪੜ੍ਹਨੋਂ ਹਟ ਗਿਆ। ਅਕਤੂਬਰ ਦਾ ਮਹੀਨਾ ਸੀ ਉਦੋਂ। ਉਹ ਦੋ ਹਫਤੇ ਸਕੂਲ ਨਾ ਗਿਆ। ਪੰਦਰਵੇਂ ਦਿਨ ਉਹ ਡਰਦਾ ਡਰਦਾ ਸਕੂਲ ਗਿਆ। ਮਾਸਟਰ ਸਰਨ ਦਾਸ ਉਸ ਨੂੰ ਸੂਈ ਕੁੱਤੀ ਵਾਂਗ ਟੁੱਟ ਕੇ ਪੈ ਗਿਆ। ਗੈਰ ਹਾਜਰ ਹੋਣ ਦਾ ਕਾਰਨ ਵੀ ਨਾ ਪੁੱਛਿਆ।

“ਇੰਨੇ ਦਿਨ ਬੈਠਾ ਰਿਹਾ ਮਾਂ ਦੀ ਬੁੱਕਲ ਵਿਚ। ਕੁੱਤੀ ਦਾ ਪੁੱਤ। ਸੂਰ ਦਾ ਤੁਖਮ।” ਗੁੱਸੇ ਵਿਚ ਅੱਗ ਬਬੂਲੇ ਹੋਏ ਮਾਸਟਰ ਨੇ ਉਸ ਦੇ ਦੋ ਤਿੰਨ ਘਸੁੰਨ ਤੇ ਚਾਰ ਥੱਪੜ ਛੇਤੀ ਵੀ ਜੜ ਦਿੱਤੇ। ਬਸਤਾ ਕਲਾਸ ਰੂਮ ਤੋਂ ਬਾਹਰ ਸੁੱਟ ਦਿੱਤਾ।

ਉਹ ਰੋਂਦਾ ਰੋਂਦਾ ਸਾਈਕਲ ਸਟੈਂਡ ਵਿਚ ਆ ਗਿਆ। ਉਸ ਨੇ ਜਮੈਟਰੀ ਬਾਕਸ ਵਿਚੋਂ ਦੋ ਟੰਗੀ ਪਰਕਾਰ ਕੱਢੀ। ਥਾਂ ਥਾਂ ਤੋਂ ਸਾਈਕਲ ਦੀਆਂ ਟਿਊਬਾਂ ਪੰਚਰ ਕਰ ਦਿੱਤੀਆਂ। ਉਹ ਸਾਰਾ ਦਿਨ ਇੱਧਰ ਉਧਰ ਘੁੰਮਦਾ ਰਿਹਾ। ਸ਼ਾਮ ਨੂੰ ਉਹ ਮਾਸਟਰ ਦੇ ਰਾਹ ਵਿਚ ਰਾਹ ਨਾਲ ਜਾਂਦੇ ਕੱਸੀ ਦੇ ਖਾਲ ਵਿਚ ਲੁਕ ਕੇ ਬੈਠ ਗਿਆ। ਮਾਸਟਰ ਨੂੰ ਵੇਖ ਕੇ ਛਾਲ ਮਾਰ ਕੇ ਰਾਹ ਵਿਚ ਆ ਗਿਆ। ਰਾਮ ਸਰਨ ਦਾਸ ਦੇ ਪਿੱਛੇ ਬੈਠੇ ਡਰਾਇੰਗ ਮਾਸਟਰ ਚਰਨ ਸਿੰਘ ਨੇ ਉਸ ਦੇ ਹੱਥੋਂ ਸੋਟੀ ਫੜ ਲਈ।

'ਮਾਂ ਦੀ ਗਾਲ੍ਹ ਕਿਉਂ ਕੱਢੀ ਇਨ੍ਹੇ?' ਆਖ ਸਰਨਾ ਕੰਬਣ ਲੱਗ ਪਿਆ।

“ਚੱਲ ਕਰਦੇ ਆਂ ਸਾਰੀ ਗੱਲ ਸਕੂਲ ਜਾ ਕੇ।”

ਮਾਸਟਰ ਚਰਨ ਦੇ ਕਹਿਣ 'ਤੇ ਮਿਹਰ ਸਮੇਤ ਸਾਰੇ ਵਾਪਸ ਸਕੂਲ ਆ ਗਏ। ਸਕੂਲ ਵਿਚ ਪੰਚਾਇਤ ਤੇ ਪਿੰਡ ਦੇ ਸਿਆਣੇ ਲੋਕ ਅਤੇ ਤਮਾਸ਼ਬੀਨ ਇਕੱਠੇ ਹੋ ਗਏ। ਕਈਆਂ ਨੇ ਮਿਹਰ ਨੂੰ ਪੁਲਿਸ ਦੇ ਹਵਾਲੇ ਕਰਨ ਦਾ ਸੁਝਾ ਦਿੱਤਾ। ਸਕੂਲ ਵਿਚ ਅਗਲੀ ਸਵੇਰ ਮੁੜ ਇਕੱਠ ਹੋਇਆ।

“ਮਾਸਟਰ ਜੀ ਮੁਆਫ ਕਰ ਦਿਉ, ਬੱਚਾ।” ਬਾਪੂ ਸਰਮੁੱਖ ਸਿੰਘ ਚਾਰ ਪੰਚਾਂ ਨੂੰ ਆਪਣੇ ਨਾਲ ਲੈ ਗਿਆ। ਪੰਚਾਇਤ ਦੇ ਇਕੱਠ ਵਿਚ ਮੁਆਫੀ ਮੰਗੀ।

“ਮਾਸਟਰ ਦਾ ਵੀ ਕਸੂਰ ਆ। ਉਨ੍ਹੇ ਕਿਉਂ ਕੱਢੀ ਮਾਂ ਦੀ ਗਾਲ੍ਹ? ਅਸਲੀ ਗੱਲ ਤਾਂ ਇਹ ਆ ਮਾਸਟਰ ਇਸ 'ਤੇ ਟੂਸ਼ਨ ਰੱਖਣ ਲਈ ਦਬਾ ਪਾਉਂਦਾ?” ਸਰਪੰਚ ਨੇ ਬੱਚੇ ਦਾ ਪੱਖ ਰੱਖਿਆ।

*(ਬਾਕੀ ਅਗਲੇ ਸਫੇ 'ਤੇ)*

"ਚੱਲੋ ਮਾਸਟਰ ਦਾ ਕਸੂਰ ਵੀ ਹੋਵੇ। ਮਾਸਟਰ ਦਾ ਸਿਰ ਤਾਂ ਨ੍ਹੀਂ ਪਾੜਨਾ! ਸਾਨੂੰ ਦਸਦਾ ਸਾਰੀ ਗੱਲ। ਤੁਸੀਂ ਦੱਸ ਦਿੰਦੇ। ਹੁਣ ਇਸ ਲਈ ਇਸ ਸਕੂਲ ਵਿਚ ਕੋਈ ਥਾਂ ਨ੍ਹੀਂ। ਬਸ ਸਰਟੀਫਿਕੇਟ ਲੈ ਜੋ ਕਟਾ ਕੇ।" ਹੈਡਮਾਸਟਰ ਦਾ ਦੋ ਟੁੱਕ ਫੈਸਲਾ ਸੀ। ਮਿਹਰ ਮੁੜ ਕੇ ਸਕੂਲ ਨ੍ਹੀਂ ਗਿਆ। ਘਰ ਦਿਆਂ ਨੇ ਕਿਸੇ ਹੋਰ ਸਕੂਲ ਵਿਚ ਦਾਖਲ ਕਰਾਉਣਾ ਚਾਹਿਆ, ਪਰ ਉਹ ਨਾ ਮੰਨਿਆ। ਪਿਉ ਦੀ ਝਾੜ-ਝੰਬ, ਕੁੱਟ ਮਾਰ, ਫਿਟਕਾਰ, ਮਾਂ ਦੀ ਘੂਰ, ਲਾਡ-ਪਿਆਰ, ਕੋਈ ਵੀ ਗੱਲ ਕਾਰਗਰ ਸਾਬਤ ਨਾ ਹੋਈ। ਨਾ ਹੀ ਦੋਸਤਾਂ-ਮਿੱਤਰਾਂ ਦਾ ਦੋਸਤੀ ਦਾ ਵਾਸਤਾ।

"ਪਿਉ ਵਰਗਾ ਜ਼ਿੱਦੀ ਆ। ਨਹੀਂ ਜਾਣਾ ਤਾਂ ਨਾ ਜਾਹ। ਇਦ੍ਹੇ ਕਰਮਾਂ 'ਚ ਚਾਰ ਅੱਖਰ ਲਿਖਣ ਲੱਗੀ ਵਿਹੁ ਮਾਤਾ ਪਤਾ ਨ੍ਹੀਂ ਕਿੱਥੇ ਮਰ'ਗੀ?" ਮਾਂ ਰਾਮ ਕੌਰ ਨੇ ਬਾਪੂ ਸੁਰਮੁਖ ਸਿੰਘ ਨੂੰ ਸਮਝਾ ਲਿਆ ਸੀ। ਉਸ ਨੇ ਸੱਤਵੀਂ ਜਮਾਤ ਵਿਚੋਂ ਹਟ ਕੇ ਬਾਪੂ ਸੁਰਮੁਖ ਸਿੰਘ ਨਾਲ ਖੇਤੀ ਦੇ ਕੰਮ ਵਿਚ ਪੈ ਕੇ ਚੰਗਾ ਕੰਮ ਰੋੜ ਲਿਆ।

ਉਨ੍ਹਾਂ ਮਾਰੂ ਜ਼ਮੀਨ ਵਿਚ ਬੋਰ ਕਰਕੇ ਪਾਣੀ ਲਾਉਣ ਲਈ ਇੰਜਣ ਧਰ ਦਿੱਤਾ ਸੀ। ਜ਼ਮੀਨ ਸੇਂਜੂ ਹੋ ਗਈ। ਨਵੇਂ ਬੀਜ ਤੇ ਰਸਾਇਣਕ ਖਾਦਾਂ ਦੀ ਵਰਤੋਂ ਹੋਣ ਲੱਗ ਪਈ। ਫਸਲਾਂ ਦੇ ਸਰਕਾਰੀ ਭਾਅ ਬੱਝ ਗਏ। ਉਹ ਦੋ ਸਾਲ ਵਿਚ ਹੀ ਪੈਰਾਂ ਸਿਰ ਹੋ ਗਏ। ਜਿਸ ਦਿਨ ਉਹ ਡੀ. ਟੀ. 14 ਹਾਰਸ ਪਾਵਰ ਦਾ ਟਰੈਕਟਰ ਬੈਂਕ ਤੋਂ ਕਰਜਾ ਲੈ ਕੇ ਘਰੇ ਲਿਆਏ, ਬੇਬੇ ਰਾਮ ਕੌਰ ਬੂਹੇ ਅੱਗੇ ਤੇਲ ਚੋਅ ਕੇ ਚੁੰਨੀ ਨਾਲ ਲਾਈਟਾਂ ਪੂੰਝਣ ਲੱਗ ਪਈ। ਇਹ ਵੇਖ ਕੇ ਬਾਪੂ ਨੇ ਕਿਹਾ ਸੀ, "ਰਾਮ ਕੁਰੇ, ਇਉਂ ਮੂੰਹ ਪੂੰਝੀ ਜਾਨੀ ਆ ਜਿਵੇਂ ਨਵਾਂ ਪੁੱਤ ਆਇਆ ਹੁੰਦਾ।"

"ਹੋਰ ਕਿਤੇ ਨਹੀਂ। ਦੋ ਪੁੱਤ ਹੋ'ਗੇ ਤੇਰੇ ਕਮਾਈ ਕਰਨ ਨੂੰ।"

ਸੀ ਵੀ ਸੱਚੀ ਗੱਲ। ਦੋ ਸਾਲ ਵਿਚ ਉਨ੍ਹਾਂ ਟਰੈਕਟਰ ਦੀਆਂ ਕਿਸ਼ਤਾਂ ਮੋੜ ਕੇ ਸਾਰਾ ਸੰਦ ਸੱਪਾ ਬਣਾ ਲਿਆ। ਉਹ ਵੱਧ ਜਮੀਨ ਠੇਕੇ 'ਤੇ ਲੈ ਲੈਂਦੇ। ਮਿਹਰ ਜਮੀਨ ਕਿਰਾਏ 'ਤੇ ਵਾਹ ਆਉਂਦਾ। ਕਿਰਾਏ 'ਤੇ ਲੋਕਾਂ ਦੀ ਫਸਲ ਮੰਡੀ ਵਿਚ ਢੋ ਦਿੰਦਾ, ਪਰ ਇਸ ਤੋਂ ਪਿੱਛੋਂ ਪੈ ਗਿਆ ਬੈਕ ਗੇਅਰ।

ਸਰੀਕਾਂ ਦੀ ਰੀਸ, ਆੜ੍ਹਤੀਏ ਦੀ ਹੱਲਾਸ਼ੇਰੀ ਅਤੇ ਏਜੰਸੀ ਦੇ ਸੇਲਜ਼ਮੈਨ ਦੇ ਝਾਂਸੇ ਵਿਚ ਆ ਕੇ ਉਨ੍ਹਾਂ ਪੰਜਾਹ ਹਾਰਸ ਪਾਵਰ ਦਾ ਟਰੈਕਟਰ ਕੀ ਲਿਆਂਦਾ, ਬੱਸ ਮੱਝ ਵੇਚ ਕੇ ਘੋੜੀ ਖਰੀਦ ਕੇ ਕਰਜਾ ਚੜ੍ਹਾ ਲਿਆ। ਘੋੜੀ ਕਿੱਲੇ 'ਤੇ ਬੰਨੀ ਚੱਬੀ ਗਈ ਫਸਲ ਤੇ ਲਿੱਦ ਕਰ ਕੇ ਲਾਈ ਗਈ ਕਰਜੇ ਦੇ ਢੇਰ।

ਖੇਤੀ 'ਤੇ ਆਉਣ ਵਾਲੇ ਖਰਚੇ ਚਾਰ ਰੁਪਈਏ ਵਧਦੇ, ਭਾਅ ਇੱਕ ਰੁਪਈਆ ਵਧਦਾ। ਹਰ ਚੀਜ ਮਹਿੰਗੀ। ਖੇਤੀ ਘਾਟੇ ਵਿਚ ਜਾਣ ਲੱਗੀ। ਹਰ ਛੇ ਮਹੀਨੇ ਪਿੱਛੋਂ ਢਾਈ ਰੁਪਈਏ ਸੈਂਕੜਾ ਮਹੀਨੇ ਦਾ ਵਿਆਜ ਅਤੇ ਫਸਲ ਵਿਚ ਪਿਆ ਘਾਟਾ ਜੋੜ ਕੇ ਨਵਾਂ ਪਰਨੋਟ ਲਿਖਿਆ ਜਾਂਦਾ। ਕਰਜਾ ਲਾਹੁਣ ਲਈ ਜਿੰਨੀ ਵੱਧ ਜਮੀਨ ਉਹ ਠੇਕੇ 'ਤੇ ਲੈਂਦੇ, ਉਨਾ ਵੱਧ ਘਾਟਾ ਪੈਂਦਾ। ਫਸਲ ਵਿਚ ਘਾਟੇ ਦੇ ਨਾਲ ਜਮੀਨ ਦਾ ਠੇਕਾ ਸਿਰ ਟੁੱਟਣ ਲੱਗਾ।

ਇੱਕ ਸਾਲ ਸੌਣੀ ਦੀ ਫਸਲ ਹੜ੍ਹਾਂ ਨਾਲ ਹੜ੍ਹ ਗਈ ਤੇ ਹਾੜੀ ਦੀ ਫਸਲ 'ਤੇ ਗੜੇ ਪੈ ਗਏ। ਸੁਰਮੁਖ ਸਿੰਘ ਦੀ ਤਕਦੀਰ 'ਤੇ ਅਜਿਹੀ ਗੜ੍ਹੇਮਾਰ ਹੋਈ, ਜਿਸ ਦਾ ਝੰਬਿਆ ਉਹ ਮੁੜ ਕੇ ਨਾ ਉਠਿਆ।

"ਸੁਰਮੁਖ ਸਿਆਂ ਤੇਰੇ 'ਕੱਲੇ ਦਾ ਇਹੀ ਹਾਲ ਨ੍ਹੀਂ, ਸਾਰੇ ਲੋਕਾਂ ਦਾ ਈ ਆ। ਜੱਟ ਰੱਬ ਦਾ ਝੰਬਿਆ ਨ੍ਹੀਂ ਲੋਟ ਆਉਂਦਾ। ਬਥੇਰੇ, ਕੁੱਤੇ-ਬਿੱਲੇ ਨੇ ਜਿਉਂਦੇ ਦਾ ਮਾਸ ਵੱਢ ਕੇ ਚੂੰਡਣ ਨੂੰ।" ਸੱਜਣ ਸਿੰਘ ਪਰਨੋਟ 'ਤੇ ਗਵਾਹੀ ਪਾਉਂਦਾ ਬੋਲਿਆ ਸੀ।

ਪਹਿਲੀ ਵਾਰ ਜਦੋਂ ਬਾਪੂ ਨੇ ਪਰਨੋਟ 'ਤੇ ਅੰਗੂਠਾ ਲਾਇਆ, ਉਸ ਨੂੰ ਲੱਗਾ ਜਿਵੇਂ ਸਿਆਹੀ ਪਰਨੋਟ ਤੋਂ ਉਠ ਕੇ ਉਸ ਦੇ ਮੱਥੇ 'ਤੇ ਆ ਚਿਪਕੀ ਹੋਵੇ। ਫਿਰ ਬਾਪੂ ਦੀ ਪਰਨੋਟ 'ਤੇ ਅੰਗੂਠਾ ਲਾਉਣ ਦੀ ਝਿਜਕ ਚੁੱਕੀ ਗਈ। ਸਾਰੀ ਜਮੀਨ ਆੜ੍ਹਤੀਏ ਕੋਲ ਪਰਨੋਟ 'ਤੇ ਗਹਿਣੇ ਹੋ ਗਈ। ਬਾਹਰ ਪਤਾ ਨਾ ਲੱਗੇ, ਬਾਪੂ ਠੇਕੇ 'ਤੇ ਵਾਹੁੰਦਾ ਰਿਹਾ; ਪਰ ਕਿੰਨਾ ਚਿਰ ਦਾਈ ਤੋਂ ਪੇਟ ਲੁਕ ਸਕਦਾ ਸੀ?

ਅਸ਼ਟਾਮ 'ਤੇ ਚੜ੍ਹ ਕੇ ਸਾਰੀ ਜਮੀਨ ਦੀ ਗਹਿਣੇ ਦੀ ਰਜਿਸਟਰੀ ਹੋ ਗਈ। ਅਸਮਾਨ 'ਚੋਂ ਡਿੱਗ ਕੇ ਖਜੂਰ 'ਤੇ ਲਟਕਦੇ ਬਾਪੂ ਨੂੰ ਅਜੇ ਵੀ ਧਰਤੀ 'ਤੇ ਪੈਰ ਟਿਕਣ ਦੀ ਆਸ ਸੀ।

ਮਿਹਰ ਦਾ ਵਿਆਹ ਵੀ ਕਰਨਾ ਸੀ ਤੇ ਕੁੜੀ ਬੀਬੋ ਦਾ ਵਿਆਹ ਵੀ ਸਹੁਰਿਆਂ ਦੀ ਮੰਗ 'ਤੇ ਕਰਨਾ ਪਿਆ। ਕਰਜੇ ਦੇ ਵੱਡੇ ਵਗਦੇ ਦਰਿਆ ਵਿਚ ਦੋ ਵੱਡੇ ਨਾਲੇ ਹੋਰ ਆ ਪਏ। ਕਰਜੇ ਦੇ ਦਰਿਆ ਦੇ ਵਹਿਣ ਨੂੰ ਠੱਲ ਪਾਉਣ ਲਈ ਜਮੀਨ ਬੈਅ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਬੇਬੇ ਰਾਮ ਕੌਰ ਤਾਂ ਇਸ ਨਿਘਰਦੀ ਹਾਲਤ ਦੇ ਸਦਮੇ ਕਾਰਨ ਸਮੇ ਤੋਂ ਪਹਿਲਾਂ ਹੀ ਸਦੀਵੀ ਵਿਛੋੜਾ ਦੇ ਗਈ।

ਹਰ ਸਾਲ ਦੋ ਕਿੱਲੇ ਬੈਅ ਹੋ ਜਾਂਦੇ। ਸਾਰੀ ਜਮੀਨ ਬੈਅ ਹੋਣ ਨੂੰ ਤਿੰਨ ਸਾਲ ਵੀ ਨਾ ਲੱਗੇ। ਜਮੀਨ ਵਿਕ ਗਈ ਤੇ ਨਾਲ ਹੀ ਵਿਕ ਗਈ ਬਾਪੂ ਦੀ ਸਰਦਾਰੀ, ਇੱਜਤ, ਰੁਤਬਾ, ਹਉਮੈ, ਅਣਖ, ਗੈਰਤ-ਸਭ ਕੁਝ।

ਕਰਜਾ ਅਜੇ ਵੀ ਬਾਕੀ ਸੀ। ਸਰਕਾਰੀ ਕਰਜਾ ਉਗਰਾਹੁਣ ਵਾਲੀ ਪੁਲਿਸ ਦੀਆਂ ਹੱਥਕੜੀਆਂ ਤੋਂ ਲੁਕਦਾ ਫਿਰਦਾ ਬਾਪੂ ਇਕ ਦਿਨ ਹੱਥ ਆ ਗਿਆ। ਉਹ ਤਿੰਨ ਦਿਨ ਜੇਲ੍ਹ ਵਿਚ ਰਿਹਾ। ਇਹ ਘਰ ਮਾਸਟਰ ਕੁਲਵੰਤ ਨੂੰ ਗਹਿਣੇ ਧਰ ਕੇ ਬਾਪੂ ਨੂੰ ਛਡਾ ਕੇ ਲਿਆਏ ਸਨ।

ਚਾਰ ਸਾਲ ਪਹਿਲਾਂ ਇਸੇ ਮਹੀਨੇ, ਇਸੇ ਦਿਨ ਇਸੇ ਘਰ ਦੀ ਕੁਰਕੀ ਦੇ ਨੋਟਿਸ ਆ ਗਏ ਸਨ। ਇਹ ਘਰ ਕੁਲਵੰਤ ਸਿੰਘ ਨੇ ਆਪਣੇ ਨਾਂ ਕੁਰਕ ਕਰਾ ਲਿਆ। ਉਸ ਨੇ ਕਿਹਾ, ਮੇਰੇ ਪੈਸੇ ਦੇ ਦਿਉ, ਘਰ ਵਾਪਸ ਲੈ ਲਉ। ਪਰ ਪੈਸੇ ਹੁੰਦੇ ਕੁਰਕੀ ਕਿਉਂ ਹੁੰਦੀ? ਹਥਿਆ ਲਿਆ ਸੀ ਉਸ ਨੇ ਘਰ। ਬਾਪੂ ਇਹ ਝੱਲ ਨਾ ਸਕਿਆ।

ਮਿੱਟੀ ਸਰਕਾਰੇ ਦਰਬਾਰੇ ਰੁਲਣ ਨ੍ਹੀਂ ਦੇਣੀ। ਸ਼ਾਇਦ ਇਹ ਕੁਲਵੰਤ ਸਿੰਘ ਦੀ ਕੁਟਲ-ਨੀਤੀ ਸੀ। ਪੋਸਟ ਮਾਰਟਮ ਤੋਂ ਬਿਨਾ ਹੀ ਸਸਕਾਰ ਕਰ ਦਿੱਤਾ। ਯੂਨੀਅਨਾਂ ਨੇ ਭੋਗ 'ਤੇ ਹੰਝੂ ਤਾਂ ਬਥੇਰੇ ਵਹਾਏ, ਪਰ ਨੌਂ ਪੂਰਬੀਏ ਬਾਰਾਂ ਚੁੱਲ੍ਹਿਆਂ ਦਾ ਸਰਕਾਰ 'ਤੇ ਕੀ ਅਸਰ ਪੈ ਸਕਦਾ ਸੀ? ਵੈਸੇ ਵੀ ਖੁਦਕਸ਼ੀ ਸਾਬਤ ਕਰਨ ਲਈ ਫਾਈਲ ਦਾ ਪੇਟ ਭਰਨਾ ਵੀ ਪੈਣਾ ਸੀ। ਆਖਰ ਮਿਹਰ ਤਿੰਨ ਮਰਲੇ ਦੇ ਰੂੜੀ ਵਾਲੇ ਪਲਾਟ ਵਿਚ ਰੜੇ ਮੈਦਾਨ ਇੱਕ ਕਮਰਾ ਤੇ ਇਕ ਛਤੜਾ ਪਾ ਕੇ ਆ ਬੈਠਾ।

ਕੋਠੀ ਦੇ ਪਿਛਵਾੜੇ ਵਿਹੜੇ ਵਿਚੋਂ ਚਿੱਟਾ ਦੁਰਗੰਧ ਭਰਿਆ ਧੂੰਆਂ ਉਠਿਆ। ਸ਼ਾਇਦ ਇਹ ਲੱਕੜ ਦੇ ਟੁਕੜੇ ਤੇ ਰਬੜ ਦੇ ਪੱਚਰ ਸੜ ਰਹੇ ਸਨ। ਛੇਤੀ ਹੀ ਸੱਪ ਦੀ ਜੀਭ ਵਾਂਗ ਲਾਟਾਂ ਨਿਕਲਣ ਲੱਗੀਆਂ। ਮਚਦੀ ਅੱਗ ਦੀ ਤੜ-ਤੜ ਵਿਚ ਉਸ ਨੂੰ ਬੇਬੇ ਦਿਸੀ-ਚੁੱਪ ਚਾਪ, ਜਿਵੇਂ ਜੀਭ ਠਾਕੀ ਗਈ ਹੋਵੇ।

ਉਹ ਇੱਟਾਂ ਕੁੱਟਦਾ ਇਕ ਦਮ ਖੜ੍ਹਾ ਹੋ ਗਿਆ। ਉਸ ਨੇ ਆਪਣੀਆਂ ਅੱਖਾਂ ਅੱਗਿਉਂ ਮੁੜਕਾ ਛੰਡਿਆ। ਲੈਂਟਰ ਲਈ ਸਰੀਆ ਕੱਟਦੇ ਮਿਸਤਰੀ ਕੋਲ ਆ ਗਿਆ। ਰੈਂਚ ਵਿਚ ਸਰੀਆ ਫਸਾ ਕੇ ਸਿੱਧਾ ਕਰਨ ਲੱਗਾ। ਉਸ ਤੋਂ ਸਰੀਆ ਸਿੱਧਾ ਨਹੀਂ ਸੀ ਹੋ ਰਿਹਾ।

"ਅੱਗ ਵਿਚ ਪਾਏ ਬਿਨਾ ਸਰੀਆ ਸਿੱਧਾ ਨ੍ਹੀਂ ਹੁੰਦਾ। ਕੁੱਟੇ ਬਿਨਾ ਡੰਗ ਨ੍ਹੀਂ ਨਿਕਲਦਾ।" ਕੰਧ ਦੀ ਨਿਉਂ 'ਚ ਦੱਬਿਆ ਬਾਪੂ ਬੋਲਿਆ।

"ਡਰਪੋਕ! ਤੂੰ ਕਿਉਂ ਨਾ ਕੀਤਾ ਸਰੀਆ ਗਰਮ। ਕਿਉਂ ਨਾ ਡੰਗ ਕੱਢਿਆ? ਕਿਉਂ ਨਾ ਦੱਸਿਆ ਸਾਨੂੰ ਡੰਗ ਕੱਢਣਾ, ਛੱਡ ਗਿਆ ਸਾਨੂੰ।" ਉਸ ਨੇ ਉਥੋਂ ਭੱਜ ਜਾਣਾ ਚਾਹਿਆ। ਆਪਣੇ ਘਰ ਦੇ ਮਲਬੇ ਤੋਂ ਦੂਰ। ਸਭ ਤੋਂ ਦੂਰ। ਉਸ ਲਈ ਖੜ੍ਹਨਾ ਮੁਹਾਲ ਹੋ ਗਿਆ।

"ਹੱਡ ਭੰਨਣੀ ਜੀ ਹੋਈ ਲਗਦੀ ਆ। ਦੁਆਈ ਲੈ ਕੇ ਆ ਜਾਨਾਂ।" ਕਹਿ ਕੇ ਉਹ ਚਲਿਆ ਗਿਆ। ਜਾਣ ਸਾਰ ਮੰਜੀ 'ਤੇ ਪੈ ਗਿਆ। ਚੰਦ ਕੁਰ ਪਾਣੀ ਦਾ ਗਲਾਸ ਭਰ ਕੇ ਲਿਆਈ। ਉਸ ਦੀਆਂ ਗੇਰੂ ਰੰਗੀਆਂ ਹੋਈਆਂ ਅੱਖਾਂ ਦੀ ਖੌਫਨਾਕ ਤੱਕਣੀ ਵੇਖ ਕੇ ਘਬਰਾ ਗਈ।

ਦੁਪਹਿਰ ਪਿੱਛੋਂ ਮਿਹਰ ਕੰਮ 'ਤੇ ਨਾ ਆਇਆ, ਪਰ ਮਿਹਰ ਦਾ ਮੁੰਡਾ ਦੁੱਧ ਵਾਲਾ ਖਾਲੀ ਡੋਲੂ ਲੈਣ ਆ ਗਿਆ।

ਮਿਸਤਰੀ ਨੇ ਸੌ ਸੌ ਦੇ ਵੀਹ ਨੋਟ ਮੁੰਡੇ ਦੀ ਜੇਬ 'ਚ ਪਾ ਕੇ ਉਸ ਨੂੰ ਕਿਹਾ, "ਆਹ ਪੈਸੇ ਆਪਣੇ ਪਿਉ ਨੂੰ ਫੜਾ ਕੇ ਆ। ਉਸ ਨੂੰ ਦੱਸਦੀਂ ਤੇਰਾ ਦੋਸਤ ਆਇਆ ਸੀ, ਮੇਜਰ ਸਿੰਘ ਕਨੇਡਾ ਤੋਂ। ਇਹ ਪੈਸੇ ਤੇਰੀ ਮਦਦ ਲਈ ਉਹ ਦੇ ਕੇ ਗਿਆ।"

ਵੀਹ ਮਿੰਟ ਬਾਅਦ ਮੁੰਡਾ ਉਸੇ ਤਰ੍ਹਾਂ ਈ ਵਾਪਸ ਆ ਗਿਆ। ਉਸ ਨੇ ਵੀਹ ਦੇ ਵੀਹ ਨੋਟ ਵਾਪਸ ਲਿਆ ਕੇ ਮਿਸਤਰੀ ਨੂੰ ਫੜ੍ਹਾ ਦਿੱਤੇ।

"ਓ ਕਿਹੜੀ ਬਿੱਲੀ ਨੇ ਰਾਹ ਕੱਟ'ਤਾ। ਬਾਰ 'ਤੇ ਆਈ ਲੱਛਮੀ ਨੂੰ ਧੱਕੇ ਮਾਰਦਾ। ਹਾਂ ਦਸ ਗੱਲ ਕੀ ਹੋਈ? ਕੀ ਕਹਿੰਦੈ ਤੇਰਾ ਪਿਉ?" ਮਿਸਤਰੀ ਬੋਲਿਆ।

ਬਾਪੂ ਕਹਿੰਦਾ ਸੀ, "ਸਾਨੂੰ ਨ੍ਹੀਂ ਲੋੜ ਕਿਸੇ ਦੇ ਨੋਟਾਂ ਦੀ। ਵੱਡਾ ਪੈਸੇ ਵਾਲਾ ਹੋਊ ਤਾਂ ਆਪਣੇ ਘਰੇ ਰਹੇ। ਪੈਸਿਆਂ ਨਾਲ ਆਫਰਿਆ, ਐਥੇ ਵੰਡ ਦੇ। ਹੈਗੇ ਆ ਏਨ੍ਹਾਂ 'ਚ ਵਾਲੇ। ਲੈ ਲੈਣਗੇ ਹੱਸ ਕੇ।"

"ਵਾਹ ਉਇ ਰਾਠਾ! ਰੱਸੀ ਤਾਂ ਸੜ'ਗੀ ਪਰ ਵੱਟ ਨ੍ਹੀਂ ਗਿਆ।" ਮਿਸਤਰੀ ਨੇ ਉਦਾਸ ਹੁੰਦਿਆਂ ਕਿਹਾ।

"ਸਾਥੀਆ, ਜੇ ਮੇਜਰ ਨੇ ਮਦਦ ਕਰਨੀ ਸੀ ਤਾਂ ਜਾਂਦਾ ਸਿੱਧਾ ਉਦ੍ਹੇ ਘਰੇ। ਅਫਸੋਸ ਕਰ ਜਾਂਦਾ ਉਦੇ ਪਿਉ ਦਾ। ਘਰੇ ਜਾ ਕੇ ਦੇ ਆਉਂਦਾ। ਲੈ ਲੈਣੇ ਸੀ ਉਨ੍ਹੇ। ਉਨ੍ਹੇ ਤਾਂ ਸੋਚਿਆ ਨ੍ਹੀਂ, ਤੂੰ ਈ ਸੋਚ ਲੈਂਦਾ। ਸਾਡੇ ਸਾਹਮਣੇ ਨਾ ਦਿੰਦਾ ਮੁੰਡੇ ਨੂੰ।" ਸਾਥੀ ਭੂਰੇ ਨੇ ਉਦਾਸ ਹੁੰਦਿਆਂ ਕਿਹਾ।

"ਭੁੱਖਾ ਮਰਦਾ। ਘਰੇ ਖਾਣ ਨੂੰ ਦਾਣੇ ਨ੍ਹੀਂ। ਜੁਆਕਾਂ ਦੇ ਪੈਰਾਂ 'ਚ ਜੁੱਤੀ ਨ੍ਹੀਂ। ਘਰ ਦੀਆਂ ਕੰਧਾਂ ਖੁਰੀਆਂ ਪਈਆਂ। ਬਾਰ ਦੇ ਤਖਤੇ ਟੁੱਟੇ ਪਏ ਆ। ਵਿਹੜੇ 'ਚ ਕੁੱਤੇ ਮੂਤਦੇ ਆ। ਘਰ ਤਾਂ ਰੱਖਿਆ ਨ੍ਹੀਂ ਗਿਆ ਮਲੰਗਾਂ ਤੋਂ?" ਸੁਰਜੂ ਅਬਾ-ਤਬਾ ਬੋਲੀ ਜਾ ਰਿਹਾ ਸੀ।

"ਸੁਰਜੂ ਚਮਚਾ। ਜੂਠੀ ਪਲੇਟ ਚੱਟ। ਸੈਦਾ ਖੱਸੀ। ਸਾਥੀ ਤੂੰ ਕੜਾਹ ਕਰਦਾ ਗੱਲਾਂ ਦਾ ਕੜਾਹ ਕਰਨ ਜੋਗਾ ਈ ਬਣਿਆ ਕਾਲਜ ਜਾ ਕੇ। ਡੱਕਾ ਕਰਨ ਜੋਗਾ ਨ੍ਹੀਂ। ਰਾਠ ਬੀ ਬਸ ਕਚੀਚੀ ਵੱਟਣ ਜੋਗਾ। ਕਰੇ ਕਣ। ਚੁੱਕੇ ਫਣ। ਵੱਢ ਦਿਆਂ ਗਾਟਾ। ਫੌਜੀਆਂ 'ਤੇ ਤੁਰੇ ਮੇਰਾ ਸਾਲਾ।" ਗਿੰਦਰ ਨੇ ਗੁੱਸੇ ਦਾ ਇਜ਼ਹਾਰ ਕੀਤਾ।

ਮਿਹਰ ਕੰਮ 'ਤੇ ਨਾ ਆਇਆ। ਮੁੰਡਾ ਮਿਸਤਰੀ ਨੂੰ ਦੱਸ ਗਿਆ, ਹੋਰ ਬੰਦਾ ਰੱਖ ਲਏ। ਬਾਪੂ ਨੇ ਦਿਹਾੜੀ 'ਤੇ ਕੰਮ ਨ੍ਹੀਂ ਕਰਨਾ ਤੇਰੇ ਨਾਲ।

ਪੰਡਿਤ ਸਰੂਪ ਰਾਮ ਵੈਦ ਦੀ ਮੌਤ ਪਿਛੋਂ ਪਰਿਵਾਰ ਦਾ ਕੋਈ ਕਮਾਊ ਮੈਂਬਰ ਨਾ ਰਿਹਾ। ਤਾਪ-ਖੰਘ ਦੀਆਂ ਪੁੜੀਆਂ ਵੇਚਣ ਤੇ ਜਜਮਾਨੀ-ਪੁਰੋਹਿਤੀ ਤੋਂ ਹੋਣ ਵਾਲੀ ਸਾਰੀ ਆਮਦਨ ਬੰਦ ਹੋ ਗਈ। ਜਿਹੜੇ ਦੋ-ਚਾਰ ਕਿੱਲੇ ਪਿਤਾ-ਪੁਰਖੀ ਮਿਲੇ ਸਨ, ਉਹ ਦੋਵੇਂ ਕੁੜੀਆਂ ਦੇ ਵਿਆਹ ਵਿਚ ਬੈਅ ਹੋ ਗਏ। ਮੁੰਡਾ ਜਗਦੀਸ਼ ਰਾਮ ਨੌਵੀਂ ਜਮਾਤ 'ਚੋਂ ਹਟ ਕੇ ਸ਼ਹਿਰ ਮਥਰਾ ਦਾਸ ਅਰੋੜੇ ਦੇ ਕਲਾਥ ਹਾਊਸ 'ਤੇ ਥਾਨ ਇਕੱਠੇ ਕਰਦਾ ਹੌਲੀ ਹੌਲੀ ਸੇਲਜ਼ਮੈਨ ਬਣ ਗਿਆ। ਉਹ ਸਾਰਾ ਦਿਨ ਉਥੇ ਕੰਮ ਕਰਕੇ ਰਾਤ ਨੂੰ ਸਾਈਕਲ 'ਤੇ ਪਿੰਡ ਆ ਜਾਂਦਾ।

"ਅਰੋੜੇ ਦੇ ਘਰੇ ਡੰਗਰ ਪਸ਼ੂ ਵਿਤੇ ਨਿੱਕਾ ਮੋਟਾ ਕੰਮ ਕਰਨ ਲਈ ਬੰਦੇ ਦੀ ਲੋੜ ਆ। ਉਹ ਮੈਨੂੰ ਕਹਿੰਦੇ ਨੇ, ਕੋਈ ਆਪਦਾ ਜਾਣੂ ਬੰਦਾ ਲਿਆ ਕੰਮ ਵਾਸਤੇ। ਤੂੰ ਚਲਿਆ ਚੱਲ ਉਥੇ। ਸਹਿਰ 'ਚ ਕੀਹਨੂੰ ਪਤਾ ਕੌਣ ਐ ਤੇ ਕੀ ਕੰਮ ਕਰਦਾ? ਘਰੋਂ ਸਿੱਧਾ ਉਸ ਦੇ ਘਰ ਤੇ ਉਥੋਂ ਸ਼ਾਮ ਨੂੰ ਆਪਣੇ ਘਰ। ਇਰਾਦਾ ਕੋਈ ਮਾੜਾ ਨ੍ਹੀਂ, ਮੈਂ ਵੀ ਤਾਂ ਕਰਦਾ ਈ ਆਂ ਉਥੇ ਕੰਮ।"

"ਤੇਰੀ ਗੱਲ ਹੋਰ ਐ। ਤੈਨੂੰ ਕੀ ਫਰਕ ਪੈਂਦਾ ਬਾਣੀਆਂ ਬਕਾਲਾਂ 'ਚ ਕੰਮ ਕਰਨ ਨਾਲ?" ਜਗਦੀਸ਼ ਇਹ ਸੁਣ ਕੇ ਚੁੱਪ ਕਰ ਜਾਂਦਾ।

ਅੱਜ ਜਗਦੀਸ਼ ਨੇ ਉਸ ਦੇ ਘਰ ਜਾ ਕੇ ਆਪਣਾ ਇਰਾਦਾ ਦੱਸ ਦਿੱਤਾ।

ਮਿਹਰ ਨੇ ਆਪਣੀ ਪਤਨੀ ਚੰਦ ਕੌਰ ਕੋਲ ਝੂਠ ਬੋਲਿਆ ਕਿ ਉਸ ਨੇ ਦੁਨਾਲੀ ਬੰਦੂਕ ਲੈ ਕੇ ਦੁਕਾਨ 'ਤੇ ਬੈਠ ਕੇ ਰਾਖੀ ਈ ਕਰਨੀ ਐ। ਬੱਸ ਬੈਂਕ ਵਿਚ ਕੈਸ਼ ਜਮਾ ਕਰਵਾਉਣ ਸਮੇਂ ਸੇਠ ਨਾਲ ਕਾਰ 'ਤੇ ਬਹਿ ਕੇ ਚਲੇ ਜਾਣਾ ਹੈ, ਨਹੀਂ ਤਾਂ ਟੌਰ੍ਹ ਨਾਲ ਗੰਨ ਫੜ੍ਹ ਕੇ ਬੈਠੇ ਹੀ ਰਹਿਣਾ ਹੈ।

ਚੰਦ ਕੁਰ ਭਰੇ ਮਨ ਨਾਲ ਮਿਹਰ ਦੇ ਸ਼ਹਿਰ ਜਾ ਕੇ ਕੰਮ ਕਰਨ ਲਈ ਰਜ਼ਾਮੰਦ ਤਾਂ ਹੋ ਗਈ, ਪਰ ਉਹ ਸਮਝਦੀ ਤਾਂ ਸੀ ਸਾਰੀ ਗੱਲ ਕਿ 'ਬੰਦੂਕ ਚਲਾਉਣਾ ਇੱਕ ਪਾਸੇ, ਇਸ ਨੇ ਬੰਦੂਕ ਫੜ੍ਹ ਕੇ ਵੀ ਨ੍ਹੀਂ ਵੇਖੀ।' ਪੁਰਾਣੇ ਦਿਨਾਂ ਨੂੰ ਯਾਦ ਕਰ ਕੇ ਉਸ ਦਾ ਚਿਹਰਾ ਇਕਦਮ ਉਤਰ ਗਿਆ।

ਜਗਦੀਸ਼ ਨੇ ਉਸ ਦੇ ਸਾਈਕਲ ਦਾ ਫਟਿਆ ਟਾਇਰ ਗੰਢਾ ਦਿੱਤਾ। ਉਸ ਲਈ ਰਬੜ ਦੀ ਗੁਰਗਾਬੀ ਖਰੀਦ ਲਿਆਇਆ। ਅਗਲੇ ਦਿਨ ਉਸ ਨਾਲ ਕੰਮ 'ਤੇ ਚਲਾ ਗਿਆ।

ਪੰਡਿਤ ਜਗਦੀਸ਼ ਮਿਹਰ ਨੂੰ ਬਜਾਜ ਮਥਰਾ ਦਾਸ ਅਰੋੜੇ ਦੇ ਘਰ ਛੱਡ ਆਇਆ। ਘਰ ਦੀ ਮਾਲਕਣ ਘਰੇ ਨਹੀਂ ਸੀ। ਬਹਾਦਰ (ਗੋਰਖਾ ਨੌਕਰ) ਨੇ ਜੋ ਕੰਮ ਕਰਨਾ ਸੀ, ਉਹ ਸਮਝਾ ਦਿੱਤਾ। ਹਰੇ ਪੱਠਿਆਂ ਦੀ ਟਾਲ ਭਾਵੇਂ ਘਰ ਤੋਂ ਦੋ ਫਰਲਾਂਗ ਸੀ, ਪਰ ਰਾਹ ਦਾਣਾ ਮੰਡੀ ਵਿਚ ਦੀ ਜਾਂਦਾ ਸੀ, ਜਿੱਥੇ ਕਈ ਵਾਰ ਉਹ ਪਿਆਰਾ ਲਾਲ ਆੜਤੀਏ ਦੇ ਫੜ 'ਚ ਕਣਕ ਦੀਆਂ ਟਰਾਲੀਆਂ ਢੇਰੀ ਕਰਕੇ ਗਿਆ ਸੀ, ਪਰ ਉਸ ਨੂੰ ਤਾਂ ਕਿੰਨੇ ਈ ਸਾਲ ਬੀਤ ਗਏ ਸਨ। ਅੱਜ ਐਤਵਾਰ ਸੀ, ਹਾੜੀ ਦਾ ਸੀਜਨ ਲੰਘ ਗਿਆ ਸੀ, ਮੰਡੀ ਵਿਚ ਸੁੰਨਸਾਨ ਸੀ। ਇਸ ਗੱਲ ਨਾਲ ਉਸ ਦਾ ਤੇਜੀ ਨਾਲ ਧੱਕ ਧੱਕ ਕਰਦਾ ਦਿਲ ਟਿਕਾਣੇ ਆਇਆ। ਬਹਾਦਰ ਉਸ ਨੂੰ ਹਰੇ ਪੱਠਿਆਂ ਦੀ ਟਾਲ 'ਤੇ ਛੱਡ ਆਇਆ। ਉਸ ਨੇ ਹਰੇ ਚਾਰੇ ਦੀ ਭਰੀ ਲਈ। ਸਾਈਕਲ ਦੇ ਕੈਰੀਅਰ 'ਤੇ ਰੱਖੀ ਅਤੇ ਪੱਗ ਨਾਲ ਮੂੰਹ ਢਕ ਲਿਆ।

'ਚਲ ਬਈ ਘੁੱਦੂ, ਲੱਦ ਗਧੀ 'ਤੇ ਪੱਠੇ।' ਸਾਈਕਲ ਦੇ ਕੈਰੀਅਰ 'ਤੇ ਹੱਥ ਫੇਰ ਕੇ ਉਹ ਖੁੱਲ੍ਹ ਕੇ ਹੱਸਿਆ। ਸਾਈਕਲ 'ਤੇ ਸਵਾਰ ਹੋ ਕੇ ਘਰ ਨੂੰ ਚੱਲ ਪਿਆ। 'ਆਖਰ ਕਿੰਨਾ ਕੁ ਚਿਰ ਚੱਲੂਗਾ, ਇਹ?' ਉਸ ਨੇ ਆਪਣੇ ਆਪ ਨੂੰ ਸਵਾਲ ਕੀਤਾ। ਇਸ ਤਰ੍ਹਾਂ ਸੋਚਦੇ ਦਾ ਉਸ ਦਾ ਦਿਮਾਗ ਸੌਂ ਹੀ ਚਲਿਆ ਸੀ।

ਉਸ ਨੇ ਪੱਠੇ ਕੁਤਰੇ। ਹਰੇ ਵਿਚ ਤੂੜੀ ਰਲਾ ਕੇ ਟੋਕਰੀ ਟੋਕਰੀ ਦੋਹਾਂ ਮੱਝਾਂ ਦੀ ਖੁਰਲੀ ਵਿਚ ਪਾ ਦਿੱਤੀ। ਜਦ ਮੱਝਾਂ ਪੱਠੇ ਖਾ ਹਟੀਆਂ, ਉਨ੍ਹਾਂ ਨੂੰ ਨੁਹਾਇਆ। ਫੌੜ੍ਹੇ ਨਾਲ ਗੋਹਾ ਹਟਾਇਆ ਅਤੇ ਬੱਠਲ ਭਰ ਕੇ ਪਾਥੀਆਂ ਪੱਥਣ ਲਈ ਪਿਛਲੇ ਵਿਹੜੇ 'ਚ ਸੁੱਟ ਦਿੱਤਾ। ਉਹ ਸਾਰਾ ਕੰਮ ਨੀਵੀਂ ਪਾ ਕੇ ਕਰੀ ਗਿਆ।

ਗੋਹਾ ਸੁੱਟਦੇ ਮਿਹਰ ਦੇ ਕੰਨਾਂ 'ਚ ਉਸ ਦੇ ਪਾਲੀ ਘੁੱਦੂ ਦੀ ਅਵਾਜ ਆਈ, "ਚਾਚਾ, ਅੱਜ ਤਾਂ ਮੈਂ ਇਹ ਗੋਹਾ ਸਿਟ'ਤਾ ਕੱਲ ਨੂੰ ਗੋਹੇ-ਕੂੜੇ ਆਲੀ ਤੋਂ ਸੁਟਾ ਲੀਂ। ਇਹ ਮੇਰਾ ਕੰਮ ਨ੍ਹੀਂ। ਮੈਂ ਨਹੀਂ ਕੱਲ ਨੂੰ ਕਰਨਾ। ਮੈਨੂੰ ਸ਼ਰਮ ਆਉਂਦੀ ਆ। ਲੋਕ ਵੇਖ ਕੇ ਕੀ ਕਹਿਣਗੇ?" ਉਹ ਅੱਖਾਂ ਭਰ ਆਇਆ। ਉਸ ਦੇ ਅੰਦਰੋਂ ਇਕ ਹੌਕਾ ਬਾਹਰ ਨਿਕਲਿਆ। ਉਸ ਦਾ ਜੀਅ ਕੱਚਾ ਹੋਣ ਲੱਗ ਪਿਆ।

ਦੇਸੀ ਰੇਹ ਪਾਉਣ ਸਮੇਂ ਸੜੇ ਗੋਹੇ ਦੀ ਗੈਸ ਦੀ ਦੁਰਗੰਧ ਉਸ ਦੇ ਸਿਰ ਨੂੰ ਕਦੇ ਨਹੀਂ ਸੀ ਚੜ੍ਹੀ। ਉਸ ਗੈਸ ਨਾਲ ਤਾਂ ਉਸ ਦੀ ਰੂਹ ਨਸ਼ਿਆਉਂਦੀ। ਰੇਹ ਦੇ ਭਾਰੇ ਟੋਕਰਿਆਂ ਦਾ ਭਾਰ ਉਸ ਨੂੰ ਭਾਰ ਨਾ ਲਗਦਾ। ਉਸ ਨੂੰ ਇਸ ਦੁਰਗੰਧ ਵਿਚੋਂ ਬੂਰ ਪੈ ਕੇ ਦੋਧਿਆਂ 'ਤੇ ਆਈ ਮੱਕੀ ਦੀ ਖੁਸ਼ਬੋ ਆਉਂਦੀ। ਕੱਚੇ ਦੋਧਿਆਂ ਦੇ ਰਸ ਨਾਲ ਉਸ ਦਾ ਮੂੰਹ ਭਰ ਜਾਂਦਾ।

ਮਿਸਤਰੀ ਨਾਲ ਕੰਮ ਕਰਦੇ ਅਨੁਸੂਚਿਤ ਜਾਤਾਂ ਤੇ ਪਛੜੀਆਂ ਜਾਤਾਂ ਦੇ ਕਾਮੇ ਉਸ ਨੂੰ ਲਾਗੀ ਹੀ ਲਗਦੇ, ਆਪਣੇ ਨਾਲੋਂ ਘਟੀਆ। ਉਨ੍ਹਾਂ ਨਾਲ ਕੰਮ ਕਰਕੇ ਉਸ ਦੇ ਅੰਦਰ ਡੰਗ ਵਜਦਾ। ਉਨ੍ਹਾਂ ਦੀਆਂ ਗੁੱਝੀਆਂ, ਮਸ਼ਕਰੀਆਂ, ਟਕੋਰਾਂ ਆਦਿ ਉਸ ਦਾ ਸੀਨਾ ਸਾੜੀ ਰਖਦੀਆਂ। ਮਸਾਲੇ ਦੀ ਮਤਰਾਲ ਦੇ ਭਾਰ ਨਾਲ ਉਸ ਦੀ ਧੌਣ ਦੱਬੀ ਰਹਿੰਦੀ। ਐਪਰ ਜਦੋਂ ਉਹ ਬੱਠਲ ਛੱਤ 'ਤੇ ਜਾ ਡਿਗਦਾ, ਉਸ ਨਾਲ ਕੰਧਾਂ ਲਿੱਪੀਆਂ ਜਾਂਦੀਆਂ ਜਾਂ ਫਰਸ਼ 'ਤੇ ਪੈਂਦਾ, ਉਸ ਨੂੰ ਕੁਝ ਕਰਨ ਦੀ ਤਸੱਲੀ ਹੁੰਦੀ। ਕਿਤੇ ਨਾ ਕਿਤੇ ਕੁਝ ਕਰਨ ਦਾ ਨਸ਼ਾ ਜਿਹਾ ਚੜ੍ਹ ਜਾਂਦਾ। ਪਲ ਭਰ ਲਈ ਉਸ ਨੂੰ ਕੁਝ ਸਕੂਨ ਮਿਲਦਾ।

ਇਹ ਕੰਮ ਸਰੀਰਕ ਤੌਰ 'ਤੇ ਤਾਂ ਬਹੁਤ ਹੀ ਸੌਖਾ ਸੀ, ਪਰ ਇਸ ਨਾਲ ਦੁਪਹਿਰ ਤੋਂ ਪਹਿਲਾਂ ਹੀ ਉਹ ਨਿੱਸਲ ਹੋ ਗਿਆ। ਉਸ ਨੂੰ ਇੰਜ ਲੱਗਾ ਜਿਵੇਂ ਬੁਖਾਰ ਚੜ੍ਹ ਗਿਆ ਹੋਵੇ। ਉਹ ਪਸ਼ੂਆਂ ਵਾਲੇ ਵਿਹੜੇ ਵਿਚ ਬਾਣ ਦੀ ਮੰਜੀ 'ਤੇ ਧੁੱਪ ਵਿਚ ਹੀ ਪਿਆ ਰਿਹਾ। ਬਹਾਦਰ ਨੇ ਆ ਕੇ ਉਸ ਦੀ ਮੰਜੀ ਛਾਂਵੇਂ ਕਰਾਈ ਤੇ ਉਸ ਨੂੰ ਚਾਹ ਦਾ ਇਕ ਕੱਪ ਤੇ ਦੋ ਬਿਸਕੁਟ ਦੇ ਗਿਆ। ਉਸ ਬੜੀ ਔਖ ਨਾਲ ਚਾਹ ਦੇ ਦੋ ਘੁੱਟ ਅੰਦਰ ਕੀਤੇ ਤੇ ਬਿਸਕੁਟ ਉਸ ਦੇ ਸੰਘ ਵਿਚ ਅੜ੍ਹ ਗਏ। ਉਸ ਨੂੰ ਲੱਗਾ, ਜਿਵੇਂ ਉਹ ਕੁਨੀਨ ਦੀ ਗੋਲੀ ਨਿਗਲ ਰਿਹਾ ਹੋਵੇ।

ਸ਼ਾਮ ਨੂੰ ਮੱਝ ਦੀ ਧਾਰ ਹਰ ਰੋਜ ਚੰਦ ਕੌਰ ਹੀ ਕੱਢਦੀ ਸੀ। ਉਸ ਨੂੰ ਤਾਂ ਕਿਤੇ ਅੜ੍ਹੇ-ਥੁੜ੍ਹੇ ਹੀ ਧਾਰ ਕੱਢਣੀ ਪੈਂਦੀ ਸੀ। ਹੁਣ ਉਹ ਧਾਰ ਕਢਦਾ ਪਾਣੀ ਨਾਲ ਥਣ ਧੋਂਦਾ ਚੰਦ ਕੌਰ ਨਾਲ ਗੱਲਾਂ ਕਰਨ ਲੱਗ ਪਿਆ, "ਤੂੰ ਹੀ ਚੋਅ ਲਿਆ ਕਰ। ਤੇਰੇ ਥਾਪੀ ਦੇਣ ਨਾਲ ਪੈਰ ਗੱਡ ਕੇ ਖੜ੍ਹ ਜਾਂਦੀ ਆ। ਤੁਪਕਾ ਤੁਪਕਾ ਲਾਹ ਦਿੰਦੀ ਆ। ਹੁਣ ਸਾਲੀ ਖੁਰ ਜਿਆ ਮਾਰੀ ਜਾਂਦੀ ਆ ਜਿਵੇਂ ਮੱਖ ਲੜਦੀ ਹੋਵੇ।" ਧਾਰ ਚੋ ਕੇ ਖੜ੍ਹਨ ਲੱਗੇ ਦਾ ਸਿਰ ਚਕਰਾਉਣ ਲੱਗਾ। ਉਹ ਸੰਭਲਿਆ। ਉਸ ਨੇ ਦੁੱਧ ਦੀ ਬਾਲਟੀ ਬਹਾਦਰ ਨੂੰ ਫੜਾ ਦਿੱਤੀ।

ਸੂਰਜ ਛੁਪ ਗਿਆ ਸੀ। ਉਸ ਨੇ ਚੋਰ ਅੱਖ ਨਾਲ ਮਾਲਕਣ ਵੱਲ ਵੇਖਿਆ। ਉਸ ਨੂੰ ਪਛਾਣਨ ਵਿਚ ਦੇਰ ਨਾ ਲੱਗੀ। ਉਸ ਨੂੰ ਵੇਖ ਕੇ ਉਹ ਕੰਬ ਗਿਆ। ਮਿਹਰ ਨੇ ਸਾਈਕਲ ਚੁੱਕਿਆ ਅਤੇ ਘਰ ਦੇ ਬਾਹਰ ਨਿੱਕਲ ਕੇ ਬੀਹੀ ਵਿਚ ਖੜ੍ਹ ਕੇ ਸਾਈਕਲ ਦੀ ਲੱਥੀ ਚੇਨ ਚੜ੍ਹਾਉਣ ਲੱਗਾ।

"ਕੱਲ ਨੂੰ ਸਦੇਹਾਂ ਆ'ਜੀਂ ਭਾਈ।" ਉਸ ਨੇ ਪਿੱਛੋਂ ਆਉਂਦੀ ਅਵਾਜ਼ ਸੁਣੀ।

"ਹੈਂ ਕੁੜੇ ਇਦ੍ਹਾ ਮੁੜੰਗਾ ਤਾ ਮੇਰੂ ਅਰਗਾ। ਹੈਂ ਇਹ ਕੀ?" ਇਹ ਵੇਖ ਕੇ ਉਹ ਹੈਰਾਨ ਰਹਿ ਗਈ। ਪਾਕਿਸਤਾਨ ਤੋਂ ਉਜੜ ਕੇ ਆਉਣ ਦਾ ਸਮਾਂ ਇੱਕ ਦਮ ਉਸ ਦੇ ਮਨ ਦੀ ਸਕਰੀਨ 'ਤੇ ਫਲੈਸ਼ ਕਰ ਗਿਆ।

"ਬਹਾਦਰ, ਜਦੋਂ ਪਾਕਿਸਤਾਨੋਂ ਉਜੜ ਕੇ ਆਏ ਸੀ, ਸੁਰਮੁਖ ਸਿੰਘ ਦੇ ਘਰੇ ਅਸੀਂ ਚਾਹ ਪਾਣੀ ਪੀਂਦੇ। ਪਹਿਲਾਂ ਖੋਤੀ 'ਤੇ ਗਾਜਰਾਂ ਲੱਦ ਕੇ ਇਸ ਪਿੰਡ ਵੇਚਣ ਜਾਂਦੇ। ਇਸੇ ਘਰੇ ਦੁਪਹਿਰ ਵੇਲੇ ਖੋਤੀ ਨੂੰ ਬੰਨ ਕੇ ਪੱਠੇ ਪਾਉਂਦੇ। ਅਗਲੇ ਦਿਨ ਦਾਣਿਆਂ ਦੀ ਖੁਰਜੀ ਭਰ ਕੇ ਸ਼ਹਿਰ ਲੈ ਆਉਂਦੇ। ਫਿਰ ਸਾਈਕਲ 'ਤੇ ਚੜ੍ਹ ਕੇ ਕੱਪੜਾ ਵੇਚਿਆ। ਉਜੜ ਕੇ ਆਏ ਸੀ। ਰੋਟੀ ਤਾਂ ਕਿਤੋਂ ਖਾਣੀ ਸੀ? ਕੋਈ ਮੰਗਵੀਂ ਕਿੰਨੇ ਦਿਨ ਦਿੰਦਾ?" ਉਹ ਆਪ ਮੁਹਾਰੇ ਬੋਲੀ ਜਾ ਰਹੀ ਸੀ।

ਬੀਹੀ ਵਿਚ ਸਾਈਕਲ ਦੀ ਚੇਨ ਚੜ੍ਹਾਉਂਦੇ ਮਿਹਰ ਦੇ ਕੰਨਾਂ ਵਿਚ ਇਹ ਬੋਲ ਪਏ। ਮਿਹਰ ਮੁੜ ਕੇ ਪਿੱਛੇ ਵੱਲ ਨਾ ਝਾਕਿਆ। ਉਹ ਸਾਈਕਲ ਦੀ ਕਾਠੀ ਦੇ ਬਰਾਬਰ ਝੁਕ ਕੇ ਤੇਜੀ ਨਾਲ ਤੁਰਨ ਲੱਗਾ। ਸਾਈਕਲ 'ਤੇ ਚੜ੍ਹਨ ਲੱਗੇ ਦਾ ਸਾਈਕਲ ਇਕ ਘਰ ਦੀ ਬੀਹੀ 'ਚ ਬਣੀ ਥੇੜ੍ਹੀ ਨਾਲ ਟਕਰਾ ਹੀ ਚੱਲਿਆ ਸੀ, ਮਸੀਂ ਬਚਿਆ।

ਉਹ ਬਹੁਤ ਹੀ ਤੇਜੀ ਨਾਲ ਪੈਡਲ ਮਾਰ ਰਿਹਾ ਸੀ। ਉਹ ਜਾ ਪਿੰਡ ਨੂੰ ਰਿਹਾ ਸੀ, ਪਰ ਪਿੰਡ ਦਿਸਦਾ ਨਹੀਂ ਸੀ। ਜਾ ਘਰ ਨੂੰ ਰਿਹਾ ਸੀ, ਪਰ ਘਰ ਉਸ ਨੂੰ ਦਿਸਦਾ ਨਹੀਂ ਸੀ। ਉਹ ਆਪਣੀ ਪਤਨੀ ਅਤੇ ਪੁੱਤ ਕੋਲ ਨੂੰ ਜਾ ਰਿਹਾ ਸੀ, ਪਰ ਹੁਣ ਉਹ ਸਾਰੇ ਉਸ ਦੀ ਸਿਮ੍ਰਤੀ 'ਚੋਂ ਮਿਟ ਗਏ ਸਨ। ਉਸ ਦੇ ਸੁੰਨ ਹੋਏ ਦਿਮਾਗ 'ਚ ਭੁਚਾਲ ਆ ਗਿਆ। ਉਹ ਰੇਤਲੇ ਰਾਹ ਦੇ ਟਿਬਿਆਂ ਨੂੰ ਚੀਰਦਾ ਜਾ ਰਿਹਾ ਸੀ। ਉਸ ਨੇ ਨਹਿਰ ਦੇ ਕਿਨਾਰੇ ਲੱਗੇ ਪੰਪ ਕੋਲ ਸਾਈਕਲ ਸੁੱਟ ਦਿੱਤਾ, ਸਟੈਂਡ ਵੀ ਨਾ ਲਾਇਆ। ਉਸ ਦੀ ਪੱਗ ਦਾ ਖੁੱਲ੍ਹਿਆ ਲੜ ਅਗਲੇ ਚੱਕੇ ਦੇ ਗਜਾਂ ਵਿਚ ਫਸ ਗਿਆ। ਲੱਤ ਸਾਈਕਲ ਦੇ ਫਰੇਮ 'ਚ ਫਸ ਗਈ। ਉਹ ਉਲਝ ਕੇ ਡਿੱਗ ਪਿਆ। ਉਸ ਦੇ ਕੰਨਾਂ ਵਿਚ ਮੁੰਡੇ ਦੀ ਦਰਦ ਨਾਲ ਚੀਕਦੇ ਦੀ ਲੇਰ ਸੁਣੀ, ਜਦੋਂ ਉਸ ਦਾ ਪੈਰ ਅਗਲੇ ਚੱਕੇ ਦੇ ਗਜਾਂ 'ਚ ਅੜ੍ਹ ਗਿਆ ਸੀ। ਉਹ ਦੁੱਖ ਨਾਲ ਚੀਕਾਂ ਮਾਰਦੇ ਨੂੰ ਚੁੱਕੀ ਹਸਪਤਾਲ ਵਿਚ ਸਾਰੀ ਰਾਤ ਖੜ੍ਹਾ ਰਿਹਾ।

ਮਿਹਰ ਨੇ ਸਾਈਕਲ ਦੇ ਹੈਂਡਲ ਵਿਚ ਫਸੀ ਪੱਗ ਕੱਢੀ। ਪੰਪ ਤੋਂ ਪਾਣੀ ਦਾ ਘੁੱਟ ਪੀਤਾ। ਅੱਖਾਂ 'ਚ ਪਾਣੀ ਦੇ ਛਿੱਟੇ ਮਾਰੇ। ਸਾਈਕਲ ਚੁੱਕ ਕੇ ਵੇਖਿਆ। ਮੂਹਰਲੀ ਟਿਊਬ ਟਾਇਰ ਨੂੰ ਪਾੜ ਕੇ ਬਾਹਰ ਨਿੱਕਲ ਆਈ ਸੀ। ਕਿਸੇ ਵੀ ਪਲ ਉਸ ਦਾ ਭੜਾਕਾ ਪੈ ਸਕਦਾ ਸੀ। ਉਸ ਨੇ ਬਾਲ ਢਿੱਲਾ ਕਰਕੇ ਥੋੜੀ ਕੁ ਹਵਾ ਬਾਹਰ ਕੱਢੀ। ਉਹ ਸਾਈਕਲ ਰੋੜ੍ਹ ਕੇ ਤੁਰਨ ਲੱਗਾ।

"ਬੜਾ ਵਧੀਆ ਨਿਆਣਾ ਪਾਇਆ। ਨਿਉਲੀ ਜਿੰਦਾ ਈ ਜੜ'ਤਾ, ਪੱਟੂਆ।" ਉਹ ਸਾਈਕਲ ਦੀ ਕਾਠੀ ਨੂੰ ਥਾਪੀ ਦੇਣ ਲੱਗਾ।

"ਵੇਖ ਲਾ ਸਾਲੇ ਨੰਗ ਰੋੜੇ। ਸਾਈਕਲ 'ਤੇ ਡੱਗੀ ਲਾ ਕੇ ਕਿੱਡੀ ਵੱਡੀ ਦੁਕਾਨ ਪਾਈ ਬੈਠੇ ਆ। ਟੱਲੀ ਵਾਂਗ ਖੜਕਦੀ ਆ ਰੋੜੀ।" ਉਸ ਨੂੰ ਪਿੱਛਿਓਂ ਆਉਂਦੀ ਅਵਾਜ਼ ਚੰਗੀ ਲੱਗੀ। "ਸਾਲੇ ਨੰਗ ਰੋੜੇ। ਸਾਈਕਲ 'ਤੇ ਡੱਗੀ ਲਾ ਕੇ ਕਿੱਡੀ ਵੱਡੀ ਹੱਟੀ ਪਾਈ ਬੈਠੇ ਆ ਲੀੜੇ ਦੀ। ਗਾਜਰਾਂ ਵੇਚਦੀ ਸ਼ਾਹਣੀ ਬਣੀ ਬੈਠੀ ਆ ਹੁਣ ਤਾਂ। ਗਾਜਰ ਪਾਕ ਵਰਗੀ ਪਈ ਆ ਅਜੇ ਵੀ।" ਹੁਣ ਉਸ ਨੂੰ ਉਹਦੀ ਆਪਣੇ ਕੰਨਾਂ 'ਚ ਪਈ ਅਵਾਜ਼ ਚੰਗੀ ਲੱਗੀ।

ਰਾਹ ਵਿਚ ਸਕੂਲ ਕੋਲ ਦੀ ਲੰਘਦੇ ਦੇ ਉਸ ਦੇ ਰਾਮ ਚਰਨ ਦਾਸ ਬੁੱਚੜ ਅਧਿਆਪਕ ਚੇਤੇ ਆਇਆ। ਉਸ ਨੂੰ ਯਾਦ ਕਰਕੇ ਉਸ ਨੇ ਸਕੂਲ ਵੱਲ ਮੂੰਹ ਕਰਕੇ ਥੁੱਕਿਆ।

ਸੁਰਜੂ ਦੀ ਭੈਣ ਸੀਤੋ ਵੀ ਉਸ ਨੂੰ ਚੇਤੇ ਆਈ, ਜਿਸ ਨੇ ਉਸ ਨੂੰ ਕਬੱਡੀ ਖੇਡਦੇ ਵੇਖਿਆ ਸੀ ਤੇ ਆਪਣੀ ਸਹੇਲੀ ਨੂੰ ਕਿਹਾ ਸੀ, "ਕੁੜੇ ਪੱਟਾਂ ਵਿਚ ਕਿੰਨਾ ਜ਼ੋਰ ਆ ਟੁੱਟ ਪੈਣੇ ਦੇ।" ਇਹ ਗੱਲ ਉਸ ਨੇ ਆਪ ਸੁਣੀ ਸੀ ਅਤੇ ਸੀਤੋ ਦੇ ਪਿਆਰ ਦਾ ਮਿੰਨਾ ਮਿੰਨਾ ਸੇਕ ਉਸ ਦੀ ਸਿਮ੍ਰਤੀ ਵਿਚ ਵਸ ਗਿਆ ਸੀ। ਇਹ ਸੋਚ ਕੇ ਉਸ ਨੂੰ ਸੁਰਜੂ ਵੀ ਚੰਗਾ ਲੱਗਾ।

ਉਹ ਹਨੇਰੇ ਹੋਏ ਘਰ ਪਹੁੰਚਿਆ। ਤੀਜ ਦਾ ਚੰਨ ਚੜ੍ਹਨ ਨੂੰ ਸੀ। ਸਾਰਾ ਪਰਿਵਾਰ ਉਸ ਨੂੰ ਉਡੀਕ ਰਿਹਾ ਸੀ। ਕਿਸੇ ਨੇ ਵੀ ਬੁਰਕੀ ਮੂੰਹ 'ਚ ਨਹੀਂ ਸੀ ਪਾਈ।

"ਬੜਾ ਕੁਵੇਲਾ ਕਰ'ਤਾ। ਗੰਨ, ਕਿੱਥੇ ਰੱਖ ਆਇਐਂ?" ਘਰ 'ਚ ਪੈਰ ਧਰਦੇ ਨੂੰ ਵੇਖ ਕੇ ਚੰਦ ਕੁਰ ਮੁਸਕਰਾਈ।

ਉਸ ਨੇ ਸਾਈਕਲ ਸਟੈਂਡ 'ਤੇ ਲਾਇਆ। ਪਿੱਛੋਂ ਮੁੰਡੇ ਨੇ ਭੱਜ ਕੇ ਲੱਕ ਦੁਆਲੇ ਬਾਹਾਂ ਵਗਲ ਲਈਆਂ।

"ਬਾਪੂ! ਬਾਪੂ!! ਨੂਹ ਭਾਰੀ ਨੂਹ ਚੁੱਕ'ਲੀ ਸੀ?"

"ਹਾਂ, ਭਾਰੀ ਸੀ। ਸਾਲੀ ਦਾ ਮੂੰਹ ਹੀ ਉਲਟੇ ਪਾਸੇ ਨੂੰ ਹੋ ਗਿਆ ਸੀ! ਹੁਣ ਨ੍ਹੀਂ ਭਾਰੀ ਲੱਗਣੀ।" ਇਹ ਕਹਿੰਦੇ ਉਸ ਨੇ ਮੁੰਡੇ ਨੂੰ ਚੁੱਕ ਕੇ ਹਿੱਕ ਨਾਲ ਲਾ ਲਿਆ।

ਕਲਾ ਪਰਿਕਰਮਾ

# ਭਾਈ ਛੈਲਾ

**ਭਾਈ ਛੈਲਾ ਦੀ ਪੈਦਾਇਸ਼ 13 ਦਸੰਬਰ 1895 ਨੂੰ ਮਾਝੇ ਦੀ ਧਰਤ 'ਤੇ ਵੱਸੇ ਸ਼ਹਿਰ ਤਰਨ ਤਾਰਨ ਦੇ ਮੁਸਲਿਮ ਰਬਾਬੀ ਖਾਨਦਾਨ ਵਿਚ ਹੋਈ। ਜਵਾਨੀ ਦਾ ਬਹੁਤਾ ਸਮਾਂ ਪਟਿਆਲਾ ਗੁਜ਼ਾਰਨ ਸਦਕਾ ਉਸ ਦੇ ਨਾਮ ਪਿੱਛੇ 'ਪਟਿਆਲਾ' ਪੱਕੇ ਤੌਰ 'ਤੇ ਜੁੜ ਗਿਆ। ਉਸ ਨੇ ਭਾਵੇਂ ਬਕਾਇਦਗੀ ਨਾਲ ਸੰਗੀਤ ਦੀ ਤਾਲੀਮ ਹਾਸਲ ਨਹੀਂ ਕੀਤੀ ਸੀ ਪਰ ਹਲਕੇ-ਫੁਲਕੇ ਲੋਕ ਗੀਤ ਗਾਉਣ ਸਦਕਾ ਉਹ ਹਰ ਵਰਗ ਦੇ ਲੋਕਾਂ ਵਿਚ ਹਰਦਿਲ ਅਜ਼ੀਜ਼ ਜ਼ਰੂਰ ਸੀ।**

ਸਾਂਝੇ ਪੰਜਾਬ ਦੇ ਦੋ ਮਸ਼ਹੂਰ ਲੋਕ ਗਵੱਈਆਂ ਦੀ 1930 ਦੌਰਾਨ ਪੰਜਾਬੀ ਅਤੇ ਹਿੰਦੀ ਸਿਨੇਮਾ ਵਿਚ ਆਮਦ ਹੋਈ। ਪਹਿਲਾ ਅੰਮ੍ਰਿਤਸਰ ਦੇ ਰਬਾਬੀਆਂ ਦਾ ਫਰਜ਼ੰਦ ਭਾਈ ਦੇਸਾ (1905-1973) ਅਤੇ ਦੂਜਾ ਸੀ ਪਟਿਆਲਾ ਦਰਬਾਰ ਦਾ ਖਾਸ ਗਵੱਈਆ ਭਾਈ ਛੈਲਾ ਪਟਿਆਲਾ ਵਾਲਾ। ਭਾਈ ਛੈਲਾ ਨੇ ਸਿਰਫ ਇਕੋ ਪੰਜਾਬੀ ਫਿਲਮ ਵਿਚ ਅਦਾਕਾਰੀ ਕੀਤੀ ਅਤੇ 7 ਹਿੰਦੀ ਫਿਲਮਾਂ ਦਾ ਸੰਗੀਤ ਤਿਆਰ ਕੀਤਾ। ਇਨ੍ਹਾਂ ਵਿਚੋਂ 3 ਫਿਲਮਾਂ ਵਿਚ ਆਪਣੀ ਅਦਾਕਾਰੀ ਦੀ ਨੁਮਾਇਸ਼ ਵੀ ਕੀਤੀ। ਫਿਲਮੀ ਦੁਨੀਆ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਭਾਈ ਛੈਲਾ ਸ਼ਬਦ ਕੀਰਤਨ, ਗਜ਼ਲਾਂ, ਮਜ਼ਾਹੀਆ ਗੀਤ, ਪੰਜਾਬੀ ਲੋਕ ਗੀਤ ਤੇ ਬੋਲੀਆਂ ਰਾਹੀਂ

**ਮਨਦੀਪ ਸਿੰਘ ਸਿੱਧੂ**
**ਫੋਨ: +91-97805-09545**

ਆਵਾਮ ਵਿਚ ਆਪਣੀ ਪੁਖਤਾ ਸ਼ਨਾਖਤ ਰੱਖਦਾ ਸੀ।

ਭਾਈ ਛੈਲਾ ਦੀ ਪੈਦਾਇਸ਼ 13 ਦਸੰਬਰ 1895 ਨੂੰ ਮਾਝੇ ਦੀ ਧਰਤ 'ਤੇ ਵੱਸੇ ਸ਼ਹਿਰ ਤਰਨ ਤਾਰਨ ਦੇ ਮੁਸਲਿਮ ਰਬਾਬੀ ਖਾਨਦਾਨ ਵਿਚ ਹੋਈ। ਜਵਾਨੀ ਦਾ ਬਹੁਤਾ ਸਮਾਂ ਪਟਿਆਲਾ ਗੁਜ਼ਾਰਨ ਸਦਕਾ ਉਸ ਦੇ ਨਾਮ ਪਿੱਛੇ 'ਪਟਿਆਲਾ' ਪੱਕੇ ਤੌਰ 'ਤੇ ਜੁੜ ਗਿਆ। ਉਸ ਨੇ ਭਾਵੇਂ ਬਕਾਇਦਗੀ ਨਾਲ ਸੰਗੀਤ ਦੀ ਤਾਲੀਮ ਹਾਸਲ ਨਹੀਂ ਕੀਤੀ ਸੀ ਪਰ ਹਲਕੇ-ਫੁਲਕੇ ਲੋਕ ਗੀਤ ਗਾਉਣ ਸਦਕਾ ਉਹ ਹਰ ਵਰਗ ਦੇ ਲੋਕਾਂ ਵਿਚ ਹਰਦਿਲ ਅਜ਼ੀਜ਼ ਜ਼ਰੂਰ ਸੀ। ਉਸ ਨੇ ਸ਼ਬਦ ਕੀਰਤਨ ਤਾਂ ਭਾਵੇਂ ਘੱਟ ਕੀਤਾ ਪਰ ਪੰਜਾਬੀ ਲੋਕ ਗੀਤ, ਮਜ਼ਾਹੀਆ ਗੀਤ, ਪੰਜਾਬੀ ਬੋਲੀਆਂ, ਗ਼ਜ਼ਲਾਂ (ਉਰਦੂ-ਪੰਜਾਬੀ) ਜ਼ਰੀਏ ਬੇਪਨਾਹ ਮਕਬੂਲੀਅਤ ਜ਼ਰੂਰ ਪਾਈ।

1920 ਦੇ ਦਹਾਕੇ ਵਿਚ ਉਸ ਦੀ ਦਿਲਕਸ਼ ਆਵਾਜ਼ ਦੇ ਚਰਚੇ ਰਿਆਸਤ ਪਟਿਆਲਾ ਤੋਂ ਲੈ ਕੇ ਅੰਮ੍ਰਿਤਸਰ, ਲਾਹੌਰ ਦੇ ਹਰ ਗਲੀ-ਬਾਜ਼ਾਰ ਵਿਚ ਸਨ। ਭਾਈ ਛੈਲਾ ਦੇ 1924-25 ਵਿਚ ਗਾਏ ਤੇ ਪੱਥਰ ਦੇ ਰਿਕਾਰਡਾਂ 'ਚ ਆਏ ਇਹ ਮਸ਼ਹੂਰ ਜ਼ਮਾਨਾ ਪੰਜਾਬੀ ਲੋਕ ਗੀਤ, ਹਿੰਦੀ ਗੀਤ, ਮਜ਼ਾਹੀਆ ਗੀਤ ਤੇ ਗਜ਼ਲਾਂ ਦੇ ਖ਼ੂਬਸੂਰਤ ਬੋਲ ਹਨ 'ਮੇਲ ਮਹਿਬੂਬ ਖ਼ੁਦਾ ਕਰਕੇ' (ਪਹਾੜੀ) ਤੇ 'ਹਾੜਾ ਨੀ ਵਿਚ ਪਟਿਆਲੇ ਸ਼ਹਿਰ ਦੇ ਸੋਹਣਾ ਯਾਰ ਨਜ਼ਰ ਨਾ ਆਵੇ' (ਬੋਲੀਆਂ ਪੀ. 4703), 'ਭਾਈ ਜੀ ਬਸਰੇ ਨੂੰ ਜਾਣ ਵਾਲਿਆ' (ਗਿੱਧਾ ਭਾਈ ਜੀ) ਤੇ 'ਭਲਾ ਭਲਾ ਬਦਨਾਮੀ ਸਾਰ ਜਗ ਦੀ' (ਬੋਲੀਆਂ ਪੀ. 4376), 'ਪ੍ਰੇਮ ਨਗਰ ਦੀਆਂ ਕੁੜੀਆਂ ਤਾਅਨੇ ਮਾਰਦੀਆਂ' (ਮਾਂਡ), 'ਚੂੜੇ ਵਾਲੀ ਬਾਂਹ ਕੱਢ ਕੇ' (ਪਹਾੜੀ/ਪੀ. 4377), 'ਘਰ ਪੱਖੀ ਦੀ ਲੋੜ ਢੋਲਾ ਮੇਰਾ', 'ਆ ਵੜ ਵਿਹੜੇ ਜੀਅ ਲੋਚਦਾ' (ਪੀ. 4430), 'ਘੱਗਰੇ ਵਿਚ ਪੈਣ ਘੁੰਮਰਾਂ' ਤੇ 'ਜੇ ਤੂੰ ਚੱਲੀਓਂ ਮੇਲੇ ਨੂੰ' (ਬੋਲੀਆਂ/ਪੀ. 4578), 'ਲੈ ਦੇ ਪਿਸ਼ੌਰੀ ਪੱਖੇ ਝਿੜਕਾਂ ਨਾ ਦੇਹ ਤੂੰ', 'ਨਾਗ ਇਸ਼ਕ ਵਾਲਾ ਡੰਗ ਨੀ ਗਿਆ' ਆਦਿ ਸਨ।

ਭਾਈ ਛੈਲਾ ਦੀਆਂ ਹਿੰਦੀ ਗ਼ਜ਼ਲਾਂ 'ਮੁਸਕਰਾਤੇ ਜਾਤੇ ਹੈਂ ਸਬ ਕੁਛ ਮੂੰਹ ਸੇ ਫਰਮਾਨੇ ਕੇ ਬਾਅਦ' (ਗਜ਼ਲ/ ਪੀ. 5807), 'ਤੋਹਮਤ ਤੁਮਹਾਰੇ ਇਸ਼ਕ ਕੀ ਹਮ ਪਰ ਲਗੀ ਹੂਈ' (ਪੀ. 10548), 'ਆਪਕੀ ਨਜ਼ਰ-ਏ-ਇਨਾਇਤ ਮੁਝ ਪਰ ਗਰ ਹੋ ਜਾਏਗੀ' (ਪੀ. 6309), 'ਮਜੇ ਕੇ ਦਿਨ ਹੈਂ ਤੁਮਹਾਰੇ' (ਐਫ.ਟੀ. 436), 'ਤੋਬਾ ਅੰਧੇਰੀ ਰਾਤ ਮੇਂ' (ਪੀ. 7013) ਆਦਿ ਭਾਈ ਛੈਲਾ ਦੀ ਦਿਲਕਸ਼ ਆਵਾਜ਼ ਦਾ ਸ਼ਾਹਕਾਰ ਹਨ। ਖਾਮੋਸ਼ ਫਿਲਮਾਂ ਤੋਂ ਬਾਅਦ ਜਦੋਂ ਬੋਲਦੀਆਂ ਫਿਲਮਾਂ ਦਾ ਦੌਰ ਸ਼ੁਰੂ ਹੋਇਆ ਤਾਂ ਫਿਲਮਸਾਜ਼ਾਂ ਨੇ ਅਜਿਹੇ ਚਿਹਰਿਆਂ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ ਜੋ ਅਦਾਕਾਰੀ ਦੇ ਨਾਲ-ਨਾਲ ਗਾਉਣ ਵਿਚ ਵੀ ਮੁਹਾਰਤ ਰੱਖਦੇ ਸਨ। ਪੰਜਾਬੀ ਫਿਲਮਾਂ ਵਿਚ ਸਭ ਤੋਂ ਪਹਿਲਾਂ ਇਹ ਖ਼ੂਬਸੂਰਤ ਮੌਕਾ ਮਿਲਿਆ ਭਾਈ ਦੇਸਾ, ਭਾਈ ਛੈਲਾ ਤੇ ਮਿਸ ਖੁਰਸ਼ੀਦ ਬਾਨੋ ਨੂੰ ਕਿਉਂਕਿ ਤਿੰਨੋਂ ਉਸ ਵੇਲੇ ਪੰਜਾਬੀ ਲੋਕ ਮੌਸੀਕੀ ਦੇ ਅੰਬਰ 'ਤੇ ਛਾਏ ਹੋਏ ਸਨ। ਹਿੰਦਮਾਤਾ ਸਿਨੇਟੋਨ ਕੰਪਨੀ, ਬੰਬਈ ਨੇ ਜਦੋਂ ਸਰਜ਼ਮੀਨ ਪੰਜਾਬ ਦੇ ਮਸ਼ਹੂਰ ਇਸ਼ਕੀਆ ਅਫਸਾਨੇ 'ਮਿਰਜ਼ਾ ਸਾਹਿਬਾਂ' 'ਤੇ ਸਾਂਝੇ ਪੰਜਾਬ ਦੀ ਪਹਿਲੀ ਬੋਲਦੀ ਪੰਜਾਬੀ ਫੀਚਰ ਫਿਲਮ 'ਇਸ਼ਕ-ਏ-ਪੰਜਾਬ' ਉਰਫ 'ਮਿਰਜ਼ਾ-ਸਾਹਿਬਾਂ' (1935) ਬਣਾਈ ਤਾਂ 'ਮਿਰਜ਼ਾ' ਦੇ ਕਿਰਦਾਰ



***ਭਾਈ ਛੈਲਾ ਦੀਆਂ ਹਿੰਦੀ ਗਜ਼ਲਾਂ- ਮੁਸਕਰਾਤੇ ਜਾਤੇ ਹੈਂ ਸਬ ਕੁਛ ਮੂੰਹ ਸੇ ਫਰਮਾਨੇ ਕੇ ਬਾਅਦ , ਤੋਹਮਤ ਤੁਮਹਾਰੇ ਇਸ਼ਕ ਕੀ ਹਮ ਪਰ ਲਗੀ ਹੂਈ, ਆਪਕੀ ਨਜ਼ਰ-ਏ-ਇਨਾਇਤ ਮੁਝ ਪਰ ਗਰ ਹੋ ਜਾਏਗੀ, ਮਜੇ ਕੇ ਦਿਨ ਹੈਂ ਤੁਮਹਾਰੇ, ਤੋਬਾ ਅੰਧੇਰੀ ਰਾਤ ਮੇਂ, ਆਦਿ ਭਾਈ ਛੈਲਾ ਦੀ ਦਿਲਕਸ਼ ਆਵਾਜ਼ ਦਾ ਸ਼ਾਹਕਾਰ ਹਨ।... 1947 ਵਿਚ ਮੁਲਕ ਤਕਸੀਮ ਤੋਂ ਬਾਅਦ ਹੋਰਨਾਂ ਫਨਕਾਰਾਂ ਵਾਂਗ ਭਾਈ ਛੈਲਾ ਵੀ ਪਟਿਆਲਾ ਨੂੰ ਛੱਡ ਕੇ ਲਾਹੌਰ ਟੁਰ ਗਿਆ।***

ਲਈ ਭਾਈ ਦੇਸਾ 'ਅੰਮ੍ਰਿਤਸਰੀ', ਮਿਸ ਖੁਰਸ਼ੀਦ ਨੂੰ 'ਸਾਹਿਬਾਂ' ਅਤੇ ਭਾਈ ਛੈਲਾ ਨੂੰ ਵੀ ਅਹਿਮ ਭੂਮਿਕਾ ਨਿਭਾਉਣ ਨੂੰ ਦਿੱਤੀ। ਫਿਲਮ ਦਾ ਸੰਗੀਤ ਪ੍ਰੋਫੈਸਰ ਨਵਾਬ ਖਾਨ ਨੇ ਤਾਮੀਰ ਕੀਤਾ। ਇਹ ਫਿਲਮ 29 ਮਾਰਚ 1935 ਨੂੰ ਨਿਰੰਜਨ ਟਾਕੀਜ਼, ਲਾਹੌਰ ਵਿਖੇ ਨੁਮਾਇਸ਼ ਹੋਈ। ਇਸ ਫਿਲਮ ਨੇ ਪੰਜਾਬੀ ਸਿਨਮਾ ਦੀ ਮਜ਼ਬੂਤ ਬੁਨਿਆਦ ਰੱਖ ਦਿੱਤੀ ਸੀ, ਜਿਸ 'ਤੇ ਖਲੋਤਾ ਪੰਜਾਬੀ ਸਿਨਮਾ ਅੱਜ ਸਫਲਤਾ ਦੀ ਬੁਲੰਦ ਪਰਵਾਜ਼ ਭਰ ਰਿਹਾ ਹੈ।

ਇਸ ਫਿਲਮ ਵਿਚ ਕਿਰਦਾਰਨਿਗਾਰੀ ਕਰਨ ਤੋਂ ਬਾਅਦ ਭਾਈ ਛੈਲਾ ਫਿਲਮਾਂ ਦੇ ਵੱਡੇ ਮਰਕਜ਼ ਬੰਬੇ ਟੁਰ ਗਿਆ। ਉਥੇ ਉਸ ਨੇ ਸ਼ਕਤੀ ਮੂਵੀਟੋਨ, ਬੰਬਈ ਦੀ ਚੂੰਨੀ ਲਾਲ ਪਾਰਿਖ ਨਿਰਦੇਸ਼ਿਤ ਪੌਰਾਣਿਕ ਫਿਲਮ 'ਸਤੀ ਤੋਰਲ' (1935) ਵਿਚ ਪਹਿਲੀ ਵਾਰ ਕਿਸੇ ਹਿੰਦੀ ਫਿਲਮ ਦਾ ਸੰਗੀਤ ਤਿਆਰ ਕੀਤਾ। ਮੁਣਸ਼ੀ 'ਸ਼ਾਮ' ਦੇ ਲਿਖੇ 12 ਗੀਤਾਂ 'ਚੋਂ ਚੰਦ ਗੀਤਾਂ ਦੇ ਬੋਲ ਹਨ: 'ਜਨਮ ਸੁਧਾਰ ਲੋ ਮੇਰੇ ਸਾਧੂ ਭਜ ਲੋ ਹਰੀ', 'ਤਾਰੇ ਗਿਨਤੇ ਹੀ ਗਿਨਤੇ ਸਹਰ ਹੋ ਗਈ', 'ਕੁਛ ਤੋ ਮੁਖ ਸੇ ਬੋਲੋ ਰੇ', 'ਮੁਝਸੇ ਰੂਠੀ ਹੈ ਮੇਰੀ ਤਕਦੀਰ ਭੀ', 'ਸਦਗੁਰੂ ਮਿਲ ਗਏ ਸਭ ਹੀ ਸੰਸ਼ਯ ਟਲ ਗਏ' ਆਦਿ। ਫਿਲਮ ਦੇ ਕੇਂਦਰੀ ਕਿਰਦਾਰਾਂ ਵਜੋਂ ਆਸ਼ਾਲਤਾ ਨੇ 'ਸਤੀ' ਦਾ ਅਤੇ ਭਵਾਨੀ ਸ਼ੰਕਰ ਨੇ 'ਜੇਸਲ' ਦਾ ਕਿਰਦਾਰ ਅਦਾ ਕੀਤਾ।

ਇਸੇ ਬੈਨਰ ਦੀ ਹੀ ਐਸ.ਐਫ. ਹਸਨੈਨ ਨਿਰਦੇਸ਼ਿਤ ਦੂਜੀ ਫਿਲਮ 'ਸਜੀਵ ਮੂਰਤੀ' ਉਰਫ 'ਦਿਸ ਇਜ਼ ਲਾਈਫ' (1935) 'ਚ ਇਕ ਵਾਰ ਫਿਰ ਭਾਈ ਛੈਲਾ ਸੰਗੀਤਕਾਰ ਅਤੇ ਅਦਾਕਾਰ ਵਜੋਂ ਆਪਣੇ ਫਨ ਦੀ ਨੁਮਾਇਸ਼ ਕਰ ਰਿਹਾ ਸੀ। ਹੋ ਸਕਦਾ ਹੈ ਕਿ ਇਸ ਫਿਲਮ ਵਿਚ ਉਸ ਨੇ ਗੀਤ ਵੀ ਗਾਏ ਹੋਣ ਪਰ ਗੀਤਾਂ ਦੇ ਗਾਇਕਾਂ ਦਾ ਕੋਈ ਹਵਾਲਾ ਨਹੀਂ ਮਿਲਦਾ। ਫਿਲਮ ਵਿਚ ਕੁਲ 8 ਗੀਤ ਸਨ: 'ਜ਼ਖਮੋਂ ਸੇ ਕਲੇਜੇ ਕੋ ਭਰ ਦੋ', 'ਤਾਰੋਂ ਕੀ ਚਮਕ ਸੋ ਗਈ ਚਾਂਦ ਊਂਘ ਰਹਾ', 'ਪ੍ਰੇਮ ਕਲੀ ਮੁਰਝਾਏ ਰਹੀ', 'ਹੈ ਬਾਰੀ ਬਲਿਹਾਰੀ ਤੇਰੀ ਕੁਦਰਤ ਕੀ ਗੁਲਕਾਰੀ' ਆਦਿ।

ਭਾਈ ਛੈਲਾ ਦੀ ਤੀਸਰੀ ਫਿਲਮ ਵੀ ਆਰ. ਸ਼ਰਮਾ ਦੀ ਹਿਦਾਇਤਕਾਰੀ 'ਚ ਬਣੀ ਸਟੰਟ ਫਿਲਮ 'ਆਜ਼ਾਦੀ' ਉਰਫ 'ਘੂੰਘਟ ਕੇ ਪਟ ਖੋਲ੍ਹ' (1935) ਸੀ। ਫਿਲਮ ਵਿਚ ਭਾਈ ਛੈਲਾ ਨੇ ਅਦਾਕਾਰੀ ਕਰਨ ਦੇ ਨਾਲ-ਨਾਲ ਸੰਗੀਤ ਵੀ ਤਰਤੀਬ ਕੀਤਾ। ਹੋਰਨਾਂ ਫਨਕਾਰਾਂ 'ਚ ਵਿਜੈ ਕੁਮਾਰ, ਐਸ. ਡੀ.ਕੇ. ਦਰਪਨ, ਫਤਿਹ ਸਿੰਘ, ਦੀਨਾ ਨਾਥ, ਨਾਜ਼ਨੀਨ ਬੇਗਮ, ਆਸ਼ਾ ਲਤਾ, ਨੂਰਜਹਾਂ, ਲੇਡੀ ਸੈਂਡੋ (ਮਿਸ ਗੌਹਰ), ਨੰਦ ਕਿਸ਼ੋਰ ਮਹਿਰਾ ਆਦਿ ਸ਼ਾਮਿਲ ਸਨ। ਪੈਰਾਮਾਊਂਟ ਕੰਪਨੀ, ਬੰਬਈ ਦੀ ਏ.ਐਮ. ਖਾਨ ਨਿਰਦੇਸ਼ਿਤ ਫਿਲਮ 'ਬੰਸਰੀ ਬਾਲਾ' ਉਰਫ 'ਫੇਅਰੀ ਆਫ ਦਿ ਫਲੂਟ' (1936) 'ਚ ਭਾਈ ਛੈਲਾ ਸਹਾਇਕ ਅਦਾਕਾਰ ਦਾ ਪਾਰਟ ਨਿਭਾ ਰਿਹਾ ਸੀ, ਜਦਕਿ ਮੁੱਖ ਕਿਰਦਾਰ ਗੌਹਰ ਕਰਨਾਟਕੀ ਤੇ ਮਾਸਟਰ ਸ਼ੰਕਰ ਵਜ਼ਰੇ ਅਦਾ ਕਰ ਰਹੇ ਸਨ। ਸੰਗੀਤ ਦਾਮੋਦਰ ਸ਼ਰਮਾ ਤੇ ਮੰਜ਼ਰਨਾਮਾ ਕੀਕੂਭਾਈ ਦੇਸਾਈ ਅਤੇ ਗੀਤਾਂ ਦੀ ਤਾਦਾਦ 13 ਸੀ।


ਟੌਲੀਵੁੱਡ ਸਟੂਡੀਓ, ਕਲਕੱਤਾ ਦੀ ਨਾਨੂੰ ਭਾਈ ਦੇਸਾਈ ਨਿਰਦੇਸ਼ਿਤ ਫਿਲਮ 'ਨਾਰੀ ਰਾਜ' ਉਰਫ 'ਮਿਸ ਕਲਕੱਤਾ' (1936) 'ਚ ਭਾਈ ਛੈਲਾ ਨੇ ਮਾਸਟਰ ਛੈਲਾ ਦੇ ਨਾਮ ਨਾਲ 19 ਗੀਤਾਂ ਦਾ ਸੰਗੀਤ ਦਿੱਤਾ। ਸਟਾਰ ਫਿਲਮਜ਼ ਕਲਕੱਤਾ ਦੀ ਸੋਰਾਬਜੀ ਕੇਰਾਵਾਲਾ ਨਿਰਦੇਸ਼ਿਤ ਫਿਲਮ 'ਪ੍ਰੇਮ ਕੀ ਦੇਵੀ' (1936) ਵਿਚ ਵੀ ਭਾਈ ਛੈਲਾ ਨੇ ਸੰਗੀਤ ਦਿੱਤਾ ਪਰ ਗੀਤਾਂ ਦੀ ਕੋਈ ਜਾਣਕਾਰੀ ਨਹੀਂ ਮਿਲ ਸਕੀ। ਫਿਲਮ ਵਿਚ ਹੀਰੋਇਨ ਦਾ ਪਾਰਟ ਰਾਣੀ ਪ੍ਰੇਮਲਤਾ ਤੇ ਹੀਰੋ ਦਾ ਰੋਲ ਸੋਰਾਬਜੀ ਕੇਰਾਵਾਲਾ ਅਦਾ ਕਰ ਰਿਹਾ ਸੀ। ਸਟਾਰ ਫਿਲਮਜ਼, ਕਲਕੱਤਾ ਦੀ ਸੋਰਾਬਜੀ ਡੀ. ਕੇਰਾਵਾਲਾ ਨਿਰਦੇਸ਼ਿਤ ਫਿਲਮ 'ਮਿਸਟਰ 420' (1937) ਬਤੌਰ ਸੰਗੀਤਕਾਰ ਭਾਈ ਛੈਲਾ ਦੀ ਆਖਰੀ ਫਿਲਮ ਸੀ ਜਿਸ ਵਿਚ ਉਨ੍ਹਾਂ ਨੇ 11 ਗੀਤਾਂ ਦਾ ਸੰਗੀਤ ਤਿਆਰ ਕੀਤਾ। ਅਨਵਰੀ ਤੇ ਸੋਰਾਬਜੀ ਕੇਰਾਵਾਲਾ ਦੀ ਮੁੱਖ ਭੂਮਿਕਾ ਵਾਲੀ ਇਸ ਫਿਲਮ ਵਿਚ ਕੇ. ਸਫੀਰ ਅਹਿਮਦ, ਅਕਬਰ ਪੇਸ਼ਾਵਰੀ, ਮੰਜ਼ਰ ਹੁਸੈਨ, ਆਗਾ ਅਲੀ ਤੇ ਇੰਦੂ ਬਾਲਾ ਨੇ ਵੀ ਅਹਿਮ ਕਿਰਦਾਰ ਨਿਭਾਏ।

1947 ਵਿਚ ਮੁਲਕ ਤਕਸੀਮ ਤੋਂ ਬਾਅਦ ਹੋਰਨਾਂ ਫਨਕਾਰਾਂ ਵਾਂਗ ਭਾਈ ਛੈਲਾ ਵੀ ਪਟਿਆਲਾ ਨੂੰ ਛੱਡ ਕੇ ਲਾਹੌਰ ਟੁਰ ਗਿਆ। ਉਹ ਥੋੜ੍ਹਾ ਸਮਾਂ ਰੇਡੀਓ ਪਾਕਿਸਤਾਨ ਪਿਸ਼ਾਵਰ ਵਿਚ ਰਬਾਬ ਵਜਾਉਂਦਾ ਰਿਹਾ। 10 ਜੁਲਾਈ, 1983 ਨੂੰ 88 ਸਾਲਾਂ ਦੀ ਉਮਰੇ ਭਾਈ ਛੈਲਾ ਲਾਹੌਰ ਵਿਚ ਇੰਤਕਾਲ ਫਰਮਾ ਗਿਆ। ਉਨ੍ਹਾਂ ਦਾ ਇਕ ਪੁੱਤਰ ਜਾਵੇਦ ਰੇਡੀਓ ਪਾਕਿਸਤਾਨ ਲਾਹੌਰ ਵਿਚ ਸੰਗੀਤਕਾਰ ਰਹਿ ਚੁੱਕਾ ਹੈ ਅਤੇ ਦੂਸਰਾ ਪੁੱਤਰ ਨਿਊ ਯਾਰਕ (ਅਮਰੀਕਾ) ਰਹਿੰਦਾ ਹੈ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਸਤੰਬਰ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-396



*ਦੂਜਿਆਂ ਦੇ ਕੰਮ ਆਉਣ ਦੀ ਹੁੰਦੀ, ਮਾਨਵ ਪ੍ਰੇਮੀਆਂ ਦੀ ਲਾਲਸਾ।*
*ਮੀਆਂ ਜੀ ਨਮਾਜ਼ ਪੜ੍ਹਦੇ, ਰਾਖਾ ਬਣ ਕੇ ਖੜ੍ਹਾ ਹੈ ਦੇਖੋ ਖਾਲਸਾ।*

### ਕੈਪਸ਼ਨ ਮੁਕਾਬਲਾ-394



ਯੂ. ਪੀ. ਤੋਂ ਚੱਲ ਕੇ ਭੱਈਏ
ਪੰਜਾਬ 'ਚ ਕੰਮ ਨੂੰ ਆਏ।
ਜਾਪਦਾ ਹੈ ਉਨ੍ਹਾਂ ਨੂੰ ਜਿਉਂ
ਵਲੈਤ, ਕੈਨੇਡਾ ਸਿਧਾਏ।
ਖਰੀਦੀ ਬਾਈਕ ਕਵਾੜੀਉਂ
ਲੱਦਿਆ ਹੈ ਟੱਬਰ ਸਾਰਾ।
ਬੱਚ ਜਾ ਪਤੰਦਰਾ ਆਖਦਾ
ਲਾਗੂ ਹੁਣ ਨਵੀਂ ਧਾਰਾ।
*-ਸੇਵਾ ਸਿੰਘ ਨੂਰਪੁਰੀ*

---

ਗਏ ਮੰਨ ਭਰਾਵਾ ਤੈਨੂੰ
ਪਏ ਹੱਥ ਜੋੜਨੇ ਮੈਨੂੰ।
ਬੰਬੂ ਕਾਟ ਨੂੰ ਕਾਰ ਬਣਾਇਆ
ਟੱਬਰ ਸਾਰਾ ਉਤੇ ਬਹਾਇਆ।
ਆ ਤੈਨੂੰ ਹੁਣ ਸਬਕ ਸਿਖਾਈਏ
ਪਰਿਵਾਰ ਤੇਰੇ ਦੀ ਜਾਨ ਬਚਾਈਏ।
*-ਜਗਮੀਤ ਸਿੰਘ ਪੰਧੇਰ*
*ਵਿੰਨੀਪੈਗ, ਐਮ.ਬੀ. (ਕੈਨੇਡਾ)*
*ਫੋਨ: 431-887-7222)*

---

ਮੋਟਰ-ਸਾਈਕਲ ਮੰਗਵਾ ਲੈ ਕੇ
ਸ਼ਹਿਰ ਦੀ ਕਰੀ ਤਿਆਰੀ।
ਟੱਬਰ ਸਾਰਾ ਨਾਲ ਲੱਦ ਲਿਆ
ਮੱਤ ਗਈ ਹੈ ਮਾਰੀ।
ਅਚਾਨਕ ਪੁਲਿਸ ਦਾ ਨਾਕਾ ਵੇਖ ਕੇ
ਇੱਕਦਮ ਮਨ ਘਬਰਾਇਆ,
ਕੱਟਿਆ ਨਹੀਂ ਚਲਾਨ ਪੁਲਿਸ ਨੇ
ਹੱਥ ਜੋੜ ਸਮਝਾਇਆ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਹੱਥ ਜੋੜ ਕੇ ਕਰਦਾ ਅਰਜ਼
ਟ੍ਰੈਫਿਕ ਦੇ ਕਾਨੂੰਨ ਮੰਨਣਾ ਹੈ, ਫਰਜ਼।
ਇੰਨਾ ਭਾਰਾ ਲੱਦਿਆ ਲੱਦਾ
ਹਾਦਸਿਆਂ ਨੂੰ ਦੇਵੇ ਸੱਦਾ।
ਕੁਝ ਤਾਂ ਹੱਥ ਅਕਲ ਨੂੰ ਮਾਰ
ਬਿਨਾ ਹੈਲਮਟ ਤੋਂ
ਮੋਟਰ-ਸਾਈਕਲ 'ਤੇ ਸਵਾਰ।
ਚਲਾਨ ਕੱਟ, ਤੇਰੇ ਹੱਥ ਫੜਾਊਂ
ਵੱਜ ਗਈ ਟੱਕਰ, ਕੌਣ ਬਚਾਊ?
*-ਦਵਿੰਦਰ ਕੌਰ*

---

ਹੱਥ ਨਾ ਜੋੜ ਤੂੰ
ਹੱਥ ਜੋੜਨ ਨੇ ਕਰ'ਤਾ ਸੀ ਗੁਲਾਮ ਮੁਲਖ।
ਕਾਨੂੰਨ ਜੋ ਕਹਿੰਦਾ, ਉਹ ਕਰ
ਮਹਿਕਮੇ ਦੀ ਥੋੜ੍ਹੀ ਲਾਜ ਰੱਖ
ਕਰ ਚਲਾਨ, ਸਮਝੌਤਾ ਨਾ ਕਰ।
ਉਡਾ ਕਾਨੂੰਨ ਦੀਆਂ ਧੱਜੀਆਂ
ਹੋ ਤੁਸੀਂ ਸਰਕਾਰ ਦਾ ਲਾਣਾ ਬਾਣਾ
ਹੱਕ ਮੰਗਦਿਆਂ ਨੂੰ ਤੁਸੀਂ ਦਿੰਦੇ ਗੋਲੀ
ਬਣਾ ਮੁਕਾਬਲਾ ਤਮਗੇ ਲੈਂਦੇ।
ਇਹ ਮੋਟਰ ਸਾਈਕਲ ਕਿ ਛਕੜਾ
ਪਹਿਲਾਂ ਤਾਂ ਲੱਦੇ ਹੀ ਵਾਧੂ
ਦੂਜਾ ਸਿਰ 'ਤੇ ਟੋਪ ਨਹੀਂ
ਡਿੱਗੇ ਜੇ ਸੱਟ ਤੋਂ ਤਾਂ ਬਚ ਸਕਦਾ।
ਮੁੱਠੀ ਗਰਮ ਇਸ਼ਾਰੇ ਨਾਲ ਕਰ ਦਿੱਤੀ
ਹੱਥ ਜੋੜਨ ਦਾ ਡਰਾਮਾ ਤਾਂ
ਫਿਰ ਕਰਨਾ ਹੀ ਪੈਂਦਾ।
*-ਦਰਸ਼ਨਪਾਲ ਦੋਸਾਂਝ*

## ਰੰਗ ਉਧਾਰੇ !

ਕੋਈ ਰੰਗ ਨਹੀਂ ਹੁੰਦਾ ਯਾਰੋ ਹੋਣੀ ਦਾ, ਬਾਜ਼ ਵਕਤ ਦਾ ਝਪਟ ਮਾਰਦਾ ਪਾਸੇ ਤੋਂ।
ਮਿੱਠੀ ਦੇ ਨਾਲ ਖਾਰੀ ਖਾਰੀ ਜ਼ਿੰਦਗੀ ਹੈ, ਇਸ਼ਕ ਦੂਰ ਹੈ ਰਾਂਝੇ ਵਾਲੇ ਕਾਸੇ ਤੋਂ।
ਕਈ ਪੈਮਾਨੇ ਦੁਨੀਆਂ ਵਿਚ ਮੁਹੱਬਤ ਦੇ, ਪਰ ਡਰ ਲਗਦਾ ਰਹਿੰਦਾ 'ਮੈਨੂੰ' ਹਾਸੇ ਤੋਂ।
ਜ਼ਿੰਦਗੀ ਨਿਰੀ ਪਤਾਸੇ ਵਰਗੀ ਨਹੀਂ ਹੁੰਦੀ, ਵਿਹੁ ਨਾ ਪੀਵੋ ਡਰ ਕੇ ਯਾਰ ਚੁਮਾਸੇ ਤੋਂ।
ਪੀ ਜਾਈਏ ਜੇ ਦਾਰੂ ਸਮਝ ਕੇ ਦੁੱਖਾਂ ਨੂੰ, ਵਧ ਜਾਂਦੇ ਫਿਰ ਸੁੱਖ ਵੀ ਰੱਤੀ ਮਾਸੇ ਤੋਂ।
ਰੋਗ ਜਦੋਂ ਲੱਗ ਜਾਂਦਾ ਚਿੱਤਰਕਾਰੀ ਦਾ, ਰੰਗ ਉਧਾਰੇ ਲੈ ਲਈਦੇ ਨੇ ਦੰਦਾਸੇ ਤੋਂ।
*-ਹਰਜਿੰਦਰ ਗੁਲਪੁਰ, ਫੋਨ: +0061411218801*

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ
ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

INSTALL YOUR SECURITY CAMERAS TODAY
Trusted Name In 4K Technology

VISTA
HD Surveillance Systems



20 YEARS OF EXPERIENCE
HIGH QUALITY VIDEO IMAGES
COMMERCIAL GRADE PRODUCT

www.vistacctv.net

We Instal All Over California
Call Sukhpal
1-661-586-5080

# ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ, ਫਰਿਜ਼ਨੋ ਵਲੋਂ

## ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਇਕ ਰੋਜਾ ਕੌਮਾਂਤਰੀ '12ਵਾਂ ਪੰਜਾਬੀ ਚੇਤਨਾ ਦਿਵਸ'

**26 ਅਕਤੂਬਰ 2019 (ਸਨਿਚਰਵਾਰ)**

ਸਥਾਨ: ਅਸੋਕਾ ਇੰਡੀਅਨ ਕੁਜ਼ੀਨ, ਸੇਲਮਾ
2713 Whitson St, Selma, CA 93662

**ਹਿੱਸਾ ਲੈਣ ਵਾਲੇ ਕੌਮਾਂਤਰੀ ਪ੍ਰਸਿੱਧੀ ਵਾਲੇ ਵਿਦਵਾਨ**

*ਰਿਲੀਜੀਅਸ ਸਟੱਡੀਜ਼ ਦੀ ਮਾਹਿਰ ਪ੍ਰੋ. ਨਿੱਕੀ ਗੁਨਿੰਦਰ ਕੇ. ਸਿੰਘ
*ਪਾਕਿਸਤਾਨ ਤੋਂ ਮੁਹੰਮਦ ਅਲੀ
*ਬੰਗਲਾ ਦੇਸ਼ ਤੋਂ ਸਲਾਹੁਦੀਨ ਸ਼ਾਹ
*ਵਿਗਿਆਨੀ ਤੇ ਵਿਦਵਾਨ ਡਾ. ਗੁਰੂਮੇਲ ਸਿੱਧੂ
*ਉਘੇ ਲੇਖਕ ਤੇ ਮੀਡੀਆ ਕਰਮੀ ਸਿੱਧੂ ਦਮਦਮੀ

**ਸਵਾਗਤੀ ਕਮੇਟੀ:**
ਪ੍ਰਿੰ. ਪ੍ਰੀਤਮ ਸਿੰਘ ਨਾਹਲ, ਤ੍ਰਿਲੋਕ ਸਿੰਘ ਮਿਨਹਾਸ ਤੇ ਅਮਰੀਕ ਸੰਧੂ।

**ਪ੍ਰਬੰਧਕੀ ਕਮੇਟੀ:**
ਗੁਰਨੇਕ ਸਿੰਘ ਰਾਏ, ਗੁਰਦੀਪ ਸਿੰਘ ਨਿੱਝਰ, ਸੁਖਜੀਤ ਭੁੱਲਰ, ਹਾਰਬੀ ਨਿੱਝਰ, ਤੇ ਚਰਨਜੀਤ ਭੰਗੂ।

**ਵਿਸ਼ਾ ਮਾਹਿਰ ਕਮੇਟੀ:**
ਨਿੰਦੀ ਸੰਧੂ, ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਸੰਤੋਖ ਮਿਨਹਾਸ ਤੇ ਅਵਤਾਰ ਗੋਂਦਾਰਾ।

**ਬਾਰਵੀਂ ਜਮਾਤ ਤੱਕ ਦੇ ਪੰਜਾਬੀ ਵਿਦਿਆਰਥੀਆਂ ਦੇ ਲੇਖ ਲਿਖਣ ਦੇ ਮੁਕਾਬਲੇ**

*ਵਿਦਿਆਰਥੀ ਪੰਜਾਬੀ ਜਾਂ ਅੰਗਰੇਜ਼ੀ-ਕਿਸੇ ਵੀ ਭਾਸ਼ਾ ਵਿਚ ਲਿਖ ਸਕਦੇ ਹਨ, ਪਰ ਪੰਜਾਬੀ ਵਿਚ ਲਿਖਣ ਵਾਲੇ ਵਿਦਿਆਰਥੀਆਂ ਨੂੰ ਪ੍ਰੇਰਣਾ ਵਜੋਂ ਵਧਵਾਂ ਨਕਦ ਇਨਾਮ ਦਿੱਤਾ ਜਾਵੇਗਾ।

*ਵਿਦਿਆਰਥੀਆਂ ਦੇ ਲੇਖ ਸੰਪਾਦਿਤ ਕਰਕੇ ਕਿਤਾਬੀ ਰੂਪ ਵਿਚ ਛਪਵਾਏ ਜਾਣਗੇ, ਜਿਸ ਵਿਚ ਵਿਦਿਅਰਥੀ ਦੀ ਤਸਵੀਰ ਅਤੇ ਉਨ੍ਹਾਂ ਦਾ ਜੀਵਨ ਵੇਰਵਾ ਦਿੱਤਾ ਜਾਵੇਗਾ।

*ਵਿਦਿਆਰਥੀ ਗੂਗਲ, ਕਿਤਾਬਾਂ, ਦੋਸਤ ਅਤੇ ਪਰਿਵਾਰ ਦੀ ਮਦਦ ਲੈ ਸਕਦੇ ਹਨ, ਪਰ ਲਿਖਤ ਉਨ੍ਹਾਂ ਦੇ ਮੌਲਿਕ ਵਿਚਾਰਾਂ, ਪ੍ਰਭਾਵਾਂ ਅਤੇ ਭਾਵਨਾਵਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਨਕਲ ਕੀਤੇ ਜਾਂ ਕਿਸੇ ਦੇ ਲਿਖੇ, ਲੇਖਾਂ ਨੂੰ ਵਿਚਾਰ ਅਧੀਨ ਨਹੀਂ ਲਿਆਂਦਾ ਜਾਵੇਗਾ।

**ਲੇਖਾਂ ਲਈ ਸੁਝਾਏ ਵਿਸ਼ੇ ਹੋਣਗੇ**

*ਕਰਤਾਰਪੁਰ ਵਿਚ ਬਾਬੇ ਨਾਨਕ ਦੇ ਆਖਰੀ ਵਰ੍ਹੇ
*ਮੇਰੇ ਮਨ ਵਿਚ ਬਾਬੇ ਨਾਨਕ ਦਾ ਬਿੰਬ
*ਬਾਬੇ ਨਾਨਕ ਦੀਆਂ ਸਿਖਿਆਵਾਂ ਅਤੇ ਰੋਜ਼ ਮਰਰਾ ਦੀ ਜ਼ਿੰਦਗੀ
*ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਭਾਵ
*ਬਾਬੇ ਨਾਨਕ ਦੀਆਂ ਉਦਾਸੀਆਂ ਦਾ ਮਹੱਤਵ
(ਪ੍ਰਤੀਯੋਗੀ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਕੋਈ ਹੋਰ ਵਿਸ਼ਾ ਵੀ ਚੁਣ ਸਕਦੇ ਹਨ)

**ਰਚਨਾਵਾਂ ਭੇਜਣ ਲਈ ਸੰਪਰਕ ਕਰੋ:**

ਨਿੰਦੀ ਸੰਧੂ
ਫੋਨ: 559-246-1235
ਈਮੇਲ: npsandhu@aol.com

ਸੰਤੋਖ ਮਿਨਹਾਸ
ਫੋਨ: 559-283-6376
ਈਮੇਲ: santokhminhas@yahoo.com

*ਸਮਾਗਮ ਵਿਚ 'ਚੇਤਨਾ ਪ੍ਰਕਾਸ਼ਨ' ਵਲੋਂ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਸਮਾਗਮ ਦੀ ਸਮਾਪਤੀ 'ਤੇ ਲੰਗਰ ਦੀ ਸੇਵਾ ਵੀ ਕੀਤੀ ਜਾਵੇਗੀ।*

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 32 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Lot For Sale

Ready to built lot for sale 34552 Karina Ct., Hayward, CA. Gated community with great view. Asking Price: $459k

Pinnacle Award Winner 2014, 2015, 2016 & 2017
Grand Master Award Winner 2012, 2013 & 2018



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

*Call for Listing Special 2019*

## Ph: 510-304-9292 or 408-666-8279

Fremont Office:
86 Pilgrim Loop, Fremont CA 94539
Tel: 510-440-9292

E-mail: jassi@jassigill.com or
Visit us @ www.jassigill.com for hot listings

**Follow us on zillow.com and trulia.com**

## Recent Sales

1. 65 Belize Ct., Tracy, CA 95377
2. 5290 Theresa Way, Livermore, CA 94550
3. 8026 Galaxy Way, Dublin, CA 94568
4. 4207 Comet Circle, Union City, CA 94587
5. 7922 Agate Way, Dublin, CA 94568
6. 2832 Dorset Ln., Tracy, CA 95377
7. 38623 Cherry Ln #154 Fremont, CA 94536
8. 24580 Karina Ct., Hayward, CA 94542
9. 8038 Prairie Field Dr., Sacramento, CA 95758
10. 1744 Ettles Dr., Manteca, CA 95337

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095